
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication   ਨਿਊਯਾਰਕ ਐਡੀਸ਼ਨ   Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 02; January 13, 2024   20451 N. Plum Grove Rd., Palatine, IL 60074   Ph:847-359-0746, Fax:847-705-9388


# ਪੰਜਾਬ ਕਾਂਗਰਸ ਦੀ ਧੜੇਬੰਦੀ ਤਿੱਖੀ ਹੋਈ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਵਿਚ ਧੜੇਬੰਦੀ ਨੇ ਹਾਈ ਕਮਾਨ ਦੀ ਫਿਕਰਮੰਦੀ ਵਧਾ ਦਿੱਤੀ ਹੈ; ਖਾਸ ਕਰ ਨਵਜੋਤ ਸਿੰਘ ਸਿੱਧੂ ਦੀਆਂ ਸਰਗਰਮੀਆਂ ਉਤੇ ਹਾਈ ਕਮਾਨ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਸਿੱਧੂ ਵੱਲੋਂ ਪੰਜਾਬ ਦੀ ਸੀਨੀਅਰ ਲੀਡਰਸ਼ਿਪ ਨੂੰ ਦਰਕਿਨਾਰ ਕਰ ਕੇ ਪੰਜਾਬ ਵਿਚ ਕੀਤੀਆਂ ਜਾ ਰਹੀਆਂ ਰੈਲੀਆਂ ਚੋਣਾਂ ਤੋਂ ਪਹਿਲਾਂ ਕਾਂਗਰਸ ਲਈ ਸ਼ੁਭ ਸੰਕੇਤ ਨਹੀਂ ਜਾਪ ਰਹੇ।

ਦੱਸ ਦਈਏ ਕਿ ਪੰਜਾਬ ਕਾਂਗਰਸ ਵਿਚ ਅੰਦਰੂਨੀ ਕਸ਼ਮਕਸ਼ ਚੱਲ ਰਹੀ ਹੈ ਅਤੇ ਨਵਜੋਤ ਸਿੱਧੂ ਨੇ ਪੰਜਾਬ ਵਿਚ ਆਪਣੇ ਪੱਧਰ 'ਤੇ ਰੈਲੀਆਂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਹਾਈ ਕਮਾਨ ਕਾਹਲੀ ਵਿਚ ਕੋਈ ਫੈਸਲਾ ਨਹੀਂ ਲੈਣਾ ਚਾਹੁੰਦੀ ਅਤੇ ਅਜਿਹੇ ਵਿਚ ਹਾਈ ਕਮਾਨ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਗਰਾਊਂਡ ਤਿਆਰ ਕਰਨਾ ਚਾਹੁੰਦੀ ਹੈ, ਇਸ ਲਈ ਨਵਜੋਤ ਸਿੱਧੂ ਦੀਆਂ ਰੈਲੀਆਂ ਨੂੰ ਬਹੁਤ ਕਰੀਬ ਤੋਂ ਦੇਖਿਆ ਜਾ ਰਿਹਾ ਹੈ।

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਵਿਧਾਨ ਸਭਾ 'ਚ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਿੱਧੂ ਵੱਲੋਂ ਅਜਿਹੀਆਂ ਰੈਲੀਆਂ ਦੀ ਖੁੱਲ੍ਹ ਕੇ ਮੁਖ਼ਾਲਫ਼ਤ ਕਰ ਚੁੱਕੇ ਹਨ, ਦੂਜੇ ਪਾਸੇ ਨਵਜੋਤ ਸਿੱਧੂ ਦਾ ਹਰ ਵਾਰ ਇਹੋ ਕਹਿਣਾ ਹੁੰਦਾ ਹੈ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਹੀ ਕੰਮ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਰੈਲੀ ਤੋਂ ਬਾਅਦ ਆਹਲਾ ਲੀਡਰਸ਼ਿਪ ਕਿਸੇ ਅਨੁਸ਼ਾਸਨੀ ਕਾਰਵਾਈ ਕਰਨ ਬਾਰੇ ਸੋਚ ਸਕਦੀ ਹੈ। ਚਰਚਾ ਹੈ ਕਿ ਸਿੱਧੂ ਵੱਲੋਂ ਮਹਿਰਾਜ ਤੋਂ ਬਾਅਦ ਕੋਟਸ਼ਮੀਰ ਅਤੇ ਇਸ ਤੋਂ ਮਗਰੋਂ ਇਕ ਤੋਂ ਬਾਅਦ ਇਕ ਹੋਰ ਅਜਿਹੇ ਕੀਤੇ ਜਾ ਰਹੇ ਇਕੱਠਾਂ ਨੂੰ ਸੂਬੇ ਦੇ ਵੱਡੇ ਕਾਂਗਰਸੀ ਆਗੂ ਆਪਣੇ ਲਈ ਸਿਰਦਰਦੀ ਮੰਨ ਰਹੇ ਹਨ। ਇਸ ਸਬੰਧੀ ਉਹ ਪਹਿਲਾਂ ਵੀ ਕੇਂਦਰੀ ਕਾਂਗਰਸੀ ਆਗੂਆਂ ਕੋਲ ਸ਼ਿਕਾਇਤ ਕਰ ਚੁੱਕੇ ਹਨ ਅਤੇ ਹੁਣ ਵੀ ਕਰਨ ਦੀ ਉਮੀਦ ਹੈ।



## 'ਆਪ' ਨਾਲ ਗੱਠਜੋੜ ਬਾਰੇ ਫੈਸਲਾ ਵਿਚਾਰ ਮਗਰੋਂ: ਯਾਦਵ

**ਚੰਡੀਗੜ੍ਹ:** ਪੰਜਾਬ ਕਾਂਗਰਸ ਮਾਮਲਿਆਂ ਦੇ ਨਵੇਂ ਬਣੇ ਇੰਚਾਰਜ ਦਵਿੰਦਰ ਯਾਦਵ ਨੇ ਕਿਹਾ ਕਿ ਉਹ ਪੰਜਾਬ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਗੱਠਜੋੜ ਸਬੰਧੀ ਆਪਣੀ ਰਾਏ ਕਾਂਗਰਸ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਮੀਟਿੰਗ ਤੋਂ ਬਾਅਦ ਹਾਈ ਕਮਾਂਡ ਨੂੰ ਦੇਣਗੇ। ਉਹ ਜਲਦੀ ਹੀ ਚੰਡੀਗੜ੍ਹ ਵਿਚ ਕਾਂਗਰਸੀ ਅਹੁਦੇਦਾਰਾਂ ਅਤੇ ਬਲਾਕ ਪ੍ਰਧਾਨ ਤੱਕ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਨਗੇ ਜਿਸ ਵਿਚ ਕਾਂਗਰਸੀ ਆਗੂਆਂ ਤੇ ਲੋਕਾਂ ਦੀ ਇਸ ਸਬੰਧੀ ਰਾਏ ਜਾਣੀ ਜਾਵੇਗੀ। ਇਸ ਤੋਂ ਬਾਅਦ ਪੰਜਾਬ ਦੇ ਕਾਂਗਰਸੀ ਆਗੂਆਂ ਅਤੇ ਲੋਕਾਂ ਦੀ ਇਸ ਗੱਠਜੋੜ ਸਬੰਧੀ ਰਾਏ ਕਾਂਗਰਸ ਹਾਈ ਕਮਾਂਡ ਨੂੰ ਦੇਣਗੇ। ਇਸ ਮਗਰੋਂ ਕਾਂਗਰਸ ਹਾਈ ਕਮਾਂਡ ਆਪਣਾ ਫ਼ੈਸਲਾ ਲਵੇਗੀ।

ਚੇਤੇ ਰਹੇ ਕਿ ਪੰਜਾਬ ਦੀ ਸੀਨੀਅਰ ਲੀਡਰਸ਼ਿਪ ਵਿਚੋਂ ਇਕੱਲੇ ਨਵਜੋਤ ਸਿੱਧੂ ਹੀ ਅਜਿਹੇ ਆਗੂ ਹੋ ਜੋ 'ਇੰਡੀਆ' ਗੱਠਜੋੜ ਤਹਿਤ ਸੂਬੇ ਵਿਚ ਆਮ ਆਦਮੀ ਪਾਰਟੀ (ਆਪ) ਜਾਂ ਕਿਸੇ ਹੋਰ ਧਿਰ ਨਾਲ ਭਾਈਵਾਲੀ ਦੇ ਹਮਾਇਤੀ ਹਨ। ਪੰਜਾਬ ਦੀ ਜ਼ਿਆਦਾਤਰ ਲੀਡਰਸ਼ਿਪ ਆਪ ਨਾਲ ਗੱਠਜੋੜ ਦੇ ਹੱਕ ਵਿਚ ਨਹੀਂ ਹੈ। ਲੀਡਰਸ਼ਿਪ ਦਾ ਇਹ ਰਵੱਈਆ ਹਾਈ ਕਮਾਨ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ।

ਕਾਂਗਰਸ ਨੇ ਸਾਰੇ ਸੂਬਿਆਂ ਦੇ ਪ੍ਰਧਾਨਾਂ, ਵਿਧਾਨ ਸਭਾਵਾਂ ਵਿਚ ਆਪਣੇ ਆਗੂਆਂ ਤੇ ਹੋਰ ਪ੍ਰਮੁੱਖ ਆਗੂਆਂ ਦੀ ਮੀਟਿੰਗ ਵਿਚ ਆਪਣਾ ਧਿਆਨ 255 ਸੀਟਾਂ 'ਤੇ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਕਾਂਗਰਸ ਇਹ ਮਹਿਸੂਸ ਕਰ ਰਹੀ ਹੈ ਕਿ ਉਸ ਨੂੰ ਵੱਖ-ਵੱਖ ਸੂਬਿਆਂ ਵਿਚ ਨਾ ਸਿਰਫ ਸਹਿਯੋਗੀ ਪਾਰਟੀਆਂ ਨਾਲ ਸਮਝੌਤਾ ਕਰਨਾ ਪੈਣਾ ਹੈ ਸਗੋਂ ਕਈ ਸੂਬਿਆਂ ਵਿਚ ਉਸ ਨੂੰ ਸੀਟਾਂ ਦੀ ਵੰਡ ਵਿਚ ਖੁੱਲ੍ਹਦਿਲੀ ਵਿਖਾਉਣ ਦੀ ਲੋੜ ਹੈ। ਕਾਂਗਰਸ ਦੀ ਪ੍ਰਮੁੱਖ ਸਮੱਸਿਆ ਉਸ ਦੇ ਸੂਬਾਈ ਪੱਧਰ ਦੇ ਆਗੂ ਹਨ। ਪੱਛਮੀ ਬੰਗਾਲ ਦੇ ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਨੇ ਤ੍ਰਿਣਮੂਲ ਕਾਂਗਰਸ 'ਤੇ ਹਮਲਾ ਬੋਲਿਆ ਹੈ ਕਿ ਕਾਂਗਰਸ ਨੂੰ ਮਮਤਾ ਬੈਨਰਜੀ ਤੋਂ ਭੀਖ ਮੰਗਣ ਦੀ ਕੋਈ ਲੋੜ ਨਹੀਂ ਹੈ। ਮੱਧ ਪ੍ਰਦੇਸ਼ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸੀ ਆਗੂ ਕਮਲ ਨਾਥ ਨੇ ਸਮਾਜਵਾਦੀ ਪਾਰਟੀ ਅਤੇ ਹੋਰ ਆਗੂਆਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ। ਰਾਜਸਥਾਨ ਵਿਚ ਵੀ ਕਾਂਗਰਸ ਨੇ ਸੀ.ਪੀ.ਐਮ. ਅਤੇ ਹੋਰ ਪਾਰਟੀਆਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ। ਜੇ ਕਾਂਗਰਸੀ ਆਗੂਆਂ ਦਾ ਰਵੱਈਆ ਨਹੀਂ ਬਦਲਦਾ ਤਾਂ ਉਸ ਦਾ ਬਹੁਤਾ ਨੁਕਸਾਨ ਕਾਂਗਰਸ ਨੂੰ ਹੀ ਹੋਣਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਕਾਰ ਸਮਝੌਤਾ ਹੋਣ ਦੇ ਆਸਾਰ ਬਹੁਤ ਘੱਟ ਹਨ।

ਇਸੇ ਤਰ੍ਹਾਂ ਸਿਆਸੀ ਮਾਹਿਰਾਂ ਅਨੁਸਾਰ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਤੇ ਸੀ.ਪੀ.ਐਮ. ਵਿਚਕਾਰ ਚੋਣ ਸਮਝੌਤਾ ਨਹੀਂ ਹੋ ਸਕਦਾ। ਸੀ.ਪੀ.ਐਮ. ਕਾਂਗਰਸ ਉਤੇ ਦਬਾਅ ਪਾ ਰਹੀ ਹੈ ਕਿ ਉਹ ਤ੍ਰਿਣਮੂਲ ਕਾਂਗਰਸ ਨਾਲ ਸਮਝੌਤਾ ਨਾ ਕਰੇ ਅਤੇ ਅਧੀਰ ਰੰਜਨ ਚੌਧਰੀ ਸੀ.ਪੀ.ਐਮ. ਦੀ ਬੋਲੀ ਬੋਲ ਰਿਹਾ ਹੈ। ਇਸ ਤਰ੍ਹਾਂ 'ਇੰਡੀਆ' ਗੱਠਜੋੜ ਸਾਹਮਣੇ ਵੱਡੀਆਂ ਚੁਣੌਤੀਆਂ ਹਨ।

ਲੋਕ ਸਭਾ ਚੋਣਾਂ ਨੂੰ ਤਿੰਨ ਕੁ ਮਹੀਨੇ ਦਾ ਸਮਾਂ ਰਹਿ ਗਿਆ ਹੈ। ਇਨ੍ਹਾਂ ਚੋਣਾਂ ਵਿਚ ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਵੱਲੋਂ ਆਪਣੇ ਸਿਆਸੀ ਵਕਾਰ ਦੀ ਬਹਾਲੀ ਲਈ ਟਿੱਲ ਲਾਇਆ ਹੋਇਆ ਹੈ। ਸ਼੍ਰੋਮਣੀ ਅਕਾਲੀ

(ਬਾਕੀ ਸਫਾ 6 'ਤੇ)

# ਸੁਲਤਾਨਪੁਰ ਗੋਲੀਬਾਰੀ ਲਈ ਮੁੱਖ ਮੰਤਰੀ ਜ਼ਿੰਮੇਵਾਰ ਕਰਾਰ



**ਅੰਮ੍ਰਿਤਸਰ:** ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ 'ਚ ਪਿਛਲੇ ਦਿਨੀਂ ਗੋਲੀ ਚਲਾਉਣ ਅਤੇ ਮਰਿਆਦਾ ਦੇ ਨਿਰਾਦਰ ਦੀ ਘਟਨਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਕੀਤਾ ਹੈ। ਜਾਂਚ ਰਿਪੋਰਟ ਨੂੰ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਨਤਕ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਗ੍ਰਹਿ ਵਿਭਾਗ ਵੀ ਹੈ ਅਤੇ ਜਾਂਚ ਰਿਪੋਰਟ ਵਿਚ ਇਸ ਮਾਮਲੇ ਦੇ ਉਹ ਮੁੱਖ ਦੋਸ਼ੀ ਬਣਦੇ ਹਨ।

ਉਨ੍ਹਾਂ ਜਾਂਚ ਰਿਪੋਰਟ ਜਨਤਕ ਕਰਦਿਆਂ ਕਿਹਾ ਕਿ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਦੀ ਘਟਨਾ ਦੀ ਜਾਂਚ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤੇ ਗਏ ਸਨ। ਇਸ ਅਨੁਸਾਰ ਪੰਜ

(ਬਾਕੀ ਸਫਾ 6 'ਤੇ)


# One stop shop for all your taxi needs

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਕੈਲਗਰੀ ਲੇਖਕ ਸਭਾ ਦੀ ਇਕੱਤਰਤਾ ਵਿੱਚ 'ਗੁਰੂ ਗੋਬਿੰਦ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ' ਬਾਰੇ ਵਿਚਾਰਾਂ

'ਖਾਲਸਾ ਪੰਥ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ' ਵਿਸ਼ੇ 'ਤੇ ਕੈਲਗਰੀ ਲੇਖਕ ਸਭਾ ਦੀ ਸਾਲ 2024 ਦੀ ਪਹਿਲੀ ਮੀਟਿੰਗ 6 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕੀਤੀ ਗਈ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਅਤੇ ਡਾ: ਸੁਰਜੀਤ ਸਿੰਘ ਭੱਟੀ ਸ਼ਾਮਲ ਸਨ। ਸਕੱਤਰ ਗੁਰਚਰਨ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਸਿੱਖ ਇਤਿਹਾਸ ਦੇ ਉਨ੍ਹਾਂ ਸਮਿਆਂ ਨੂੰ ਸਾਂਝਾ ਕੀਤਾ, ਜਦੋਂ ਨੌਂ ਸਾਲ ਦੇ ਬਾਲ ਗੋਬਿੰਦ ਨੇ ਗੁਰੂ ਬਾਪ ਦੀ ਸ਼ਹੀਦੀ ਬਾਅਦ ਗੁਰਗੱਦੀ ਸੰਭਾਲੀ। ਉਸ ਸਮੇਂ ਜਦੋਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਖੇਤਰ ਵਿਚ ਸਿੱਖ ਲਹਿਰ ਦੀ ਉਦਾਰਵਾਦੀ ਪਹੁੰਚ ਬਾਦਸ਼ਾਹ ਔਰੰਗਜ਼ੇਬ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ, ਧਰਮ ਦਾ ਪ੍ਰਚਾਰ ਕਰਨ ਲਈ ਥਾਪੀ ਗਈ ਮਸੰਦ ਪ੍ਰਣਾਲੀ ਵਿਚ ਵਿਗਾੜ ਆ ਚੁੱਕਾ ਸੀ ਅਤੇ ਪਹਾੜੀ ਰਾਜਿਆਂ ਦੀ ਜਗੀਰੂ ਸੋਚ ਹਾਵੀ ਹੋਣ ਕਰਕੇ ਜਨਤਾ ਨਾਲ ਬਦਸਲੂਕੀ ਹੋ ਰਹੀ ਸੀ ਤਾਂ ਗੁਰੂ ਸਾਹਿਬ ਨੇ ਆਪਣੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ ਨਾਲ ਆਮ ਲੋਕਾਂ ਨੂੰ ਇਸ ਜਿੱਲ੍ਹਣ ਵਿਚੋਂ ਕੱਢਣ ਦਾ ਉਪਰਾਲਾ ਆਰੰਭਿਆ। ਇਸ ਇਤਿਹਾਸਕ ਪਿਛੋਕੜ ਦੇ ਹਵਾਲੇ ਨਾਲ ਅੱਜ ਦੇ ਵਿਸ਼ੇ ਦੀ ਚਰਚਾ ਦੀ ਸ਼ੁਰੂਆਤ ਹੋਈ। ਗੁਰਦੀਸ਼ ਕੌਰ ਗਰੇਵਾਲ ਨੇ ਗੁਰੂ ਸਾਹਿਬ ਨੂੰ ਸੰਤ-ਸਿਪਾਹੀ, ਸੱਤ ਭਾਸ਼ਾਵਾਂ ਦਾ ਗਿਆਤਾ, ਸਰਬੰਸ ਦਾਨੀ, ਕਵੀ ਤੇ ਵੇਦਾਂ ਦੇ ਅਨੁਵਾਦਕ ਸ਼ਬਦਾਂ ਨਾਲ ਨਤਮਸਤਕ ਹੋਣ ਉਪਰੰਤ ਆਪਣੀ ਰਚਨਾ 'ਲੱਥਣਾਂ ਨਹੀਂ ਰਿਣ ਸਾਥੋਂ ਬਾਜਾਂ ਵਾਲੇ ਮਾਹੀ ਦਾ, ਰੋਮ ਰੋਮ ਰਿਣੀ ਉਸ ਸੰਤ ਸਿਪਾਹੀ ਦਾ' ਸਾਂਝੀ ਕੀਤੀ।

ਡਾ: ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਜਿਵੇਂ ਭਗਵਾਨ ਕ੍ਰਿਸ਼ਨ ਦੇ ਹੱਥ ਵਿਚ ਸੁਦਰਸ਼ਨ ਚੱਕਰ, ਭਗਵਾਨ ਰਾਮ ਦੇ ਮੋਢੇ 'ਤੇ ਧਨੁੱਖ ਹੈ, ਗੁਰੂ ਸਾਹਿਬ ਦੀ ਦੂਰਦਰਸ਼ਤਾ ਨੇ ਕਲਯੁੱਗ ਵਿੱਚ ਕ੍ਰਿਪਾਨ ਦੀ ਕਲਾ ਵਰਤਾਈ। ਬਲਵਿੰਦਰ ਬਰਾੜ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਉਹ ਯੁੱਗ ਪੁਰਸ਼ ਹਨ ਜੋ ਸਮੇਂ ਦੀ ਹਿੱਕ 'ਤੇ ਪੈੜ ਧਰ ਕੇ ਚਲੇ ਅਤੇ ਸਿੱਖ ਨੂੰ ਵੱਖਰੀ ਪਛਾਣ ਦੇ ਕੇ ਲੱਖਾਂ ਵਿਚ ਖੜਾ ਵੀ ਨਿਵੇਕਲਾ ਬਣਾ ਦਿੱਤਾ। ਉਨ੍ਹਾਂ ਇਮਰੋਜ਼ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅੰਮ੍ਰਿਤਾ ਪ੍ਰੀਤਮ ਨਾਲ ਆਪਣੀ ਮਿਲਣੀ ਨੂੰ ਯਾਦ ਕੀਤਾ।

ਰੈਡ ਐਫ ਐਮ ਦੇ ਹੋਸਟ ਅਮਨਜੋਤ ਸਿੰਘ ਪੰਨੂ ਨੇ ਦੱਸਿਆ ਕਿ ਕਿਵੇਂ ਵਿਦਿਆਰਥੀ ਜੀਵਨ ਵਿਚ ਕੇਸ ਕਟਵਾ ਲਏ ਪਰ 31 ਦਸੰਬਰ 2013 ਨੂੰ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ









ਇੱਕ ਮਹਾਂਪੁਰਸ਼ ਵਲੋਂ ਕੀਤੀ ਗਈ ਅਰਦਾਸ ਨੇ ਗੁਰੂ ਸਾਹਿਬ ਦੀ ਕਲਾ ਵਰਤਾਈ ਅਤੇ ਮੁੜ ਕੇਸਾਂ ਦੀ ਬਖਸ਼ਿਸ਼ ਹੋਈ। ਧਾਰਮਿਕ ਵਿਸ਼ਿਆਂ ਤੇ ਲੇਖਾਂ ਅਤੇ ਕਵਿਤਾਵਾਂ ਦੀਆਂ ਦੋ ਕਿਤਾਬਾਂ ਦੇ ਲੇਖਕ ਜਸਵਿੰਦਰ ਸਿੰਘ ਰੁਪਾਲ ਨੇ ਗੁਰ-ਇਤਿਹਾਸ ਬਾਰੇ ਗੱਲ ਕਰਦਿਆਂ ਦੱਸਿਆ ਕਿ ਜਾਤ-ਪਾਤ, ਵਰਣ-ਵੰਡ ਤੇ ਸਮਾਜੀ ਵਿਤਕਰੇ ਵਰਗੀਆਂ ਸਥਾਪਤ ਰਹੁਰੀਤਾਂ ਦਾ ਖੰਡਨ ਕਰ ਗੁਰੂ ਸਾਹਿਬ ਨੇ ਖਾਲਸਾ ਸਿਰਜਿਆ।

ਜਤਿੰਦਰ ਸਵੈਚ ਨੇ ਕਿਹਾ ਕਿ ਗੁਰੂ ਸਾਹਿਬਾਨ ਨੂੰ ਤਿੱਥ ਤਿਉਹਾਰਾਂ ਨਾਲ ਜੋੜ ਕੇ ਹੀ ਯਾਦ ਨਹੀਂ ਕਰਨਾ ਚਾਹੀਦਾ, ਬਲਕਿ ਉਹ ਤਾਂ ਹਰ ਪਲ ਹਰ ਸਮੇਂ ਹਾਜ਼ਰ ਨਾਜ਼ਰ ਹਨ। ਹਰਜਿੰਦਰ ਕੌਰ ਨੇ ਅਜੋਕੇ ਸਮੇਂ ਵਿਚ ਸਿੱਖੀ ਬਾਰੇ ਗੱਲ ਕਰਨ ਦੀ ਲੋੜ ਦੀ ਗੱਲ ਕੀਤੀ ਅਤੇ ਕਿਹਾ ਕਿ ਮਾਵਾਂ ਨੂੰ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ 'ਨਹੀਂ ਭਾਰਤ ਹਰਗਿਜ਼ ਭੁੱਲ ਸਕਦਾ, ਉਪਕਾਰ ਗੁਰੂ ਗੋਬਿੰਦ ਸਿੰਘ ਦਾ' ਗੀਤ ਗਾਇਆ। ਜਗਦੇਵ ਸਿੰਘ ਸਿੱਧੂ ਹੁਰਾਂ ਇਮਰੋਜ਼ ਨੂੰ ਉੱਚ ਦਰਜੇ ਦੇ ਚਿੱਤਰਕਾਰ ਵਜੋਂ ਯਾਦ ਕੀਤਾ। ਦਿੱਲੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਹਿ ਚੁੱਕੇ, ਪੰਜ ਕਿਤਾਬਾਂ ਦੇ ਲੇਖਕ ਤੇ ਚਿੰਤਕ ਸ: ਜਤਿੰਦਰਪਾਲ ਸਿੰਘ ਉਬਰਾਏ ਦੇ ਦਿਹਾਂਤ 'ਤੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨਵੇਂ ਸਾਲ ਦੀ ਆਮਦ ਨੂੰ ਮੁਖਾਤਬ ਗੁਰਮਿੰਦਰ ਕੌਰ ਸਿੱਧੂ ਦੀ ਲਿਖੀ ਕਵਿਤਾ ਵੀ ਸਾਂਝੀ ਕੀਤੀ। ਗੁਰਨਾਮ ਕੌਰ ਨੇ ਕਿਹਾ ਕਿ ਗੁਰੂ ਨਾਨਕ ਦੇ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਬੋਲਾਂ ਨਾਲ ਖਾਲਸੇ ਦੀ ਨੀਂਹ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਖਾਲਸੇ




ਦੀ ਸਾਜਨਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲਿਖਤ 'ਜ਼ਫ਼ਰਨਾਮਾ' ਸ਼ਬਦਾਂ ਦੀ ਮਨੋਵਿਗਿਆਨਕ ਸ਼ਕਤੀ ਹੈ।

ਨਛੱਤਰ ਸਿੰਘ ਪੁਰਬਾ ਨੇ ਮਾਂ-ਬੋਲੀ ਪੰਜਾਬੀ ਦੇ ਵਿਕਾਸ ਦੀ ਤਸ਼ਬੀਹ ਇਕ ਰੁੱਖ ਨਾਲ ਕਰਦੇ ਜੜ੍ਹਾਂ ਨੂੰ ਲੇਖਕਾਂ ਤੇ ਚਿੰਤਕਾਂ ਦੁਆਰਾ ਲਿਖੀਆਂ ਲਿਖਤਾਂ, ਤਣੇ ਨੂੰ ਪੜ੍ਹਨਯੋਗ ਪਾਠਕਾਂ, ਪੱਤਿਆਂ ਨੂੰ ਪੰਜਾਬੀ ਬੋਲਣ ਅਤੇ ਫੁੱਲਾਂ ਨੂੰ ਪੰਜਾਬੀ ਬੋਲੀ ਸਮਝਣ ਵਾਲੇ ਪੰਜਾਬੀ ਪਿਆਰੇ ਆਖ ਪੰਜਾਬੀ ਬੋਲੀ ਦੇ ਰੁੱਖ ਦੇ ਹਰ ਹਿੱਸੇ ਨੂੰ ਵਿਕਸਤ ਕਰਨ ਦੀ ਲੋੜ ਦੀ ਗੱਲ ਕੀਤੀ। ਸਰਬਜੀਤ ਉੱਪਲ ਨੇ 'ਮਾਤਾ ਗੁਜਰੀ ਨੂੰ ਮਿਲਣ ਵਧਾਈਆਂ' ਗੀਤ ਨਾਲ ਹਾਜ਼ਰੀ ਲੁਆਈ। ਪਰਮਿੰਦਰ ਰਮਨ ਨੇ ਆਪਣੀ ਰਚਨਾ "ਐ ਦਸਮ ਪਿਤਾ ਅਸੀਂ ਬੇਮੁਖੇ ਹਾਂ, ਤੇਰੀਆਂ ਕੁਰਬਾਨੀਆਂ ਦਾ ਅਸਲ ਖਾ ਲਿਆ, ਅਸੀਂ ਅਜੇ ਵੀ ਭੁੱਖੇ ਹਾਂ।" ਪੇਸ਼ ਕੀਤੀ। ਹਰਮਿੰਦਰ ਪਾਲ ਸਿੰਘ ਨੇ ਸਭ ਹਾਜ਼ਰੀਨ ਨੂੰ ਸ਼ਾਮਲ ਕਰ 'ਦੇਹੁ ਸ਼ਿਵਾ ਵਰ ਮੋਹਿ ਏਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ" ਸ਼ਬਦ ਪੇਸ਼ ਕੀਤਾ।

ਸੁਰਿੰਦਰ ਢਿਲੋਂ ਨੇ ਗੁਰੂ ਸਾਹਿਬ ਦੀ ਮਹਿਮਾ ਬਿਆਨਦਿਆਂ ਕਿਹਾ ਕਿ ਬਣੀ ਬਣਾਈ ਫ਼ੌਜ ਦਾ ਕਮਾਂਡਰ ਬਣ ਲੜਨਾ ਹੋਰ ਗੱਲ ਹੈ ਪਰ ਪਹਿਲਾਂ ਫੌਜ ਤਿਆਰ ਕਰਨਾ ਅਤੇ ਫਿਰ ਫ਼ੌਜ ਸੰਗ ਮੈਦਾਨ-ਏ-ਜੰਗ ਵਿਚ ਜੂਝਣਾ ਗੁਰੂ ਸਾਹਿਬ ਦੀ ਦੂਰਦਰਸ਼ਤਾ ਦਾ ਹੀ ਨਤੀਜਾ ਸੀ।

ਮਨਮੋਹਨ ਸਿੰਘ ਬਾਠ ਨੇ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ 'ਬਾਪੂ ਵੇਖਦਾ ਰਹੇਂ ਤੂੰ ਵੇਖ ਕੰਢੇ, ਕਿਵੇਂ ਤਰਨਗੇ ਅਜੀਤ ਜੁਝਾਰ ਤੇਰੇ' ਸੁਰੀਲੀ ਅਵਾਜ਼ ਵਿਚ ਸੁਣਾਇਆ। ਪਰਮਜੀਤ ਭੰਗੂ ਨੇ 'ਤੇਰੀ ਦੀਦ ਦੇ ਪਿਆਸੇ ਜਾਂਦੇ ਮੰਜ਼ਿਲਾਂ ਮੁਕਾਈ' ਗੀਤ ਬੁਲੰਦ ਆਵਾਜ਼ ਵਿਚ ਸੁਣਾਇਆ। ਪ੍ਰੀਤ ਸਾਗਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਦੂਰਦਰਸ਼ਤਾ ਸਬੰਧੀ ਵਿਚਾਰ ਸਾਂਝੇ ਕੀਤੇ ਅਤੇ 'ਨੱਚਦੀ ਮੌਤ ਦੇ ਨਾਲ ਨੱਚਣ ਜੋ' ਰਚਨਾ ਸਾਂਝੀ ਕੀਤੀ। ਅਮਨਪ੍ਰੀਤ ਸਿੰਘ ਨੇ ਸਿੱਖ ਕੌਮ ਦੀ ਵਿਲੱਖਣਤਾ ਨੂੰ ਅੱਜ ਦੇ ਪ੍ਰਸੰਗ ਵਿਚ ਕਿਸਾਨੀ ਘੋਲ ਸਮੇਂ ਕਿਸਾਨਾਂ ਵਲੋਂ ਬਿਨਾ ਹਥਿਆਰਾਂ ਦੇ ਜੰਗ ਜਿੱਤਣ ਦੇ ਰੂਪ ਵਿਚ ਬਿਆਨਿਆ ਅਤੇ 'ਪਟਨਾ ਲੈ ਕੇ ਜਨਮ ਦੋਵਾਂ ਕੌਮਾਂ ਨੂੰ ਲਿਆ ਅਪਣਾ ਤੂੰ' ਗੀਤ ਗਾ ਕੇ ਪੇਸ਼ ਕੀਤਾ। ਅਖੀਰ ਵਿਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੀ ਨੌਂ ਮਹੀਨੇ ਦੀ ਠਾਹਰ ਸਮੇਂ ਵਾਪਰੀਆਂ ਘਟਨਾਵਾਂ ਦੀ ਸਾਂਝ ਪਾਈ ਅਤੇ ਉਸ ਇਲਾਕੇ ਦੇ ਲੋਕਾਂ ਅਤੇ ਹੋਰ ਸਿੱਖ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਯਾਦ ਕੀਤਾ ਅਤੇ ਮੀਟਿੰਗ ਦੀ ਸਮਾਪਤੀ ਕਤੀ।

# ਜੀ.ਐਚ.ਜੀ. ਅਕੈਡਮੀ ਵੱਲੋਂ ਨਵੇਂ ਸਾਲ ਦੀ ਪਰਿਵਾਰਕ ਮਿਲਣੀ ਸਮੇਂ ਸਨਮਾਨ ਸਮਾਰੋਹ

## ਵਿਰਾਸਤੀ ਮੇਲਾ 23 ਮਾਰਚ ਨੂੰ ਹੋਵੇਗਾ

ਫਰਿਜ਼ਨੋ: ਇਥੋਂ ਦੀ ਸੰਸਥਾ ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀਂ ਵੱਲੋ ਹਰ ਸਾਲ ਵਾਂਗ ਇਸ ਸਾਲ ਦਾ ਪਲੇਠਾ ਪਰਿਵਾਰਕ ਮਿਲਣੀ ਅਤੇ ਸਨਮਾਨ ਸਮਾਰੋਹ ਜਸਵੰਤ ਸਿੰਘ ਖਾਲੜਾ ਪਾਰਕ ਵਿਚ ਆਯੋਜਿਤ ਕੀਤਾ ਗਿਆ। ਜਿਸ ਵਿਚ ਅਕੈਡਮੀ ਦੇ ਸਮੂਹ ਪ੍ਰਬੰਧਕ ਮੈਂਬਰ, ਵਾਲੰਟੀਅਰ, ਕੋਚ ਅਤੇ ਸਹਾਇਕ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਹੋਏ। ਇਸ ਸਮੇਂ ਜਿੱਥੇ ਬੀਤੇ ਵਰ੍ਹੇ ਦੇ ਪ੍ਰੋਗਰਾਮਾਂ ਬਾਰੇ ਵਿਚਾਰ ਚਰਚਾ ਅਤੇ ਲੇਖਾ-ਜੋਖਾ ਕੀਤਾ ਗਿਆ, ਉੱਥੇ ਹੀ ਇਸ ਸਾਲ ਕਰਵਾਏ ਜਾਣ ਵਾਲੇ ਪ੍ਰੋਗਰਾਮ ਵੀ ਉਲੀਕੇ ਗਏ।




ਇਸ ਪਰਿਵਾਰਕ ਮਿਲਣੀ ਦੀ ਸ਼ੁਰੂਆਤ ਹਮੇਸ਼ਾ ਵਾਂਗ ਗੁਰਦੀਪ ਸਿੰਘ ਸ਼ੇਰਗਿੱਲ ਨੇ ਕੀਤੀ। ਜਦ ਕਿ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਅਕੈਡਮੀ ਦੇ ਸੀਨੀਅਰ ਮੈਂਬਰ ਬਸੰਤ ਸਿੰਘ ਧਾਲੀਵਾਲ ਨੇ ਗੁਰੂ ਗੋਬਿੰਦ ਸਿੰਘ ਦੇ ਆਗਮਨ ਬਾਰੇ ਵਿਚਾਰਾਂ ਦੀ ਸਾਂਝ ਪਾਈ। ਬਾਕੀ ਮੁੱਖ ਮੈਂਬਰਾਂ ਵਿਚ ਸ. ਪਰਮਜੀਤ ਸਿੰਘ ਧਾਲੀਵਾਲ ਅਤੇ ਸ. ਉਦੈਦੀਪ ਸਿੰਘ ਸਿੱਧੂ ਨੇ ਸਾਲ 2024 ਦੇ ਪ੍ਰੋਗਰਾਮਾਂ ਅਤੇ ਪ੍ਰਬੰਧਾਂ ਬਾਰੇ ਸਭ ਨਾਲ ਸਾਂਝ ਪਾਈ। ਇਸ ਸਮੇਂ ਸਭ ਦੀ ਸਹਿਮਤੀ ਨਾਲ ਇਹ ਤੈਅ ਕੀਤਾ ਗਿਆ ਕਿ ਅਕੈਡਮੀ ਵੱਲੋਂ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ ਹਰ ਸਾਲ ਦੀ ਤਰ੍ਹਾਂ ਇਸ ਸਾਲ 23 ਮਾਰਚ 2024 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿਚ ਕਰਵਾਈ ਜਾਵੇਗੀ। ਇਸੇ ਤਰ੍ਹਾਂ ਸਾਲਾਨਾ ਦੋ ਹਫਤੇ ਦੇ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਦੇ ਆਖ਼ਰੀ ਦਿਨ 20 ਜੁਲਾਈ ਨੂੰ ਅੰਤਰ-ਰਾਸ਼ਟਰੀ ਯੁਵਕ ਮੇਲਾ (ਯੂਥ ਫੈਸਟੀਵਲ) ਕਰਵਾਇਆ ਜਾਵੇਗਾ।

ਇਸ ਪ੍ਰੋਗਰਾਮ ਦੌਰਾਨ ਬੀਤੇ ਸਾਲ ਵੱਖ-ਵੱਖ ਥਾਵਾਂ 'ਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿਚ ਜੇਤੂ ਰਹੀਆਂ ਟੀਮਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਇਸ ਪਰਿਵਾਰਕ ਇਕੱਤਰਤਾ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਹਾਜ਼ਰ ਸਮੂਹ ਬੱਚਿਆਂ ਅਤੇ ਪਰਿਵਾਰਾਂ ਨੇ ਜਿੱਥੇ ਆਪਸੀ ਗੱਲਬਾਤ ਅਤੇ ਵਿਚਾਰਾਂ ਦੀ ਸਾਂਝ ਪਾਈ। ਉੱਥੇ ਵੱਖ-ਵੱਖ ਸੁਆਦਿਸ਼ਟ ਖਾਣਿਆਂ ਦਾ ਵੀ ਅਨੰਦ ਮਾਣਿਆ। ਇਸ ਸਮੇਂ ਚਾਹ-ਪਕੌੜੇ ਆਦਿਕ ਦੀ ਸੇਵਾ ਵੀ ਹਮੇਸ਼ਾ ਵਾਂਗ ਸ਼ਾਨੇ-ਪੰਜਾਬ ਵਾਲੇ ਸ. ਸੁਖਦੇਵ ਸਿੰਘ ਵੱਲੋਂ ਕੀਤੀ ਗਈ।

ਪ੍ਰੋਗਰਾਮ ਦੇ ਅੰਤ ਵਿਚ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਾਉਣ ਦਾ ਨਾਅਰਾ ਲਾਉਂਦੇ ਹੋਏ ਪ੍ਰਬੰਧਕਾਂ ਵੱਲੋਂ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਭਵਿੱਖ ਵਿਚ ਹੋਣ ਵਾਲੇ ਪ੍ਰੋਗਰਾਮਾਂ ਵਿਚ ਸਭ ਤੋਂ ਸਹਿਯੋਗ ਦੀ ਮੰਗ ਕੀਤੀ ਗਈ। ਅੰਤ ਆਪਣੇ ਸੱਭਿਆਚਾਰਕ ਵਿਰਸੇ ਨੂੰ ਸਿਜਦਾ ਕਰਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਮਾਤਾ ਹਰਬੰਸ ਕੌਰ ਦੇ ਅਕਾਲ ਚਲਾਣੇ 'ਤੇ ਧੂਤ ਅਤੇ ਬਧੇਸਾ ਪਰਿਵਾਰ ਨੂੰ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀਂ ਕਰਮਨ ਨਿਵਾਸੀ ਮਾਤਾ ਹਰਬੰਸ ਕੌਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਸਵ. ਸ. ਮਲਕੀਤ ਸਿੰਘ ਬਧੇਸਾ (ਚੌਕੀਮਾਨ, ਲੁਧਿਆਣਾ ਵਾਲੇ) ਦੀ ਪਤਨੀ ਤੇ ਰਵਿੰਦਰ ਕੌਰ ਬਧੇਸਾ ਦੇ ਮਾਤਾ ਜੀ ਸਨ। ਤੇ ਪਿਛਲੇ 30 ਸਾਲ ਤੋਂ ਵਧੀਕ ਸਮੇਂ ਤੋਂ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਮਾਤਾ ਜੀ ਦਾ ਪੰਜਾਬ ਤੋਂ ਪਿਛਲਾ ਪਿੰਡ ਪੁਰ ਹੀਰਾ, ਜ਼ਿਲ੍ਹਾ ਹੁਸ਼ਿਆਰਪੁਰ ਸੀ। ਉਹ ਆਪਣੀਆਂ ਦੋ ਧੀਆਂ ਰਵਿੰਦਰ ਕੌਰ ਬਧੇਸਾ, ਕੁਲਵਿੰਦਰ ਕੌਰ ਅਤੇ ਇਕ ਪੁੱਤਰ ਬਲਜੀਤ ਸਿੰਘ ਧੂਤ ਦੀ ਪਰਿਵਾਰਕ ਫੁੱਲਵਾੜੀ ਨੂੰ ਪਿੱਛੇ ਛੱਡ ਗਏ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਂਜਲੀਆਂ ਦੀ ਰਸਮ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਜਨਵਰੀ 2024, ਦਿਨ ਵੀਰਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ ਹੋਵੇਗੀ। ਜਿਸ ਦਾ ਪਤਾ: 4800 ਓ. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S.Vineland Ave. Kerman, CA 93630 ਹੈ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਧੀ ਰਵਿੰਦਰ ਕੌਰ ਬਧੇਸਾ ਨਾਲ ਫੋਨ ਨੰਬਰ (559) 269-9842 ਜਾਂ ਪੁੱਤਰ ਬਲਜੀਤ ਸਿੰਘ ਧੂਤ ਨਾਲ ਫੋਨ ਨੰਬਰ (559) 367-5885 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

**ਫੋਨ: 847-359-0746**

**To Advertise with Punjab Times Call: 847-359-0746**

# ਸਿੱਖ ਇੰਟਰਨੈਸ਼ਨਲ ਫਿਲਮ ਫੈਸਟੀਵਲ 2023: ਸਿੱਖ ਵਿਰਾਸਤ ਅਤੇ ਵਿਭਿੰਨਤਾ ਦੀ ਸਿਨੇਮੈਟਿਕ ਯਾਤਰਾ ਨੇ ਨਿਊਯਾਰਕ ਸਿਟੀ ਦੇ ਦਰਸ਼ਕ ਮੋਹੇ

**ਨਿਊਯਾਰਕ:** ਰੂਬਿਨ ਮਿਊਜ਼ੀਅਮ ਮੈਨਹਟਨ ਵਿਖੇ 16 ਦਸੰਬਰ ਨੂੰ ਹੋਏ ਸਿੱਖ ਇੰਟਰਨੈਸ਼ਨਲ ਫਿਲਮ ਫੈਸਟੀਵਲ 2023 ਵਿਚ ਸਿੱਖ ਵਿਰਾਸਤ ਅਤੇ ਸੱਭਿਆਚਾਰਕ ਵਿਭਿੰਨਤਾ ਦੀ ਝਲਕ ਪੇਸ਼ ਕੀਤੀ ਗਈ। ਇਸ ਸਾਲ ਦੇ ਫਿਲਮ ਫੈਸਟੀਵਲ ਵਿਚ ਦਰਸ਼ਕਾਂ ਨੂੰ ਸ਼ਾਨਦਾਰ ਫਿਲਮਾਂ ਰਾਹੀਂ ਪ੍ਰਭਾਵਸ਼ਾਲੀ







ਕਹਾਣੀਆਂ ਨਾਲ ਰੂਬਰੂ ਕੀਤਾ ਗਿਆ।

ਬੋਸਟਨ ਦੇ ਹਾਈ ਸਕੂਲ ਦੇ ਵਿਦਿਆਰਥੀਆਂ ਦੁਆਰਾ ਨਿਰਦੇਸ਼ਤ ਫਿਲਮ "ਬੇਵਤਨਾ: ਵਿਦਾਊਟ ਏ ਕੰਟਰੀ", ਵਿਚ ਤਾਲਿਬਾਨ-ਯੁੱਗ ਦੇ ਅਫਗਾਨਿਸਤਾਨ ਵਿਚ ਸਿੱਖਾਂ ਅਤੇ ਹਿੰਦੂਆਂ ਦੀ ਦੁਰਦਸ਼ਾ ਨੂੰ ਬਿਆਨ ਕੀਤਾ ਗਿਆ।

"ਅਮਰੀਕਨ ਸਿੱਖ", ਭਾਰਤੀ ਅਮਰੀਕਨ ਸਿੱਖ ਦੀ ਇੱਕ ਸੱਚੀ ਕਹਾਣੀ ਹੈ ਜੋ ਅਮਰੀਕੀਆਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਆਸਕਰ ਕੁਆਲੀਫਾਈਡ ਐਨੀਮੇਟਿਡ ਲਘੂ ਫਿਲਮ 'ਅਮਰੀਕਨ ਸਿੱਖ' ਵਿਸ਼ਵਜੀਤ ਸਿੰਘ ਦੀ ਕਹਾਣੀ ਹੈ ਅਤੇ ਜਿਸਦੇ ਪ੍ਰਡਿਊਸਰ ਗੁਨੀਤ ਮੋਂਗਾ ਕਪੂਰ ਅਤੇ ਮਿਸ਼ੇਲਿਨ-ਸਟਾਰਡ ਸ਼ੈਫ-ਫ਼ਿਲਮ ਨਿਰਮਾਤਾ ਵਿਕਾਸ ਖੰਨਾ ਹਨ ਅਤੇ ਅਮਰੀਕੀ ਸਿੱਖ ਹੀਰੋ ਵਿਸ਼ਵਜੀਤ ਸਿੰਘ ਅਤੇ ਰਿਆਨ ਵੈਸਟਰਾ ਦੁਆਰਾ ਨਿਰਦੇਸ਼ਤ ਕੀਤੀ ਗਈ ਹੈ। ਵਿਕਾਸ ਖੰਨਾ ਨੇ ਕਿਹਾ, "ਸਿੱਖ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ 'ਅਮਰੀਕਨ ਸਿੱਖ' ਦੀ ਸਕ੍ਰੀਨਿੰਗ ਦਾ ਇੱਕ ਮੁੱਖ ਹਿੱਸਾ ਛੋਟੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਮਰਪਿਤ ਸੀ, ਜੋ ਇਸ ਫਿਲਮ ਵਿਚ ਆਪਣੇ ਆਪ ਨੂੰ ਦੇਖਦੇ ਹਨ। ਉਨ੍ਹਾਂ ਦੇ ਸੁਪਨੇ ਅਤੇ ਉਮੀਦਾਂ ਮੈਨੂੰ ਪ੍ਰੇਰਿਤ ਕਰਦੀਆਂ ਹਨ।"

"ਕਰਨਲ ਕਲਸੀ: ਬਿਔਂਡ ਦਾ ਕਾਲ": ਇੱਕ ਸਿੱਖ ਨੌਜਵਾਨ ਕਮਲ ਕਲਸੀ ਦੀ ਸੱਚੀ ਕਹਾਣੀ ਹੈ ਜੋ ਆਪਣੀ ਪੱਗ ਅਤੇ ਦਾੜ੍ਹੀ ਨਾਲ ਅਮਰੀਕੀ ਫੌਜ ਵਿਚ ਸੇਵਾ ਕਰਨ ਲਈ ਲੜਿਆ। ਕਰਨਲ ਕਲਸੀ ਨੇ ਕਿਹਾ, "ਮੇਰੀ ਵਿਲੱਖਣ ਪੱਗ ਅਤੇ ਦਾੜ੍ਹੀ ਨਾਲ ਫੌਜ ਵਿੱਚ ਸੇਵਾ ਕਰਨਾ ਅਮਰੀਕੀ ਦੇਸ਼ ਭਗਤੀ ਦੀ ਭਾਵਨਾ ਨੂੰ ਮੂਰਤੀਮਾਨ ਕਰਦੇ ਹੋਏ ਮੇਰੀ ਸਿੱਖ ਪਛਾਣ ਦਾ ਜਸ਼ਨ ਮਨਾਉਣ ਦਾ ਡੂੰਘਾ ਅਨੁਭਵ ਸੀ।"

ਇਸ ਫਿਲਮ ਮੇਲੇ ਵਿਚ 10 ਤੋਂ ਵੱਧ ਫਿਲਮਾਂ ਪ੍ਰਦਰਸ਼ਿਤ ਕੀਤੀਆਂ ਗਈਆਂ, ਜਿਨ੍ਹਾਂ ਵਿਚ ਮੌਜੂਦਾ ਮਾਮਲਿਆਂ ਤੋਂ ਲੈ ਕੇ ਇਤਿਹਾਸਕ ਦ੍ਰਿਸ਼ਟੀਕੋਣ ਤੱਕ ਵੱਖ ਵੱਖ ਸ਼੍ਰੇਣੀਆਂ ਦੇ ਵਿਸ਼ਿਆਂ ਨੂੰ ਕਵਰ ਕੀਤਾ ਗਿਆ। ਤੇਜੀ ਬਿੰਦਰਾ, ਮਨਦੀਪ ਸੋਬਤੀ, ਡਾ. ਪਾਲ ਜੌਹਰ, ਹਰਮੀਤ ਭਰਾਰਾ, ਹੰਸਦੀਪ ਬਿੰਦਰਾ ਨੇ ਮਿਊਜ਼ੀਅਮ ਵਿਖੇ ਖਚਾਖਚ ਭਰੇ ਆਡੀਟੋਰੀਅਮ ਨੂੰ ਦੇਖਦਿਆਂ ਆਪਣੀ ਤਸੱਲੀ ਪ੍ਰਗਟ ਕੀਤੀ।

ਤੇਜੀ ਬਿੰਦਰਾ ਨੇ ਕਿਹਾ, "ਸਿੱਖ ਆਰਟ ਐਂਡ ਫਿਲਮ ਫਾਊਂਡੇਸ਼ਨ ਪਿਛਲੇ 17 ਸਾਲਾਂ ਤੋਂ ਫਿਲਮਾਂ ਅਤੇ ਕਲਾਵਾਂ ਰਾਹੀਂ ਸਿੱਖਾਂ ਪ੍ਰਤੀ ਬਿਹਤਰ ਜਾਗਰੂਕਤਾ ਲਿਆ ਰਹੀ ਹੈ। ਅਸੀਂ ਇਸ ਸਾਲ ਦਿਖਾਈਆਂ ਗਈਆਂ ਸ਼ਾਨਦਾਰ ਫਿਲਮਾਂ ਤੋਂ ਖੁਸ਼ ਹਾਂ।"

ਡਾ. ਪਾਲ ਜੌਹਰ ਨੇ ਕਿਹਾ, "ਇਸ ਸਾਲ ਦੇ ਸਿੱਖ ਇੰਟਰਨੈਸ਼ਨਲ ਫਿਲਮ ਫੈਸਟੀਵਲ ਨੇ ਸਮਕਾਲੀ ਸਿੱਖ ਡਾਇਸਪੋਰਾ ਮੁੱਦਿਆਂ ਨੂੰ ਸੰਬੋਧਿਤ ਕਰਦੇ ਹੋਏ, ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸ਼ਕਤੀਸ਼ਾਲੀ ਲਾਈਨਅੱਪ ਦਾ ਪ੍ਰਦਰਸ਼ਨ ਕੀਤਾ।" ਅਮਰਦੀਪ ਸਿੰਘ ਦੀ ਦਸਤਾਵੇਜ਼ੀ, "ਵਨਨੈੱਸ ਇਨ ਡਾਇਵਰਸਿਟੀ: ਐਲਿਗਜ਼ਿਰ ਆਫ ਗੁਰੂ ਨਾਨਕ ਐਂਡ ਸਿ ਇੰਡੀਕ ਸੇਂਟਸ," ਏਕਤਾ ਅਤੇ ਵਿਭਿੰਨਤਾ ਦੇ ਜ਼ਰੂਰੀ ਵਿਸ਼ੇ ਉੱਤੇ ਜ਼ੋਰ ਦਿੰਦੀ ਹੈ। ਇਹ ਫੈਸਟੀਵਲ, ਮਨਮੋਹਕ ਕਹਾਣੀਆਂ ਅਤੇ ਫਿਲਮ ਨਿਰਮਾਤਾਵਾਂ ਦੇ ਪ੍ਰਭਾਵਸ਼ਾਲੀ ਹਵਾਲੇ ਨਾਲ, ਨਾ ਸਿਰਫ ਸਿੱਖ ਸੱਭਿਆਚਾਰ ਦਾ ਜਸ਼ਨ ਮਨਾਉਂਦਾ ਹੈ ਸਗੋਂ ਫਿਲਮ ਨਿਰਮਾਤਾਵਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਗਤੀਸ਼ੀਲ ਪਲੇਟਫਾਰਮ ਵੀ ਪ੍ਰਦਾਨ ਕਰਦਾ ਹੈ।




# Matrimonials

## ਲੜਕੀ ਦੀ ਲੋੜ ਹੈ

US Based well educated Khatri Gursikh family is seeking a match for their Son, 31 Years, 5’7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5’-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

Verma family looking for a suitable match for their son. Age 31, Ht 5’10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Ramgharia Sikh family looking for a suitable Sikh girl living in the US or Canada for their 29 years old 5’11" son, qualification PhD from University of Michigan in Industrial & Operations Engineering, working as Software Engineering Advisor in Los Angeles, California. Please contact us at: Email: kaur.parminder41@gmail.com

50-53

Arora Sikh family looking for a suitable match in USA or Canada for clean-shaven highly placed Sikh Surgeon in New York, USA, age 53, height 6’1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

## ਲੜਕੇ ਦੀ ਲੋੜ ਹੈ

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

Jatt Sikh parents invite matrimonial alliance for their US born daughter 38, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5’-5". The boy should be settled in the Bay Area (California) with a University degree and professionally employed. Please contact 408-763-3949

39-42

# ਕੌਮ ਦੀ ਮਜ਼ਬੂਤੀ ਲਈ ਬੱਚਿਆਂ ਦਾ ਸਿੱਖਿਅਤ ਹੋਣਾ ਜ਼ਰੂਰੀ: ਮੇਜਰ ਝੱਜ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** 'ਬੜੂ ਸਾਹਿਬ ਕਲਗੀਧਰ ਟਰੱਸਟ ਦੀਆਂ ਪ੍ਰਾਪਤੀਆਂ ਤੇ ਟੀਚੇ' ਬਾਰੇ ਕਰਵਾਏ ਗਏ ਵਿਸ਼ੇਸ਼ ਪ੍ਰੋਗਰਾਮ ਦੌਰਾਨ ਮੇਜਰ ਗੁਰਚਰਨ ਸਿੰਘ ਝੱਜ ਨੇ 'ਪੰਜਾਬ ਟਾਈਮਜ਼' ਨਾਲ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਵਿਦਿਆ ਕਿਸੇ ਸਮਾਜ ਜਾਂ ਕੌਮ ਲਈ ਅਹਿਮ ਮੰਨੀ ਜਾਂਦੀ ਹੈ। ਜਿਹੜਾ ਸਮਾਜ ਜਾਂ ਕੌਮ ਸਰਬ-ਪੱਖੀ ਸਿਖਿਆ ਪੱਖੋਂ ਮਜ਼ਬੂਤ ਹੋਵੇਗੀ, ਉਹ ਕੌਮ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗੀ।

ਇਕ ਵਿਦਿਆਰਥੀ ਨੂੰ ਯੋਗ ਮਨੁੱਖ ਬਣਾਉਣ ਲਈ ਵਿਵਸਥਿਤ ਸਿੱਖਿਆ ਦੇ ਨਾਲ ਧਾਰਮਿਕ ਤੇ ਸਮਾਜਿਕ ਸਿੱਖਿਆ ਦੀ ਬੜੀ ਲੋੜ ਹੁੰਦੀ ਹੈ। ਜੇ ਇਕ ਬੱਚੇ ਦੀ ਪੜ੍ਹਾਈ ਗੁਰਮਤਿ ਦੀ ਸੇਧ ਵਿਚ ਹੋਵੇ ਤਾਂ ਉਸ ਵਿਚ ਦਯਾ, ਸੰਤੋਖ ਤੇ ਸਬਰ ਆ ਜਾਏਗਾ। ਦੁਨਿਆਵੀ ਪੜ੍ਹਾਈ ਦੇ ਨਾਲ ਅਧਿਆਤਮਕ ਪੜ੍ਹਾਈ ਵੀ ਬਹੁਤ ਜ਼ਰੂਰੀ ਹੈ। ਅਧਿਆਤਮਕ ਐਜੂਕੇਸ਼ਨ ਨਾਲ ਵਿਦਿਆਰਥੀ ਦੁਨਿਆਵੀ ਪੜ੍ਹਾਈ ਵਿਚ ਵੀ ਅੱਗੇ ਹੋਵੇਗਾ ਤੇ ਬੱਚੇ ਸਰਬਤ ਦੇ ਭਲੇ ਦੀ ਸੋਚ ਨਾਲ ਪੜ੍ਹ-ਲਿਖ ਕੇ ਚੰਗੇ ਨਾਗਰਿਕ ਬਣ ਕੇ ਸਮਾਜ ਤੇ ਕੌਮ ਦੀ ਬਿਹਤਰੀ ਲਈ ਯੋਗਦਾਨ ਪਾਉਣਗੇ।

ਬੜੂ ਸਾਹਿਬ ਤੇ ਕਲਗੀਧਰ ਟਰੱਸਟ ਹੀ ਇਕ ਐਸਾ ਅਦਾਰਾ ਹੈ, ਜਿਹੜਾ ਅਜਿਹੀ ਵਿਦਿਆ ਦਾ ਚਾਨਣ ਵੰਡ ਰਿਹਾ ਹੈ, ਅਕਾਲ ਅਕੈਡਮੀ ਇਹ ਮਿਸ਼ਨ ਦੀ ਸੋਚ ਨਾਲ ਸ਼ੁਰੂ ਹੋਈ ਸੀ। ਉਨ੍ਹਾਂ ਕਿਹਾ, ''ਸਾਡਾ ਪਰਿਵਾਰ ਬੜਾ ਖੁਸ਼ਕਿਸਮਤ ਹੈ ਕਿ ਅਸੀਂ ਪਹਿਲਾਂ ਬਾਬਾ ਇਕਬਾਲ ਜੀ ਨੂੰ, ਫਿਰ ਡਾ. ਖੇਮ ਸਿੰਘ ਤੇ ਹੁਣ ਡਾ. ਦਵਿੰਦਰ ਸਿੰਘ ਜੀ ਨੂੰ ਮਿਲੇ ਹਾਂ। ਅਮਰੀਕਾ ਦੌਰਿਆਂ ਦੌਰਾਨ ਬਾਬਾ ਇਕਬਾਲ



ਸਿੰਘ ਜੀ ਸਾਡੇ ਕੋਲ ਹੀ ਠਹਿਰਦੇ ਰਹੇ ਹਨ। ਪੜ੍ਹਾਈ ਦੇ ਖੇਤਰ ਵਿਚ ਨਵੇਂ ਵਿਚਾਰ ਲਭਦੇ, ਪੜ੍ਹਾਈ ਨਾਲ ਸਬੰਧਤ ਮਸਲਿਆਂ ਬਾਰੇ ਚਿੰਤਾਤੁਰ ਰਹਿੰਦੇ ਸਨ। ਇਸ ਖੇਤਰ ਵਿਚ ਸਿੱਖ ਕੌਮ ਦੀ ਤਰੱਕੀ ਲਈ ਉਨ੍ਹਾਂ ਦੇ ਦਿਲ ਵਿਚ ਬੜੀ ਤਾਂਘ ਸੀ। ਉਨ੍ਹਾਂ ਦਾ ਮਿਸ਼ਨ ਸੀ "ਬੱਚੇ ਪੜ੍ਹਾਓ ਪੰਜਾਬ ਬਚਾਓ"। ਬਾਬਾ ਇਕਬਾਲ ਸਿੰਘ ਜੀ ਨੇ 1986 ਵਿਚ 5 ਬਚਿਆਂ ਨਾਲ ਸਕੂਲ ਸ਼ੁਰੂ ਕੀਤਾ, ਜੋ ਹੁਣ ਪੇਂਡੂ ਖੇਤਰ ਵਿਚ 129 ਸਕੂਲ ਤੇ ਦੋ ਯੂਨੀਵਰਸਿਟੀਆਂ ਤੱਕ ਪਹੁੰਚ ਚੁੱਕਿਆ ਹੈ। ਤਕਰੀਬਨ ਹਰ ਸ਼ਹਿਰ ਵਿਚ 5 ਤੋਂ 10 ਸਕੂਲ ਹਨ, ਜਿਨ੍ਹਾਂ ਵਿਚ ਇਸ ਵੇਲੇ 70,000 ਬੱਚੇ ਸਿੱਖਿਆ ਲੈ ਰਹੇ ਹਨ। ਝੱਜ ਸਾਹਿਬ ਨੇ ਅੱਗੇ ਕਿਹਾ ਕਿ ਲੜਕੀਆਂ ਨੂੰ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ, ਬੜੂ ਸਾਹਿਬ ਇਹ ਕੰਮ ਕਰ ਰਿਹਾ ਹੈ। ਵਿਮੈੱਨ ਐਂਪਾਵਰਮੈਂਟ ਪ੍ਰੋਗਰਾਮ ਅਧੀਨ ਲੇਡੀਜ਼ ਟੀਚਰਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਬੱਚੀਆਂ ਬੜੂ ਸਾਹਿਬ ਵਿਚ 4-6 ਸਾਲ ਵਿਚ ਪੜ੍ਹਾਈ ਪੂਰੀ ਕਰਦੀਆਂ ਹਨ। ਫਿਰ ਉਨ੍ਹਾਂ ਨੂੰ ਪਿੰਡਾਂ ਵਿਚ ਟੀਚਰ ਦੀ ਪੋਸਟ ਵੀ ਦਿੱਤੀ ਜਾਂਦੀ ਹੈ। ਨਰਸਿੰਗ, ਕੰਪਿਊਟਰ, ਤਕਨਾਲੋਜੀ, ਵਿਗਿਆਨ, ਭਵਨ ਨਿਰਮਾਣ, ਇੰਜੀਨੀਅਰਿੰਗ ਤੇ ਅਜਿਹੇ ਹੋਰ ਕਿੱਤਿਆਂ ਦੀ ਸਖਲਾਈ ਦਿੱਤੀ ਜਾਂਦੀ ਹੈ। ਇਸ ਨਾਲ ਔਰਤਾਂ ਦੀ ਸਰਬਪੱਖੀ ਉਨਤੀ ਤੇ ਵਿਕਾਸ ਹੋ ਸਕੇਗਾ। ਬੜੂ ਸਾਹਿਬ ਵਿਚ ਵਿਦਿਆਰਥੀਆਂ ਲਈ ਲੈਬ, ਲਾਇਬਰੇਰੀ, ਤਕਨੀਕੀ ਸਹੂਲਤਾਂ, ਵਧੀਆ ਮਾਹੌਲ ਵਾਲੇ ਕਮਰੇ ਤੇ ਸੁਰੱਖਿਆ ਸਟਾਫ ਹੈ।

ਉਨ੍ਹਾਂ ਸਾਰਿਆਂ ਨੂੰ ਆਪਣੀ ਕਿਰਤ ਕਮਾਈ ਵਿਚੋਂ ਮਾਈਕ ਸਹਾਇਤਾ ਦੇ ਕੇ ਬੜੂ ਸਾਹਿਬ ਸੰਸਥਾ ਦੀ ਮਦਦ ਕਰਨ ਲਈ ਪ੍ਰੇਰਿਆ ਤਾਂ ਕਿ ਬੱਚੇ ਪੜ੍ਹ ਕੇ ਕੌਮ ਦਾ ਨਾਂ ਰੌਸ਼ਨ ਕਰ ਸਕਣ। ਉਨ੍ਹਾਂ ਕਿਹਾ, 'ਤੁਸੀਂ ਕਲਪਨਾ ਕਰੋ ਉਨ੍ਹਾਂ ਗਰੀਬ ਬੱਚਿਆਂ ਦੀ ਜਿਨ੍ਹਾਂ ਨੂੰ ਜੀਵਨ ਵਿਚ ਪੜ੍ਹਾਈ ਦੀ ਕੋਈ ਉਮੀਦ, ਆਸ ਨਹੀਂ, ਪਰ ਜਦੋਂ ਤੁਹਾਡੀ ਸਪਾਂਸ਼ਰਸ਼ਿਪ ਨਾਲ ਬੱਚਾ ਬੜੂ ਸਾਹਿਬ ਵਿਚ ਦਾਖਲਾ ਲੈਂਦਾ ਹੈ ਤਾਂ ਉਜਲੇ ਭਵਿੱਖ ਦੀ ਰੌਸ਼ਨੀ ਤੇ ਉਮੀਦ ਦੀ ਕਿਰਨ ਨਜ਼ਰ ਆਉਂਦੀ ਹੈ।

ਅੱਜ ਸੀ.ਬੀ.ਐਸ.ਈ. ਵਿਚ ਬੜੂ ਸਹਿਬ ਦੇ ਬੱਚੇ ਟੌਪ ਪੁਜ਼ੀਸ਼ਨਾਂ ਹਾਸਲ ਕਰਦੇ ਹਨ। ਇਹ ਸੰਸਥਾ ਕੁਆਲਿਟੀ ਐਜੂਕੇਸ਼ਨ ਵੱਲ ਧਿਆਨ ਦੇਂਦੀ ਹੈ। ਅਕਾਲ ਅਕੈਡਮੀ ਦੇ ਵਿਦਿਆਰਥੀ ਆਈ.ਏ.ਐਸ, ਆਈ.ਪੀ.ਐਸ, ਤੇ ਸਿਵਲ ਸਰਵਿਸਜ਼ ਦੀਆਂ ਉਚ ਪੁਜ਼ੀਸ਼ਨਾਂ 'ਤੇ ਤਾਇਨਾਤ ਹਨ। ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਹਰ ਸਪਾਂਸਰਸ਼ਿਪ ਕਰਨ ਵਾਲੇ ਦਾਨੀ ਸੱਜਣ ਨੂੰ ਵੀ ਫਖ਼ਰ ਹੁੰਦਾ ਹੈ ਕਿ ਉਸਦਾ ਪੈਸਾ ਸਹੀ ਪਾਸੇ ਲੱਗਿਆ ਹੈ। ਝੱਜ ਸਾਹਿਬ ਨੇ ਕਿਹਾ ਕਿ ਸਕੂਲੀ ਬੱਚਿਆਂ ਵਿਚ ਨਸ਼ੇ ਦੇ ਵਧ ਰਹੇ ਰੁਝਾਨ ਚਿੰਤਾਜਨਕ ਹਨ। ਬੜੂ ਸਾਹਿਬ ਦੇ ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਚੱਲ ਰਹੇ ਹਨ। ਨਸ਼ਾ ਛੁਡਾਊ ਕੇਂਦਰ ਵਿਚ 6000 ਮਰੀਜ਼ ਇਲਾਜ ਕਰਵਾ ਰਹੇ ਹਨ।

ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੇ ਸਮਾਜ ਤੇ ਸਿੱਖਿਆ ਖੇਤਰ ਦੀ ਬਿਹਤਰੀ ਲਈ ਮਹਾਨ ਕੰਮ ਕੀਤੇ ਹਨ। ਹੁਣ ਡਾ. ਦਵਿੰਦਰ ਸਿੰਘ ਨੇ ਯੋਗ ਅਗਵਾਈ ਵਿਚ ਬੱਚਿਆਂ ਦੇ ਜੀਵਨ ਵਿਚ ਮਿਸਾਲਯੋਗ ਤਬਦੀਲੀ ਲਿਆਂਦੀ ਹੈ। ਮੇਜਰ ਗੁਰਚਰਨ ਸਿੰਘ ਝੱਜ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਬੜੂ ਸਾਹਿਬ ਲਈ ਸੰਗਤਾਂ ਦੇ ਸਹਿਯੋਗ ਨਾਲ ਹੁਣ ਇਸ ਸਾਲ 1,31,788 ਡਾਲਰ ਇਕੱਠੇ ਹੋਏ ਹਨ।

## ਦਲ ਖਾਲਸਾ ਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ 26 ਜਨਵਰੀ ਨੂੰ ਰੋਸ ਪ੍ਰਦਰਸ਼ਨ

**ਅੰਮ੍ਰਿਤਸਰ:** ਸੰਵਿਧਾਨ ਦੀ ਦੁਰਵਰਤੋਂ ਕਰਕੇ ਹੁਕਮਰਾਨਾਂ ਵੱਲੋਂ ਘੱਟ-ਗਿਣਤੀਆਂ ਅਤੇ ਸਿੱਖਾਂ ਨਾਲ ਕਥਿਤ ਤੌਰ ਉਤੇ ਕੀਤੇ ਜਾ ਰਹੇ ਅਨਿਆਂ ਅਤੇ ਅੱਤਿਆਚਾਰਾਂ ਵਿਰੁੱਧ ਦਲ ਖਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਾਂਝੇ ਤੌਰ ਉਤੇ 26 ਜਨਵਰੀ ਨੂੰ ਮੋਗਾ ਵਿਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਸੰਸਦ ਮੈਂਬਰ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਤੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੋਸ਼ ਲਾਇਆ ਕਿ ਦੇਸ਼ ਅੰਦਰ ਸੰਵਿਧਾਨ ਦੀ ਦੁਰਵਰਤੋਂ ਕਰ ਕੇ ਅਤੇ ਏਜੰਸੀਆਂ ਰਾਹੀਂ ਘੱਟ-ਗਿਣਤੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਇਸ ਵਰਤਾਰੇ ਖ਼ਿਲਾਫ਼ ਸਿੱਖ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਵਿਰੋਧ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਕਮਰਾਨਾਂ ਵੱਲੋਂ ਘੱਟ-ਗਿਣਤੀਆਂ ਨਾਲ ਸਬੰਧਤ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਪਾਬੰਦੀਸ਼ੁਦਾ ਤੇ ਦਹਿਸ਼ਤਗਰਦ ਐਲਾਨਿਆ ਜਾ ਰਿਹਾ ਹੈ, ਵਿਦੇਸ਼ਾਂ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਆਜ਼ਾਦੀ ਪਸੰਦ ਸਿੱਖਾਂ ਨੂੰ ਗੈਂਗਸਟਰਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਰਾਜੋਆਣਾ ਮਸਲੇ ਸਣੇ ਕਈ ਅਹਿਮ ਫੈਸਲੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਬਾਰੇ ਅਗਲਾ ਫੈਸਲਾ ਹੁਣ 27 ਜਨਵਰੀ ਤੋਂ ਬਾਅਦ ਲਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਕੀਤਾ ਹੈ। ਉਹ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ। ਇਸ ਮੀਟਿੰਗ ਵਿਚ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਗੁਰਦੁਆਰਿਆਂ ਅੰਦਰ ਸਿਰੋਪਾਓ ਦੇਣ ਦੇ ਰੁਝਾਨ ਨੂੰ ਬੰਦ ਕਰਦਿਆਂ ਇਸ ਤੋਂ ਹੋਣ ਵਾਲੀ ਵਿੱਤੀ ਬਚਤ ਨੂੰ ਕੌਮ ਦੇ ਨੌਜਵਾਨ ਵਰਗ ਦੇ ਅਕਾਦਮਿਕ ਵਿਕਾਸ ਲਈ ਵਰਤਣ ਦਾ ਫੈਸਲਾ ਵੀ ਲਿਆ ਗਿਆ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਧਾਮੀ ਨੇ ਦੱਸਿਆ ਕਿ ਸਿਰੋਪਾਓ ਦੇਣ ਦੇ ਆਮ ਰੁਝਾਨ



ਉਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹੁਣ ਗੁਰਦੁਆਰਿਆਂ ਵਿਚੋਂ ਸਿਰੋਪਾਓ ਸਿਰਫ ਧਾਰਮਿਕ ਸ਼ਖਸੀਅਤਾਂ, ਨਗਰ ਕੀਰਤਨਾਂ ਦੌਰਾਨ ਪੰਜ ਪਿਆਰਿਆਂ, ਰਾਗੀ ਅਤੇ ਧਰਮ ਪ੍ਰਚਾਰਕਾਂ ਨੂੰ ਦੇਣ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ। ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿਚ ਬਣੀ ਪੰਜ ਮੈਂਬਰੀ ਕਮੇਟੀ ਦੀ ਕਾਰਵਾਈ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਸੀ ਪਰ ਉਨ੍ਹਾਂ ਨੇ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਜਲਦੀ ਹੀ ਕੇਂਦਰ ਸਰਕਾਰ ਨਾਲ ਗੱਲਬਾਤ ਹੋਵੇਗੀ। ਇਸ ਨੂੰ ਦੇਖਦਿਆਂ ਹੁਣ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਪੰਜ ਮੈਂਬਰੀ ਕਮੇਟੀ ਦੀ ਅਪੀਲ ਦੇ ਮੱਦੇਨਜ਼ਰ 31 ਦਸੰਬਰ ਤੋਂ ਸਮਾਂ ਵਧਾ ਕੇ 27 ਜਨਵਰੀ ਤੱਕ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ਼ਹੀਦਗੰਜ ਬਾਬਾ ਦੀਪ ਸਿੰਘ ਵਿਖੇ ਗੁਰਬਾਣੀ ਪ੍ਰਸਾਰਨ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵੈੱਬ ਚੈਨਲ (ਯੂ-ਟਿਊਬ ਅਤੇ ਫੇਸਬੁੱਕ ਆਦਿ) ਉਤੇ ਚਲਾਉਣ ਦੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਦਾ ਸਾਊਂਡ ਸਿਸਟਮ ਵੀ ਲਗਾਇਆ ਜਾਵੇਗਾ।

ਅੰਤ੍ਰਿੰਗ ਕਮੇਟੀ ਵੱਲੋਂ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫ਼ੌਜੀ ਹਮਲੇ ਦਾ ਬਦਲਾ ਲੈਣ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਨੂੰਹ ਬੀਬੀ ਸੰਦੀਪ ਕੌਰ ਨੂੰ ਸ਼੍ਰੋਮਣੀ ਕਮੇਟੀ ਵਿਚ ਨੌਕਰੀ ਦੇਣ ਦਾ ਫੈਸਲਾ ਵੀ ਲਿਆ ਗਿਆ ਹੈ। ਅੰਤ੍ਰਿੰਗ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 17 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਮਨਾਉਣ ਲਈ ਸਮਾਗਮਾਂ ਦੀ ਰੂਪ-ਰੇਖਾ ਨੂੰ ਵੀ ਅੰਤਿਮ ਰੂਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪੰਜਾਬ ਵਿਚ ਵੀ ਦਸਮ ਗੁਰੂ ਦਾ ਪ੍ਰਕਾਸ਼ ਪੁਰਬ ਕੌਮੀ ਪੱਧਰ ਉਤੇ ਮਨਾਉਣਾ ਆਰੰਭ ਕੀਤਾ ਜਾ ਰਿਹਾ ਹੈ।


## ਸ਼੍ਰੋਮਣੀ ਕਮੇਟੀ ਵੱਲੋਂ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਬਰਸੀ ਮੌਕੇ ਸਮਾਗਮ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀ ਬਰਸੀ ਮੌਕੇ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਸ਼ਮੂਲੀਅਤ ਕੀਤੀ। ਦੋਹਾਂ ਦੀ ਬਰਸੀ ਸਬੰਧੀ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਹੁਕਮਨਾਮਾ ਲੈਣ ਮਗਰੋਂ ਗਿਆਨੀ ਬਲਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੌਮ ਲਈ ਆਪਾ ਵਾਰਨ ਵਾਲੇ ਸ਼ਹੀਦਾਂ ਨੂੰ ਯਾਦ ਕਰਨਾ ਸਮੂਹ ਸਿੱਖਾਂ ਦਾ ਕੌਮੀ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ 1984 ਵਿਚ ਤਤਕਾਲੀ ਕਾਂਗਰਸ ਸਰਕਾਰ ਨੇ ਗੁਰੂ ਘਰ 'ਤੇ ਫ਼ੌਜੀ ਹਮਲਾ ਕਰ ਕੇ ਅਕਾਲ ਤਖ਼ਤ ਨੂੰ ਢਹਿ-ਢੇਰੀ ਕਰ ਦਿੱਤਾ ਸੀ ਅਤੇ ਗੁਰੂ ਘਰ ਮੱਥਾ ਟੇਕਣ ਆਈ ਸੰਗਤ ਵੀ ਮਾਰੀ ਗਈ ਸੀ। ਸਤਵੰਤ ਸਿੰਘ, ਬੇਅੰਤ ਸਿੰਘ ਤੇ ਕੇਹਰ ਸਿੰਘ ਨੇ ਇਸ ਦਾ ਬਦਲਾ ਲਿਆ ਸੀ। ਉਨ੍ਹਾਂ ਕਿਹਾ ਕਿ ਇਹ ਕੌਮ ਦੇ ਮਹਾਨ ਸ਼ਹੀਦ ਹਨ, ਜਿਨ੍ਹਾਂ ਨੂੰ ਸਿੱਖ ਕੌਮ ਹਮੇਸ਼ਾ ਯਾਦ ਰੱਖੇਗੀ। ਸਮਾਗਮ ਦੌਰਾਨ ਭਾਈ ਸਤਵੰਤ ਸਿੰਘ ਦੇ ਭਰਾ ਭਾਈ ਵਰਿਆਮ ਸਿੰਘ ਤੇ ਹੋਰ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸਕੱਤਰ ਪ੍ਰਤਾਪ ਸਿੰਘ ਨੇ ਸਿਰੋਪਾਓ ਦਿੱਤੇ।

# ਜਗਤਾਰ ਸਿੰਘ ਹਵਾਰਾ ਦੇਸ਼ ਧ੍ਰੋਹ ਦੇ ਕੇਸ 'ਚੋਂ ਬਰੀ

**ਮੁਹਾਲੀ:** ਵਿਸ਼ੇਸ਼ ਅਦਾਲਤ ਨੇ ਸਿੱਖ ਕੈਦੀ ਜਗਤਾਰ ਸਿੰਘ ਹਵਾਰਾ ਨੂੰ ਵੱਡੀ ਰਾਹਤ ਦਿੰਦਿਆਂ ਸੋਹਾਣਾ ਥਾਣੇ ਵਿਚ ਦਰਜ ਇਕ ਦੇਸ਼ ਧ੍ਰੋਹ ਦੇ ਮਾਮਲੇ ਵਿਚੋਂ ਬਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੌਮੀ ਇਨਸਾਫ ਮੋਰਚੇ ਵੱਲੋਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਅਰੰਭੇ ਗਏ ਪੱਕੇ ਮੋਰਚੇ ਮਗਰੋਂ ਹੁਣ ਤੱਕ ਜਗਤਾਰ ਸਿੰਘ ਹਵਾਰਾ ਤਿੰਨ ਕੇਸਾਂ 'ਚੋਂ ਬਰੀ ਹੋ ਚੁੱਕਿਆ ਹੈ ਅਤੇ ਕਈ ਸਿੱਖ ਕੈਦੀਆਂ ਨੂੰ ਪੈਰੋਲ ਮਿਲ ਚੁੱਕੀ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਕੇਸਾਂ ਦੀ ਪੈਰਵਾਈ ਕਰ ਰਹੇ ਵਕੀਲ ਅਮਰ ਸਿੰਘ ਚਾਹਲ, ਜਸਪਾਲ ਸਿੰਘ ਮੰਝਪੁਰ, ਗੁਰਸ਼ਰਨ ਸਿੰਘ ਅਤੇ ਦਿਲਸ਼ੇਰ ਸਿੰਘ ਜੰਡਿਆਲਾ ਨੇ ਦੱਸਿਆ ਕਿ ਮੁਹਾਲੀ ਦੇ ਸੋਹਾਣਾ ਥਾਣੇ ਵਿਚ ਸਾਲ 1998 ਵਿਚ ਦਰਜ ਹੋਏ ਇਸ ਕੇਸ ਵਿਚ ਲੰਬਾ ਸਮਾਂ ਸੁਣਵਾਈ ਨਾ ਹੋਣ ਉਤੇ ਜਦੋਂ ਸਿੱਖ ਸੰਗਤ ਨੇ ਸਾਲ 2018 ਜਥੇਦਾਰ ਹਵਾਰਾ ਨੂੰ ਇਸ ਕੇਸ 'ਚੋਂ ਡਿਸਚਾਰਜ ਕਰਨ ਦੀ ਮੰਗ ਕੀਤੀ ਤਾਂ ਪੁਲਿਸ ਨੇ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ, ਪਰ ਹੁਣ ਤੱਕ ਪੁਲਿਸ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਕੇਸ ਦੀ ਸੁਣਵਾਈ ਦੌਰਾਨ ਮੁਹਾਲੀ ਅਦਾਲਤ ਨੇ ਵੱਖ-ਵੱਖ ਪਹਿਲੂਆਂ ਉਤੇ ਗੌਰ



ਕਰਦਿਆਂ ਹਵਾਰਾ ਨੂੰ ਦੋਸ਼ ਮੁਕਤ ਕਰਦਿਆਂ ਪਰਚਾ ਰੱਦ ਕਰਨ ਦਾ ਫ਼ੈਸਲਾ ਸੁਣਾ ਦਿੱਤਾ ਹੈ। ਇਸ ਮੌਕੇ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਪਾਲ ਸਿੰਘ ਫਰਾਂਸ, ਜਸਵਿੰਦਰ ਸਿੰਘ ਰਾਜਪੁਰਾ, ਰਵਿੰਦਰ ਸਿੰਘ ਵਜੀਦਪੁਰ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਹਵਾਰਾ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿਚ ਕਰੀਬ 33 ਕੇਸ ਦਰਜ ਕੀਤੇ ਗਏ ਸਨ, ਜਿਨ੍ਹਾਂ 'ਚੋਂ 32 ਕੇਸਾਂ ਵਿਚ ਉਹ ਬਰੀ ਹੋ ਚੁੱਕਿਆ ਹੈ ਤੇ ਸਿਰਫ ਖਰੜ ਥਾਣੇ ਵਿਚ ਦਰਜ ਅਸਲੇ ਦਾ ਇਕ ਕੇਸ ਪੈਂਡਿੰਗ ਹੈ।

# ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦਾ ਦੇਹਾਂਤ

**ਸ੍ਰੀ ਮੁਕਤਸਰ ਸਾਹਿਬ:** ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ (80) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਸਥਾਨਕ ਇਕ ਨਿੱਜੀ ਹਸਪਤਾਲ ਵਿਚ ਦਾਖਲ ਸਨ। ਜਥੇਦਾਰ ਨੰਦਗੜ੍ਹ 2003 ਤੋਂ 2015 ਦੇ ਅਰਸੇ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ 1996 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਸਨ।



ਜਥੇਦਾਰ ਨੰਦਗੜ੍ਹ ਦੇ ਅੰਤਿਮ ਸੰਸਕਾਰ ਮੌਕੇ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਾਬਕਾ ਜਥੇਦਾਰ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਜਥੇਦਾਰ ਨੰਦਗੜ੍ਹ ਨੇ ਆਪਣਾ ਸਾਰਾ ਜੀਵਨ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਕੀਤਾ ਅਤੇ ਹਮੇਸ਼ਾ ਅੱਗੇ ਹੋ ਕੇ ਕੌਮ ਲਈ ਕੰਮ ਕੀਤਾ ਹੈ।

ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦੇ ਦੇਹਾਂਤ ਉਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਤੇ ਹੋਰਨਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਤੋਂ ਜਾਰੀ ਸ਼ੋਕ ਸੁਨੇਹੇ ਵਿਚ ਜਥੇਦਾਰ ਰਘਬੀਰ ਸਿੰਘ ਨੇ ਆਖਿਆ ਕਿ ਹਰੇਕ ਮਨੁੱਖ ਦਾ ਸੰਸਾਰ ਉੱਤੇ ਜਨਮ ਲੈਣਾ ਅਤੇ ਮੌਤ ਦਾ ਵਰਤਾਰਾ ਅਟੱਲ ਹੈ, ਪਰ ਕੁਝ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਅਚਾਨਕ ਅਕਾਲ ਚਲਾਣਾ ਕਰ ਜਾਣਾ ਪੰਥਕ ਤੌਰ ਉਤੇ ਦੁੱਖਦਾਇਕ ਹੁੰਦਾ ਹੈ। ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੀ ਅਜਿਹੀ ਸ਼ਖ਼ਸੀਅਤ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਉਤੇ ਪੋਸਟ ਸਾਂਝੀ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਦੇ ਨਾਲ ਹੀ ਸਿੱਖ ਜਥੇਬੰਦੀ ਦਲ ਖਾਲਸਾ ਨੇ ਵੀ ਇਸ ਮੌਕੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# 'ਬੜੂ ਸਾਹਿਬ ਕਲਗੀਧਰ ਟਰੱਸਟ ਦੀਆਂ ਪ੍ਰਾਪਤੀਆਂ ਤੇ ਟੀਚੇ' ਬਾਰੇ ਵਿਸ਼ੇਸ਼ ਸਮਾਗਮ

## ਮੇਜਰ ਗੁਰਚਰਨ ਸਿੰਘ ਝੱਜ, ਡਾ. ਦਵਿੰਦਰ ਸਿੰਘ ਤੇ ਭਾਈ ਮਹਿੰਦਰ ਸਿੰਘ ਨੇ ਵਿਚਾਰ ਸਾਂਝੇ ਕੀਤੇ

**ਸ਼ਿਕਾਗੋ (ਬਿਊਰੋ):** ਜਸ ਟੀ.ਵੀ. ਵਲੋਂ ਨਵੇਂ ਸਾਲ ਦੇ ਪਹਿਲੇ ਦਿਨ 'ਬੜੂ ਸਾਹਿਬ ਕਲਗੀਧਰ ਟਰੱਸਟ ਦੀਆਂ ਪ੍ਰਾਪਤੀਆਂ ਤੇ ਟੀਚੇ' ਬਾਰੇ ਵਿਸ਼ੇਸ਼



ਪ੍ਰੋਗਰਾਮ ਕਰਵਾਇਆ ਗਿਆ। ਜੈ ਦੇਵ ਭੱਠਲ (ਸੱਤੀ ਭੱਠਲ) ਦੇ ਗ੍ਰਹਿ ਵਿਖੇ ਇਸ ਉਚੇਰੀ ਮਿਲਣੀ ਦੇ ਸਮਾਗਮ ਵਿਚ ਜਸ ਪੰਜਾਬੀ ਵਲੋਂ ਆਪਣੇ 'ਅੱਜ ਦਾ ਮੁੱਦਾ' ਪ੍ਰੋਗਰਾਮ ਵਿਚ ਬੜੂ ਸਾਹਿਬ ਕਲਗੀਧਰ ਟਰੱਸਟ ਸੰਸਥਾ ਵਲੋਂ ਚਲਾਏ ਜਾ ਰਹੇ ਸਿੱਖਿਆ ਖੇਤਰ ਦੇ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ ਚਰਚਾ ਦਾ ਲਾਈਵ ਪ੍ਰਸਾਰਣ ਕੀਤਾ ਗਿਆ। ਕਲਗੀਧਰ ਟਰੱਸਟ ਦੇ ਸਰਪ੍ਰਸਤ ਤੇ ਟੀਮ ਇਕ ਮਹੀਨੇ ਤੋਂ ਅਮਰੀਕਾ ਦੇ ਟੂਰ 'ਤੇ ਹਨ ਤੇ ਹੁਣ ਸ਼ਿਕਾਗੋ ਵਿਚ ਇਨ੍ਹਾਂ ਦਾ ਆਖਰੀ ਪੜਾਅ ਹੈ।

ਪੈਨਲ ਵਿਚ ਬੜੂ ਸਾਹਿਬ ਦੇ ਨੁਮਾਇੰਦੇ ਤੇ ਪੈਲਾਟਾਈਨ ਦੇ ਕੁਝ ਪਤਵੰਤੇ ਸੱਜਣਾਂ ਨਾਲ ਬੜੂ ਸਾਹਿਬ ਬਾਰੇ ਇੰਟਰਵਿਊ ਕੀਤੇ ਗਏ। ਇਨ੍ਹਾਂ ਇੰਟਰਵਿਊਜ਼ ਨੂੰ ਤਿੰਨ ਪੈਨਲਾਂ ਵਿਚ ਵੰਡਿਆ ਗਿਆ। ਪਹਿਲੇ ਪੈਨਲ ਵਿਚ ਮੇਜਰ ਗੁਰਚਰਨ ਸਿੰਘ ਝੱਜ, ਡਾ. ਦਵਿੰਦਰ ਸਿੰਘ ਤੇ ਵ੍ਹੀਟਨ ਗੁਰਦੁਆਰਾ ਸਾਹਿਬ ਸ਼ਿਕਾਗੋ ਦੇ ਸੇਵਾਦਾਰ ਭਾਈ ਮਹਿੰਦਰ ਸਿੰਘ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਝੱਜ ਪਰਿਵਾਰ ਦਾ ਨਾਤਾ ਪਿਛਲੇ 35 ਸਾਲਾਂ ਤੋਂ ਸੰਸਥਾ ਨਾਲ ਜੁੜਿਆ ਹੋਇਆ ਹੈ। ਬੜੂ ਸਾਹਿਬ ਦੇ ਸ਼ਿਕਾਗੋ ਵਿਚ ਹੁੰਦੇ ਹਰ ਪ੍ਰੋਗਰਾਮ ਵਿਚ ਉਹ ਵਧ ਚੜ੍ਹ ਕੇ ਸ਼ਿਰਕਤ ਕਰਦੇ ਰਹੇ ਹਨ। ਡਾ. ਦਵਿੰਦਰ ਸਿੰਘ 1991 ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ ਤੇ ਆਪਣੇ ਡਾਕਟਰੀ ਦੇ ਪੇਸ਼ੇ ਨੂੰ ਤਿਆਗ ਕੇ ਹੁਣ ਸਦਾ ਲਈ ਬੜੂ ਸਾਹਿਬ ਵਿਚ



ਨਿਸ਼ਕਾਮ ਸੇਵਾ ਕਰ ਰਹੇ ਹਨ।

ਦੂਜੇ ਪੈਨਲ ਵਿਚ ਮਨਦੀਪ ਸਿੰਘ ਪਨੂੰ ਤੇ ਤੀਸਰੇ ਪੈਨਲਿਸਟ ਬੜੂ ਸਾਹਿਬ ਦੇ ਹਰਮੀਤ ਸਿੰਘ ਤੇ ਰਵੀ ਦੀਪ ਮੁਕਤਾ ਸਨ। ਜਸ ਟੀ.ਵੀ ਦੇ ਹੋਸਟ ਅਸਮੀਤ ਨੇ ਦਰਸ਼ਕਾ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਕਿਹਾ ਕਿ ਬੜੂ ਸਾਹਿਬ ਵਿਚ ਬੱਚੇ ਨਰਸਰੀ ਤੋਂ ਲੈ ਕੇ ਮਾਸਟਰ ਡਿਗਰੀ ਤੱਕ ਪੜ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਖੇਤਰ ਵਿਚ ਕੁਝ ਅਜਿਹੀਆਂ ਸ਼ਖਸੀਅਤਾਂ ਹੁੰਦੀਆਂ ਹਨ, ਜੋ ਚੰਗੇ ਕੰਮਾਂ ਰਾਹੀਂ ਆਪਣੀ ਵੱਖਰੀ ਪਛਾਣ ਬਣਾ ਲੈਂਦੀਆਂ ਹਨ। ਭਾਈਚਾਰੇ ਦੀ ਬਿਹਤਰੀ ਲਈ ਹਰ ਕੰਮ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੀ ਅਜਿਹੀ ਹੀ ਇਕ ਸ਼ਖਸੀਅਤ ਮੇਜਰ ਗੁਰਚਰਨ ਸਿੰਘ ਝੱਜ ਹਨ।

ਸੰਸਥਾ ਬਾਰੇ ਪੁੱਛੇ ਜਾਣ 'ਤੇ ਮੇਜਰ ਝੱਜ ਨੇ ਕਿਹਾ, 'ਮੈਂ ਲਗਪਗ 35 ਸਾਲਾਂ ਤੋਂ ਇਸ ਸੰਸਥਾ ਨਾਲ ਜੁੜਿਆ ਹੋਇਆ ਹਾਂ, ਜਦੋਂ ਅਜੇ ਅਕੈਡਮੀਆਂ ਬਣਾਉਣ ਦਾ ਕੰਮ ਸ਼ੁਰੂ ਹੀ ਹੋਇਆ ਸੀ। ਅੱਜ 129 ਅਕੈਡਮੀਆਂ ਤੇ 2 ਯੂਨੀਵਰਸਿਟੀਆਂ ਬਣ ਚੁੱਕੀਆਂ ਹਨ। ਮੈਨੂੰ ਤੇ ਮੇਰੇ ਪਰਿਵਾਰ ਨੂੰ ਬੜੂ ਸਾਹਿਬ ਲਈ ਦਾਨ ਦੇਣ ਨਾਲ ਖੁਸ਼ੀ ਹੁੰਦੀ ਹੈ ਕਿ ਵਿਦਿਆ ਦੇ ਪ੍ਰਸਾਰ ਦੇ ਇਸ ਮਹਾਨ ਕਾਰਜ ਵਿਚ ਜੋ ਵੀ ਹੋ ਸਕਦਾ ਹੈ, ਅਸੀਂ ਹਿੱਸਾ ਪਾਉਂਦੇ ਹਾਂ। ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਡੀ ਮੁਲਾਕਾਤ ਬਾਬਾ ਇਕਬਾਲ ਸਿੰਘ ਜੀ, ਫਿਰ ਡਾ. ਖੇਮ ਸਿੰਘ ਜੀ ਨਾਲ ਹੋਈ। ਬਾਬਾ ਇਕਬਾਲ ਸਿੰਘ ਦੀ ਅਗਵਾਈ ਵਿਚ ਇਸ ਅਦਾਰੇ ਦੇ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਕੇ ਦੇਸ-ਵਿਦੇਸ਼ ਵਿਚ ਉਚੀਆਂ ਪੁਜੀਸ਼ਨਾਂ 'ਤੇ ਪਹੁੰਚੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੇ ਤਕਨੀਕੀ ਪੜ੍ਹਾਈ ਦੇ ਨਾਲ ਨਾਲ ਅਧਿਆਤਮਕ ਸਿੱਖਿਆ ਵੀ ਹਾਸਲ ਕੀਤੀ ਹੈ, ਜਿਸ ਨਾਲ ਇਨ੍ਹਾਂ ਦਾ ਅਧਿਆਤਮਕ ਬਲ ਉਚਾ ਹੋਇਆ ਹੈ। ਭਵਿੱਖ ਵਿਚ ਇਹ ਬੱਚੇ ਆਪਣੀਆਂ ਪੋਸਟਾਂ 'ਤੇ ਹੋਰ ਵੀ ਤਰੱਕੀ ਕਰਨਗੇ। ਹੁਣ ਡਾ. ਦਵਿੰਦਰ ਸਿੰਘ ਜੀ ਉਸ ਕਾਰਜ ਨੂੰ ਅੱਗੇ ਤੋਰ ਰਹੇ ਹਨ। ਉਹ ਬਹੁਤ ਹੀ ਮਿਹਨਤੀ, ਅਤੇ ਵਿਦਿਆਰਥੀਆਂ ਲਈ ਪ੍ਰਤੀਬੱਧ ਹਨ। ਵਾਹਿਗੁਰੂ ਇਨ੍ਹਾਂ ਨੂੰ ਲੰਮੀ ਉਮਰ ਦੇਵੇ।



ਭਾਈ ਮਹਿੰਦਰ ਸਿੰਘ ਨੇ ਬਾਬਾ ਇਕਬਾਲ ਸਿੰਘ ਜੀ ਨਾਲ ਮਿਲਣੀ ਤੇ ਆਪਣਾ ਤਜਰਬਾ ਸਾਂਝਾ ਕਰਦਿਆਂ ਦੱਸਿਆ ਕਿ ਉਨ੍ਹਾਂ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਅਸਥਾਨ ਤੋਂ ਹੀ ਧਾਰਮਿਕ ਸਿੱਖਿਆ ਲਈ ਹੈ। ਸੰਤ ਅਤਰ ਸਿੰਘ ਜੀ ਨੇ ਵਿਦਿਆ ਦਾ ਇਹ ਕਾਰਜ ਆਰੰਭ ਕੀਤਾ ਸੀ, ਤੇ ਮੇਰਾ ਇਸ ਲਈ ਵੀ ਬਹੁਤ ਲਗਾਵ ਸੀ। ਮੈਂ ਜੋ ਉਥੇ ਅਨੁਭਵ ਕੀਤਾ ਉਹ ਸ਼ਬਦਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਉਥੇ ਦੁਨੀਆਵੀ ਸਿੱਖਿਆ ਦੇ ਨਾਲ ਅਧਿਆਤਮਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਵੱਡੇ ਤੇ ਛੋਟੇ ਬੱਚਿਆਂ ਦੇ ਵੱਖ-ਵੱਖ ਗਰੁੱਪ ਹਨ। ਪਹਿਲੇ ਬੈਚ ਦੇ ਵਿਦਿਆਰਥੀਆਂ ਵਿਚੋਂ ਸਵੇਰੇ ਨਿਤਨੇਮ ਲਈ ਵੱਡੇ ਤੇ ਛੋਟੇ ਬੱਚਿਆਂ ਦੀ ਵਾਰੀ ਆਉਂਦੀ ਹੈ। ਬੜੇ ਸਿਸਟਮ ਨਾਲ ਉਨ੍ਹਾਂ ਦੀਆਂ ਧਾਰਮਿਕ ਕਲਾਸਾਂ ਤੇ ਪੜ੍ਹਾਈ ਦਾ ਇੰਤਜ਼ਾਮ ਹੈ। ਖੇਡਾਂ ਦਾ ਵੀ ਵਿਸ਼ੇਸ਼ ਪ੍ਰਬੰਧ ਹੈ। ਬੱਚੇ ਜਿਥੇ ਪੜ੍ਹਾਈ ਵਿਚ ਅੱਵਲ ਆ ਰਹੇ ਹਨ ਉਥੇ ਖੇਡਾਂ ਵਿਚ ਵੀ ਮੱਲਾਂ ਮਾਰ ਰਹੇ ਹਨ। ਅੱਜ ਬੜੂ ਸਾਹਿਬ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿਚ ਕਾਮਯਾਬੀ ਅਤੇ ਸ਼ੁਹਰਤ ਦੀ ਬੁਲੰਦੀ 'ਤੇ ਹਨ। ਉਹ ਸੰਸਾਰਕ ਵਿਦਿਆ ਦੇ ਨਾਲ ਨਾਲ ਸਿੱਖੀ ਵਿਚ ਵੀ ਪੂਰੇ ਪਰਪੱਕ ਹਨ। ਵਿਦੇਸ਼ਾ ਤੋਂ ਜਾਣ ਵਾਲੇ ਬੱਚਿਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਇਥੇ ਬਾਹਰਲੇ ਮੁਲਕਾਂ ਦੇ ਸਿਸਟਮ ਮੁਤਾਬਿਕ ਰਹਿਣ ਸਹਿਣ ਹੁੰਦਾ ਹੈ।

ਅਸਮੀਤ ਵਲੋਂ ਝੱਜ ਸਾਹਿਬ ਨੂੰ ਇਹ ਪੁੱਛੇ ਜਾਣ 'ਤੇ ਕਿ ਦਸਵੰਧ ਬਾਰੇ ਕੀ ਵਿਚਾਰ ਹੈ ਤਾਂ ਝੱਜ ਸਾਹਿਬ ਨੇ ਕਿਹਾ ਕਿ ਹਰ ਗੁਰਸਿੱਖ ਦਾ ਫਰਜ਼ ਹੈ ਦਸਵੰਧ ਕੱਢਣਾ। ਉਹ ਆਪਣੇ ਬਿਜ਼ਨਸ ਦਾ ਹਿਸਾਬ-ਕਿਤਾਬ ਖੁਦ ਕਰਦੇ ਹਨ ਤੇ ਹਰ 10 ਡਾਲਰ ਪਿਛੇ ਇਕ ਡਾਲਰ ਦਸਵੰਧ ਵਜੋਂ ਅਲੱਗ ਕੱਢ ਕੇ ਰੱਖ ਦੇਂਦੇ ਹਨ। ਉਨ੍ਹਾਂ ਕਿਹਾ, 'ਸਾਡਾ ਬਹੁਤਾ ਦਸਵੰਧ ਬੜੂ ਸਾਹਿਬ ਨੂੰ ਹੀ ਜਾਂਦਾ ਹੈ, ਕੁਝ ਹੋਰ ਸਮਾਜ ਸੇਵੀ ਸੰਸਥਾਵਾਂ ਤੇ ਧਾਰਮਿਕ ਸੰਸਥਾਵਾਂ ਨੂੰ ਵੀ ਦਿੱਤਾ ਜਾਂਦਾ ਹੈ। ਮੈਂ ਤਜਰਬੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਦਸਵੰਧ ਦੇਂਦੇ ਹੋ ਤਾਂ ਵਾਹਿਗੁਰੂ ਤੁਹਾਡੇ ਸਾਰੇ ਵਾਧੇ-ਘਾਟੇ ਆਪ ਪੂਰੇ ਕਰ ਦੇਂਦਾ ਹੈ। ਮਨਦੀਪ ਸਿੰਘ ਪਨੂੰ ਨੇ ਕਿਹਾ, 'ਦਸਵੰਧ ਦੇ ਸਿਧਾਂਤ ਨੂੰ ਅਪਨਾਓ, ਦਸਵੰਧ ਕਢੋ, ਗੁਰੂ ਦਸ ਗੁਣਾ ਦੇਂਦਾ ਹੈ। ਸਿੱਖਿਆ ਦੀ ਬੜੀ ਮਹੱਤਤਾ ਹੈ। ਮੇਰੀ ਵਾਈਫ ਨੇ ਬੜੂ ਸਾਹਿਬ ਤੋਂ ਕੰਪਿਊਟਰ ਸਾਇੰਸ ਦੀ ਸਿੱਖਿਆ ਲਈ ਹੈ ਤੇ ਅੱਜ ਉਹ ਮਲਟੀ ਕਾਰਪੋਰੇਸ਼ਨ ਕੰਪਨੀ ਵਿਚ ਉਚੇ ਅਹੁਦੇ 'ਤੇ ਤਾਇਨਾਤ ਹੈ। ਬੱਚਿਆਂ 'ਤੇ ਮਾਂ ਦਾ ਬਹੁਤ ਅਸਰ ਹੁੰਦਾ ਹੈ। ਮੇਰੀ ਪਤਨੀ ਕੀਰਤਨ ਤੇ ਪਾਠ ਕਰ ਲੈਂਦੀ ਹੈ, ਹਾਰਮੋਨੀਅਮ ਆਉਂਦਾ ਹੈ ਸੋ ਬੱਚਾ ਆਪਣੀ ਮਾਂ ਕੋਲੋਂ ਸਭ ਕੁਝ ਸਿੱਖਦਾ ਹੈ। ਅਕਾਲ ਅਕੈਡਮੀ ਵਿਚ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ ਸਿੱਖੀ ਸਿਧਾਂਤ ਨੂੰ ਅਪਣਾਉਣ ਦਾ ਮੌਕਾ ਮਿਲਦਾ ਹੈ।'

ਹੋਸਟ ਅਸਮੀਤਾ ਵਲੋਂ ਡਾ. ਦਵਿੰਦਰ ਸਿੰਘ ਜੀ ਨੂੰ ਪੁੱਛੇ ਸਵਾਲ ਕਿਹੜੇ ਨਵੇਂ ਪ੍ਰਾਜੈਕਟ ਸ਼ੁਰੂ ਕਰ ਰਹੇ ਹੋ, ਤੇ ਭਵਿੱਖ ਵਿਚ ਬੜੂ ਸਾਹਿਬ ਦੇ ਵਿਦਿਆਰਥੀਆਂ ਲਈ ਕੀ ਯੋਜਨਾ ਉਲੀਕ ਰਹੇ ਹੋ? ਦੇ ਜਵਾਬ ਵਿਚ ਡਾ. ਦਵਿੰਦਰ ਸਿੰਘ ਨੇ ਕਿਹਾ, 'ਜਿਵੇਂ ਝੱਜ ਸਾਹਿਬ ਨੇ ਕਿਹਾ ਹੈ ਕਿ ਹਰ ਗੁਰਸਿੱਖ ਦਾ ਫਰਜ਼ ਹੈ ਦਸਵੰਧ ਕੱਢਣਾ। ਜੇ ਦਸਵੰਧ ਨਹੀਂ ਕੱਢਦਾ ਤਾਂ ਉਸ 'ਤੇ ਮਾਇਆ ਦੀ ਪਕੜ ਰਹੇਗੀ। ਦੂਸਰੀ ਸੇਵਾ ਤਨ ਦੀ ਹੈ। ਤੁਹਾਡੇ ਕੋਲ ਜੋ ਵੀ ਕਾਬਲੀਅਤ ਹੈ ਜਾਂ ਕਿਸੇ ਵੀ ਕਿੱਤੇ ਵਿਚ ਤਜਰਬੇਕਾਰ ਹੋ, ਤਾਂ ਤੁਸੀਂ ਆਪਣੇ ਫੀਲਡ ਰਾਹੀਂ ਗਿਆਨ ਸਾਂਝਾ ਕਰ ਸਕਦੇ ਹੋ। ਉਸ ਨਾਲ ਸਰੀਰਕ ਤੌਰ 'ਤੇ ਸੇਵਾ ਕਰਨੀ ਹੈ। ਆਪਣੇ ਦਿਨ ਦੇ ਸਮੇਂ ਦਾ ਦਸਵੰਧ ਹਰ ਰੋਜ਼ ਮਨੁੱਖਤਾ ਦੀ ਸੇਵਾ ਵਿਚ ਲਾਈਏ। ਜ਼ਿਆਦਾ ਪੈਸਾ ਕਮਾਉਣ ਵਾਲੀ ਸਿੱਖਿਆ ਨਾਲ ਤੁਸੀਂ ਅਮੀਰ ਤਾਂ ਹੋ ਸਕਦੇ ਹੋ ਪਰ ਭਟਕਣ ਵੀ ਜਾਰੀ ਰਹਿੰਦੀ ਹੈ।' ਡਾ. ਸਾਹਿਬ ਨੇ ਅਗੇ ਕਿਹਾ ਸੋ ਸਾਨੂੰ ਵੀ ਦਸਵੰਧ ਕੱਢਣਾ ਚਾਹੀਦਾ ਹੈ ਤੇ ਆਪਣੇ ਬੱਚਿਆਂ ਨੂੰ ਵੀ ਦਸਵੰਧ ਦੇਣ ਬਾਰੇ ਦੱਸਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਇਹ ਆਦਤ ਹੁਣ ਤੋਂ ਹੀ ਬਣ ਜਾਏ। ਬਾਬਾ ਇਕਬਾਲ ਸਿੰਘ ਜੀ ਦਾ ਕੌਮ ਨੂੰ ਸੇਧ ਦੇਣ ਦਾ ਵਿਜ਼ਨ ਸੀ ਕਿ ਜੇ ਬੱਚੇ ਸੰਭਾਲਣੇ ਹਨ ਤਾਂ ਅਜਿਹੀ ਸਿੱਖਿਆ ਦਾ ਪ੍ਰਬੰਧ ਹੋਵੇ, ਜਿਸਦੀ ਬੁਨਿਆਦ ਅਧਿਆਤਮਕ ਹੋਵੇ। ਆਓ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਦੇ ਕੇ ਉਸਾਰੂ ਕੌਮ ਦੀ ਸਥਾਪਨਾ ਵਲ ਕਦਮ ਚੁਕੀਏ। ਕਿਤੇ ਸਿੱਖਿਆ ਦੀ ਘਾਟ ਕਰਕੇ ਇਹ ਬੱਚੇ ਨਸ਼ੇ ਜਾਂ ਹੋਰ ਗਲਤ ਰਸਤਾ ਅਖਤਿਆਰ ਨਾ ਕਰ ਲੈਣ। ਉਨ੍ਹਾਂ ਦੱਸਿਆ ਕਿ ਭਾਈ ਕੁਲਵਿੰਦਰ ਸਿੰਘ ਨੇ 28 ਬੱਚੇ ਆਪਣੇ ਪਿੰਡ ਦੇ ਸਪਾਂਸਰ ਕਰ ਕੇ ਅਕਾਲ ਅਕੈਡਮੀ ਵਿਚ ਦਾਖਲ ਕਰਵਾਏ ਹਨ।

ਦੇਸ਼ਾਂ ਵਿਦੇਸ਼ਾਂ ਦੀ ਸੰਗਤ ਜੇ ਦਸਵੰਧ ਕਢ ਕੇ ਇਸ ਵਿਚ ਹਿੱਸਾ ਪਾਉਣ ਤਾਂ ਅਸੀਂ ਹੋਰ ਕਾਲਜ ਖੋਲ੍ਹ ਸਕਦੇ ਹਾਂ।

ਹਰਮੀਤ ਸਿੰਘ ਨੇ ਕਿਹਾ, 'ਮੈਂ 8-10 ਸਾਲ ਤੋਂ ਬਾਬਾ ਜੀ ਨਾਲ ਹਾਂ, ਜਦੋਂ ਗੁਰੂ ਕੀ ਕਾਸ਼ੀ ਲਈ ਨੀਂਹ ਰਖਣੀ ਸੀ ਤਾਂ ਮੈਂ ਬਾਬਾ ਜੀ ਦੇ ਹੁਕਮ ਨਾਲ ਯੂ. ਕੇ ਗਿਆ ਸੀ। ਬਾਬਾ ਜੀ ਨੇ ਆਪਣਾ ਦਰਦ ਭਰਿਆ ਸੁਨੇਹਾ ਰਿਕਾਰਡ ਕਰ ਕੇ ਦਿੱਤਾ ਕਿ ਜੇ ਮੇਰਾ ਸਰੀਰ ਵੇਚ ਕੇ ਵੀ ਗੁਰੂ ਕੀ ਕਾਸ਼ੀ ਬਣਾਉਣੀ



ਪਈ ਤਾਂ ਬਣਾ ਦਿਓ। ਉਨ੍ਹਾਂ ਦੱਸਿਆ ਕਿ ਉਥੋਂ ਇਕ ਵਸਨੀਕ ਸੁਖਦੇਵ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਜ਼ਮੀਨ ਪੰਜਾਬ ਵਿਚ ਹੈ ਤੇ ਬਚਿਆਂ ਨੇ ਉਸਦੀ ਕੋਈ



ਵਰਤੋਂ ਨਹੀਂ ਕਰਨੀ, ਉਥੇ ਤੁਸੀਂ ਬੱਚਿਆਂ ਲਈ ਸਕੂਲ ਬਣਾ ਦਿਓ। ਸਾਨੂੰ ਸੰਗਤਾਂ ਨੇ ਬਹੁਤ ਸਹਿਯੋਗ ਦਿੱਤਾ। ਰਵੀ ਮੁਕਤਾ ਨੇ ਕਿਹਾ ਕਿ ਨਵੇਂ ਸਾਲ ਵਿਚ ਸੇਵਾ ਤੇ ਸਿਮਰਨ ਦਾ ਸੰਕਲਪ ਕਰੀਏ। ਅਸੀਂ ਧੰਨਵਾਦੀ ਹਾਂ ਕਿ ਗੁਰੂਘਰ ਪੈਲਾਟਾਈਨ ਦੀਆਂ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ, ਜਿਨ੍ਹਾਂ ਨੇ ਬੜੂ ਸਾਹਿਬ, ਕਲਗੀਧਰ ਟਰੱਸਟ ਦੀ ਹਰ ਖੇਤਰ ਵਿਚ ਮਦਦ ਕੀਤੀ ਤੇ ਆਰਥਿਕ ਪਖੋਂ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਮੇਜਰ ਗੁਰਚਰਨ ਸਿੰਘ ਝੱਜ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਪਿਛਲੇ 35 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਇਸ ਵੇਲੇ ਗੁਰਚਰਨ ਸਿੰਘ ਝੱਜ, ਜੈਦੇਵ ਭੱਠਲ ਤੇ ਸੁਖ ਤੱਖਰ ਪਰਿਵਾਰ ਨੇ 63,500 ਡਾਲਰ ਅਕਾਲ ਅਕੈਡਮੀ ਸੰਸਥਾ ਨੂੰ ਦਿੱਤੇ ਹਨ। ਰਵੀ ਦੀਪ ਮੁਕਤਾ ਨੇ ਝੱਜ ਪਰਿਵਾਰ ਦਾ ਧੰਨਵਾਦ ਕੀਤਾ।

ਗੁਰਲਾਲ ਸਿੰਘ ਭੱਠਲ ਨੇ 2 ਬੱਚੇ ਲਾਈਫ ਟਾਈਮ ਸਪਾਂਸਰ ਕੀਤੇ ਹਨ। ਉਨ੍ਹਾਂ ਨੇ ਪਿਛਲੇ ਸਾਲ ਵੀ ਬੱਚੇ ਸਪਾਂਸਰ ਕੀਤੇ ਸਨ। ਨਵਦੀਪ ਸਿੰਘ ਝੱਜ ਨੇ ਵੀ ਇਸੇ ਸਕੀਮ ਹੇਠ ਬੱਚੇ ਸਪਾਂਸਰ ਕੀਤੇ ਹਨ। ਇਸ ਪ੍ਰੋਗਰਾਮ ਅਧੀਨ 22000 ਬੱਚੇ ਪੜ੍ਹ ਰਹੇ ਹਨ। ਤੁਸੀਂ 50 ਡਾਲਰ ਦੇ ਕੇ ਬੱਚਾ ਸਪਾਂਸਰ ਕਰ ਸਕਦੇ ਹੋ 500 ਡਾਲਰ ਨਾਲ ਸਾਲ ਦੀ ਪੜ੍ਹਾਈ ਤੇ 5000 ਨਾਲ ਬੱਚੇ ਦੀ ਨਰਸਰੀ ਤੋਂ ਲੈ ਕੇ ਹਾਈ ਸਕੂਲ ਤੱਕ ਪੂਰੀ ਪੜ੍ਹਾਈ ਸਪਾਂਸਰ ਕਰ ਸਕਦੇ ਹੋ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਨਾਲ ਬੱਚਿਆਂ ਦਾ ਪ੍ਰੋਫਾਈਲ ਵੀ ਲੈ ਕੇ ਆਏ ਹਾਂ, ਤੁਸੀਂ ਉਸ ਵਿਚੋਂ ਬੱਚੇ ਚੁਣ ਸਕਦੇ ਹੋ। ਆਓ ਬਾਬਾ ਇਕਬਾਲ ਸਿੰਘ ਦੇ ਸੰਦੇਸ਼ 'ਬੱਚਾ ਪੜ੍ਹਾਓ, ਪੰਜਾਬ ਬਚਾਓ' ਵਿਚ ਆਪਣਾ ਹਿੱਸਾ ਪਾਈਏ। ਉਨ੍ਹਾਂ ਦੱਸਿਆ ਕਿ ਜਨਵਰੀ ਵਿਚ ਬੜੂ ਸਾਹਿਬ ਵਿਖੇ ਪੰਜਾਬੀ ਦੀਆਂ ਕਲਾਸਾਂ ਚਲ ਰਹੀਆਂ ਹਨ ਤੇ 7 ਜੁਲਾਈ ਤੋਂ 14 ਅਗਸਤ ਤੱਕ ਗੁਰਮਤਿ ਕੈਂਪ ਵੀ ਲੱਗਣਾ ਹੈ। ਜਿਹੜੇ ਐਨ.ਆਰ. ਆਈ. ਵਿਦਿਆਰਥੀ ਕੈਂਪ 'ਚ ਆਉਣਾ ਚਾਹੁੰਦੇ ਹਨ ਉਹ ਬੜੂ ਸਾਹਿਬ ਆਰਗੇਨਾਈਜ਼ੇਸ਼ਨ ਸਾਈਟ 'ਤੇ ਜਾ ਕੇ ਰਜਿਸਟਰ ਕਰ ਸਕਦੇ ਹਨ।

ਮਹਿੰਦਰ ਕੌਰ ਮਿਨਹਾਸ ਨੇ ਕਿਹਾ ਕਿ ਝੱਜ ਸਾਹਿਬ ਨੇ ਸ਼ਿਕਾਗੋ ਵਿਚ ਸਭ ਤੋਂ ਪਹਿਲਾਂ ਸ਼ੁਰੂਆਤ ਕੀਤੀ ਸੀ। ਸਾਨੂੰ ਵੀ ਉਸ ਵਿਚ ਹਿੱਸਾ ਪਾਉਣ ਦਾ ਮੌਕਾ ਮਿਲਿਆ। ਅਸੀਂ ਮੇਜਰ ਗੁਰਚਰਨ ਸਿੰਘ ਝੱਜ ਦੇ ਧੰਨਵਾਦੀ ਹਾਂ ਜਿਨ੍ਹਾਂ ਕਰਕੇ ਸਾਨੂੰ ਵੀ ਹਿੰਮਤ ਮਿਲੀ।

ਗੁਰਲਾਲ ਸਿੰਘ ਭੱਠਲ ਨੇ ਕਿਹਾ ਕਿ ਕਲਗੀਧਰ ਟਰੱਸਟ ਪਿੰਡਾਂ ਵਿਚ ਜਿਹੜਾ ਵਿਦਿਆ ਦਾ ਚਾਨਣ ਵੰਡ ਰਿਹਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਸਾਨੂੰ ਵੀ ਉਸ ਵਿਚ ਹਿੱਸਾ ਪਾਉਣ ਦਾ ਮੌਕਾ ਮਿਲਿਆ।

ਇੰਦਰਮੋਹਨ ਸਿੰਘ ਛਾਬੜਾ ਨੇ ਡਾ. ਦਵਿਦਰ ਸਿੰਘ ਜੀ ਨੂੰ ਸਵਾਲ ਕੀਤਾ ਕਿ ਪਿੰਡਾਂ ਵਿਚ ਜਿਹੜੇ ਬੱਚੇ ਪੈਸੇ ਦੀ ਕਮੀ ਕਰਕੇ ਫੀਸ ਨਹੀਂ ਦੇ ਸਕਦੇ ਕੀ ਉਨ੍ਹਾਂ ਲਈ ਘੱਟ ਫੀਸ ਜਾਂ ਬਿਨਾ ਫੀਸ ਦੇ ਪੜ੍ਹਨ ਦਾ ਇੰਤਜ਼ਾਮ ਹੈ? ਇਸਦੇ ਨਾਲ ਉਨ੍ਹਾਂ ਇਕ ਬੱਚਾ ਸਪਾਂਸਰ ਕਰਨ ਦੀ ਵੀ ਹਾਮੀ ਭਰੀ।

ਪ੍ਰਮਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਬਾਬਾ ਇਕਬਾਲ ਸਿੰਘ ਤੇ ਡਾ. ਖੇਮ ਸਿੰਘ ਜੀ ਨੇ ਬਹੁਤ ਵਧੀਆ ਕੰਮ ਕੀਤਾ ਹੈ ਤੇ ਹੁਣ ਡਾ. ਦਵਿੰਦਰ ਸਿੰਘ ਜੀ ਨੇ ਵਧੀਆ ਕਮਾਂਡ ਸੰਭਾਲੀ ਹੈ। ਉਨ੍ਹਾਂ ਦੇ





ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਫਖਰ ਹੁੰਦਾ ਹੈ, ਜੇ ਕੌਮ ਜਾਂ ਵਿਰਸੇ ਨੂੰ ਬਚਾਉਣਾ ਹੈ ਤਾਂ ਬੱਚਿਆਂ ਦੀ ਪੜ੍ਹਾਈ ਬਹੁਤ ਜ਼ਰੂਰੀ ਹੈ।

ਮਨਜੀਤ ਸਿੰਘ ਗਿੱਲ ਨੇ ਕਿਹਾ ਕਿ ਸੰਤ ਅਤਰ ਜੀ ਸਿੰਘ ਨਾਲ ਸਾਡੇ ਬਜ਼ੁਰਗਾਂ ਨਾਲ ਬੜਾ ਪੁਰਾਣਾ ਸਬੰਧ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਵੀ ਇੰਡੀਆ ਵਿਚ ਇਕ ਸਕੂਲ ਚਲਾ ਰਹੇ ਹਨ ਪਰ ਕਿਸਾਨ ਦੇ ਸਾਉਣੀ ਜਾਂ ਹਾੜੀ ਫਸਲ ਵੇਲੇ ਕਈ ਵਾਰੀ ਹੜ੍ਹਾਂ ਆਦਿ ਨਾਲ ਨੁਕਸਾਨ ਹੋ ਜਾਂਦਾ ਹੈ ਤੇ ਉਹ ਫੀਸ ਨਹੀਂ ਦੇ ਸਕਦੇ। ਕੀ ਤੁਹਾਡੀ ਸੰਸਥਾ ਨੂੰ ਵੀ ਇਸ ਤਰ੍ਹਾਂ ਦੀ ਮੁਸ਼ਕਿਲ ਆਉਂਦੀ ਹੈ?

ਡਾ. ਸਾਹਿਬ ਨੇ ਸਵਾਲਾਂ ਦੇ ਜਵਾਬ ਦੇਂਦੇ ਕਿਹਾ ਕਿ ਆਮ ਕਿਸਾਨ ਕੋਲ ਢਾਈ ਕਿਲੇ ਜ਼ਮੀਨ ਹੈ ਸੋ ਇਸ ਹਾਲਾਤ ਵਿਚ ਉਹ ਫੀਸ ਨਹੀਂ ਦੇ ਸਕਦੇ, 70 ਹਜ਼ਾਰ ਬੱਚਿਆਂ ਵਿਚੋਂ 8000 ਬਿਲਕੁਲ ਮੁਫਤ ਪੜ੍ਹ ਰਹੇ ਹਨ ਤੇ ਬਾਕੀ 20, ਹਜ਼ਾਰ ਹੋਰ ਸਕਾਲਰਸ਼ਿਪ ਜਾਂ 25%, 50% ਫੀਸ ਨਾਲ ਪੜ੍ਹ ਰਹੇ ਹਨ। ਇਸ ਲਈ ਤਾਂ ਅਸੀਂ ਵਿਦੇਸ਼ ਆ ਕੇ ਸਪਾਂਸਰ ਲੈਂਦੇ ਹਾਂ। ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ। ਸੰਗਤਾਂ ਦੇ ਸਹਿਯੋਗ ਨਾਲ ਇਸ ਮੌਕੇ 1,31,788 ਡਾਲਰ ਇਕੱਠੇ ਹੋਏ ਜਿਸ ਵਿਚ ਇਕੱਲੇ ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ ਤੇ ਸੁਖ ਤੱਖਰ ਪਰਿਵਾਰਾਂ ਨੇ 63,500 ਡਾਲਰ ਦਾ ਯੋਗਦਾਨ ਪਾਇਆ।

ਜ਼ਿਕਰਯੋਗ ਹੈ ਕਿ ਮੇਜਰ ਝੱਜ ਨੇ ਪਹਿਲਾਂ ਵੀ ਅਕਾਲ ਅਕੈਡਮੀ ਤੇ ਗਰਲਜ਼ ਕਾਲਜ ਲਈ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ, ਜ਼ਮੀਨ ਖਰੀਦ ਕੇ ਦਿੱਤੀ ਸੀ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਰੇਡ ’ਚੋਂ ਬਾਹਰ ਕੱਢੀ ਝਾਕੀ ਪੰਜਾਬ ਦੇ ਹਰ ਗਲੀ-ਮੁਹੱਲੇ ਜਾਵੇਗੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ‘ਚੋਂ ਆਊਟ ਕੀਤੀ ਪੰਜਾਬ ਦੀ ਝਾਕੀ ਆਗਾਮੀ ਲੋਕ ਸਭਾ ਚੋਣਾਂ ਤੱਕ ਸੂਬੇ ਦੇ ਹਰ ਗਲੀ-ਮੁਹੱਲੇ ਵਿੱਚ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ 26 ਜਨਵਰੀ ਤੋਂ ਕੇਂਦਰੀ ਵਿਤਕਰੇ ਦੀ ਮੂੰਹ ਬੋਲਦੀ ਤਸਵੀਰ ਸੂਬੇ ਦੇ ਲੋਕਾਂ ਦੇ ਸਨਮੁਖ ਰੱਖੀ ਜਾਵੇਗੀ। ਮੁੱਢਲੇ ਪੜਾਅ ਉਤੇ 9 ਝਾਕੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ 26 ਜਨਵਰੀ ਤੋਂ ਮਗਰੋਂ ਇਨ੍ਹਾਂ ਦੀ ਗਿਣਤੀ ‘ਚ ਲਗਾਤਾਰ ਇਜ਼ਾਫਾ ਹੋਵੇਗਾ।

ਵੇਰਵਿਆਂ ਅਨੁਸਾਰ ‘ਆਪ’ ਸਰਕਾਰ ਨੇ ਬਕਾਇਦਾ ਟਰੈਕਟਰ ਤਿਆਰ ਕੀਤੇ ਹਨ ਜਿਨ੍ਹਾਂ ਉਤੇ ਝਾਕੀ ਸਜਾਈ ਜਾਵੇਗੀ। ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਤੱਕ ਇਹ ਝਾਕੀ ਲਿਜਾਈ ਜਾਣੀ ਹੈ। ਇਕ ਅਹਿਮ ਅਧਿਕਾਰੀ ਨੇ ਦੱਸਿਆ ਕਿ ਝਾਕੀ ਪਿੰਡਾਂ ਵਿਚ ਲਿਜਾਣ ਦਾ ਇਕੋ ਮਕਸਦ ਹੈ ਕਿ ਪੰਜਾਬੀਆਂ ਨੂੰ ਦੱਸਿਆ ਜਾ ਸਕੇ ਕਿ ਕੇਂਦਰ ਸਰਕਾਰ ਨੇ ਆਜ਼ਾਦੀ ਲਈ ਜਾਨਾਂ ਵਾਰਨ ਵਾਲਿਆਂ ਨੂੰ ਸ਼ਹੀਦ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਨਾਲੋਂ ਨਾਲ ਆਡੀਓ ਵੀ ਤਿਆਰ ਕਰ ਰਹੀ ਹੈ। ਹਰ ਪਿੰਡ ਵਿਚ ਝਾਕੀ ਦਾ 10 ਤੋਂ 15 ਮਿੰਟ ਦਾ ਠਹਿਰਾਓ ਹੋਵੇਗਾ।

ਮੁੱਖ ਮੰਤਰੀ ਨੇ 27 ਦਸੰਬਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਨੇ ਪੰਜਾਬ ਦੀ ਝਾਕੀ ਨੂੰ ਕੌਮੀ ਪਰੇਡ ‘ਚੋਂ ਬਾਹਰ ਕਰ ਦਿੱਤਾ ਹੈ। ਉਸ ਮਗਰੋਂ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਤਰਕ ਦਿੱਤਾ ਸੀ ਕਿ ਝਾਕੀ ਉਤੇ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਤਸਵੀਰ ਹੋਣ ਕਰਕੇ ਰੱਦ ਹੋਈ ਹੈ। ਉਸ ਮਗਰੋਂ ਕੇਂਦਰੀ ਰੱਖਿਆ ਮੰਤਰਾਲੇ ਦੇ ਹਵਾਲੇ ਨਾਲ ਮੁੱਖ ਮੰਤਰੀ ਨੇ ਮੋੜਵਾਂ ਵਾਰ ਕੀਤਾ ਸੀ ਕਿ ਜਾਖੜ ਦਾ ਝੂਠ ਨੰਗਾ ਹੋ ਗਿਆ ਹੈ। ਸੂਤਰਾਂ ਅਨੁਸਾਰ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਇਸ ਝਾਕੀ ਨੂੰ ਰੋਡ ਸ਼ੋਅ‘ਜ਼ ਦਾ ਹਿੱਸਾ ਵੀ ਬਣਾਇਆ ਜਾਵੇਗਾ। ਹਰ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਅਤੇ ਹਲਕਾ ਵਿਧਾਇਕ ਦੇ ਮਸ਼ਵਰੇ ਨਾਲ ਪਿੰਡਾਂ ਤੇ ਸ਼ਹਿਰਾਂ ਵਿਚ ਝਾਕੀ ਲਿਜਾਣ ਦਾ ਰੂਟ ਪਲਾਨ ਤਿਆਰ ਕੀਤਾ ਜਾਵੇਗਾ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਇਸ ਝਾਕੀ ਨੂੰ ਰੱਦ ਕੀਤੇ ਜਾਣ ਦਾ ਸਿਆਸੀ ਲਾਹਾ ਚੋਣਾਂ ਵਿਚ ਖੱਟਣਾ ਚਾਹੁੰਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਕ ਝਾਕੀ ਦਿੱਲੀ ਵਿਖੇ ਪੰਜਾਬ ਭਵਨ ਵਿਚ ਸੁਸ਼ੋਭਿਤ ਕੀਤੀ ਜਾਵੇਗੀ।

## ਦੁਬਈ ’ਚ ਦਿਲ ਦਾ ਦੌਰਾ ਪੈਣ ਨਾਲ ਪੰਜਾਬੀ ਦੀ ਮੌਤ

**ਧਾਰੀਵਾਲ:** ਰੋਜ਼ੀ ਰੋਟੀ ਲਈ ਦੁਬਈ ਗਏ ਪਿੰਡ ਸਿੰਘਪੁਰਾ ਦੇ 45 ਸਾਲਾ ਪਰਮਜੀਤ ਸਿੰਘ ਦੀ ਦਿਲ ਦੌਰਾ ਪੈਣ ਨਾਲ ਮੌਤ ਹੋ ਗਈ। ਉਸ ਦੇ ਪਰਿਵਾਰ ਵਿਚ ਪਤਨੀ ਅਤੇ ਦੋ ਬੇਟੀਆਂ ਅਤੇ 11 ਸਾਲ ਦਾ ਪੁੱਤਰ ਹੈ। ਸਰਪੰਚ ਸਤਿੰਦਰਪਾਲ ਕੌਰ ਦੇ ਪਤੀ ਪਲਵਿੰਦਰ ਸਿੰਘ ਕਾਹਲੋਂ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਬਈ ਦੀ ਕੰਪਨੀ ਵਿਚੋਂ ਫੋਨ ਆਇਆ ਕਿ ਪਰਮਜੀਤ ਸਿੰਘ ਦੀ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਮ੍ਰਿਤਕ ਦੀ ਪਤਨੀ ਸਰਬਜੀਤ ਕੌਰ ਨੇ ਰੋਂਦੇ ਹੋਏ ਦੱਸਿਆ ਕਿ ਉਸ ਦਾ ਪਤੀ ਕੁਝ ਦਿਨ ਪਹਿਲਾਂ ਦੁਬਈ ਤੋਂ ਪਿੰਡ ਆਇਆ ਹੋਇਆ ਸੀ ਅਤੇ ਆਪਣੀ ਵੱਡੀ ਧੀ ਦਾ ਵਿਆਹ ਕਰਨ ਮਗਰੋਂ 29 ਦਸੰਬਰ 2023 ਨੂੰ ਦੁਬਈ ਗਿਆ ਸੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਦੇ ਮੋਹਤਬਰਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਉਸ ਦੀ ਲਾਸ਼ ਪਿੰਡ ਮੰਗਵਾਉਣ ਦੀ ਮੰਗ ਕੀਤੀ ਹੈ।

# ਹਾਈ ਕੋਰਟ ਵੱਲੋਂ ਨਿਗਮ ਚੋਣਾਂ ਬਾਰੇ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਨਗਰ ਨਿਗਮ ਚੋਣਾਂ ਵਿਚ ਹੋ ਰਹੀ ਦੇਰੀ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਸਖ਼ਤ ਹੋ ਗਈ ਹੈ। ਇਸ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਕ ਹਫ਼ਤੇ ਵਿਚ ਨਗਰ ਨਿਗਮ ਚੋਣਾਂ ਕਰਵਾਉਣ ਸਬੰਧੀ ਜਾਣਕਾਰੀ ਦੇਣ ਦੇ ਆਦੇਸ਼ ਦਿੱਤੇ ਹਨ। ਇਹ ਆਦੇਸ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਰੀਤੂ ਬਾਹਰੀ ਤੇ ਜਸਟਿਸ ਨਿਧੀ ਗੁਪਤਾ ਦੇ ਬੈਂਚ ਨੇ ਜਾਰੀ ਕੀਤੇ ਹਨ। ਦੱਸਣਯੋਗ ਹੈ ਕਿ ਪੰਜਾਬ ਦੀਆਂ ਪੰਜ ਨਗਰ ਨਿਗਮਾਂ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਅਤੇ ਫਗਵਾੜਾ ਦਾ ਕਾਰਜਕਾਲ ਖਤਮ ਹੋਏ ਨੂੰ ਇਕ ਸਾਲ ਬੀਤ ਚੁੱਕਿਆ ਹੈ। ਇਸ ਸਬੰਧੀ ਅੰਮ੍ਰਿਤਸਰ ਦੇ ਵਸਨੀਕ ਪ੍ਰਬੋਧ ਚੰਦਰ ਬਾਲੀ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਨਗਰ ਨਿਗਮਾਂ ਦਾ ਕਾਰਜਕਾਲ ਖਤਮ ਹੋਏ ਨੂੰ ਕਾਫੀ ਸਮਾਂ ਬੀਤ ਚੁੱਕਿਆ ਹੈ ਅਤੇ ਸੂਬਾ ਸਰਕਾਰ ਚੋਣ ਨਹੀਂ ਕਰਵਾ ਰਹੀ ਹੈ। ਉਸ ਨੇ ਅਦਾਲਤ ਤੋਂ ਨਿਗਮ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਅਦਾਲਤ ਨੇ ਉਕਤ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਹੀ ਸੂਬਾ ਸਰਕਾਰ ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਕੇ ਇਕ ਹਫ਼ਤੇ ਵਿਚ ਚੋਣਾਂ ਸਬੰਧੀ ਜਾਣਕਾਰੀ ਦੇਣ ਦੇ ਆਦੇਸ਼ ਦਿੱਤੇ ਹਨ।

# ਪਾਸਪੋਰਟ ਬਣਾਉਣ ’ਚ ਪੰਜਾਬ ਨੇ ਨਵਾਂ ਰਿਕਾਰਡ ਬਣਾਇਆ

**ਚੰਡੀਗੜ੍ਹ:** ਪੰਜਾਬੀਆਂ ਨੇ ਪਾਸਪੋਰਟ ਬਣਾਉਣ ‘ਚ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। ਇਕੱਲੇ ਸਾਲ 2023 ਵਿਚ ਪੰਜਾਬ ਵਿਚ ਨਵੇਂ 11.94 ਲੱਖ ਪਾਸਪੋਰਟ ਬਣੇ ਹਨ। ਮਤਲਬ ਕਿ ਸਾਲ 2023 ਵਿਚ ਪੰਜਾਬ ਵਿਚ ਔਸਤਨ ਹਰ ਮਿੰਟ ਪਿੱਛੇ ਸੱਤ ਪਾਸਪੋਰਟ ਅਤੇ ਪ੍ਰਤੀ ਘੰਟਾ ਔਸਤਨ 408 ਪਾਸਪੋਰਟਾਂ ਦੀ ਰਹੀ ਹੈ। ਪਿਛਲੇ ਵਰ੍ਹਿਆਂ ਵੱਲ ਨਜ਼ਰ ਮਾਰੀਏ ਤਾਂ ਸਭ ਤੋਂ ਵੱਧ ਪਾਸਪੋਰਟ 2018 ਵਿਚ 10.69 ਲੱਖ ਬਣੇ ਸਨ।

ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਾਸਪੋਰਟ ਬਣਾਉਣ ਵਿਚ ਪੰਜਾਬੀਆਂ ਨੇ ਸਭ ਨੂੰ ਪਿਛਾਂਹ ਛੱਡ ਦਿੱਤਾ ਹੈ। ਪੰਜਾਬ ‘ਚ ਸਾਲ 2016-17 ਵਿਚ ਸਟੱਡੀ ਵੀਜ਼ੇ ਦਾ ਰੁਝਾਨ ਸ਼ੁਰੂ ਹੋਇਆ ਸੀ। ਹੁਣ ਜਦੋਂ ਸ਼ੁਰੂਆਤੀ ਦੌਰ ‘ਚ ਗਏ ਵਿਦਿਆਰਥੀ ਇਸ ਪੜਾਅ ਉਤੇ ਵਿਦੇਸ਼ਾਂ ‘ਚ ਪੀ.ਆਰ. ਹੋ ਗਏ ਹਨ ਤਾਂ ਉਨ੍ਹਾਂ ਦੇ ਮਾਪਿਆਂ ਦੀ ਦੌੜ ਵੀ ਵਿਦੇਸ਼ਾਂ ਵੱਲ ਹੋ ਗਈ ਹੈ। ਪੰਜਾਬ ਵਿਚ ਧੜਾਧੜ ਪਾਸਪੋਰਟ ਬਣ ਰਹੇ ਹਨ। ਆਬਾਦੀ ਦੇ ਲਿਹਾਜ਼ ਨਾਲ ਦੇਖੀਏ ਤਾਂ ਪੰਜਾਬ ਦਾ ਪਾਸਪੋਰਟ ਬਣਾਉਣ ‘ਚ ਦੇਸ਼ ਵਿਚੋਂ ਪਹਿਲਾਂ ਨੰਬਰ ਹੈ। ਉਂਜ ਸਾਲ 2023 ਵਿਚ ਸਭ ਤੋਂ ਵੱਧ 15.47 ਲੱਖ ਪਾਸਪੋਰਟ ਕੇਰਲਾ ਵਿਚ ਬਣੇ ਹਨ।

## ਸੁਲਤਾਨਪੁਰ ਗੋਲੀਬਾਰੀ ਲਈ ਮੁੱਖ ਮੰਤਰੀ ਜ਼ਿੰਮੇਵਾਰ ਕਰਾਰ

*(ਪਹਿਲੇ ਸਫੇ ਦੀ ਬਾਕੀ)*

ਮੈਂਬਰੀ ਜਾਂਚ ਕਮੇਟੀ ਬਣਾਈ ਗਈ ਸੀ, ਜਿਸ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ। ਕਮੇਟੀ ਨੇ ਜਾਂਚ ਦੌਰਾਨ ਚਸ਼ਮਦੀਦ ਗਵਾਹਾਂ, ਨਿਹੰਗ ਜਥੇਬੰਦੀਆਂ ਦੇ ਮੁਖੀਆਂ, ਮੀਡੀਆ ਕਰਮੀਆਂ, ਗੁਰਦੁਆਰੇ ਦੇ ਸੇਵਾਦਾਰਾਂ ਅਤੇ ਪ੍ਰਤੱਖ ਦਰਸ਼ੀਆਂ ਦੇ ਬਿਆਨ ਕਲਮਬੰਦ ਕੀਤੇ ਹਨ। ਉਨ੍ਹਾਂ ਕਿਹਾ ਕਿ ਬਿਆਨਾਂ ਤੋਂ ਸਾਹਮਣੇ ਆਇਆ ਹੈ ਕਿ ਗੁਰਦੁਆਰੇ ‘ਚ ਗੋਲੀ ਚਲਾਉਣ ਤੋਂ ਪਹਿਲਾਂ ਕੋਈ ਚਿਤਾਵਨੀ ਨਹੀਂ ਦਿੱਤੀ ਗਈ। ਦੂਜੇ ਪਾਸੇ ਗੁਰਦੁਆਰੇ ਅੰਦਰ ਕਿਸੇ ਕਿਸਮ ਦੇ ਝਗੜੇ ਦੇ ਸੰਕੇਤ ਨਹੀਂ ਮਿਲੇ। ਉਥੇ ਅੰਦਰ ਅਖੰਡ ਪਾਠ ਚੱਲ ਰਿਹਾ ਸੀ, ਜਿੱਥੇ ਪੁਲਿਸ ਨੇ ਗੋਲੀਆਂ ਚਲਾਈਆਂ, ਅੱਥਰੂ ਗੈਸ ਛੱਡੀ ਅਤੇ ਗੁਰਦੁਆਰੇ ਅੰਦਰ ਜੁੱਤੀਆਂ ਸਣੇ ਦਾਖ਼ਲ ਹੋ ਕੇ ਅਖੰਡ ਪਾਠ ਦੀ ਮਰਿਆਦਾ ਭੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਥੇ ਪੁਲਿਸ ਨੇ ਹਜ਼ਾਰ ਤੋਂ ਵੱਧ ਗੋਲੀਆਂ ਚਲਾਈਆਂ। ਇਸ ਮਾਮਲੇ ਵਿਚ ਪੁਲਿਸ ਵਾਲਿਆਂ ‘ਤੇ ਕਾਰਵਾਈ ਕਰਨ ਦੀ ਥਾਂ ਨਿਹੰਗਾਂ ਉਤੇ ਪਰਚੇ ਦਰਜ ਕਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਾਅਵਾ ਕੀਤਾ ਕਿ ਜਾਂਚ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਅਧਿਕਾਰੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਹਨ। ਰਿਪੋਰਟ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜ ਦਿੱਤੀ ਹੈ।

## ਪੰਨੂ ਸਾਜ਼ਿਸ਼ ਕੇਸ: ਨਿਖਿਲ ਗੁਪਤਾ ਦੇ ਪਰਿਵਾਰ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਮਰੀਕਾ ਵਿਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੇ ਪਰਿਵਾਰ ਦੀ ‘ਕੌਂਸਲਰ ਐਕਸੈਸ’ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਦੇ ਮੁਲਜ਼ਮ ਨਿਖਿਲ ਗੁਪਤਾ ਦੀ ਕੂਟਨੀਤਕ ਪਹੁੰਚ ਦੀ ਅਪੀਲ ਬਾਰੇ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਤੇ ਉਸ ਨੂੰ ਵਿਦੇਸ਼ੀ ਅਦਾਲਤ ਦੇ ਅਧਿਕਾਰ ਖੇਤਰ ਦਾ ਸਨਮਾਨ ਕਰਨਾ ਚਾਹੀਦਾ ਹੈ।

# ਪੰਜਾਬ ਕਾਂਗਰਸ ਦੀ ਧੜੇਬੰਦੀ ਤਿੱਖੀ ਹੋਈ

*(ਪਹਿਲੇ ਸਫੇ ਦੀ ਬਾਕੀ)*

ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਮੁਆਫ਼ੀ ਮੰਗ ਕੇ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਪੰਥਕ ਲੀਹਾਂ ‘ਤੇ ਤੋਰਨ ਦਾ ਸੱਦਾ ਦਿੱਤਾ ਸੀ ਪਰ ਸ੍ਰੀ ਅਕਾਲ ਤਖ਼ਤ ਦੇ ਮਰਹੂਮ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਸਬੰਧੀ ਸਾਹਮਣੇ ਆਈ ਰਿਪੋਰਟ ਨੇ ਇਸ ਪੰਥਕ ਧਿਰ ਨੂੰ ਪੈਰੋਂ ਕੱਢ ਦਿੱਤਾ ਹੈ। ਅਜਿਹੇ ਵਿਚ ਕਾਂਗਰਸ ਕੋਲ ਇਸ ਵਾਰ ਆਪਣੀ ਸਾਖ ਬਹਾਲੀ ਦਾ ਵੱਡਾ ਮੌਕਾ ਹੈ, ਪਰ ਇਸ ਦੀ ਆਪਸੀ ਕਸ਼ਮਕਸ਼ ਪਾਰਟੀ ਲਈ ਵੱਡੀ ਚੁਣੌਤੀ ਬਣ ਸਕਦੀ ਹੈ।

ਸੂਬੇ ਦੀ ਸੱਤਾ ਉਤੇ ਕਾਬਜ਼ ‘ਆਪ’ ਲਈ ਲੋਕ ਸਭਾ ਚੋਣਾਂ ਬਹੁਤ ਅਹਿਮ ਹਨ। ਇਸੇ ਕਰਕੇ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਵਿਚ ਕੀਤੇ ਵਾਅਦਿਆਂ ਨੂੰ ਜਲਦ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ‘ਆਪ’ ਵੱਲੋਂ ਸੂਬੇ ਦੇ ਸਾਰੇ ਲੋਕ ਸਭਾ ਹਲਕਿਆਂ ਵਿਚ ਚੋਣ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਜਿੱਥੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਪਹੁੰਚ ਰਹੇ ਹਨ। ਇਨ੍ਹਾਂ ਰੈਲੀਆਂ ਰਾਹੀ ਲੋਕਾਂ ਨੂੰ ਨਵੇਂ-ਨਵੇਂ ਤੋਹਫ਼ੇ ਦਿੱਤੇ ਜਾ ਰਹੇ ਹਨ ਅਤੇ ਨਾਲ ਹੀ ਪਾਰਟੀ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਆਪ ਪੰਜਾਬ ਵਿਚ ਆਪਣਾ ਸਿਆਸੀ ਵਜ਼ਨ ਤੋਲ ਰਹੀ ਹੈ ਅਤੇ ਇਸੇ ਆਧਾਰ ਉਤੇ ਕਾਂਗਰਸ ਨਾਲ ਗੱਠਜੋੜ ਬਾਰੇ ਫੈਸਲਾ ਲੈਣਾ ਚਾਹੁੰਦੀ ਹੈ।

# ਪੰਜਾਬ ਪੁਲਿਸ ਵੱਲੋਂ ਸੂਬੇ ਭਰ ’ਚ ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਸੂਬਾ ਪੱਧਰੀ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਪੰਜਾਬ ਪੁਲਿਸ ਦੀਆਂ 600 ਤੋਂ ਵੱਧ ਟੀਮਾਂ ਨੇ ਸਵੇਰੇ 8 ਤੋਂ ਦੁਪਹਿਰ 2 ਵਜੇ ਤੱਕ ਹਰੇਕ ਜ਼ਿਲ੍ਹੇ ਵਿਚ ਚੈਕਿੰਗ ਕੀਤੀ ਤੇ 268 ਡਰੱਗ ਹੌਟਸਪੌਟ ਖੇਤਰਾਂ ਦੀ ਘੇਰਾਬੰਦੀ ਕੀਤੀ ਅਤੇ 5,505 ਸ਼ੱਕੀ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਲਈ। ਪੁਲਿਸ ਨੇ ਇਸ ਅਪਰੇਸ਼ਨ ਦੌਰਾਨ 202 ਕੇਸ ਦਰਜ ਕਰਕੇ 48 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੇ ਨਾਲ ਹੀ 21 ਭਗੌੜਿਆਂ (ਪੀ.ਓ) ਨੂੰ ਵੀ ਹਿਰਾਸਤ ਵਿਚ ਲਿਆ ਗਿਆ। ਇਹ ਖੁਲਾਸਾ ਵਿਸ਼ੇਸ਼ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕੀਤਾ ਹੈ। ਸ੍ਰੀ ਸ਼ੁਕਲਾ ਨੇ ਕਿਹਾ ਕਿ ਪੁਲਿਸ ਵੱਲੋਂ ਸੂਬੇ ਭਰ ਵਿਚ ਨਸ਼ਾ ਤਸਕਰਾਂ ਵਿਰੁੱਧ ਚਲਾਏ ਗਏ ਸਰਚ ਅਪਰੇਸ਼ਨ ਦੌਰਾਨ 1.9 ਕਿੱਲੋ ਹੈਰੋਇਨ, 6.80 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਤੋਂ ਇਲਾਵਾ 1.1 ਕਿਲੋ ਅਫੀਮ, 87.5 ਕਿਲੋ ਭੁੱਕੀ, 10125 ਨਸ਼ੀਲੀਆਂ ਗੋਲੀਆਂ, 18 ਟੀਕੇ, 885 ਲਿਟਰ ਨਾਜਾਇਜ਼ ਸ਼ਰਾਬ ਤੇ 12350 ਲਿਟਰ ਲਾਹਣ, 16 ਮੋਟਰਸਾਈਕਲ ਅਤੇ ਇਕ ਕਾਰ ਵੀ ਜ਼ਬਤ ਕੀਤੀ ਹੈ।

# ਮਹੀਨਾ ਪਹਿਲਾਂ ਹੋਣਗੀਆਂ ਪ੍ਰੀਖਿਆਵਾਂ

**ਲੁਧਿਆਣਾ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲੋਕ ਸਭਾ ਚੋਣਾਂ ਕਰ ਕੇ ਇਸ ਵਾਰ ਬੋਰਡ ਦੀਆਂ ਪ੍ਰੀਖਿਆਵਾਂ ਇਕ ਮਹੀਨਾ ਪਹਿਲਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਹੁਣ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਜਿਸ ਕਰ ਕੇ 6 ਫਰਵਰੀ ਤੋਂ ਬੱਚਿਆਂ ਦੇ ਪੇਪਰ ਸ਼ੁਰੂ ਹੋ ਜਾਣਗੇ। ਇਸ ਵਾਰ ਮੈਰੀਟੋਰੀਅਸ ਤੇ ਸਕੂਲ ਆਫ਼ ਐਮੀਨੈਂਸ ਦੇ ਪੇਪਰ ਇਕੱਠੇ ਹੋਣਗੇ। ਸਕੂਲ ਆਫ਼ ਐਮੀਨੈਂਸ ਤੇ ਮੈਰੀਟੋਰੀਅਸ ਦੇ ਬੱਚਿਆਂ ਨੂੰ ਬਰਾਬਰ ਸਹੂਲਤਾਂ ਮਿਲਣਗੀਆਂ। ਬੈਂਸ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਨਾਲੋਂ ਵਧੀਆ ਸਹੂਲਤਾਂ ਅੱਜ ਸਰਕਾਰੀ ਸਕੂਲਾਂ ‘ਚ ਮਿਲ ਰਹੀਆਂ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਾਉਂਕੇ ਮਾਮਲਾ: ਪੜਤਾਲੀਆ ਰਿਪੋਰਟ ਨੇ ਅਕਾਲੀ ਦਲ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਮਰਹੂਮ ਗੁਰਦੇਵ ਸਿੰਘ ਕਾਉਂਕੇ ਦੇ ਮਾਮਲੇ ਵਿਚ ਜਨਤਕ ਹੋਈ ਪੜਤਾਲੀਆ ਰਿਪੋਰਟ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਸੂਤਾ ਫਸਾ ਦਿੱਤਾ ਹੈ। ਇਸ ਮਾਮਲੇ 'ਚ ਪਾਰਟੀ ਦੀ ਕੋਰ ਕਮੇਟੀ ਵੱਲੋਂ ਮੀਟਿੰਗ ਵੀ ਕੀਤੀ ਗਈ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਇਸ ਮਾਮਲੇ 'ਤੇ ਸਥਿਤੀ ਸਪੱਸ਼ਟ ਕਰਨ ਲਈ ਆਗੂਆਂ ਨੂੰ ਮੀਡੀਆ ਤੇ ਹੋਰਨਾਂ ਜਨਤਕ ਥਾਵਾਂ ਉਤੇ ਤੱਥ ਪੇਸ਼ ਕਰਨ ਲਈ ਕਿਹਾ ਗਿਆ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਬਾਦਲ ਪਰਿਵਾਰ ਦੇ ਕਰੀਬੀ ਬੰਟੀ ਰੋਮਾਣਾ ਵੱਲੋਂ ਇਸ ਸਬੰਧੀ ਪਹਿਲ ਵੀ ਕੀਤੀ ਗਈ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਪੰਥਕ ਰਾਜਨੀਤੀ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲੀ ਪਾਰਟੀ ਨੇ ਪੱਲਾ ਝਾੜਦਿਆਂ ਜਥੇਦਾਰ ਕਾਉਂਕੇ ਮਾਮਲੇ ਵਿਚ ਪੜਤਾਲੀਆ ਰਿਪੋਰਟ ਦੇ ਆਧਾਰ ਉਤੇ ਕਾਰਵਾਈ ਕਰਨ ਦੀ ਚਾਰਾਜੋਈ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿਰ ਉਤੇ ਛੱਡ ਦਿੱਤੀ ਹੈ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਇਹ ਰਿਪੋਰਟ ਸੰਸਦੀ ਚੋਣਾਂ ਤੋਂ ਐਨ ਪਹਿਲਾਂ ਜਨਤਕ ਹੋਈ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਕੌਮ ਕੋਲੋਂ ਮੁਆਫ਼ੀ ਮੰਗ ਕੇ ਪੰਥਕ ਏਕਤਾ ਦੀ ਮੁਹਿੰਮ ਵਿੱਢੀ ਹੈ, ਇਸ ਲਈ ਅਕਾਲੀ ਦਲ ਨੂੰ ਸਿਆਸੀ ਤੌਰ ਉਤੇ ਲੀਹੋਂ ਲਾਹੁਣ ਲਈ ਪੰਥਕ ਏਕਤਾ ਦੇ ਵਿਰੋਧੀਆਂ ਵੱਲੋਂ ਇਹ ਰਿਪੋਰਟ ਜਨਤਕ ਕੀਤੀ ਗਈ ਹੈ।

ਏ.ਡੀ.ਜੀ.ਪੀ ਬੀ.ਪੀ. ਤਿਵਾੜੀ ਦੀ ਜਾਂਚ ਰਿਪੋਰਟ ਦੇ ਜਨਤਕ ਹੋਣ ਮਗਰੋਂ ਇਹ ਤੱਥ ਸਾਹਮਣੇ ਆ ਚੁੱਕੇ ਹਨ ਕਿ ਜਗਰਾਉਂ ਪੁਲਿਸ ਨੇ ਜਥੇਦਾਰ ਕਾਉਂਕੇ ਨੂੰ ਹਿਰਾਸਤ ਵਿਚ ਲਿਆ ਅਤੇ ਉਹ ਤਸ਼ੱਦਦ ਦੌਰਾਨ ਮਾਰੇ ਗਏ। ਇਸ ਸਾਰੇ ਮਾਮਲੇ ਦੀ ਰਿਪੋਰਟ 1997 ਤੋਂ 2002 ਦੇ ਸਮੇਂ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਹੀ ਸੌਂਪ ਦਿੱਤੀ ਗਈ ਸੀ। ਉਸ ਤੋਂ ਬਾਅਦ ਵੀ ਪ੍ਰਕਾਸ਼ ਸਿੰਘ ਬਾਦਲ ਦੋ ਵਾਰ ਮੁੱਖ ਮੰਤਰੀ ਰਹੇ ਪਰ ਇਸ ਸਮੇਂ ਦੌਰਾਨ ਵੀ ਇਹ ਰਿਪੋਰਟ ਫਾਈਲਾਂ ਹੇਠ ਹੀ ਦੱਬੀ ਰਹੀ।

## ਸ਼੍ਰੋਮਣੀ ਕਮੇਟੀ ਨੇ ਮਾਹਿਰਾਂ ਦੀ ਕਮੇਟੀ ਬਣਾਈ

**ਚੰਡੀਗੜ੍ਹ:** ਜਥੇਦਾਰ ਗੁਰਦੇਵ ਸਿੰਘ ਕਾਉਂਕੇ ਕੇਸ ਸ਼੍ਰੋਮਣੀ ਕਮੇਟੀ ਨੇ ਕਾਨੂੰਨੀ ਮਾਹਿਰਾਂ ਦੀ ਪੰਜ ਮੈਂਬਰੀ ਕਮੇਟੀ ਬਣਾਈ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਗਏ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਅਗਲੇਰੀ ਕਾਰਵਾਈ ਵਾਸਤੇ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਥੇਦਾਰ ਕਾਉਂਕੇ ਦੇ ਕਾਤਲਾਂ ਵਿਰੁੱਧ ਪੁਖ਼ਤਾ ਕਾਰਵਾਈ ਨੂੰ ਅਮਲ ਵਿਚ ਲਿਆਵੇਗੀ।

## ਸਰਕਾਰ ਪੁਲਿਸ ਰਿਪੋਰਟ ਮੁਤਾਬਕ ਕਾਰਵਾਈ ਕਰੇ: ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ:** ਜਥੇਦਾਰ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੌਜੂਦਾ ਸਰਕਾਰ ਨੂੰ ਕਿਹਾ ਕਿ ਉਹ ਪਿਛਲੀਆਂ ਸਰਕਾਰਾਂ ਦੀਆਂ ਗਲਤੀਆਂ ਨੂੰ ਇਕ ਪਾਸੇ ਰੱਖ ਕੇ ਇਸ ਮਾਮਲੇ ਵਿਚ ਪੁਲਿਸ ਰਿਪੋਰਟ ਦੇ ਮੁਤਾਬਕ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਤਸ਼ੱਦਦ ਦੌਰਾਨ ਕੋਹ ਕੋਹ ਕੇ ਮਾਰਿਆ ਗਿਆ ਹੈ। ਇਸ ਸਬੰਧੀ ਪੁਲਿਸ ਜਾਂਚ ਵੀ ਕਰਵਾਈ ਗਈ ਅਤੇ ਉਸ ਦੀ ਰਿਪੋਰਟ ਵੀ ਦਿੱਤੀ ਗਈ ਸੀ ਪਰ ਪਿਛਲੀਆਂ ਸਰਕਾਰਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਲਗਭਗ ਦੋ ਦਹਾਕੇ ਤੋਂ ਵੱਧ ਸਮਾਂ ਇਸ ਜਾਂਚ ਸਬੰਧੀ ਫਾਈਲ ਧੂੜ ਵਿਚ ਦੱਬੀ ਰਹੀ।

# ਪੰਜਾਬ ਨੂੰ ਬਚਾਉਣ ਲਈ ਇਮਾਨਦਾਰ ਆਗੂ ਚੁਣਨ ਦੀ ਲੋੜ: ਨਵਜੋਤ ਸਿੱਧੂ

**ਬਠਿੰਡਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਿੰਡ ਕੋਟਸ਼ਮੀਰ 'ਚ 'ਜਿੱਤੇਗਾ ਪੰਜਾਬ-ਜਿੱਤੇਗੀ ਕਾਂਗਰਸ' ਰੈਲੀ ਦੌਰਾਨ ਕਿਹਾ ਕਿ ਜਦੋਂ ਤੱਕ ਚੰਗੇ ਕਿਰਦਾਰ ਵਾਲੀ ਕੋਈ ਸ਼ਖ਼ਸੀਅਤ ਸੂਬੇ ਦੀ ਅਗਵਾਈ ਨਹੀਂ ਕਰੇਗੀ, ਉਦੋਂ ਤੱਕ ਸੂਬਾ ਪੈਰਾਂ ਸਿਰ ਨਹੀਂ ਹੋ ਸਕਦਾ।

ਵਿਵਾਦਾਂ ਦੌਰਾਨ ਹੋਈ ਇਸ ਰੈਲੀ 'ਚ ਸ੍ਰੀ ਸਿੱਧੂ ਨੇ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਉਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਹੁਣ ਤੱਕ ਪੰਜਾਬ ਨਾਲ ਧਰੋਹ ਕਮਾਇਆ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਅਜਿਹਾ ਜਜ਼ੀਆ ਹੈ ਜੋ ਪਹਿਲਾਂ ਲੋਕਾਂ ਤੋਂ ਉਗਰਾਹ ਕੇ ਰਾਜ ਕੇਂਦਰ ਨੂੰ ਦਿੰਦੇ ਹਨ ਅਤੇ ਫਿਰ ਆਪਣਾ ਹਿੱਸਾ ਲੈਣ ਲਈ ਤਰਲੇ ਕੱਢਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵੀ ਉਨ੍ਹਾਂ ਰਾਜਾਂ 'ਚੋਂ ਇਕ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਭਾਖੜਾ ਡੈਮ 'ਚ ਪਾਣੀ ਪੰਜਾਬ ਦਾ ਹੈ ਪਰ ਇਸ ਦਾ ਕੰਟਰੋਲ ਕੇਂਦਰ ਕੋਲ ਕਿਉਂ? ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਉਤੇ ਵਰ੍ਹਦਿਆਂ ਕਿਹਾ ਕਿ 40 ਸਾਲ ਪੰਥ ਦੇ ਨਾਂ ਉਤੇ ਰਾਜ ਕਰਨ ਵਾਲਿਆਂ ਦੇ ਰਾਜ ਵਿਚ ਵੋਟਾਂ ਖ਼ਾਤਰ ਗੁਰੂ ਸਾਹਿਬ ਦੇ ਅੰਗ ਖਿਲਾਰੇ ਗਏ।



ਸਿੱਧੂ ਨੇ ਪੰਜਾਬ ਸਰਕਾਰ ਵੱਲੋਂ ਖ਼ਰੀਦੇ ਗੋਇੰਦਵਾਲ ਥਰਮਲ ਪਲਾਟ ਨੂੰ 'ਚਿੱਟਾ ਹਾਥੀ' ਦੱਸਦਿਆਂ ਕਿਹਾ ਕਿ ਇਸ ਉਤੇ ਪਹਿਲਾਂ ਹੀ 7-8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਉਤੇ ਵਰ੍ਹਦਿਆਂ ਪੰਜਾਬ ਦੇ ਆਬਕਾਰੀ ਖੇਤਰ 'ਚ ਘਪਲਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਨਵਾਂ ਸਾਲ ਚੜ੍ਹੇ ਨੂੰ ਅਜੇ ਹਫ਼ਤਾ ਨਹੀਂ ਬੀਤਿਆ ਕਿ ਪੰਜਾਬ ਸਰਕਾਰ ਨੇ ਢਾਈ ਹਜ਼ਾਰ ਕਰੋੜ ਦਾ ਕਰਜ਼ਾ ਹੋਰ ਚੁੱਕ ਲਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਂਗਰਸ ਨਹੀਂ ਬਦਲੇਗੀ ਉਦੋਂ ਤੱਕ ਵੋਟਰ ਚੰਗੇ ਕਿਰਦਾਰਾਂ ਨੂੰ ਅੱਗੇ ਨਹੀਂ ਲਿਆਉਣਗੇ ਉਦੋਂ ਤੱਕ ਪੰਜਾਬ ਦਾ ਸਵੈ-ਨਿਰਭਰ ਹੋਣਾ ਮੁਸ਼ਕਿਲ ਹੈ।

# 'ਆਪ' ਤੇ ਕਾਂਗਰਸ 'ਚ ਭਾਈਵਾਲੀ ਦੇ ਆਸਾਰ ਮੱਧਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦਰਮਿਆਨ ਪੰਜਾਬ ਵਿਚ ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਸੇ ਤਰ੍ਹਾਂ ਦਾ ਸਿਆਸੀ ਗੱਠਜੋੜ ਹੋਣ ਦੀ ਸੰਭਾਵਨਾ ਖਟਾਈ ਵਿਚ ਪੈ ਗਈ ਜਾਪਦੀ ਹੈ। ਪੰਜਾਬ ਵਿਚ ਸਿਆਸੀ ਗੱਠਜੋੜ ਬਣਨ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੇ ਰਾਹ ਅੱਡ ਹੋ ਗਏ ਜਾਪਦੇ ਹਨ ਕਿਉਂਕਿ ਦੋਹਾਂ ਨੇ ਵੱਖੋ-ਵੱਖਰੇ ਤੌਰ ਉਤੇ ਚੋਣ ਲੜਨ ਦੀ ਤਿਆਰੀ ਵਿੱਢ ਦਿੱਤੀ ਹੈ ਹਾਲਾਂਕਿ ਪੰਜਾਬ ਕਾਂਗਰਸ ਦਾ ਇਕ ਧੜਾ ਜਿਸ ਵਿਚ ਕਈ ਮੌਜੂਦਾ ਸੰਸਦ ਮੈਂਬਰ ਵੀ ਸ਼ਾਮਲ ਹਨ, 'ਆਪ' ਨਾਲ ਗੱਠਜੋੜ ਦਾ ਹਾਮੀ ਸੀ। 'ਆਪ' ਵੱਲੋਂ ਆਉਂਦੇ ਦਿਨਾਂ ਵਿਚ ਪੰਜਾਬ ਵਿਚ ਇਕੱਲੇ ਚੋਣਾਂ ਲੜਨ ਦਾ ਰਸਮੀ ਐਲਾਨ ਕੀਤੇ ਜਾਣ ਦੀ ਪੂਰੀ ਸੰਭਾਵਨਾ ਬਣੀ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ 'ਏਕ ਥੀ ਕਾਂਗਰਸ' ਵਾਲਾ ਬਿਆਨ ਦਾਗ ਕੇ ਆਪਣਾ ਸਿਆਸੀ ਨਜ਼ਰੀਆ ਇਕ ਤਰ੍ਹਾਂ ਨਾਲ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ। ਸੂਤਰਾਂ ਮੁਤਾਬਕ ਪੰਜਾਬ ਵਿਚ ਇਕੱਲੇ ਚੋਣਾਂ ਲੜਨ ਬਾਰੇ ਸੂਬਾ ਲੀਡਰਸ਼ਿਪ ਦੀ 'ਆਪ' ਦੀ ਕੇਂਦਰੀ ਲੀਡਰਸ਼ਿਪ ਨਾਲ ਵੀ ਗ਼ੈਰਰਸਮੀ ਗੱਲਬਾਤ ਹੋ ਗਈ ਹੈ ਅਤੇ ਆਉਂਦੇ ਦਿਨਾਂ ਵਿਚ ਰਸਮੀ ਐਲਾਨ ਹੋਣ ਦੀ ਸੰਭਾਵਨਾ ਹੈ।




ਉਧਰ, ਪੰਜਾਬ ਕਾਂਗਰਸ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਨੇ ਵੀ 26 ਦਸੰਬਰ ਨੂੰ ਪਾਰਟੀ ਹਾਈਕਮਾਂਡ ਨੂੰ ਆਪਣੀ ਸਿਆਸੀ ਫੀਡ ਬੈਕ ਦਿੰਦਿਆਂ ਚੋਣ ਮੈਦਾਨ ਵਿਚ ਇਕੱਲਿਆਂ ਉੱਤਰਨ ਦੀ ਸਲਾਹ ਦਿੱਤੀ ਸੀ। ਆਲ ਇੰਡੀਆ ਕਾਂਗਰਸ ਕਮੇਟੀ ਦੀ ਬੈਠਕ ਵਿਚ ਪੰਜਾਬ ਦੇ ਨੇਤਾਵਾਂ ਨੇ ਸਿਆਸੀ ਗੱਠਜੋੜ ਨਾ ਕਰਨ ਵਾਲਾ ਆਪਣਾ ਪੁਰਾਣਾ ਸਟੈਂਡ ਦੁਹਰਾਇਆ ਹੈ। ਬੈਠਕ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੀ ਸ਼ਾਮਲ ਹੋਏ। ਰਾਜਾ ਵੜਿੰਗ ਨੇ ਮੀਟਿੰਗ ਉਪਰੰਤ ਜਾਰੀ ਬਿਆਨ ਵਿਚ ਪੰਜਾਬ ਵਿਚ ਸਿਆਸੀ ਗੱਠਜੋੜ ਨਾ ਹੋਣ ਦਾ ਸੰਕੇਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਾਈਕਮਾਂਡ ਨੇ ਪੰਜਾਬ ਵਿਚ 13 ਸੀਟਾਂ ਉਤੇ ਇਕੱਲਿਆਂ ਚੋਣ ਲੜਨ ਦਾ ਇਸ਼ਾਰਾ ਕੀਤਾ ਹੈ। ਉਨ੍ਹਾਂ ਸਾਫ਼ ਕਰ ਦਿੱਤਾ ਕਿ ਪੰਜਾਬ ਵਿਚ ਗੱਠਜੋੜ ਜਾਂ ਸੀਟਾਂ ਦੀ ਵੰਡ ਨੂੰ ਲੈ ਕੇ ਨਾ ਪਹਿਲਾਂ ਅਤੇ ਨਾ ਹੀ ਅੱਜ ਕੋਈ ਚਰਚਾ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 13 ਸੀਟਾਂ ਉਤੇ ਚੋਣ ਲੜਨ ਦੀ ਤਿਆਰੀ ਹੈ।

## ਪੰਜਾਬ ਵਿਚ ਭਾਜਪਾ ਦੀ ਮਜ਼ਬੂਤੀ ਲਈ ਚਾਰਾਜੋਈ ਸ਼ੁਰੂ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਦਾ ਸਮਾਂ ਨੇੜੇ ਆਉਣ ਦੇ ਨਾਲ-ਨਾਲ ਪੰਜਾਬ ਵਿਚ ਭਾਜਪਾ ਨੂੰ ਮਜ਼ਬੂਤ ਕਰਨ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਇਸ ਲਈ ਭਾਜਪਾ ਵੱਲੋਂ ਆਪਣੇ ਸਾਰੇ ਸੈੱਲਾਂ ਦਾ ਗਠਨ ਕੀਤਾ ਗਿਆ ਹੈ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਭਾਜਪਾ ਦੇ 31 ਸੈੱਲਾਂ ਦੇ ਕਨਵੀਨਰ ਤੇ ਕੋ-ਕਨਵੀਨਰਾਂ ਦਾ ਐਲਾਨ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਦਿਨੇਸ਼ ਸਰਪਾਲ ਨੂੰ ਟਰੇਡ ਸੈੱਲ ਦਾ ਕਨਵੀਨਰ, ਐਡਵੋਕੇਟ ਐਨ.ਕੇ. ਵਰਮਾ ਨੂੰ ਲੀਗਲ, ਪੀ.ਕੇ.ਐਸ. ਭਾਰਦਵਾਜ ਨੂੰ ਬੁੱਧੀਜੀਵੀ, ਰੋਹਿਤ ਕੁਮਾਰ ਅਗਰਵਾਲ ਨੂੰ ਰਾਈਸ ਟਰੇਡ, ਵਿਨੀਤ ਜੋਸ਼ੀ ਨੂੰ ਮੀਡੀਆ ਮੈਨੇਜਮੈਂਟ, ਸੁਭਾਸ਼ ਡਾਵਰ ਨੂੰ ਐਮ.ਐਸ.ਐਮ.ਈ. ਸੈੱਲਾਂ ਦਾ ਕਨਵੀਨਰ ਲਗਾਇਆ ਗਿਆ ਹੈ।

# ਜੱਗੂ ਭਗਵਾਨਪੁਰੀਆ ਨੇ ਕਪੂਰਥਲਾ ਜੇਲ੍ਹ 'ਚ ਭੰਨਤੋੜ ਕੀਤੀ

**ਜਲੰਧਰ:** ਗੈਂਗਸਟਰ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਖ਼ਿਲਾਫ਼ ਕਪੂਰਥਲਾ ਜੇਲ੍ਹ ਵਿਚ ਐਲ.ਈ.ਡੀ. ਟੀਵੀ ਤੋੜਨ ਤੇ ਤਾਰਾਂ ਪੁੱਟਣ ਕਾਰਨ ਨਵਾਂ ਕੇਸ ਦਰਜ ਕੀਤਾ ਗਿਆ ਹੈ। ਜੱਗੂ ਨੇ ਬੈਰਕ ਵਿਚ ਸਾਥੀ ਕੈਦੀ ਨਾਲ ਤਕਰਾਰ ਹੋਣ ਮਗਰੋਂ ਭੰਨਤੋੜ ਕੀਤੀ।

ਇਸ ਮੌਕੇ ਜੇਲ੍ਹ ਸਟਾਫ ਨੇ ਦੋਵਾਂ ਧਿਰਾਂ ਨੂੰ ਹਟਾਇਆ। ਦੱਸਣਯੋਗ ਹੈ ਕਿ ਜੱਗੂ ਕਪੂਰਥਲਾ ਦੀ ਜੇਲ੍ਹ ਵਿਚ ਪਿਛਲੇ ਤਿੰਨ ਮਹੀਨੇ ਤੋਂ ਬੰਦ ਹੈ ਤੇ ਉਹ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਹੈ। ਉਸ ਖ਼ਿਲਾਫ਼ ਜਲੰਧਰ ਕੋਤਵਾਲੀ ਵਿੱਚ ਆਈ.ਪੀ.ਸੀ. ਦੀ ਧਾਰਾ 427, ਜੇਲ੍ਹ ਐਕਟ ਦੇ ਸੈਕਸ਼ਨ 42 ਏ ਤਹਿਤ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਛੇ ਜਨਵਰੀ ਨੂੰ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕਪੂਰਥਲਾ ਜੇਲ੍ਹ ਵਿਚ 29 ਦਸੰਬਰ ਨੂੰ ਮਨੋਰੰਜਕ ਗਤੀਵਿਧੀਆਂ ਵਾਲੇ ਕਮਰੇ ਨੇੜੇ ਜੱਗੂ ਭਗਵਾਨਪੁਰੀਆ ਦਾ ਇਕ ਹੋਰ ਬੰਦੀ ਨਾਲ ਤਕਰਾਰ ਹੋ ਗਿਆ। ਇਹ ਤਕਰਾਰ ਉਸ ਵੇਲੇ ਹੋਈ ਜਦੋਂ ਜੇਲ੍ਹ ਦੇ ਕੈਦੀ ਬੈਰਕ ਵਿਚ ਟੀਵੀ ਵੇਖਣ ਆਏ ਸਨ। ਜੱਗੂ ਭਗਵਾਨਪੁਰੀਆ ਜੇਲ੍ਹ ਦੀ ਬੈਰਕ ਨੰਬਰ ਛੇ ਵਿਚ ਨਜ਼ਰਬੰਦ ਹੈ ਜਦਕਿ ਦੂਜਾ ਕੈਦੀ ਬੈਰਕ ਨੰਬਰ ਸੱਤ ਵਿਚ ਬੰਦ ਹੈ। ਇਨ੍ਹਾਂ ਦੋਵਾਂ ਦਰਮਿਆਨ ਪਹਿਲਾਂ ਬੋਲ ਬੁਲਾਰਾ ਹੋਇਆ ਜਿਸ ਤੋਂ ਬਾਅਦ ਜੱਗੂ ਨੇ ਗੁੱਸੇ ਵਿਚ ਆ ਕੇ ਐਲ.ਈ.ਡੀ. ਟੀਵੀ ਭੰਨ੍ਹ ਦਿੱਤਾ ਤੇ ਟੀਵੀ ਦੀਆਂ ਤਾਰਾਂ ਵੀ ਪੁੱਟ ਲਈਆਂ।



# ਹਿੱਟ ਐਂਡ ਰਨ ਕਾਨੂੰਨ: ਭਾਜਪਾ ਆਗੂਆਂ ਤੇ ਕੇਂਦਰੀ ਮੰਤਰੀਆਂ ਦੇ ਘਿਰਾਓ ਦਾ ਐਲਾਨ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ 'ਹਿੱਟ ਐਂਡ ਰਨ ਕਾਨੂੰਨ' ਵਿਚ ਕੀਤੀ ਸੋਧ ਵਿਰੁੱਧ ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਨੇ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਪੰਜਾਬ ਦੇ ਪ੍ਰਧਾਨ ਹੈਪੀ ਸੰਧੂ ਤੇ ਹੋਰਨਾਂ ਆਗੂਆਂ ਨੇ ਇਸ ਕਾਨੂੰਨ ਨੂੰ ਵਾਹਨ ਚਾਲਕਾਂ ਦਾ ਵਿਰੋਧੀ ਐਲਾਨਦਿਆਂ ਕਿਹਾ ਕਿ ਨਵੇਂ ਕਾਨੂੰਨ ਅਨੁਸਾਰ ਸੜਕ ਹਾਦਸੇ ਹੋਣ ਦੀ ਸੂਰਤ ਵਿਚ ਡਰਾਈਵਰ ਨੂੰ 10 ਸਾਲ ਤੱਕ ਦੀ ਸਜ਼ਾ ਅਤੇ 10 ਲੱਖ ਰੁਪਏ ਦਾ ਜੁਰਮਾਨਾ ਭਰਨਾ ਪਵੇਗਾ ਜੋ ਡਰਾਈਵਰਾਂ ਨਾਲ ਧੱਕੇਸ਼ਾਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੁਰਾਣੇ ਸਮੇਂ ਤੋਂ ਹੀ ਟਰੱਕ ਯੂਨੀਅਨਾਂ ਨਾਲ ਧੱਕੇਸ਼ਾਹੀ ਕਰਦੇ ਆ ਰਹੇ ਹਨ। ਹੁਣ ਭਾਜਪਾ ਦੀ ਕੇਂਦਰ ਸਰਕਾਰ ਨੇ ਇਸ ਸਬੰਧੀ ਕਾਨੂੰਨ ਤਿਆਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਇਸ ਕਾਨੂੰਨ ਦੇ ਵਿਰੋਧ ਵਿਚ ਭਾਜਪਾ ਪ੍ਰਧਾਨ ਸੁਨੀਲ ਜਾਖੜ ਸਣੇ ਪੰਜਾਬ ਵਿਚ ਆਉਣ ਵਾਲੇ ਕੇਂਦਰੀ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ।

ਸ੍ਰੀ ਸੰਧੂ ਨੇ ਕਿਹਾ ਕਿ ਆਲ ਪੰਜਾਬ ਟਰੱਕ ਅਪਰੇਟਰ ਯੂਨੀਅਨ ਵੱਲੋਂ 'ਹਿੱਟ ਐਂਡ ਰਨ ਕਾਨੂੰਨ' ਵਿਰੁੱਧ ਸੰਘਰਸ਼ ਜਾਰੀ ਰਹੇਗਾ। ਇਸ ਦੇ ਵਿਰੋਧ ਵਿਚ 18 ਜਨਵਰੀ ਨੂੰ ਫਿਲੌਰ ਤੋਂ ਦਿੱਲੀ, ਜੰਮੂ ਕੌਮੀ ਮਾਰਗ ਉਤੇ ਅਣਮਿਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਸਥਾਨਕ ਟਰੱਕ ਯੂਨੀਅਨ ਨੂੰ ਅਣਗੌਲਿਆ ਕੀਤਾ ਗਿਆ ਹੈ। ਪੰਜਾਬ ਵਿਚ ਲੋਕਲ ਗੱਡੀਆਂ ਨੂੰ ਛੱਡ ਕੇ ਦੂਜੇ ਸੂਬਿਆਂ ਦੇ ਟਰੱਕਾਂ ਨੂੰ ਕੰਮ ਦਿੱਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਸਾਰੇ ਟੈਂਡਰ ਟਰੱਕ ਯੂਨੀਅਨਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ।



ਹੈਪੀ ਸੰਧੂ ਨੇ ਮੰਗ ਕੀਤੀ ਕਿ ਸੂਬੇ ਵਿਚ ਵੱਡੀ ਗਿਣਤੀ ਵਿਚ ਟਰੱਕ ਓਵਰਲੋਡ ਚੱਲ ਰਹੇ ਹਨ। ਇਸ ਲਈ ਓਵਰਲੋਡ ਵਾਹਨ ਚਲਾਉਣ ਵਾਲਿਆਂ ਵਿਰੁੱਧ ਵੀ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ 'ਚ 90 ਹਜ਼ਾਰ ਟਰੱਕਾਂ ਵਿਚੋਂ 25 ਹਜ਼ਾਰ ਨਸ਼ਟ ਹੋ ਚੁੱਕੇ ਹਨ। ਇਸ ਕਰਕੇ ਲੱਖ ਤੋਂ ਵੱਧ ਪਰਿਵਾਰ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਜੇ ਪੰਜਾਬ ਸਰਕਾਰ ਨੇ ਵੀ ਟਰੱਕ ਅਪਰੇਟਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਸਰਕਾਰ ਵਿਰੁੱਧ ਵੀ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।

# ਬਿੱਲਾਂ ਨੂੰ ਪ੍ਰਵਾਨਗੀ ਨਾਲ ਇਕ ਹਜ਼ਾਰ ਕਰੋੜ ਦੀ ਆਮਦਨੀ ਦਾ ਰਾਹ ਖੁੱਲ੍ਹਿਆ

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਵਿਧਾਨ ਸਭਾ ਵੱਲੋਂ 29 ਨਵੰਬਰ ਨੂੰ ਸਰਦ ਰੁੱਤ ਸੈਸ਼ਨ ਵਿਚ ਪਾਸ ਕੀਤੇ ਤਿੰਨ ਅਹਿਮ ਬਿੱਲਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਰਾਜਪਾਲ ਵੱਲੋਂ ਬਿੱਲਾਂ ਨੂੰ ਪ੍ਰਵਾਨਗੀ ਦਿੱਤੇ ਜਾਣ ਨਾਲ ਵਿੱਤੀ ਤੰਗੀ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਇਕ ਹਜ਼ਾਰ ਕਰੋੜ ਦੀ ਆਮਦਨੀ ਦਾ ਵਸੀਲਾ ਪੈਦਾ ਹੋਵੇਗਾ। ਸਰਦ ਰੁੱਤ ਸੈਸ਼ਨ ਵਿਚ ਚਾਰ ਬਿੱਲ ਪੇਸ਼ ਕੀਤੇ ਸਨ ਜਿਨ੍ਹਾਂ 'ਚੋਂ 'ਪੰਜਾਬ ਕੈਨਾਲ ਐਂਡ ਡਰੇਨੇਜ ਬਿੱਲ-2023' ਨੂੰ ਡੇਢ ਹਫ਼ਤਾ ਪਹਿਲਾਂ ਰਾਜਪਾਲ ਨੇ ਪ੍ਰਵਾਨਗੀ ਦਿੱਤੀ ਸੀ।

ਰਾਜਪਾਲ ਨੇ ਰਜਿਸਟਰੇਸ਼ਨ (ਪੰਜਾਬ ਸੋਧ) ਬਿੱਲ, 2023, ਤਬਾਦਲਾ ਮਲਕੀਅਤ (ਪੰਜਾਬ ਸੋਧ) ਬਿੱਲ 2023 ਅਤੇ ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ 2023 ਨੂੰ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਤਿੰਨ ਬਿੱਲਾਂ 'ਚੋਂ ਦੋ ਬਿੱਲ ਰਜਿਸਟਰੇਸ਼ਨ (ਪੰਜਾਬ ਸੋਧ) ਬਿੱਲ, 2023 ਅਤੇ ਤਬਾਦਲਾ ਮਲਕੀਅਤ (ਪੰਜਾਬ ਸੋਧ) ਬਿੱਲ 2023 ਨੂੰ ਪ੍ਰਵਾਨਗੀ ਲਈ ਰਾਸ਼ਟਰਪਤੀ ਕੋਲ ਭੇਜਿਆ ਜਾਵੇਗਾ। ਤੀਜੇ ਬਿੱਲ ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ 2023 ਦੀ ਨੋਟੀਫਿਕੇਸ਼ਨ ਜਾਰੀ ਕੀਤੀ ਜਾਵੇਗੀ। ਇਨ੍ਹਾਂ ਬਿੱਲਾਂ ਜ਼ਰੀਏ ਪਾਵਰ ਆਫ਼ ਅਟਾਰਨੀ ਬਣਾਉਣ, ਬਰਾਬਰ ਗਿਰਵੀਨਾਮੇ ਰਾਹੀਂ ਬੈਂਕ ਕਰਜ਼ੇ ਲੈਣ ਅਤੇ ਵਾਹਨਾਂ ਦੀ ਹਾਈਪੋਥੀਕੇਸ਼ਨ 'ਤੇ ਨਵੀਆਂ ਡਿਊਟੀਆਂ ਲੱਗਣਗੀਆਂ ਜਿਸ ਨਾਲ ਖ਼ਜ਼ਾਨੇ ਨੂੰ ਫ਼ਾਇਦਾ ਹੋਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਨ੍ਹਾਂ ਬਿੱਲਾਂ ਨਾਲ ਲੋਕਾਂ ਉਤੇ ਕੋਈ ਵਾਧੂ ਬੋਝ ਨਹੀਂ ਪਵੇਗਾ ਬਲਕਿ ਜੋ ਪੈਸਾ ਪਹਿਲਾਂ ਬੈਂਕਾਂ ਵੱਲੋਂ ਚਾਰਜ ਕੀਤਾ ਜਾਂਦਾ ਸੀ, ਉਹ ਰਾਜ ਸਰਕਾਰ ਕੋਲ ਆਵੇਗਾ। ਵੇਰਵਿਆਂ ਅਨੁਸਾਰ ਮਲਕੀਅਤ ਦਾ ਤਬਾਦਲਾ (ਪੰਜਾਬ ਸੋਧ) ਬਿੱਲ 2023 ਤਹਿਤ ਇਕੁਈਟੇਬਲ ਮੌਰਟਗੇਜ ਦੀ ਸਹੂਲਤ ਪ੍ਰਦਾਨ ਕਰਨਾ ਹੈ ਅਤੇ ਪੰਜਾਬ ਦੇ ਖ਼ਜ਼ਾਨੇ ਨੂੰ ਵੀ ਬਕਾਇਆ ਸਟੈਂਪ ਡਿਊਟੀ ਪ੍ਰਾਪਤ ਹੋਵੇਗੀ। ਇਸ ਦੇ ਨਾਲ ਹੀ ਅਜਿਹੇ ਕਰਜ਼ਿਆਂ ਉਤੇ ਸਟੈਂਪ ਡਿਊਟੀ ਨੂੰ ਸੂਬੇ ਭਰ ਵਿਚ ਘਟਾ ਕੇ 0.25 ਫ਼ੀਸਦੀ ਕੀਤਾ ਜਾ ਰਿਹਾ ਹੈ, ਜੋ ਕਿ ਇਕ ਲੱਖ ਦੇ ਕਰਜ਼ੇ ਉਤੇ ਸਿਰਫ਼ 250 ਰੁਪਏ ਅਤੇ ਇਕ ਕਰੋੜ ਰੁਪਏ ਦੇ ਕਰਜ਼ੇ ਉਤੇ ਸਿਰਫ਼ 25,000 ਰੁਪਏ ਬਣਦਾ ਹੈ। ਰਜਿਸਟਰੇਸ਼ਨ (ਪੰਜਾਬ ਸੋਧ) ਬਿੱਲ, 2023 ਵੀ ਬਹੁਤ ਜ਼ਰੂਰੀ ਸੀ ਕਿਉਂਕਿ ਜਦੋਂ ਵੀ ਕਿਸੇ ਮਾਲ ਅਧਿਕਾਰੀ ਜਾਂ ਸਿਵਲ ਅਦਾਲਤ ਵੱਲੋਂ ਜਨਤਕ ਨਿਲਾਮੀ (ਬੋਲੀ) ਵਿਚ ਜਾਇਦਾਦ ਵੇਚੀ ਜਾਂਦੀ ਹੈ, ਤਾਂ ਉਸ ਅਧਿਕਾਰੀ ਦੁਆਰਾ ਇਕ ਵਿਕਰੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਜਿਸ ਉਤੇ 3 ਫ਼ੀਸਦੀ ਸਟੈਂਪ ਡਿਊਟੀ ਲਗਾਈ ਜਾਂਦੀ ਹੈ ਪਰ ਇਹ ਵਿਕਰੀ ਸਰਟੀਫਿਕੇਟ ਮੌਜੂਦਾ ਕਾਨੂੰਨ ਅਨੁਸਾਰ ਰਜਿਸਟਰਡ ਨਹੀਂ ਹੈ, ਇਸ ਲਈ ਆਮ ਤੌਰ ਉਤੇ ਅਜਿਹੇ ਵਿਕਰੀ ਸਰਟੀਫਿਕੇਟ 'ਤੇ ਨਾ ਤਾਂ ਸਟੈਂਪ ਡਿਊਟੀ ਅਦਾ ਕੀਤੀ ਜਾਂਦੀ ਹੈ ਅਤੇ ਨਾ ਹੀ ਇਹ ਰਜਿਸਟਰਡ ਹੁੰਦਾ ਹੈ। ਇਸੇ ਤਰ੍ਹਾਂ ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ, 2023 ਪਰਿਵਾਰਕ ਰਿਸ਼ਤਿਆਂ ਤੋਂ ਬਾਹਰ ਮੁਖ਼ਤਿਆਰਨਾਮੇ (ਪਾਵਰ ਆਫ਼ ਅਟਾਰਨੀ ) ਨਾਲ ਸਬੰਧਿਤ ਹੈ ਕਿਉਂਕਿ ਮੌਜੂਦਾ ਸਮੇਂ ਵਿਚ ਜ਼ਮੀਨ ਦੀ ਅਸਲ ਕੀਮਤ ਵਿਚਾਰੇ ਬਿਨਾਂ ਹੀ ਅਜਿਹੇ ਮੁਖ਼ਤਿਆਰਨਾਮੇ ਵਿਚ ਸਿਰਫ਼ 1000/ - ਰੁਪਏ ਤੋਂ 2000/- ਰੁਪਏ ਸਟੈਂਪ ਡਿਊਟੀ ਲਗਾਈ ਜਾਂਦੀ ਹੈ। ਇਸ ਸਹੂਲਤ ਦੀ ਦੁਰਵਰਤੋਂ ਕਰਕੇ, ਵਿਕਰੀ ਡੀਡ 'ਤੇ ਲਗਾਈ ਗਈ ਸਟੈਂਪ ਡਿਊਟੀ ਨੂੰ ਬਚਾਉਣ ਲਈ, ਅਕਸਰ ਜਾਇਦਾਦਾਂ ਨੂੰ ਪਾਵਰ ਆਫ਼ ਅਟਾਰਨੀ ਰਾਹੀਂ ਗੈਰ-ਕਾਨੂੰਨੀ ਤੌਰ ਉਤੇ ਵੇਚ ਦਿੱਤਾ ਜਾਂਦਾ ਹੈ ਜਦੋਂ ਕਿ ਪਾਵਰ ਆਫ਼ ਅਟਾਰਨੀ ਨੂੰ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ ਅਤੇ ਕਿਸੇ ਵੀ ਤਰੀਕੇ ਨਾਲ ਇਸ ਦੀ ਕਾਨੂੰਨੀ ਮਾਨਤਾ ਕਿਸੇ ਵੀ ਤਰ੍ਹਾਂ ਵਿਕਰੀ ਡੀਡ ਦੇ ਬਰਾਬਰ ਨਹੀਂ ਹੈ।



## ਭਗਵੰਤ ਮਾਨ ਰਾਜਪਾਲ ਦਾ ਨੇ ਧੰਨਵਾਦ ਕੀਤਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਤਿੰਨ ਬਿੱਲ ਪਾਸ ਕੀਤੇ ਜਾਣ ਉਤੇ ਰਾਜਪਾਲ ਦਾ ਧੰਨਵਾਦ ਕਰਦਿਆਂ ਆਸ ਪ੍ਰਗਟ ਕੀਤੀ ਹੈ ਕਿ ਰਾਜਪਾਲ ਬਾਕੀ ਬਿੱਲਾਂ ਨੂੰ ਵੀ ਜਲਦ ਮਨਜ਼ੂਰੀ ਦੇ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਨੇ ਵੱਡੇ ਜਨਤਕ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਇਹ ਬਿੱਲ ਪਾਸ ਕੀਤੇ ਹਨ ਅਤੇ ਰਾਜਪਾਲ ਦੀ ਪ੍ਰਵਾਨਗੀ ਨਾਲ ਇਹ ਯਕੀਨੀ ਬਣੇਗਾ ਕਿ ਇਨ੍ਹਾਂ ਨੂੰ ਸਹੀ ਅਰਥਾਂ ਵਿਚ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ 'ਜਦੋਂ ਜਾਗੋ, ਉਦੋਂ ਸਵੇਰਾ' ਅਤੇ ਰਾਜਪਾਲ ਦਾ ਫ਼ੈਸਲਾ ਸਵਾਗਤਯੋਗ ਕਦਮ ਹੈ।

# ਲੋਕਾਂ ਦੀ ਭਲਾਈ ਲਈ ਉਪਰਾਲੇ ਜਾਰੀ ਰੱਖਾਂਗੇ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ 6 ਜਨਵਰੀ ਨੂੰ ਲਗਾਏ ਗਏ ਵਿਸ਼ੇਸ਼ ਇੰਤਕਾਲ ਕੈਂਪਾਂ ਦੀ ਸਫ਼ਲਤਾ ਨੂੰ ਦੇਖਦਿਆਂ 15 ਜਨਵਰੀ ਨੂੰ ਮੁੜ ਵਿਸ਼ੇਸ਼ ਇੰਤਕਾਲ ਕੈਂਪ ਲਗਾਉਣ ਦਾ ਐਲਾਨ ਕੀਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਕੈਂਪਾਂ ਨੂੰ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਨ੍ਹਾਂ ਕੈਂਪਾਂ ਵਿਚ ਇੰਤਕਾਲ ਦੇ 31,000 ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ।

ਸੂਬਾ ਸਰਕਾਰ ਆਉਣ ਵਾਲੇ ਸਮੇਂ ਵਿਚ ਵੀ ਆਮ ਲੋਕਾਂ ਦੀ ਸਹੂਲਤ ਲਈ ਅਜਿਹੇ ਲੋਕ ਪੱਖੀ ਉਪਰਾਲੇ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ 15 ਜਨਵਰੀ ਨੂੰ ਸੂਬੇ ਭਰ ਵਿਚ ਅਜਿਹਾ ਕੈਂਪ ਲਗਾਇਆ ਜਾਵੇਗਾ ਤਾਂ ਕਿ ਬਕਾਇਆ ਕੇਸਾਂ ਦਾ ਵੀ ਨਿਪਟਾਰਾ ਕੀਤਾ ਜਾ ਸਕੇ। ਸ੍ਰੀ ਮਾਨ ਨੇ ਲੋਕਾਂ ਨੂੰ ਅਜਿਹੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਪੰਜਾਬ ਵਿਚ ਮਾਲ ਵਿਭਾਗ ਨੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਉਤੇ ਇਕ ਦਿਨ ਵਿਚ 31 ਹਜ਼ਾਰ 538 ਇੰਤਕਾਲ ਨਿਪਟਾ ਕੇ ਨਵੀਂ ਮਿਸਾਲ ਕਾਇਮ ਕੀਤੀ ਹੈ। ਦੂਜੇ ਪਾਸੇ ਕਰੀਬ ਡੇਢ ਸਾਲ ਤੋਂ ਸੂਬੇ ਵਿਚ ਲੱਖਾਂ ਦੀ ਗਿਣਤੀ ਵਿਚ ਬੰਦ ਪਏ 'ਫੈਕਸ ਐਂਟਰੀ ਇੰਤਕਾਲ' ਉਤੇ ਕਿਸਾਨ ਤੇ ਆਮ ਲੋਕ ਸੁਆਲ ਚੁੱਕ ਰਹੇ ਹਨ।



ਇੰਤਕਾਲਾਂ ਦੀਆਂ ਸ਼ਿਕਾਇਤਾਂ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੈਲਪਲਾਈਨ ਨੰਬਰ 8184900002 ਅਤੇ ਐਨ.ਆਰ.ਆਈਜ਼. ਲਈ 9464100168 ਨੰਬਰ ਜਾਰੀ ਕੀਤਾ ਹੈ।

## ਪੰਨੂ ਵੱਲੋਂ ਅੰਮ੍ਰਿਤਸਰ ਤੋਂ ਅਯੁੱਧਿਆ ਤੱਕ ਹਵਾਈ ਅੱਡੇ ਬੰਦ ਕਰਨ ਦਾ ਸੱਦਾ

**ਨਵੀਂ ਦਿੱਲੀ:** ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਨੇ 22 ਜਨਵਰੀ ਨੂੰ ਰਾਮ ਮੰਦਰ ਸਮਾਗਮ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਅਯੁੱਧਿਆ ਜਾਣ ਵਾਲੇ ਹਵਾਈ ਅੱਡੇ ਬੰਦ ਕਰਨ ਦਾ ਸੱਦਾ ਦਿੱਤਾ ਹੈ। ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਨੇ ਭਾਰਤ ਦੇ ਮੁਸਲਮਾਨਾਂ ਨੂੰ ਸਮਾਰੋਹ ਦਾ ਵਿਰੋਧ ਕਰਨ ਲਈ ਕਿਹਾ ਅਤੇ ਉਨ੍ਹਾਂ ਨੂੰ ਭਾਰਤ 'ਚੋਂ 'ਉਰਦੂਸਤਾਨ' ਬਣਾਉਣ ਦੀ ਅਪੀਲ ਕੀਤੀ। ਪੰਨੂ ਨੇ ਜਾਰੀ ਕੀਤੇ ਤਾਜ਼ਾ ਵੀਡੀਓ ਸੰਦੇਸ਼ ਵਿਚ ਕਿਹਾ, 'ਅੰਮ੍ਰਿਤਸਰ ਤੋਂ ਅਯੁੱਧਿਆ ਤੱਕ ਹਵਾਈ ਅੱਡੇ ਬੰਦ ਕਰੋ। ਹੁਣ ਸਮਾਂ ਆ ਗਿਆ ਹੈ, ਮੁਸਲਮਾਨੋ, ਤੁਸੀਂ ਭਾਰਤ 'ਚੋਂ ਇਕ ਦੇਸ਼ ਉਰਦੂਸਤਾਨ ਬਣਾਓ।'

# ਮੂਸੇਵਾਲਾ ਕਤਲ: ਦੀਪਕ ਟੀਨੂੰ ਮਾਮਲੇ 'ਚ ਚਲਾਨ ਪੇਸ਼ ਕਰਨ 'ਚ ਪੁਲਿਸ ਨਾਕਾਮ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁਲਜ਼ਮ ਦੀਪਕ ਟੀਨੂੰ ਦੇ ਸੀ.ਆਈ.ਏ. ਮਾਨਸਾ ਪੁਲਿਸ ਦੀ ਹਿਰਾਸਤ 'ਚ ਫਰਾਰ ਹੋਣ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਸੈਸ਼ਨ ਅਦਾਲਤ ਵਿਚ ਹਾਲੇ ਚਲਾਨ ਪੇਸ਼ ਨਹੀਂ ਕੀਤਾ।

ਮਾਨਸਾ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰਭੀ ਪਰਾਸ਼ਰ ਦੀ ਅਦਾਲਤ ਨੇ ਮਾਮਲੇ ਦੀ ਸੁਣਵਾਈ 20 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਮੂਸੇਵਾਲਾ ਕਤਲ ਕਾਂਡ ਦਾ ਮੁਲਜ਼ਮ ਦੀਪਕ ਉਰਫ ਟੀਨੂੰ ਪਹਿਲੀ ਅਕਤੂਬਰ 2022 ਨੂੰ ਮਾਨਸਾ ਪੁਲਿਸ ਦੇ ਸੀ.ਆਈ.ਏ. ਥਾਣੇ ਦੀ ਹਿਰਾਸਤ 'ਚੋਂ ਫ਼ਰਾਰ ਹੋ ਗਿਆ ਸੀ, ਜਿਸ ਕਰਕੇ ਪੁਲਿਸ ਨੇ ਸੀ.ਆਈ.ਏ. ਦੇ ਉਸ ਵੇਲੇ ਦੇ ਇੰਚਾਰਜ ਐਸ.ਆਈ. ਪ੍ਰਿਤਪਾਲ ਸਿੰਘ ਨੂੰ ਬਰਖ਼ਾਸਤ ਕਰ ਦਿੱਤਾ ਸੀ, ਜੋ ਸਿਟ ਦਾ ਮੈਂਬਰ ਵੀ ਸੀ। ਦਸੰਬਰ 2022 ਵਿਚ ਮਾਨਸਾ ਪੁਲਿਸ ਨੇ ਪ੍ਰਿਤਪਾਲ ਸਿੰਘ, ਦੀਪਕ ਟੀਨੂੰ, ਜਤਿੰਦਰ ਕੌਰ ਜੋਤੀ, ਕੁਲਦੀਪ ਸਿੰਘ ਉਰਫ਼ ਕੋਹਲੀ, ਰਾਜਵੀਰ ਕਜਾਮਾ, ਰਜਿੰਦਰ ਸਿੰਘ ਗੋਰਾ, ਬਿੱਟੂ ਸਿੰਘ, ਸਰਬਜੋਤ ਸਿੰਘ, ਚਿਰਾਗ ਅਤੇ ਸੁਨੀਲ ਲੋਹੀਆ ਖ਼ਿਲਾਫ਼ ਧਾਰਾ 222, 224 ਤਹਿਤ ਹੇਠਲੀ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਸੀ। ਉਨ੍ਹਾਂ ਖ਼ਿਲਾਫ਼ 225ਏ, 120ਬੀ, 212 ਅਤੇ 216 ਆਈ.ਪੀ.ਸੀ. ਅਤੇ ਆਰਮਜ਼ ਐਕਟ ਦੀ ਧਾਰਾ 25 ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਰੰਗਕਰਮੀ ਤਰਸੇਮ ਰਾਹੀ ਦਾ ਦੇਹਾਂਤ

**ਮਾਨਸਾ:** ਨਾਟਕਾਂ, ਪੰਜਾਬੀ ਫਿਲਮਾਂ ਤੇ ਟੀਵੀ ਸੀਰੀਅਲਾਂ ਵਿਚ ਭੂਮਿਕਾ ਨਿਭਾਅ ਚੁੱਕੇ ਮਾਨਸਾ ਵਾਸੀ ਰੰਗਕਰਮੀ ਤਰਸੇਮ ਰਾਹੀ ਦਾ ਦੇਹਾਂਤ ਹੋ ਗਿਆ। ਉਹ ਸਾਹ ਦੀ ਬਿਮਾਰੀ ਤੋਂ ਪੀੜਤ ਸਨ। ਮਾਲਵਾ ਖੇਤਰ ਵਿਚ ਦਹਾਕਿਆਂ ਬੱਧੀ ਲੋਕ-ਪੱਖੀ ਰੰਗ-ਮੰਚ ਕਰਨ ਵਾਲੇ ਤਰਸੇਮ ਰਾਹੀ ਨੇ ਟੇਸ਼ਨ, ਮੈਰਿਜ ਪੈਲੇਸ, ਪਾਕਿ ਮੁਹੱਬਤ ਨੂਰਾ, ਅਭਾਗਨ, ਟੈਲੀ ਫਿਲਮ ਟੇਪ ਰਿਕਾਰਡ ਅਤੇ ਨਾਟਕ ਕੁਰਸੀ ਨਾਚ ਨਚਾਏ, ਬੇਗਾਨੇ ਬੋਹੜ ਦੀ ਛਾਂ, ਨੰਨ੍ਹੀ ਪਰੀ, ਏਕਤਾ, ਹਸ਼ੌਤਾ ਆਦਿ ਵਿਚ ਕੰਮ ਕੀਤਾ ਹੈ। ਉਨ੍ਹਾਂ ਦੀ ਪਤਨੀ ਸੁਖਪਾਲ ਕੌਰ ਵੀ ਬਿਮਾਰ ਰਹਿੰਦੇ ਹਨ। ਤਰਸੇਮ ਰਾਹੀ ਨੇ ਪੂਰਾ ਜੀਵਨ ਤੰਗੀਆਂ-ਅਤੇ ਗੁਰਬਤ ਭਰੀ ਜ਼ਿੰਦਗੀ ਹੰਢਾਈ। ਉਨ੍ਹਾਂ ਦੇ ਦੇਹਾਂਤ ਉਤੇ ਅਦਾਰਾ ਸ਼ਹੀਦ ਭਗਤ ਸਿੰਘ ਕਲਾ ਮੰਚ, ਲੋਕ ਕਲਾ ਮੰਚ, ਪ੍ਰਗਤੀਸ਼ੀਲ ਲੇਖਕ ਸੰਘ ਮਾਨਸਾ, ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ, ਸ਼ਿਵ ਚਰਨ ਦਾਸ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਅਕਾਲੀ ਦਲ ਵੱਲੋਂ ਪਹਿਲੀ ਫਰਵਰੀ ਤੋਂ 'ਪੰਜਾਬ ਬਚਾਓ ਯਾਤਰਾ' ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਫਰਵਰੀ ਤੋਂ ਪੰਜਾਬ ਬਚਾਓ ਯਾਤਰਾ ਕੱਢਣ ਦਾ ਐਲਾਨ ਕੀਤਾ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ 'ਚ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਯਾਤਰਾ ਦਾ ਮਕਸਦ 'ਆਪ' ਸਰਕਾਰ ਵੱਲੋਂ ਹਰ ਮੁਹਾਜ਼ ਉਤੇ ਫੇਲ੍ਹ ਹੋਣ ਨੂੰ ਬੇਨਕਾਬ ਕਰਨਾ ਹੈ।

ਪਾਰਟੀ ਨੇ ਇਹ ਵੀ ਫੈਸਲਾ ਲਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 10 ਤੋਂ 16 ਜਨਵਰੀ ਤੱਕ ਸ੍ਰੀ ਆਨੰਦਪੁਰ ਸਾਹਿਬ ਤੋਂ ਸ੍ਰੀ ਤਲਵੰਡੀ ਸਾਬੋ ਤੱਕ 'ਆਪੇ ਗੁਰ ਚੇਲਾ ਨਗਰ ਕੀਰਤਨ' ਸਜਾਏਗੀ। ਅਕਾਲੀ ਦਲ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਕਿਸਾਨਾਂ, ਸਮਾਜ ਦੇ ਕਮਜ਼ੋਰ ਵਰਗਾਂ, ਉਦਯੋਗ ਤੇ ਵਪਾਰ, ਨੌਜਵਾਨਾਂ ਅਤੇ ਸਰਕਾਰੀ ਮੁਲਾਜ਼ਮਾਂ ਸਮੇਤ ਹਰੇਕ ਵਰਗ ਨਾਲ ਕੀਤੇ ਗਏ ਧੋਖੇ ਨੂੰ ਬੇਨਕਾਬ ਕੀਤਾ ਜਾਵੇਗਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਯਾਤਰਾ ਦੀ ਅਗਵਾਈ ਕਰਨਗੇ ਅਤੇ ਉਹ ਹਰ ਹਲਕੇ ਵਿਚ ਦੋ ਦਿਨ ਗੁਜ਼ਾਰਨ ਸਮੇਤ ਸਾਰੇ 117 ਹਲਕਿਆਂ ਨੂੰ ਕਵਰ ਕਰਨਗੇ। ਇਹ ਵੀ ਫੈਸਲਾ ਲਿਆ ਗਿਆ ਕਿ ਲੋਕਾਂ ਦੀਆਂ ਮੁਸ਼ਕਲਾਂ ਉਭਾਰਨ ਲਈ ਸਾਰੇ ਪ੍ਰਮੁੱਖ ਕਸਬਿਆਂ ਤੇ ਸ਼ਹਿਰਾਂ ਵਿਚ ਸੈਮੀਨਾਰ ਕਰਵਾਏ ਜਾਣਗੇ। ਸੈਮੀਨਾਰਾਂ 'ਚ ਪੰਜਾਬ ਨੂੰ ਉਸ ਦੀ ਰਾਜਧਾਨੀ ਅਤੇ ਦਰਿਆਈ ਪਾਣੀਆਂ ਤੋਂ ਵਿਰਵਾ ਕਰਨ ਸਮੇਤ ਹੋਰ ਮੁੱਦਿਆਂ ਉਤੇ ਵੀ ਚਰਚਾ ਕੀਤੀ ਜਾਵੇਗੀ। ਸੈਮੀਨਾਰ ਕਰਵਾਉਣ ਲਈ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ ਅਤੇ ਗੁਰਚਰਨ ਸਿੰਘ ਗਰੇਵਾਲ ਦੀ ਸ਼ਮੂਲੀਅਤ ਵਾਲੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਿਨ੍ਹਾਂ ਨੇ ਮੀਟਿੰਗ ਵਿਚ ਸ਼ਮੂਲੀਅਤ ਕੀਤੀ, ਨੇ ਦੱਸਿਆ ਕਿ ਐਸ.ਜੀ.ਪੀ.ਸੀ. ਵੱਲੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀ ਕੋਰ ਕਮੇਟੀ ਨੇ ਸ਼ਲਾਘਾ ਕੀਤੀ ਹੈ ਅਤੇ ਅਕਾਲੀ ਦਲ ਦੇ ਸਮੂਹ ਅਹੁਦੇਦਾਰਾਂ ਤੇ ਵਰਕਰਾਂ ਨੂੰ ਇਸ ਮਾਰਚ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਪਾਰਟੀ ਦੇ ਐਸ.ਸੀ. ਤੇ ਬੀ.ਸੀ. ਵਿੰਗਾਂ ਤੋਂ ਇਲਾਵਾ ਯੂਥ ਅਕਾਲੀ ਦਲ ਤੇ ਇਸਤਰੀ ਅਕਾਲੀ ਦਲ ਵੀ ਮਾਰਚ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਗੇ। ਇਸਤਰੀ ਅਕਾਲੀ ਦਲ 12 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਅਤੇ ਅਕਾਲੀ ਦਲ ਉਸੇ ਥਾਂ ਉਤੇ 14 ਜਨਵਰੀ ਨੂੰ ਕਾਨਫਰੰਸ ਕਰੇਗਾ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ, ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਸਾਰੇ ਮਾਮਲੇ ਦੀ ਘੋਖ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਹਿਲਾਂ ਹੀ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਿਰਾਂ ਨਾਲ ਰਾਏ-ਮਸ਼ਵਰਾ ਕੀਤਾ ਹੈ ਤੇ ਉਹ ਮਾਮਲੇ ਵਿਚ ਢੁਕਵੀਂ ਕਾਰਵਾਈ ਕਰਨਗੇ।



## ਯਾਤਰਾ ਦਾ ਨਾਂ 'ਅਕਾਲੀ ਦਲ ਤੋਂ ਬਚਾਅ ਲਓ ਯਾਤਰਾ' ਹੋਣਾ ਚਾਹੀਦੈ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਉਤੇ ਤਿੱਖਾ ਹਮਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੱਢੀ ਜਾਣ ਵਾਲੀ ਯਾਤਰਾ ਬਾਰੇ ਕਿਹਾ ਕਿ ਅਕਾਲੀਆਂ ਨੇ 15 ਸਾਲਾਂ ਦੇ ਕੁਸ਼ਾਸਨ ਦੌਰਾਨ ਪੰਜਾਬ ਨੂੰ ਲੁੱਟਿਆ ਹੈ, ਜਿਸ ਕਰਕੇ ਇਸ ਯਾਤਰਾ ਦਾ ਅਸਲ ਨਾਮ 'ਅਕਾਲੀ ਦਲ ਤੋਂ ਪੰਜਾਬ ਬਚਾਅ ਲਓ ਯਾਤਰਾ' ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਨੇ 15 ਸਾਲਾਂ ਦੇ ਹਨੇਰਗਰਦੀ ਅਤੇ ਬਦਅਮਨੀ ਵਾਲੇ ਸ਼ਾਸਨ ਦੌਰਾਨ ਸੂਬੇ ਦੇ ਵਸੀਲਿਆਂ ਉਤੇ ਡਾਕਾ ਮਾਰਿਆ ਅਤੇ ਪੰਜਾਬੀਆਂ ਦੇ ਦਿਲਾਂ ਨੂੰ ਡੂੰਘੇ ਜ਼ਖ਼ਮ ਦਿੱਤੇ।

# ਪੰਜਾਬ ਸਰਕਾਰ ਦੇ ਮਾਲੀਏ ਵਿਚ ਚੋਖਾ ਵਾਧਾ ਹੋਇਆ




**ਚੰਡੀਗੜ੍ਹ:** ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਹੈ ਕਿ ਸੂਬੇ ਨੇ ਵਿੱਤੀ ਸਾਲ 2022-23 ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੌਰਾਨ ਦਸੰਬਰ ਤੱਕ ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਤੋਂ ਮਾਲੀਏ ਵਿਚ ਸ਼ੁੱਧ 16.52 ਫੀਸਦ ਦੀ ਵਾਧਾ ਦਰ ਅਤੇ ਆਬਕਾਰੀ ਤੋਂ ਮਾਲੀਏ ਵਿਚ 10.4 ਫ਼ੀਸਦ ਵਾਧਾ ਹਾਸਲ ਕੀਤਾ ਹੈ।

ਸ੍ਰੀ ਚੀਮਾ ਨੇ ਦੱਸਿਆ ਕਿ ਵਿੱਤੀ ਸਾਲ 2023-24 ਵਿਚ ਦਸੰਬਰ ਤੱਕ ਸ਼ੁੱਧ ਜੀ.ਐਸ.ਟੀ. 15523.74 ਕਰੋੜ ਰੁਪਏ ਰਿਹਾ, ਜਦੋਂਕਿ ਵਿੱਤੀ ਸਾਲ 2022-23 ਦੀ ਇਸੇ ਮਿਆਦ ਦੌਰਾਨ 13322.59 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਇਸ ਵਿੱਤੀ ਵਰ੍ਹੇ ਦੌਰਾਨ ਹੁਣ ਤੱਕ ਜੀ.ਐਸ.ਟੀ. ਪ੍ਰਾਪਤੀ ਵਿਚ 2201.15 ਕਰੋੜ ਰੁਪਏ ਦਾ ਸ਼ੁੱਧ ਵਾਧਾ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 2022-23 ਵਿਚ ਦਸੰਬਰ ਤੱਕ ਆਬਕਾਰੀ ਤੋਂ ਮਾਲੀਆ 6050.7 ਕਰੋੜ ਰੁਪਏ ਸੀ, ਜਦੋਂਕਿ ਚਾਲੂ ਵਿੱਤੀ ਸਾਲ ਦੌਰਾਨ ਇਹ ਵਧ ਕੇ 6679.84 ਕਰੋੜ ਰੁਪਏ ਹੋ ਗਿਆ। ਆਬਕਾਰੀ ਤੋਂ ਪ੍ਰਾਪਤ ਮਾਲੀਏ ਵਿਚ 629.14 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ।

ਰਾਜ ਦੇ ਆਪਣੇ ਕਰ ਮਾਲੀਏ ਦੇ ਅੰਕੜਿਆਂ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਵਿੱਤੀ ਸਾਲ 2022-23 ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੌਰਾਨ ਦਸੰਬਰ ਤੱਕ ਵੈਟ, ਸੀ.ਐਸ.ਟੀ, ਜੀ.ਐਸ.ਟੀ, ਪੀ.ਐਸ.ਡੀ.ਟੀ. ਅਤੇ ਆਬਕਾਰੀ ਤੋਂ ਪ੍ਰਾਪਤ ਕੁੱਲ ਮਾਲੀਏ ਵਿਚ 14.15 ਫ਼ੀਸਦੀ ਦੀ ਵਾਧਾ ਦਰ ਹਾਸਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਵੈਟ, ਸੀ.ਐਸ.ਟੀ. ਅਤੇ ਪੀ.ਐਸ.ਡੀ.ਟੀ. ਤੋਂ ਮਾਲੀਆ ਪ੍ਰਾਪਤੀ ਵਿਚ ਕ੍ਰਮਵਾਰ 12 ਫ਼ੀਸਦ, 26.8 ਫ਼ੀਸਦ ਅਤੇ 5.24 ਫ਼ੀਸਦ ਦੀ ਵਿਕਾਸ ਦਰ ਹਾਸਲ ਕੀਤੀ ਗਈ। ਉਨ੍ਹਾਂ ਕਿਹਾ ਕਿ ਪਿਛਲੇ 9 ਮਹੀਨਿਆਂ ਦੌਰਾਨ ਰਾਜ ਦਾ ਕੁੱਲ ਆਪਣਾ ਕਰ ਮਾਲੀਆ 27931. 16 ਕਰੋੜ ਰੁਪਏ ਰਿਹਾ ਜੋ ਸਾਲ 2022 ਦੀ ਇਸੇ ਮਿਆਦ ਦੌਰਾਨ 24468.14 ਕਰੋੜ ਰੁਪਏ ਸੀ।

## ਅਣਵਰਤੇ ਫੰਡ ਜਲਦੀ ਖਰਚਣ ਦੇ ਨਿਰਦੇਸ਼

**ਚੰਡੀਗੜ੍ਹ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਇੱਥੇ ਮਿਉਂਸਿਪਲ ਭਵਨ ਵਿਚ ਵਿਕਾਸ ਕਾਰਜਾਂ ਸਬੰਧੀ ਵੱਖ-ਵੱਖ ਮੁੱਦਿਆਂ ਉਤੇ ਵਿਧਾਇਕਾਂ ਦੀ ਹਾਜ਼ਰੀ ਵਿਚ ਮੁੱਖ ਦਫ਼ਤਰ ਦੇ ਅਧਿਕਾਰੀਆਂ ਅਤੇ ਖੇਤਰੀ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਕੀਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਲਈ ਵੱਖ-ਵੱਖ ਸਕੀਮਾਂ ਅਧੀਨ ਅਣਵਰਤੇ ਫੰਡਾਂ ਨੂੰ ਜਲਦੀ ਤੋਂ ਜਲਦੀ ਜਾਰੀ ਹਦਾਇਤਾਂ ਅਨੁਸਾਰ ਲੋਕਾਂ ਦੀ ਭਲਾਈ ਲਈ ਖਰਚ ਕੀਤਾ ਜਾਵੇ। ਮੰਤਰੀ ਵੱਲੋਂ ਸਵੱਛ ਭਾਰਤ ਮਿਸ਼ਨ ਅਤੇ ਅਮਰੁੱਤ ਮਿਸ਼ਨ ਅਧੀਨ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਸਬੰਧੀ ਚਰਚਾ ਕੀਤੀ ਗਈ।

## ਚੋਣਾਂ ਕਰ ਕੇ ਮਹੀਨਾ ਪਹਿਲਾਂ ਹੋਣਗੀਆਂ ਬੋਰਡ ਦੀਆਂ ਪ੍ਰੀਖਿਆਵਾਂ

**ਲੁਧਿਆਣਾ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲੋਕ ਸਭਾ ਚੋਣਾਂ ਕਰ ਕੇ ਇਸ ਵਾਰ ਬੋਰਡ ਦੀਆਂ ਪ੍ਰੀਖਿਆਵਾਂ ਇਕ ਮਹੀਨਾ ਪਹਿਲਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਹੁਣ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਜਿਸ ਕਰ ਕੇ 6 ਫਰਵਰੀ ਤੋਂ ਬੱਚਿਆਂ ਦੇ ਪੇਪਰ ਸ਼ੁਰੂ ਹੋ ਜਾਣਗੇ। ਇਸ ਵਾਰ ਮੈਰੀਟੋਰੀਅਸ ਤੇ ਸਕੂਲ ਆਫ ਐਮੀਨੈਂਸ ਦੇ ਪੇਪਰ ਇਕੱਠੇ ਹੋਣਗੇ। ਸਕੂਲ ਆਫ ਐਮੀਨੈਂਸ ਤੇ ਮੈਰੀਟੋਰੀਅਸ ਦੇ ਬੱਚਿਆਂ ਨੂੰ ਬਰਾਬਰ ਸਹੂਲਤਾਂ ਮਿਲਣਗੀਆਂ। ਬੈਂਸ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ ਨਾਲੋਂ ਵਧੀਆ ਸਹੂਲਤਾਂ ਅੱਜ ਸਰਕਾਰੀ ਸਕੂਲਾਂ 'ਚ ਮਿਲ ਰਹੀਆਂ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ। 17.5 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ ਦੇ ਜਵਾਹਰ ਨਗਰ ਸਕੂਲ ਦੀ ਹਾਲਤ ਸੁਧਾਰੀ ਜਾ ਰਹੀ ਹੈ।



# ਪਾਣੀਆਂ ਬਾਰੇ ਪੰਜਾਬ ਦੀ ਪਟੀਸ਼ਨ 'ਤੇ ਸੁਣਵਾਈ ਮਈ ਤੱਕ ਮੁਲਤਵੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਦਿੱਲੀ ਦੇ ਐਨ.ਸੀ.ਟੀ. ਵਿਚਕਾਰ ਪਾਣੀ ਦੇ ਵਿਵਾਦ ਨੂੰ ਅੰਤਰਰਾਜੀ ਜਲ ਵਿਵਾਦ ਟ੍ਰਿਬਿਊਨਲ ਨੂੰ ਭੇਜਣ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਕਰਨ ਵਾਲੇ ਪੰਜਾਬ ਸਰਕਾਰ ਦੇ ਅਸਲ ਮੁਕੱਦਮੇ ਉਤੇ ਸੁਣਵਾਈ ਮਈ ਤੱਕ ਮੁਲਤਵੀ ਕਰ ਦਿੱਤੀ ਹੈ।

ਪੰਜਾਬ ਸਰਕਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਮੌਜੂਦਾ ਵਿਵਾਦ ਗੱਲਬਾਤ ਰਾਹੀਂ ਨਹੀਂ ਸੁਲਝਾਇਆ ਜਾ ਸਕਦਾ, ਇਸ ਲਈ ਸਰਕਾਰ ਚਾਹੁੰਦੀ ਹੈ ਕਿ ਇਨ੍ਹਾਂ ਰਾਜਾਂ ਵਿਚਕਾਰ ਪਾਣੀ ਦੇ ਵਿਵਾਦ ਨੂੰ ਖੇਤੀਬਾੜੀ ਅਤੇ ਹੋਰ ਉਦੇਸ਼ਾਂ ਲਈ ਸਬੰਧਤ ਰਾਜਾਂ 'ਚ ਪਾਣੀ ਦੀ ਉਪਲੱਬਧਤਾ ਅਤੇ ਪਾਣੀ ਦੀਆਂ ਲੋੜਾਂ ਦਾ ਮੁੜ ਮੁਲਾਂਕਣ ਕਰਨ ਤੋਂ ਬਾਅਦ ਮਾਮਲਾ ਫੈਸਲੇ ਲਈ ਟ੍ਰਿਬਿਊਨਲ ਕੋਲ ਭੇਜਿਆ ਜਾਵੇ।

ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੇ ਬੈਂਚ ਨੇ 5 ਫਰਵਰੀ 2015 ਨੂੰ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਦਿੱਲੀ ਵਿਚਕਾਰ ਪਾਣੀ ਦੇ ਵਿਵਾਦ ਬਾਰੇ ਪੰਜਾਬ ਵੱਲੋਂ ਦਾਇਰ ਬੁਨਿਆਦੀ ਮੁਕੱਦਮੇ ਉਤੇ ਸੁਣਵਾਈ ਨੂੰ ਮਈ ਤੱਕ ਮੁਲਤਵੀ ਕਰ ਦਿੱਤਾ ਹੈ। ਇਸ ਮੁਕੱਦਮੇ 'ਚ ਮੰਗ ਕੀਤੀ ਗਈ ਹੈ ਕਿ ਮਸਲੇ ਦਾ ਹੱਲ ਲੱਭਣ ਲਈ ਅੰਤਰਰਾਜੀ ਦਰਿਆਈ ਪਾਣੀ ਵਿਵਾਦ ਐਕਟ, 1956 ਦੀ ਧਾਰਾ 4 ਦੇ ਤਹਿਤ 'ਉਚਿਤ ਟ੍ਰਿਬਿਊਨਲ' ਗਠਿਤ ਕਰਨ ਦੇ ਨਿਰਦੇਸ਼ ਦਿੱਤਾ ਜਾਵੇ। ਹਾਲਾਤ ਵਿਚ ਤਬਦੀਲੀ ਦੇ ਮੱਦੇਨਜ਼ਰ ਪੰਜਾਬ ਰਾਵੀ-ਬਿਆਸ ਦੇ ਪਾਣੀਆਂ ਦੀ ਨਵੇਂ ਸਿਰਿਓਂ ਵੰਡ ਚਾਹੁੰਦਾ ਸੀ, ਜਿਸ ਵਿਚ ਇਹ ਸਵਾਲ ਵੀ ਸ਼ਾਮਲ ਹੈ ਕਿ ਕੀ ਹਰਿਆਣਾ ਅਤੇ ਰਾਜਸਥਾਨ ਰਿਪੇਰੀਅਨ ਰਾਜ ਹਨ ਜਾਂ ਨਹੀਂ।



ਸੰਖੇਪ ਸੁਣਵਾਈ ਦੌਰਾਨ ਪੰਜਾਬ ਦੀ ਨੁਮਾਇੰਦਗੀ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਅਤੇ ਐਡਵੋਕੇਟ ਜੇ.ਐਸ. ਗਿੱਲ ਨੇ ਕੀਤੀ ਜਦੋਂਕਿ ਹਰਿਆਣਾ ਦੀ ਨੁਮਾਇੰਦਗੀ ਸੀਨੀਅਰ ਵਕੀਲ ਸ਼ਿਆਮ ਦੀਵਾਨ ਅਤੇ ਵਧੀਕ ਐਡਵੋਕੇਟ ਜਨਰਲ ਲੋਕੇਸ਼ ਸਿੰਹਲ ਨੇ ਕੀਤੀ। ਦੱਸਣਯੋਗ ਹੈ ਕਿ 12 ਮਈ 1994 ਨੂੰ ਹੋਏ ਯਮੁਨਾ ਸਮਝੌਤੇ ਵੇਲੇ ਹਰਿਆਣਾ ਨੂੰ 4.65 ਐਮ.ਏ.ਐਫ. ਪਾਣੀ ਦਿੱਤਾ ਗਿਆ ਸੀ। ਪੰਜਾਬ 'ਚ ਪਹਿਲਾਂ 17.17 ਐਮ.ਏ.ਐਫ. ਪਾਣੀ ਸੀ ਜੋ ਮੌਸਮ ਦੇ ਬਦਲਾਅ ਅਤੇ ਹੋਰ ਕਾਰਨਾਂ ਕਰਕੇ 16 ਫੀਸਦੀ ਘੱਟ ਕੇ 14.37 ਐਮ.ਏ.ਐਫ. ਰਹਿ ਗਿਆ ਹੈ।

## ਸਿੱਖਿਆ ਬੋਰਡ ਦੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਹੋਣ ਦੀ ਆਸ ਬੱਝੀ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਕੰਟਰੈਕਟ, ਡੇਲੀਵੇਜ਼ ਕਰਮਚਾਰੀਆਂ ਨੂੰ ਰੈਗੂਲਰ ਹੋਣ ਦੀ ਆਸ ਬੱਝ ਗਈ ਹੈ। ਯੂਨੀਅਨ ਦੇ ਪ੍ਰਧਾਨ ਰਾਜ ਕੁਮਾਰ ਦੀ ਅਗਵਾਈ ਹੇਠ ਵਫ਼ਦ ਨੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਬੋਰਡ ਵਿਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ 525 ਕੰਟਰੈਕਟ, ਡੇਲੀਵੇਜ਼ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਮੰਗ ਪੱਤਰ ਦਿੱਤਾ। ਮੰਤਰੀ ਨੇ ਕੱਚੇ ਮੁਲਾਜ਼ਮਾਂ ਨੂੰ ਨਿਯਮਾਂ ਤਹਿਤ ਪੱਕੇ ਕਰਨ ਦਾ ਭਰੋਸਾ ਦਿੱਤਾ। ਜੌੜਾਮਾਜਰਾ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਜੋ 10 ਸਾਲਾ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਸੀ, ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਕੰਮ ਕਰਦੇ ਕੰਟਰੈਕਟ, ਡੇਲੀਵੇਜ਼ ਕਰਮਚਾਰੀਆਂ ਉਤੇ ਲਾਗੂ ਕਰਵਾਉਣ ਲਈ ਆਉਂਦੇ ਦਿਨਾਂ ਵਿਚ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਰੇ ਕੱਚੇ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣਗੀਆਂ।

# ਪਰਵਿੰਦਰ ਕੌਰ ਐਨ.ਆਰ.ਆਈ. ਸਭਾ ਦੀ ਪ੍ਰਧਾਨ ਬਣੇ

**ਜਲੰਧਰ:** ਐਨ.ਆਰ.ਆਈ. ਸਭਾ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਵੋਟਿੰਗ ਹੋਈ। ਸਭਾ ਦੇ ਕੁੱਲ 23 ਹਜ਼ਾਰ 600 ਐਨ.ਆਰ.ਆਈ. ਵੋਟਰਾਂ ਵਿਚੋਂ ਸਿਰਫ 168 ਵੋਟਰ ਹੀ ਆਪਣੀ ਵੋਟ ਪਾਉਣ ਲਈ ਆਏ। ਨਤੀਜਾ ਆਉਣ ਤੋਂ ਪਹਿਲਾਂ ਕਮਲਜੀਤ ਹੇਅਰ, ਜਸਬੀਰ ਗਿੱਲ ਅਤੇ ਪਰਵਿੰਦਰ ਕੌਰ ਦੇ ਨਾਂ ਪ੍ਰਧਾਨ ਬਣਨ ਦੀ ਦੌੜ ਵਿਚ ਸ਼ਾਮਲ ਸਨ। ਸ਼ਾਮ ਕਰੀਬ 6 ਵਜੇ ਐਲਾਨੇ ਨਤੀਜੇ ਤਹਿਤ ਪਰਵਿੰਦਰ ਕੌਰ ਨੂੰ ਜੇਤੂ ਐਲਾਨਿਆ ਗਿਆ। ਪਰਵਿੰਦਰ ਕੌਰ ਕਰੀਬ 147 ਵੋਟਾਂ ਨਾਲ ਜੇਤੂ ਰਹੀ ਜਦੋਂਕਿ ਉਨ੍ਹਾਂ ਦੇ ਵਿਰੋਧੀ ਗਿੱਲ ਨੂੰ ਸਿਰਫ 12 ਵੋਟਾਂ ਮਿਲੀਆਂ। ਇਸ ਦੇ ਨਾਲ ਹੀ ਸੱਤ ਵੋਟਾਂ ਰੱਦ ਕਰ ਦਿੱਤੀਆਂ ਗਈਆਂ।



ਵੋਟਾਂ ਦੀ ਗਿਣਤੀ ਤੋਂ ਬਾਅਦ ਸ਼ਾਮ ਤਕਰੀਬਨ 6 ਵਜੇ ਨਵੇਂ ਸਭਾ ਦੇ ਨਵੇਂ ਪ੍ਰਧਾਨ ਦਾ ਐਲਾਨ ਕਰ ਦਿੱਤਾ ਗਿਆ। ਬਾਅਦ ਦੁਪਹਿਰ ਵੋਟਿੰਗ ਦੌਰਾਨ ਹੰਗਾਮਾ ਵੀ ਹੋਇਆ। ਜਸਬੀਰ ਸਿੰਘ ਗਿੱਲ ਸਾਥੀਆਂ ਸਣੇ ਐਨ.ਆਰ.ਆਈ. ਸਭਾ ਦੇ ਦਫ਼ਤਰ ਦੇ ਬਾਹਰ ਧਰਨੇ ਉਤੇ ਬੈਠ ਗਏ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਮਿਲੀਭੁਗਤ ਨਾਲ ਚੋਣ ਪ੍ਰਕਿਰਿਆ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਜਸਬੀਰ ਸਿੰਘ ਗਿੱਲ ਨੇ ਕਿਹਾ ਕਿ ਸਿਰਫ ਉਹੀ ਵੋਟਾਂ ਪਾਈਆਂ ਜਾ ਰਹੀਆਂ ਹਨ, ਜੋ ਜਲੰਧਰ ਨਾਲ ਸਬੰਧਤ ਹਨ। ਗਿੱਲ ਧੜੇ ਨੇ ਵੀ ਚੋਣਾਂ ਦੌਰਾਨ ਵੋਟਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਵੋਟਰਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਲਾਈਫਟਾਈਮ ਮੈਂਬਰਸ਼ਿਪ ਹੈ ਪਰ ਫਿਰ ਵੀ ਉਨ੍ਹਾਂ ਨੂੰ ਵੋਟ ਨਹੀਂ ਪਾਉਣ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੋਟਿੰਗ ਸਮੇਂ ਪਾਸਪੋਰਟ ਜ਼ਰੂਰੀ ਕਰ ਦਿੱਤਾ ਗਿਆ ਹੈ ਜਿਸ ਕਾਰਨ ਪਿੰਡਾਂ ਤੋਂ ਆਏ ਵੋਟਰ ਵੋਟ ਪਾਉਣ ਤੋਂ ਵਾਂਝੇ ਰਹਿ ਗਏ।

## ਪਰਵਾਸੀ ਭਾਰਤੀਆਂ ਦੀ ਭਲਾਈ ਲਈ ਵਚਨਬੱਧ: ਧਾਲੀਵਾਲ

**ਚੰਡੀਗੜ੍ਹ:** ਪੰਜਾਬ ਦੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੀ ਭਲਾਈ ਲਈ ਵਚਨਬੱਧ ਹੈ। ਪਰਮਿੰਦਰ ਕੌਰ ਬੰਗਾ ਨੂੰ ਮੁਬਾਰਕਬਾਦ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਭਾ ਦੀ ਸਰਗਰਮੀ ਨਾਲ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਨੂੰ ਦਰਪੇਸ਼ ਮਾਮਲਿਆਂ ਨੂੰ ਪਹਿਲ ਨਾਲ ਹੱਲ ਕਰ ਸਕੇਗੀ।

# ਪੰਜਾਬ ਸਰਕਾਰ ਨੇ ਘੋੜਿਆਂ ਦੇ ਮੇਲਿਆਂ ਤੋਂ ਪਾਬੰਦੀ ਹਟਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਘੋੜਿਆਂ ਦੇ ਮੇਲਿਆਂ ਉਤੇ ਲਗਾਈ ਪਾਬੰਦੀ ਹਟਾ ਦਿੱਤੀ ਹੈ ਜਿਸ ਮਗਰੋਂ ਮਾਘੀ ਮੇਲੇ ਦੌਰਾਨ ਮੁਕਤਸਰ ਵਿਚ ਲੱਗਣ ਵਾਲੇ ਘੋੜਿਆਂ ਦੇ ਮੇਲੇ ਲਈ ਰਾਹ ਪੱਧਰਾ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਚ ਘੋੜਿਆਂ ਨੂੰ 'ਗਲੈਂਡਰ' ਨਾਂ ਦੀ ਬਿਮਾਰੀ ਹੋਣ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਸੂਬਾ ਸਰਕਾਰ ਨੇ ਘੋੜਿਆਂ ਦੇ ਮੇਲੇ ਉਤੇ ਪਾਬੰਦੀ ਲਗਾ ਦਿੱਤੀ ਸੀ।

ਏਸ਼ੀਆ ਦਾ ਸਭ ਤੋਂ ਵੱਡਾ ਘੋੜਿਆਂ ਦਾ ਮੇਲਾ ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ ਦੌਰਾਨ ਲੱਗਦਾ ਹੈ ਜਿੱਥੇ ਦੂਸਰੇ ਸੂਬਿਆਂ ਤੋਂ ਵੀ ਘੋੜੇ ਆਉਂਦੇ ਹਨ। ਪਸ਼ੂ ਪਾਲਣ ਅਤੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਕਰਨ ਮਗਰੋਂ ਪੰਜਾਬ ਵਿਚ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੱਡ ਕੇ ਘੋੜਿਆਂ ਦੇ ਮੇਲੇ ਉਤੇ ਲਗਾਈ ਪਾਬੰਦੀ ਹਟਾਉਣ ਦਾ ਫੈਸਲਾ ਲਿਆ ਹੈ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਮਈ 2023 ਵਿਚ ਸਭ ਤੋਂ ਪਹਿਲਾਂ ਘੋੜਿਆਂ ਵਿਚ 'ਗਲੈਂਡਰ' ਨਾਂ ਦੀ ਬਿਮਾਰੀ ਦੇ ਕੇਸ ਬਠਿੰਡਾ ਜ਼ਿਲ੍ਹੇ ਦੇ ਪਿੰਡ ਲਹਿਰਾ ਮੁਹੱਬਤ ਵਿਚ ਮਿਲੇ ਸਨ ਜਿੱਥੇ ਇਕ ਘੋੜੇ ਦੀ ਮੌਤ ਹੋ ਗਈ ਸੀ ਜਦਕਿ ਘੋੜੇ ਦੇ ਮਾਲਕ ਨੇ ਦੋ ਘੋੜੇ ਗਾਇਬ ਕਰ ਦਿੱਤੇ ਸਨ। ਇਸ ਮਗਰੋਂ ਘੋੜਾ ਮਾਲਕ ਖ਼ਿਲਾਫ਼ ਕੇਸ ਵੀ ਦਰਜ ਹੋਇਆ ਸੀ। ਬਾਅਦ ਵਿਚ ਗਾਇਬ ਘੋੜੇ ਫ਼ਿਰੋਜ਼ਪੁਰ 'ਚੋਂ ਮਿਲੇ ਸਨ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਸੀ। 'ਗਲੈਂਡਰ' ਬਿਮਾਰੀ ਦੇ ਕੇਸ ਬਠਿੰਡਾ ਤੋਂ ਇਲਾਵਾ ਲੁਧਿਆਣਾ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿਚ ਵੀ ਮਿਲੇ ਸਨ।



ਪਸ਼ੂ ਪਾਲਣ ਮੰਤਰੀ ਨੇ ਦੱਸਿਆ ਕਿ ਬਠਿੰਡਾ, ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਘੋੜਿਆਂ ਦੀ ਲਗਾਤਾਰ ਜਾਂਚ ਕਰਵਾਈ ਗਈ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿਚ ਹੁਣ ਕੋਈ ਕੇਸ ਪਾਜ਼ੇਟਿਵ ਨਹੀਂ ਆਇਆ ਹੈ ਜਦਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਟੈਸਟਿੰਗ ਹਾਲੇ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਛੱਡ ਕੇ ਬਾਕੀ ਪੰਜਾਬ ਵਿਚ ਘੋੜਿਆਂ ਦੇ ਮੇਲਿਆਂ ਅਤੇ ਮੰਡੀਆਂ ਤੋਂ ਪਾਬੰਦੀ ਹਟਾ ਲਈ ਗਈ ਹੈ। ਇਨ੍ਹਾਂ ਮੇਲਿਆਂ ਲਈ ਸ਼ਰਤਾਂ ਸਮੇਤ ਪ੍ਰਵਾਨਗੀ ਦਿੱਤੀ ਜਾਵੇਗੀ। ਪ੍ਰਾਪਤ ਵੇਰਵਿਆਂ ਅਨੁਸਾਰ ਮੇਲੇ ਵਿਚ ਸ਼ਾਮਲ ਹੋਣ ਵਾਲੇ ਹਰੇਕ ਘੋੜੇ ਲਈ 'ਗਲੈਂਡਰ' ਨਾਂ ਦੀ ਬਿਮਾਰੀ ਦੇ ਨੈਗੇਟਿਵ ਹੋਣ ਦੀ ਰਿਪੋਰਟ ਲਾਜ਼ਮੀ ਕੀਤੀ ਗਈ ਹੈ। ਮੇਲਿਆਂ ਦੇ ਦਾਖ਼ਲਾ ਗੇਟਾਂ ਉਤੇ ਪਸ਼ੂ ਪਾਲਣ ਵਿਭਾਗ ਦੇ ਮਾਹਿਰਾਂ ਦੀਆਂ ਟੀਮਾਂ ਹਾਜ਼ਰ ਰਹਿਣਗੀਆਂ ਜੋ ਕਿ ਘੋੜਿਆਂ ਦੀ ਫ਼ਿਜ਼ੀਕਲ ਜਾਂਚ ਕਰਨਗੀਆਂ। ਦੱਸਣਯੋਗ ਹੈ ਕਿ ਪੰਜਾਬ ਵਿਚ ਮੁਕਤਸਰ ਤੋਂ ਇਲਾਵਾ ਘੋੜਿਆਂ ਦੇ ਮੇਲੇ ਨਾਭਾ ਤੇ ਜਗਰਾਉਂ ਵਿਚ ਵੀ ਲੱਗਦੇ ਹਨ ਜਿੱਥੇ ਘੋੜਿਆਂ ਦੀ ਕਰੋੜਾਂ ਰੁਪਏ ਦੀ ਖ਼ਰੀਦੋ-ਫ਼ਰੋਖ਼ਤ ਹੁੰਦੀ ਹੈ। ਗੁਆਂਢੀ ਸੂਬੇ ਰਾਜਸਥਾਨ ਵਿਚ ਵੀ ਪੁਸ਼ਕਰ ਮੇਲਾ ਲੱਗ ਚੁੱਕਾ ਹੈ ਅਤੇ ਹਨੂੰਮਾਨਗੜ੍ਹ ਵਿੱਚ ਵੀ ਦਸੰਬਰ ਮਹੀਨੇ ਵਿੱਚ ਘੋੜਿਆਂ ਦਾ ਮੇਲਾ ਲੱਗਿਆ ਹੈ।

# ਭਾਰਤ ਅਤੇ ਨੇਪਾਲ ਵੱਲੋਂ ਬਿਜਲੀ ਸਮਝੌਤੇ ਸਹੀਬੰਦ

**ਕਾਠਮੰਡੂ:** ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਦੀ ਦੋ ਰੋਜ਼ਾ ਫੇਰੀ ਦੌਰਾਨ ਨੇਪਾਲ ਨੇ ਭਾਰਤ ਨੂੰ 10,000 ਮੈਗਾਵਾਟ ਬਿਜਲੀ ਬਰਾਮਦ ਕਰਨ, ਨਵਿਆਉਣਯੋਗ ਊਰਜਾ ਵਿਚ ਸਹਿਯੋਗ ਲਈ ਐਮ.ਓ.ਯੂ. ਤੇ ਤਿੰਨ ਸਰਹੱਦ-ਪਾਰ ਟਰਾਂਸਮਿਸ਼ਨ ਲਾਈਨਾਂ ਲਈ ਬਿਜਲੀ ਸਮਝੌਤੇ ਸਹੀਬੰਦ ਕੀਤੇ ਹਨ।

ਨੇਪਾਲ ਵੱਲੋਂ ਅਗਲੇ ਦਸ ਸਾਲਾਂ ਵਿਚ ਭਾਰਤ ਨੂੰ 10,000 ਮੈਗਾਵਾਟ ਬਿਜਲੀ ਬਰਾਮਦ ਕੀਤੇ ਜਾਣ ਸਬੰਧੀ ਸਮਝੌਤਾ ਇਥੇ ਨੇਪਾਲ-ਇੰਡੀਆ ਜੁਆਇੰਟ ਕਮਿਸ਼ਨ ਦੀ 7ਵੀਂ ਮੀਟਿੰਗ ਦੌਰਾਨ ਸਿਰੇ ਚੜ੍ਹਿਆ। ਨੇਪਾਲ ਦੇ ਊਰਜਾ ਸਕੱਤਰ ਗੋਪਾਲ ਸਿਗਡੇਲ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਪੰਕਜ ਅਗਰਵਾਲ ਨੇ ਜੈਸ਼ੰਕਰ ਤੇ ਨੇਪਾਲ ਦੇ ਊਰਜਾ, ਜਲ ਸਰੋਤ ਤੇ ਸਿੰਜਾਈ ਮੰਤਰੀ ਸ਼ਕਤੀ ਬਹਾਦੁਰ ਬਾਸਨੇਟ ਦੀ ਮੌਜੂਦਗੀ 'ਚ ਦੁਵੱਲੇ ਕਰਾਰ ਉਤੇ ਸਹੀ ਪਾਈ। ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ ਪ੍ਰਚੰਡਾ ਦੀ ਪਿਛਲੇ ਸਾਲ ਭਾਰਤ ਫੇਰੀ ਦੌਰਾਨ ਬਿਜਲੀ ਬਰਾਮਦ ਸਮਝੌਤੇ ਨੂੰ ਲੈ ਕੇ ਸਹਿਮਤੀ ਬਣੀ ਸੀ। ਕਰਾਰ ਤਹਿਤ ਨੇਪਾਲ ਹੁਣ ਮੌਜੂਦਾ 450 ਮੈਗਾਵਾਟ ਦੀ ਥਾਂ ਅਗਲੇ ਇਕ ਦਹਾਕੇ ਤੱਕ



10,000 ਮੈਗਾਵਾਟ ਬਿਜਲੀ ਭਾਰਤ ਨੂੰ ਬਰਾਮਦ ਕਰੇਗਾ। ਦੋਵਾਂ ਮੁਲਕਾਂ ਨੇ ਨਵਿਆਉਣਯੋਗ ਊਰਜਾ 'ਚ ਸਹਿਯੋਗ ਲਈ ਵੀ ਸਮਝੌਤਾ ਕੀਤਾ, ਜਿਸ ਉਤੇ ਨੇਪਾਲ ਇਲੈਕਟ੍ਰੀਸਿਟੀ ਅਥਾਰਿਟੀ (ਐਨ.ਈ.ਏ.) ਤੇ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨ.ਟੀ.ਪੀ.ਸੀ.) ਲਿਮਟਿਡ ਇੰਡੀਆ ਨੇ ਸਹੀ ਪਾਈ।

ਇਸ ਤੋਂ ਪਹਿਲਾਂ ਜੈਸ਼ੰਕਰ ਨੇਪਾਲ ਦੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਤੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ 'ਪ੍ਰਚੰਡ' ਨੂੰ ਮਿਲੇ। ਦੋਵਾਂ ਧਿਰਾਂ ਨੇ ਵੱਖ ਵੱਖ ਪਹਿਲੂਆਂ ਉਤੇ ਅਧਾਰਿਤ ਪ੍ਰਚੀਨ ਭਾਰਤ-ਨੇਪਾਲ ਰਿਸ਼ਤਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜੈਸ਼ੰਕਰ, ਜੋ ਨਵੇਂ ਸਾਲ ਵਿਚ ਆਪਣੀ ਪਹਿਲੀ ਵਿਦੇਸ਼ ਯਾਤਰਾ ਤਹਿਤ ਨੇਪਾਲ ਪੁੱਜੇ ਹਨ, ਪ੍ਰਧਾਨ ਮੰਤਰੀ ਪ੍ਰਚੰਡਾ ਨੂੰ ਉਨ੍ਹਾਂ ਦੇ ਦਫ਼ਤਰ ਸਿੰਘਦਰਬਾਰ ਵਿਚ ਮਿਲੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਭ ਕਾਮਨਾਵਾਂ ਦਿੱਤੀਆਂ।

### ਨੇਪਾਲ ਨੂੰ 7.5 ਕਰੋੜ ਡਾਲਰ ਦਾ ਵਿੱਤੀ ਪੈਕੇਜ ਦੇਵੇਗਾ ਭਾਰਤ: ਜੈਸ਼ੰਕਰ

**ਕਾਠਮੰਡੂ:** ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਕਿਹਾ ਕਿ ਭਾਰਤ ਭੂਚਾਲ ਦੇ ਝੰਬੇ ਗੁਆਂਢੀ ਮੁਲਕ ਨੇਪਾਲ ਨੂੰ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਲਈ 7.5 ਕਰੋੜ ਅਮਰੀਕੀ ਡਾਲਰ ਦਾ ਵਿੱਤੀ ਪੈਕੇਜ ਦੇਵੇਗਾ। ਜੈਸ਼ੰਕਰ ਨੇਪਾਲ ਦੇ ਆਪਣੇ ਹਮਰੁਤਬਾ ਐਨ.ਪੀ.ਸੌਦ ਨਾਲ ਤ੍ਰਿਭੁਵਨ ਯੂਨੀਵਰਸਿਟੀ ਸੈਂਟਰਲ ਲਾਇਬ੍ਰੇਰੀ ਤੇ ਹੋਰ ਮੁੜ ਉਸਾਰੀ ਪ੍ਰੋਜੈਕਟਾਂ ਦਾ ਸਾਂਝੇ ਰੂਪ ਵਿਚ ਉਦਘਾਟਨ ਕਰਨ ਮੌਕੇ ਬੋਲ ਰਹੇ ਸਨ। ਜੈਸ਼ੰਕਰ ਦੋ ਰੋਜ਼ਾ ਫੇਰੀ ਤਹਿਤ ਨੇਪਾਲ ਪੁੱਜੇ ਸਨ। ਪਿਛਲੇ ਸਾਲ ਨਵੰਬਰ ਵਿਚ ਆਏ ਭੂਚਾਲ ਕਰਕੇ ਨੇਪਾਲ ਵਿਚ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪੁੱਜਾ ਸੀ।

# ਬਿਲਕੀਸ ਕੇਸ: ਦੋਸ਼ੀਆਂ ਦੀ ਸਜ਼ਾ ਮੁਆਫ਼ੀ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੁਜਰਾਤ ਵਿਚ 2002 ਵਿਚ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ ਸੱਤ ਜੀਆਂ ਦੀ ਹੱਤਿਆ ਦੇ ਮਾਮਲੇ ਵਿਚ 11 ਦੋਸ਼ੀਆਂ ਨੂੰ ਛੋਟ ਦੇਣ ਦੇ ਗੁਜਰਾਤ ਸਰਕਾਰ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ।

ਜਸਟਿਸ ਬੀਵੀ ਨਾਗਰਤਨਾ ਅਤੇ ਜਸਟਿਸ ਉਜਵਲ ਭੂਈਆਂ ਦੇ ਬੈਂਚ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਜੇਲ੍ਹ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ ਹੈ। ਸਜ਼ਾ ਦੇ ਤਬਾਦਲੇ ਨੂੰ ਚੁਣੌਤੀ ਦੇਣ ਵਾਲੀਆਂ ਜਨਹਿੱਤ ਪਟੀਸ਼ਨਾਂ ਨੂੰ ਸੁਣਵਾਈਯੋਗ ਕਰਾਰ ਦਿੰਦਿਆਂ ਬੈਂਚ ਨੇ ਕਿਹਾ ਕਿ ਗੁਜਰਾਤ ਸਰਕਾਰ ਸਜ਼ਾ ਨੂੰ ਬਦਲਣ ਦਾ ਹੁਕਮ ਦੇਣ ਲਈ ਢੁਕਵੀਂ ਨਹੀਂ ਹੈ। ਇਕ ਰਾਜ ਜਿਸ ਵਿਚ ਅਪਰਾਧੀ ਦਾ ਮੁਕੱਦਮਾ ਚਲਾਇਆ ਜਾਂਦਾ ਹੈ ਅਤੇ ਸਜ਼ਾ ਸੁਣਾਈ ਜਾਂਦੀ ਹੈ, ਉਹੀ ਦੋਸ਼ੀ ਦੀ ਮੁਆਫ਼ੀ ਦੀ ਪਟੀਸ਼ਨ 'ਤੇ ਫੈਸਲਾ ਕਰ ਸਕਦਾ ਹੈ। ਦੋਸ਼ੀਆਂ ਖ਼ਿਲਾਫ਼ ਮਹਾਰਾਸ਼ਟਰ 'ਚ ਮੁਕੱਦਮਾ ਚੱਲਿਆ ਸੀ।

# ਆਦਮਪੁਰ ਹਵਾਈ ਅੱਡਾ ਅਗਲੇ ਮਹੀਨੇ ਤੋਂ ਸ਼ੁਰੂ ਹੋਵੇਗਾ

**ਜਲੰਧਰ:** ਆਦਮਪੁਰ ਸਿਵਲ ਹਵਾਈ ਅੱਡਾ ਅਗਲੇ ਮਹੀਨੇ ਤੱਕ ਚਾਲੂ ਹੋ ਜਾਵੇਗਾ। ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੇ ਇਸ ਮੁੱਦੇ ਉਤੇ ਹੋਈ ਮੀਟਿੰਗ ਦੌਰਾਨ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੂੰ ਇਹ ਭਰੋਸਾ ਦਿੱਤਾ। ਸ੍ਰੀ ਰਿੰਕੂ ਨੇ ਦੱਸਿਆ ਕਿ ਕੇਂਦਰੀ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਆਦਮਪੁਰ ਹਵਾਈ ਅੱਡੇ ਦਾ ਸਿਵਲ ਟਰਮੀਨਲ ਯਾਤਰੀਆਂ ਦੀ ਮੇਜ਼ਬਾਨੀ ਲਈ ਤਿਆਰ ਹੈ ਅਤੇ ਏਅਰਲਾਈਨ ਕੰਪਨੀ ਸਪਾਈਸ ਜੈੱਟ ਉੱਥੇ ਸੇਵਾਵਾਂ ਸ਼ੁਰੂ ਕਰਨ ਲਈ ਤਿਆਰ ਹੈ।

ਕੁਝ ਰਸਮੀ ਕਾਰਵਾਈਆਂ ਪੂਰੀਆਂ ਹੋਣ ਤੋਂ ਬਾਅਦ ਹਵਾਈ ਅੱਡਾ ਅਗਲੇ ਮਹੀਨੇ ਤੱਕ ਚਾਲੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇੱਥੋਂ ਦੇ ਹਵਾਈ ਅੱਡੇ ਦੇ ਟਰਮੀਨਲ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਉਨ੍ਹਾਂ ਮੰਤਰੀ ਕੋਲ ਇਸ ਖੇਤਰ ਦੇ ਵਿਦਿਆਰਥੀਆਂ ਤੇ ਪਰਵਾਸੀ ਭਾਰਤੀ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਦਾ ਮੁੱਦਾ ਵੀ ਉਠਾਇਆ ਹੈ।

### ਪਠਾਨਕੋਟ ਤੋਂ ਮੁੜ ਉਡਾਣਾਂ ਸ਼ੁਰੂ ਕਰਨ ਦੀ ਮੰਗ

**ਪਠਾਨਕੋਟ:** ਇਥੋਂ ਦੇ ਹਵਾਈ ਅੱਡੇ ਤੋਂ ਦੁਬਾਰਾ ਉਡਾਣਾਂ ਸ਼ੁਰੂ ਕਰਵਾਉਣ ਲਈ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਵੱਲੋਂ ਕੇਂਦਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨਾਲ ਦਿੱਲੀ ਵਿਚ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਹਵਾਈ ਅੱਡਾ ਸਾਲ 2022 ਤੋਂ ਬੰਦ ਪਿਆ ਹੈ ਅਤੇ ਇਥੋਂ ਮਾਰਚ 2022 ਤੋਂ ਕੋਈ ਵੀ ਉਡਾਣ ਨਹੀਂ ਭਰੀ ਗਈ ਜਦਕਿ ਪਹਿਲਾਂ ਪਠਾਨਕੋਟ-ਦਿੱਲੀ ਉਡਾਣਾਂ ਚਲਦੀਆਂ ਰਹੀਆਂ ਸਨ। ਜਾਣਕਾਰੀ ਅਨੁਸਾਰ ਪਠਾਨਕੋਟ ਦਾ ਸਿਵਲ ਏਅਰਪੋਰਟ ਮਰਹੂਮ ਸੰਸਦ ਮੈਂਬਰ ਵਿਨੋਦ ਖੰਨਾ ਦੀਆਂ ਕੋਸ਼ਿਸ਼ਾਂ ਨਾਲ ਬਣਿਆ ਅਤੇ ਚਾਲੂ ਹੋਇਆ ਸੀ।

# ਮੋਦੀ ਖ਼ਿਲਾਫ਼ ਟਿੱਪਣੀ: ਮਾਲਦੀਵ ਵੱਲੋਂ ਤਿੰਨ ਮੰਤਰੀ ਮੁਅੱਤਲ

**ਨਵੀਂ ਦਿੱਲੀ:** ਮਾਲਦੀਵ ਸਰਕਾਰ ਵਿਚ ਮੰਤਰੀ ਮਰੀਅਮ ਸ਼ਿਊਨਾ ਤੇ ਕੁਝ ਹੋਰਨਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਲਕਸ਼ਦੀਪ ਫੇਰੀ ਦੇ ਹਵਾਲੇ ਨਾਲ ਐਕਸ 'ਤੇ ਪੋਸਟ ਵਿਚ ਕੀਤੀਆਂ 'ਅਪਮਾਨਜਨਕ' ਟਿੱਪਣੀਆਂ ਨੂੰ ਲੈ ਕੇ ਛਿੜੇ ਵਿਵਾਦ ਮਗਰੋਂ ਮੁਇਜ਼ੂ ਸਰਕਾਰ ਨੇ ਆਪਣੇ ਤਿੰਨ ਮੰਤਰੀ ਮੁਅੱਤਲ ਕਰ ਦਿੱਤੇ ਹਨ।

ਮਾਲਦੀਵ ਸਰਕਾਰ ਨੇ ਹਾਲਾਂਕਿ ਪਹਿਲਾਂ ਇਨ੍ਹਾਂ ਟਿੱਪਣੀਆਂ ਨੂੰ 'ਨਿੱਜੀ' ਵਿਚਾਰ ਦੱਸ ਕੇ ਇਹ ਕਹਿੰਦਿਆਂ ਦੂਰੀ ਬਣਾ ਲਈ ਸੀ ਕਿ ਇਹ ਸਰਕਾਰ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ। ਮਾਲੇ ਸਥਿਤ ਭਾਰਤੀ ਹਾਈ ਕਮਿਸ਼ਨ ਵੱਲੋਂ ਜਤਾਏ ਇਤਰਾਜ਼ ਮਗਰੋਂ ਮਾਲਦੀਵ ਸਰਕਾਰ ਨੇ ਜਿਨ੍ਹਾਂ ਤਿੰਨ ਮੰਤਰੀਆਂ ਨੂੰ ਮੁਅੱਤਲ ਕੀਤਾ ਹੈ, ਉਨ੍ਹਾਂ ਵਿਚ ਮਰੀਅਮ ਸ਼ਿਊਨਾ, ਮਲਸ਼ਾ ਸ਼ਰੀਫ਼ ਤੇ ਅਬਦੁੱਲਾ ਮਾਹਜ਼ੂਮ ਮਾਜਿਦ ਸ਼ਾਮਲ ਹਨ। ਮਾਲਦੀਵ ਸਰਕਾਰ ਵਿਚ ਯੁਵਾ ਸ਼ਕਤੀਕਰਨ ਵਿਭਾਗ ਦੀ ਉਪ ਮੰਤਰੀ ਸ਼ਿਊਨਾ ਨੇ ਐਕਸ ਉਤੇ ਪ੍ਰਧਾਨ ਮੰਤਰੀ ਮੋਦੀ ਦੀ ਲਕਸ਼ਦੀਪ ਫੇਰੀ ਦੀ ਤਸਵੀਰ ਸਾਂਝੀ ਕਰਦਿਆਂ ਉਨ੍ਹਾਂ ਨੂੰ 'ਕਲਾਊਨ ਐਂਡ ਪੱਪੇਟ ਆਫ਼ ਇਜ਼ਰਾਈਲ' (ਜੋਕਰ ਤੇ ਇਜ਼ਰਾਈਲ ਦੀ ਕਠਪੁਤਲੀ) ਦੱਸਿਆ ਸੀ।



ਮਾਲਦੀਵ ਸਰਕਾਰ 'ਚ ਮੰਤਰੀ ਸ਼ਿਊਨਾ ਨੇ ਪ੍ਰਧਾਨ ਮੰਤਰੀ ਮੋਦੀ ਦੀ ਲਕਸ਼ਦੀਪ ਫੇਰੀ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਨਵੀਂ ਦਿੱਲੀ ਵੱਲੋਂ ਕੇਂਦਰ ਸ਼ਾਸਿਤ ਪ੍ਰਦੇਸ਼ (ਲਕਸ਼ਦੀਪ) ਨੂੰ ਮਾਲਦੀਵਜ਼ ਦੇ ਬਦਲਵੇਂ ਸੈਰ-ਸਪਾਟਾ ਕੇਂਦਰ ਵਜੋਂ ਪੇਸ਼ ਕੀਤੇ ਜਾਣ ਦਾ ਯਤਨ ਕੀਤਾ ਜਾ ਰਿਹਾ ਹੈ। ਮਾਲਦੀਵਜ਼ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ, "ਮਾਲਦੀਵਜ਼ ਸਰਕਾਰ ਕੁਝ ਵਿਦੇਸ਼ੀ ਆਗੂਆਂ ਤੇ ਅਹਿਮ ਸ਼ਖ਼ਸੀਅਤਾਂ ਖ਼ਿਲਾਫ਼ ਸੋਸ਼ਲ ਮੀਡੀਆ ਉਤੇ ਕੀਤੀਆਂ ਅਪਮਾਨਜਨਕ ਟਿੱਪਣੀਆਂ ਤੋਂ ਜਾਣੂ ਹੈ। ਇਹ ਨਿੱਜੀ ਵਿਚਾਰ ਹਨ ਤੇ ਮਾਲਦੀਵਜ਼ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਨਹੀਂ ਕਰਦੇ।" ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸਰਕਾਰ ਦਾ ਮੰਨਣਾ ਹੈ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਜਮਹੂਰੀ ਢੰਗ ਤੇ ਪੂਰੀ ਜ਼ਿੰਮੇਵਾਰੀ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਨੂੰ ਮਾਲਦੀਵਜ਼ ਤੇ ਇਸ ਦੇ ਕੌਮਾਂਤਰੀ ਭਾਈਵਾਲਾਂ ਦਰਮਿਆਨ ਗੂੜ੍ਹੇ ਸਬੰਧਾਂ ਨੂੰ ਸੱਟ ਮਾਰਨ ਅਤੇ ਨਫ਼ਰਤ ਤੇ ਨਕਾਰਾਤਮਕਤਾ ਫੈਲਾਉਣ ਲਈ ਨਾ ਵਰਤਿਆ ਜਾਵੇ। ਸਰਕਾਰ ਅਜਿਹੀਆਂ ਅਪਮਾਨਜਨਕ ਟਿੱਪਣੀਆਂ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਤੋਂ ਨਹੀਂ ਝਿਜਕੇਗੀ।

ਇਸ ਤੋਂ ਪਹਿਲਾਂ ਮਾਲਦੀਵਜ਼ ਦੇ ਸਾਬਕਾ ਰਾਸ਼ਟਰਪਤੀ ਮੁਹੰਮਦ ਨਸ਼ੀਦ ਨੇ ਟਿੱਪਣੀਆਂ ਨੂੰ 'ਡਰਾਉਣੀਆਂ' ਦੱਸਦਿਆਂ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੂੰ ਇਨ੍ਹਾਂ ਤੋਂ ਦੂਰੀ ਬਣਾਉਣ ਲਈ ਕਿਹਾ ਸੀ। ਸਾਬਕਾ ਉਪ ਰਾਸ਼ਟਰਪਤੀ ਅਹਿਮਦ ਅਦੀਬ ਨੇ ਵੀ ਟਿੱਪਣੀਆਂ ਦੀ ਜ਼ੋਰਦਾਰ ਨਿਖੇਧੀ ਕੀਤੀ ਸੀ। ਮਾਲਦੀਵਜ਼ ਹਿੰਦ ਮਹਾਸਾਗਰ ਖੇਤਰ ਵਿਚ ਭਾਰਤ ਦਾ ਅਹਿਮ ਸਾਗਰੀ ਗੁਆਂਢੀ ਰਿਹਾ ਹੈ ਤੇ ਮਾਲੇ ਦੀ ਪਿਛਲੀ ਸਰਕਾਰ ਵੇਲੇ ਦੋਵਾਂ ਮੁਲਕਾਂ 'ਚ ਰੱਖਿਆ ਤੇ ਸੁਰੱਖਿਆ ਦੇ ਖੇਤਰਾਂ ਵਿਚ ਰਿਸ਼ਤੇ ਮਜ਼ਬੂਤ ਹੋਏ ਸਨ।

# ਚੀਨ ਨੇ ਅਮਰੀਕਾ ਦੀਆਂ ਪੰਜ ਰੱਖਿਆ ਕੰਪਨੀਆਂ 'ਤੇ ਪਾਬੰਦੀ ਲਗਾਈ

**ਪੇਈਚਿੰਗ:** ਚੀਨ ਨੇ ਤਾਇਵਾਨ ਨੂੰ ਹਥਿਆਰ ਵੇਚਣ ਤੇ ਚੀਨੀ ਕੰਪਨੀਆਂ ਅਤੇ ਨਾਗਰਿਕਾਂ ਉਤੇ ਪਾਬੰਦੀ ਲਾਉਣ ਦੇ ਜਵਾਬ ਵਿਚ ਅਮਰੀਕਾ ਦੀਆਂ ਰੱਖਿਆ ਖੇਤਰ ਨਾਲ ਜੁੜੀਆਂ ਪੰਜ ਕੰਪਨੀਆਂ ਉਤੇ ਪਾਬੰਦੀ ਲਾ ਦਿੱਤੀ ਹੈ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਪਾਬੰਦੀਆਂ ਨਾਲ ਚੀਨ ਵਿਚ ਇਨ੍ਹਾਂ ਕੰਪਨੀਆਂ ਦੀ ਸੰਪਤੀ ਕੁਰਕ ਹੋ ਜਾਵੇਗੀ ਤੇ ਚੀਨ ਵਿਚਲੇ ਸੰਗਠਨ ਤੇ ਲੋਕ ਇਨ੍ਹਾਂ ਨਾਲ ਕਾਰੋਬਾਰ ਨਹੀਂ ਕਰ ਸਕਣਗੇ। ਜਿਨ੍ਹਾਂ ਕੰਪਨੀਆਂ ਉਤੇ ਪਾਬੰਦੀ ਲਾਈ ਗਈ ਹੈ, ਉਨ੍ਹਾਂ ਵਿਚ ਬੀ.ਏ.ਈ. ਸਿਸਟਮਜ਼ ਲੈਂਡ ਐਂਡ ਆਰਮਾਮੈਂਟਸ, ਏਲੀਐਂਟ ਟੈਕਸਿਸਟਮਜ਼ ਅਪਰੇਸ਼ਨਜ਼, ਡੇਟਾ ਲਿੰਕ ਸਲਿਊਸ਼ਨਜ਼ ਤੇ ਹੋਰ ਸ਼ਾਮਲ ਹਨ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਦੇ ਕਦਮਾਂ ਨੇ ਚੀਨ ਦੀ ਪ੍ਰਭੂਸੱਤਾ ਤੇ ਸੁਰੱਖਿਆ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ ਹੈ। ਤਾਇਵਾਨ ਨਾਲ ਲੱਗਦੇ ਸਮੁੰਦਰੀ ਖੇਤਰ ਵਿਚ ਸ਼ਾਂਤੀ-ਸਥਿਰਤਾ ਨੂੰ ਕਮਜ਼ੋਰ ਕੀਤਾ ਹੈ ਤੇ ਚੀਨੀ ਕੰਪਨੀਆਂ ਤੇ ਨਾਗਰਿਕਾਂ ਦੇ ਹੱਕਾਂ ਤੇ ਹਿੱਤਾਂ ਦਾ ਉਲੰਘਣ ਕੀਤਾ ਹੈ।

ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਚੀਨ ਸਰਕਾਰ ਆਪਣੀ ਖ਼ੁਦਮੁਖ਼ਤਿਆਰੀ, ਸੁਰੱਖਿਆ ਤੇ ਖੇਤਰੀ ਅਖੰਡਤਾ ਦੀ ਸੁਰੱਖਿਆ ਤੇ ਚੀਨੀ ਕੰਪਨੀਆਂ ਤੇ ਨਾਗਰਿਕਾਂ ਦੇ ਕਾਨੂੰਨੀ ਹੱਕਾਂ ਤੇ ਹਿੱਤਾਂ ਦੀ ਰੱਖਿਆ ਲਈ ਆਪਣੇ ਅਹਿਦ ਉਤੇ ਮਜ਼ਬੂਤੀ ਨਾਲ ਖੜ੍ਹੀ ਹੈ। ਚੀਨ ਵੱਲੋਂ ਇਹ ਐਲਾਨ ਤਾਇਵਾਨ ਵਿਚ ਰਾਸ਼ਟਰਪਤੀ ਚੋਣਾਂ ਤੋਂ ਕਰੀਬ ਹਫ਼ਤਾ ਪਹਿਲਾਂ ਕੀਤਾ ਗਿਆ ਹੈ।

# ਬਲਿੰਕਨ ਵੱਲੋਂ ਜਾਰਡਨ ਦੇ ਸ਼ਾਹ ਨਾਲ ਗਾਜ਼ਾ ਜੰਗ ਰੋਕਣ ਬਾਰੇ ਚਰਚਾ



**ਅਮਾਨ:** ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਜਾਰਡਨ ਦੇ ਸ਼ਾਹ ਅਤੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਕੇ ਗਾਜ਼ਾ ਦੀ ਜੰਗ ਖ਼ਿੱਤੇ 'ਚ ਫੈਲਣ ਤੋਂ ਰੋਕਣ ਬਾਰੇ ਚਰਚਾ ਕੀਤੀ। ਉਨ੍ਹਾਂ ਅਮਾਨ 'ਚ ਵਿਸ਼ਵ ਖੁਰਾਕ ਪ੍ਰੋਗਰਾਮ ਦੇ ਗੋਦਾਮ ਦਾ ਦੌਰਾ ਵੀ ਕੀਤਾ।

ਪਿਛਲੇ ਤਿੰਨ ਮਹੀਨਿਆਂ 'ਚ ਖ਼ਿੱਤੇ ਦੇ ਚੌਥੇ ਦੌਰੇ ਉਤੇ ਆਏ ਬਲਿੰਕਨ ਨੇ ਇਜ਼ਰਾਈਲ ਨੂੰ ਫ਼ੌਜੀ ਕਾਰਵਾਈ ਦੌਰਾਨ ਗਾਜ਼ਾ 'ਚ ਆਮ ਲੋਕਾਂ ਦੇ ਜਾਨੀ ਨੁਕਸਾਨ ਤੋਂ ਬਚਣ ਅਤੇ ਉਥੇ ਮਾਨਵੀ ਸਹਾਇਤਾ ਲਈ ਲਾਂਘਾ ਦੇਣ ਦੀ ਲੋੜ ਜਤਾਈ ਹੈ। ਇਸਤੰਬੁਲ 'ਚ ਤੁਰਕੀ ਅਤੇ ਗਰੀਕ ਆਗੂਆਂ ਨਾਲ ਗੱਲਬਾਤ ਦੇ ਇਕ ਦਿਨ ਮਗਰੋਂ ਬਲਿੰਕਨ ਨੇ ਜਾਰਡਨ ਦੇ ਸ਼ਾਹ ਅਬਦੁੱਲਾ ਦੂਜੇ ਅਤੇ ਵਿਦੇਸ਼ ਮੰਤਰੀ ਅਯਮਾਨ ਸਾਫ਼ਦੀ ਨਾਲ ਮੁਲਾਕਾਤ ਕਰਕੇ ਜੰਗ ਨੂੰ ਖ਼ਿੱਤੇ 'ਚ ਫੈਲਣ ਤੋਂ ਰੋਕਣ ਬਾਰੇ ਵਿਚਾਰ ਵਟਾਂਦਰਾ ਕੀਤਾ। ਜਾਰਡਨ ਅਤੇ ਹੋਰ ਅਰਬ ਮੁਲਕ ਇਜ਼ਰਾਈਲ ਦੀ ਗਾਜ਼ਾ ਵਿਚ ਫ਼ੌਜੀ ਕਾਰਵਾਈ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੋਈ ਵੀ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਜੰਗ ਖ਼ਤਮ ਹੋਣੀ ਚਾਹੀਦੀ ਹੈ। ਬਲਿੰਕਨ ਨੇ ਜਾਰਡਨ ਦੀ ਰਾਜਧਾਨੀ 'ਚ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਿਊ.ਐਫ.ਪੀ.) ਦੇ ਖੇਤਰੀ ਗੋਦਾਮ ਦਾ ਦੌਰਾ ਵੀ ਕੀਤਾ ਜਿਥੇ ਰਾਫ਼ਾਹ ਅਤੇ ਕੇਰੇਮ ਸ਼ੈਲੋਮ ਲਾਂਘਿਆਂ ਰਾਹੀਂ ਗਾਜ਼ਾ 'ਚ ਭੇਜੀ ਜਾਣ ਵਾਲੀ ਰਾਹਤ ਸਮੱਗਰੀ ਟਰੱਕਾਂ ਵਿਚ ਲੋਡ ਕੀਤੀ ਜਾ ਰਹੀ ਸੀ। ਉਨ੍ਹਾਂ ਡਬਲਿਊ.ਐਫ.ਪੀ. ਅਤੇ ਸੰਯੁਕਤ ਰਾਸ਼ਟਰ ਦੀਆਂ ਹੋਰ ਏਜੰਸੀਆਂ ਦੇ ਨਾਲ ਨਾਲ ਜਾਰਡਨ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ।

### ਗਾਜ਼ਾ ਹੁਣ ਰਹਿਣ ਯੋਗ ਨਹੀਂ ਰਿਹਾ: ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਇਜ਼ਰਾਈਲ ਅਤੇ ਹਮਾਸ ਵਿਚਾਲੇ ਤਿੰਨ ਮਹੀਨਿਆਂ ਤੋਂ ਚੱਲ ਰਹੀ ਜੰਗ ਤੋਂ ਬਾਅਦ ਗਾਜ਼ਾ ਦੀ ਸਥਿਤੀ ਇੰਨੀ ਖ਼ਰਾਬ ਹੋ ਗਈ ਹੈ ਕਿ ਇਹ ਜਗ੍ਹਾ ਹੁਣ ਰਹਿਣ ਯੋਗ ਨਹੀਂ ਹੈ। ਸੰਯੁਕਤ ਰਾਸ਼ਟਰ ਦੇ ਮਾਨਵਤਾਵਾਦੀ ਮਾਮਲਿਆਂ ਦੇ ਅਧੀਨ-ਸਕੱਤਰ ਮਾਰਟਿਨ ਗ੍ਰਿਫਿਥਸ ਨੇ ਇਹ ਗੱਲ ਕਹੀ ਅਤੇ ਚਿਤਾਵਨੀ ਦਿੱਤੀ ਕਿ ਗਾਜ਼ਾ ਵਿਚ ਹੁਣ ਭੁੱਖਮਰੀ ਦਾ ਖ਼ਤਰਾ ਹੈ; ਉੱਥੇ ਤਬਾਹ ਹੋ ਚੁੱਕੀ ਸਿਹਤ ਵਿਵਸਥਾ ਆਫ਼ਤ ਪੈਦਾ ਕਰ ਸਕਦੀ ਹੈ।

### ਇਜ਼ਰਾਈਲ ਵੱਲੋਂ ਉੱਤਰੀ ਗਾਜ਼ਾ 'ਚ ਵੱਡੀ ਕਾਰਵਾਈ ਖ਼ਤਮ ਕਰਨ ਦੇ ਸੰਕੇਤ

**ਯੇਰੂਸ਼ਲਮ:** ਇਜ਼ਰਾਇਲੀ ਫ਼ੌਜ ਨੇ ਸੰਕੇਤ ਦਿੱਤੇ ਹਨ ਕਿ ਉਨ੍ਹਾਂ ਉੱਤਰੀ ਗਾਜ਼ਾ 'ਚ ਆਪਣੀ ਵੱਡੀ ਫ਼ੌਜੀ ਕਾਰਵਾਈ ਮੁਕੰਮਲ ਕਰ ਲਈ ਹੈ। ਜੰਗ ਦੇ ਚੌਥੇ ਮਹੀਨੇ 'ਚ ਦਾਖ਼ਲ ਹੋਣ ਉਤੇ ਇਜ਼ਰਾਇਲੀ ਫ਼ੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਉਨ੍ਹਾਂ ਹਮਾਸ ਦੇ ਫ਼ੌਜੀ ਢਾਂਚੇ ਨੂੰ ਤਬਾਹ ਕਰ ਦਿੱਤਾ। ਉਂਜ ਉਨ੍ਹਾਂ ਕਿਹਾ ਕਿ ਫ਼ੌਜ ਇਜ਼ਰਾਈਲ-ਗਾਜ਼ਾ ਸਰਹੱਦ 'ਤੇ ਆਪਣੇ ਮੋਰਚੇ ਮਜ਼ਬੂਤ ਕਰੇਗੀ ਅਤੇ ਉਸ ਦਾ ਧਿਆਨ ਹੁਣ ਖ਼ਿੱਤੇ ਦੇ ਕੇਂਦਰੀ ਅਤੇ ਦੱਖਣੀ ਹਿੱਸਿਆਂ ਵੱਲ ਹੋਵੇਗਾ। ਇਜ਼ਰਾਇਲੀ ਫ਼ੌਜ ਵੱਲੋਂ ਖ਼ਾਨ ਯੂਨਿਸ ਅਤੇ ਰਾਫ਼ਾਹ ਵਿਚਕਾਰ ਪੈਂਦੇ ਇਕ ਘਰ 'ਤੇ ਕੀਤੇ ਹਵਾਈ ਹਮਲੇ 'ਚ ਸੱਤ ਵਿਅਕਤੀ ਮਾਰੇ ਗਏ। ਫ਼ੌਜ ਹੁਣ ਦੀਰ ਅਲ-ਬਾਲਾਹ ਦੇ ਧੁਰ ਅੰਦਰ ਤੱਕ ਪਹੁੰਚ ਗਈ ਹੈ ਜਿਥੇ ਲੋਕਾਂ ਨੂੰ ਘਰ ਖ਼ਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ।

# ਪੰਜਾਬ ਦੇ ਵਜ਼ੀਰਾਂ ਨੂੰ ਲਗਜ਼ਰੀ ਗੱਡੀਆਂ ਦਾ ਤੋਹਫਾ ਦਿੱਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਪਣੇ ਦਸ ਕੈਬਨਿਟ ਵਜ਼ੀਰਾਂ ਨੂੰ ਲਗਜ਼ਰੀ ਗੱਡੀਆਂ ਦਾ ਦੋਹਰਾ ਤੋਹਫ਼ਾ ਦਿੱਤਾ ਹੈ। ਟਰਾਂਸਪੋਰਟ ਵਿਭਾਗ ਨੇ ਇਨ੍ਹਾਂ ਨੂੰ ਇਕ-ਇਕ ਇਨੋਵਾ ਕ੍ਰਿਸਟਾ ਅਤੇ ਇਕ-ਇਕ ਬੋਲੈਰੋ ਗੱਡੀ ਦਿੱਤੀ ਹੈ। 'ਆਪ' ਸਰਕਾਰ ਨੇ ਆਪਣੇ ਵਜ਼ੀਰਾਂ ਨੂੰ ਪਹਿਲੀ ਵਾਰ ਨਵੀਆਂ ਗੱਡੀਆਂ ਦਿੱਤੀਆਂ ਹਨ। ਤਰਕ ਦਿੱਤਾ ਗਿਆ ਹੈ ਕਿ ਕੈਬਨਿਟ ਵਜ਼ੀਰਾਂ ਕੋਲ ਮਿਆਦ ਪੁਗਾ ਚੁੱਕੀਆਂ ਗੱਡੀਆਂ ਸਨ ਅਤੇ ਜਿਨ੍ਹਾਂ ਦਾ ਰਸਤੇ ਵਿਚ ਕਿਤੇ ਵੀ ਰੁਕਣ ਦਾ ਖ਼ਦਸ਼ਾ ਬਣਿਆ ਰਹਿੰਦਾ ਸੀ।

ਮੋਟੇ ਅੰਦਾਜ਼ੇ ਅਨੁਸਾਰ ਸਰਕਾਰ ਨੂੰ ਇਨ੍ਹਾਂ ਗੱਡੀਆਂ ਦੀ ਖ਼ਰੀਦ ਕਰੀਬ ਤਿੰਨ ਕਰੋੜ ਰੁਪਏ ਵਿਚ ਪਈ ਹੈ। ਇਸ ਤੋਂ ਬਿਨਾਂ ਹੁਣ 11 ਹੋਰ ਇਨੋਵਾ ਖ਼ਰੀਦੀਆਂ ਗਈਆਂ ਹਨ ਜਿਹੜੀਆਂ ਵਿਧਾਇਕਾਂ ਨੂੰ ਅਲਾਟ ਕੀਤੀਆਂ ਜਾਣੀਆਂ ਹਨ। ਇਨ੍ਹਾਂ ਵਿਚੋਂ ਇਕ ਇਨੋਵਾ ਬੁੱਚੋ ਹਲਕੇ ਤੋਂ ਵਿਧਾਇਕ ਜਗਸੀਰ ਸਿੰਘ ਨੂੰ ਅਲਾਟ ਵੀ ਕਰ ਦਿੱਤੀ ਗਈ ਹੈ। ਵਿਧਾਇਕਾਂ ਦੀਆਂ ਗੱਡੀਆਂ ਲੈਣ ਲਈ ਕਤਾਰ ਲੱਗੀ ਹੋਈ ਹੈ। ਸੂਤਰਾਂ ਅਨੁਸਾਰ ਦਸ ਕੈਬਨਿਟ ਵਜ਼ੀਰਾਂ ਵਿਚ ਹਰਭਜਨ ਸਿੰਘ ਈ.ਟੀ.ਓ, ਲਾਲ ਚੰਦ ਕਟਾਰੂਚੱਕ, ਲਾਲਜੀਤ ਸਿੰਘ ਭੁੱਲਰ, ਬ੍ਰਹਮ ਸ਼ੰਕਰ ਜਿੰਪਾ, ਚੇਤਨ ਸਿੰਘ ਜੌੜਾਮਾਜਰਾ, ਡਾ. ਬਲਬੀਰ ਸਿੰਘ, ਬਲਕਾਰ ਸਿੰਘ, ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ



ਸਿੰਘ ਖੁੱਡੀਆਂ ਅਤੇ ਗੁਰਮੀਤ ਸਿੰਘ ਮੀਤ ਹੇਅਰ ਸ਼ਾਮਲ ਹਨ, ਜਿਨ੍ਹਾਂ ਨੂੰ ਦੋ-ਦੋ ਗੱਡੀਆਂ ਦਿੱਤੀਆਂ ਗਈਆਂ ਹਨ। ਹਰ ਵਜ਼ੀਰ ਨੂੰ ਸਟਾਫ਼ ਕਾਰ ਵਜੋਂ ਇਨੋਵਾ ਕ੍ਰਿਸਟਾ ਦਿੱਤੀ ਗਈ ਹੈ ਜਦੋਂਕਿ ਸਕਿਓਰਿਟੀ ਵਹੀਕਲ ਵਜੋਂ ਬੋਲੈਰੋ ਦਿੱਤੀ ਗਈ ਹੈ। ਇਹ ਗੱਡੀਆਂ ਦਸੰਬਰ ਵਿਚ ਵਜ਼ੀਰਾਂ ਨੂੰ ਡਲਿਵਰ ਕੀਤੀਆਂ ਗਈਆਂ ਹਨ। ਕੁਝ ਇਨੋਵਾ ਕ੍ਰਿਸਟਾ ਤਾਂ ਕਾਫ਼ੀ ਸਮਾਂ ਪਹਿਲਾਂ ਟਰਾਂਸਪੋਰਟ ਵਿਭਾਗ ਨੂੰ ਡਲਿਵਰ ਹੋ ਗਈਆਂ ਸਨ ਪਰ ਇਨ੍ਹਾਂ ਦੀ ਅਲਾਟਮੈਂਟ ਵਿਚ ਕਾਫ਼ੀ ਦੇਰ ਹੋਈ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਬਲਜੀਤ ਕੌਰ ਕੋਲ ਪਹਿਲਾਂ ਹੀ ਫਾਰਚੂਨਰ ਗੱਡੀਆਂ ਹਨ ਜਦੋਂਕਿ ਹਰਜੋਤ ਬੈਂਸ ਅਤੇ ਅਨਮੋਲ ਗਗਨ ਮਾਨ ਵੱਲੋਂ ਪ੍ਰਾਈਵੇਟ ਗੱਡੀਆਂ ਦੀ ਵਰਤੋਂ ਕੀਤੇ ਜਾਣ ਦੀ ਸੂਚਨਾ ਹੈ।

ਇਕ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੁਰਾਣੀਆਂ ਗੱਡੀਆਂ ਚਾਰ ਚਾਰ ਲੱਖ ਕਿਲੋਮੀਟਰ ਚੱਲ ਚੁੱਕੀਆਂ ਸਨ ਅਤੇ ਅਕਸਰ ਰਸਤੇ ਵਿਚ ਰੁਕ ਜਾਂਦੀਆਂ ਸਨ। ਦੂਰ ਦੁਰਾਡੇ ਦੇ ਹਲਕੇ ਵਾਲੇ ਵਜ਼ੀਰ ਇਨ੍ਹਾਂ ਨਵੀਆਂ ਗੱਡੀਆਂ ਨੂੰ ਮੌਕੇ ਦੀ ਲੋੜ ਦੱਸ ਰਹੇ ਹਨ। ਬਹੁਤੇ ਵਿਧਾਇਕਾਂ ਕੋਲ ਹਾਲੇ ਵੀ ਪੁਰਾਣੀਆਂ ਮਿਆਦ ਪੁਗਾ ਚੁੱਕੀਆਂ ਗੱਡੀਆਂ ਹਨ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਖ਼ਜ਼ਾਨਾ ਤਾਂ ਪਹਿਲਾਂ ਹੀ ਵਿੱਤੀ ਸੰਕਟ ਵਿਚ ਹੈ ਅਤੇ ਇਹ ਖ਼ਰੀਦ ਕਿੱਥੋਂ ਤੱਕ ਜਾਇਜ਼ ਹੈ।

## 'ਆਪ' ਸਰਕਾਰ ਦੇ ਦਾਅਵੇ ਕਰਜ਼ਿਆਂ ਨੇ ਖੋਖਲੇ ਕੀਤੇ: ਬਾਜਵਾ

**ਚੰਡੀਗੜ੍ਹ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਆਰਥਿਕਤਾ ਸੁਧਾਰਨ ਦੇ ਝੂਠੇ ਦਾਅਵਿਆਂ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਨਵੇਂ ਸਾਲ ਦੇ ਪਹਿਲੇ ਹੀ ਹਫ਼ਤੇ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਤੋਂ 2500 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਰਕਾਰ ਨੇ 2023 ਵਿਚ ਵੀ ਭਾਰੀ ਕਰਜ਼ਾ ਲਿਆ ਸੀ। ਉਨ੍ਹਾਂ ਕਿਹਾ ਕਿ ਜੂਨ 2022 ਵਿਚ 'ਆਪ' ਸਰਕਾਰ ਨੇ ਵਿਧਾਨ ਸਭਾ ਵਿਚ ਵ੍ਹਾਈਟ ਪੇਪਰ ਪੇਸ਼ ਕਰਕੇ ਪਿਛਲੀਆਂ ਸਰਕਾਰਾਂ ਨੂੰ ਕਰਜ਼ੇ ਅਤੇ ਸੂਬੇ ਦੀ ਵਿਗੜਦੀ ਵਿੱਤੀ ਹਾਲਤ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਦੌਰਾਨ 'ਆਪ' ਸਰਕਾਰ ਲਗਭਗ ਹਰ ਮਹੀਨੇ ਕਰਜ਼ਾ ਲੈਣ ਤੋਂ ਨਹੀਂ ਝਿਜਕਦੀ। ਇਸ ਨੇ ਨਵੰਬਰ ਅਤੇ ਦਸੰਬਰ 2023 ਵਿਚ ਵੀ ਆਰਬੀਆਈ ਤੋਂ ਕਰਜ਼ਾ ਲਿਆ ਸੀ।

## ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋ ਰਹੀ ਹੈ: ਬੈਂਸ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸਰਕਾਰ ਵੱਲੋਂ ਚੜ੍ਹਦੇ ਸਾਲ ਹੀ ਚੁੱਕੇ 2500 ਕਰੋੜ ਰੁਪਏ ਦੇ ਕਰਜ਼ੇ ਬਾਰੇ ਕਿਹਾ ਕਿ ਗਲਤ ਤਰੀਕਿਆਂ ਨਾਲ ਚੁੱਕੇ ਜਾ ਰਹੇ ਕਰਜ਼ਿਆਂ ਕਾਰਨ ਸੂਬਾ ਆਰਥਿਕ ਮੰਦਹਾਲੀ ਵੱਲ ਵੱਧ ਰਿਹਾ ਹੈ ਅਤੇ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਆਰਥਿਕ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਅਤੇ ਨਵੇਂ ਸਾਲ ਉਤੇ 'ਆਪ' ਸਰਕਾਰ ਵੱਲੋਂ 3 ਕਰੋੜ ਰੁਪਏ ਖਰਚ ਕਰ ਕੇ ਮੰਤਰੀਆਂ ਨੂੰ ਦੋ-ਦੋ ਨਵੀਆਂ ਕਾਰਾਂ ਦਿੱਤੀਆਂ ਗਈਆਂ ਹਨ।

# ਲੁਧਿਆਣਾ ਦੀ ਕੇਂਦਰੀ ਜੇਲ੍ਹ ਮੁੜ ਸੁਰਖੀਆਂ 'ਚ ਆਈ

**ਲੁਧਿਆਣਾ:** ਜੇਲ੍ਹ ਵਿਚ ਇਕ ਹਵਾਲਾਤੀ ਵੱਲੋਂ ਸਾਥੀਆਂ ਸਮੇਤ ਆਪਣਾ ਜਨਮ ਦਿਨ ਮਨਾਏ ਜਾਣ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਕਾਰਨ ਸਥਾਨਕ ਕੇਂਦਰੀ ਜੇਲ੍ਹ ਮੁੜ ਸੁਰਖੀਆਂ ਵਿਚ ਆ ਗਈ ਹੈ। ਜਨਮ ਦਿਨ ਵਾਲੀ ਵੀਡੀਓ ਵਾਇਰਲ ਹੋਣ ਮਗਰੋਂ ਪੁਲਿਸ ਨੇ ਮਨੀ ਨਾਂ ਦੇ ਕੈਦੀ ਸਣੇ 11 ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਇਕ ਵੀਡੀਓ ਵਿਚ ਜੇਲ੍ਹ ਦੀ ਇਕ ਬੈਰਕ ਅੰਦਰ 20-25 ਨੌਜਵਾਨ ਆਪਣੇ ਇਕ ਹਵਾਲਾਤੀ ਸਾਥੀ ਅਰੁਨ ਕੁਮਾਰ ਉਰਫ਼ ਅਨਿਲ ਕੁਮਾਰ ਉਰਫ਼ ਮਨੀ ਦਾ ਜਨਮ ਦਿਨ ਮਨਾ ਰਹੇ ਹਨ। ਵੀਡੀਓ ਵਿਚ ਕੁੱਝ ਕੈਦੀਆਂ ਨੇ ਹੱਥਾਂ ਵਿਚ ਗਲਾਸ ਵੀ ਫੜੇ ਹੋਏ ਹਨ ਅਤੇ ਉਹ ਗਲਾਸ ਨਾਲ ਗਲਾਸ ਟਕਰਾ ਕੇ ਲਲਕਾਰੇ ਮਾਰਦੇ ਹੋਏ ਮਨੀ ਰਾਣਾ ਨੂੰ ਜਨਮ ਦਿਨ ਦੀ ਵਧਾਈ ਦੇ ਰਹੇ ਹਨ।

ਇਸ ਸਬੰਧੀ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਸਪੱਸ਼ਟ ਕੀਤਾ ਹੈ ਕਿ ਕੇਂਦਰੀ ਜੇਲ੍ਹ ਵਿਚ ਹੋਈ ਇਸ ਜਨਮ ਦਿਨ ਪਾਰਟੀ ਦੀ ਵੀਡੀਓ ਵਾਇਰਲ ਹੋਣ ਸਬੰਧੀ ਜਾਂਚ ਕਰਨ ਮਗਰੋਂ ਪਤਾ ਲੱਗਿਆ ਹੈ ਕਿ ਹਵਾਲਾਤੀ ਅਰੁਨ ਕੁਮਾਰ ਉਰਫ਼ ਅਨਿਲ ਕੁਮਾਰ ਉਰਫ਼ ਮਨੀ ਵਾਸੀ ਪਿੰਡ ਬੱਠੂ ਥਾਣਾ ਹਰੋਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) 17 ਦਸੰਬਰ 2019 ਨੂੰ ਥਾਣਾ ਛੱਪਰ, ਯਮੁਨਾਨਗਰ (ਹਰਿਆਣਾ) ਵਿਚ ਦਰਜ ਹੋਏ ਇਕ ਕੇਸ ਤਹਿਤ ਕੇਂਦਰੀ ਜੇਲ੍ਹ ਵਿਚ ਬੰਦ ਹੈ। ਉਸ ਨੇ 21 ਦਸੰਬਰ 2023 ਨੂੰ ਆਪਣੇ ਜਨਮ ਦਿਨ ਮੌਕੇ ਕੇਂਦਰੀ ਜੇਲ੍ਹ ਵਿਚ ਮੋਬਾਈਲ ਫੋਨ ਉਤੇ ਵੀਡੀਓ ਬਣਾਈ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਕੁਲਦੀਪ ਸਿੰਘ ਵੱਲੋਂ ਪੱਤਰ ਮਿਲਣ ਉਤੇ ਥਾਣਾ ਡਿਵੀਜ਼ਨ ਨੰਬਰ-7 ਵਿਚ ਅਰੁਨ ਕੁਮਾਰ ਉਰਫ਼ ਅਨਿਲ ਕੁਮਾਰ ਉਰਫ਼ ਮਨੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

## ਜੇਲ੍ਹ 'ਚੋਂ 13 ਮੋਬਾਈਲ ਫੋਨ ਬਰਾਮਦ

**ਲੁਧਿਆਣਾ:** ਸਥਾਨਕ ਕੇਂਦਰੀ ਜੇਲ੍ਹ ਵਿਚ ਅਧਿਕਾਰੀਆਂ ਵੱਲੋਂ ਕੀਤੀ ਗਈ ਅਚਨਚੇਤ ਜਾਂਚ ਦੌਰਾਨ ਹਵਾਲਾਤੀਆਂ ਕੋਲੋਂ 13 ਮੋਬਾਈਲ ਫੋਨ ਬਰਾਮਦ ਕੀਤੇ ਗਏ। ਸਹਾਇਕ ਸੁਪਰਡੈਂਟ ਹਰਬੰਸ ਸਿੰਘ ਨੇ ਦੱਸਿਆ ਕਿ ਜੇਲ੍ਹ ਅੰਦਰ ਕੀਤੀ ਗਈ ਜਾਂਚ ਦੌਰਾਨ ਹਵਾਲਾਤੀ ਹਰਜੀਤ ਸਿੰਘ, ਸੱਜਣ ਕੁਮਾਰ, ਜਸਪ੍ਰੀਤ ਸਿੰਘ, ਸੂਰਜ ਕੁਮਾਰ ਉਰਫ਼ ਰਾਹੁਲ ਕੁਮਾਰ ਉਰਫ਼ ਨੇਪਾਲੀ ਤੇ ਸੰਦੀਪ ਸਿੰਘ ਕੋਲੋਂ ਮੋਬਾਈਲ ਫੋਨ ਤੇ ਸਿਮ ਬਰਾਮਦ ਹੋਏ ਹਨ। ਇਸੇ ਤਰ੍ਹਾਂ ਸਹਾਇਕ ਸੁਪਰਡੈਂਟ ਗਗਨਦੀਪ ਸ਼ਰਮਾ ਨੇ ਦੱਸਿਆ ਕਿ ਹਵਾਲਾਤੀ ਸਰਬਜੀਤ ਸਿੰਘ ਤੇ ਗੁਰਭੇਜ ਸਿੰਘ ਕੋਲੋਂ ਮੋਬਾਈਲ ਬਰਾਮਦ ਹੋਇਆ ਹੈ।

# ਸਰਕਾਰ ਨੂੰ ਰਜਿਸਟਰੀਆਂ ਤੋਂ ਪਿਛਲੇ ਸਾਲ ਨਾਲੋਂ ਵੱਧ ਆਮਦਨ ਹੋਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਦਸੰਬਰ 2023 ਵਿਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪਿਛਲੇ ਸਾਲ ਦੇ ਮੁਕਾਬਲੇ 32 ਫ਼ੀਸਦੀ ਵੱਧ ਆਮਦਨ ਹੋਈ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ ਦਸੰਬਰ 2023 'ਚ ਪਿਛਲੇ ਸਾਲ ਦੇ ਮੁਕਾਬਲੇ 102.04 ਕਰੋੜ ਰੁਪਏ ਜ਼ਿਆਦਾ ਆਏ ਹਨ। ਦਸੰਬਰ 2022 ਦੇ 315.81 ਕਰੋੜ ਰੁਪਏ ਦੇ ਮੁਕਾਬਲੇ ਦਸੰਬਰ 2023 ਵਿਚ ਸਰਕਾਰੀ ਖ਼ਜ਼ਾਨੇ ਵਿਚ 417.85 ਕਰੋੜ ਰੁਪਏ ਆਏ। ਉਨ੍ਹਾਂ ਕਿਹਾ ਕਿ ਇਸ ਨਾਲ ਅਪਰੈਲ 2023 ਤੋਂ ਦਸੰਬਰ 2023 ਤੱਕ ਕੁੱਲ 3142.67 ਕਰੋੜ ਰੁਪਏ ਦੀ ਆਮਦਨ ਹੋਈ ਹੈ। ਜਦੋਂ ਕਿ ਪਿਛਲੇ ਸਾਲ 2022 ਵਿਚ ਇਹੀ ਆਮਦਨ 2856.86 ਕਰੋੜ ਰੁਪਏ ਸੀ।

ਸ੍ਰੀ ਜਿੰਪਾ ਨੇ ਕਿਹਾ ਕਿ ਮਾਲ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਸੁਧਾਰਨ ਲਈ ਅਤੇ ਲੋਕਾਂ ਨੂੰ ਨਿਰਵਿਘਨ ਸੇਵਾਵਾਂ ਦੇਣ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਖ਼ਜ਼ਾਨੇ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਜਾਇਜ਼ ਕੰਮ ਲਈ ਕਿਸੇ ਵੀ ਅਧਿਕਾਰੀ, ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਰਿਸ਼ਵਤ ਦੀ ਮੰਗ ਕਰਨ ਵਾਲਿਆਂ ਬਾਰੇ ਪਤਾ ਲਗਦੇ ਹੀ ਕਾਰਵਾਈ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਮਾਲ ਵਿਭਾਗ ਵਿਚ ਕੰਮ ਕਰਵਾਉਣ ਸਮੇਂ ਕਿਸੇ ਨੂੰ ਕੋਈ ਦਿੱਕਤ ਆਉਂਦੀ ਹੈ ਤਾਂ ਹੈਲਪਲਾਈਨ ਨੰਬਰ 8184900002 ਉਤੇ ਸ਼ਿਕਾਇਤ ਵੱਟਸਐਪ ਰਾਹੀਂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਐਨ.ਆਰ.ਆਈਜ਼. ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ।

# ਪੱਕੇ ਮੋਰਚੇ ਦਾ ਇਕ ਸਾਲ ਮੁਕੰਮਲ ਹੋਣ 'ਤੇ ਸੰਘਰਸ਼ ਤੇਜ਼ ਕਰਨ ਦਾ ਐਲਾਨ



**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ, 328 ਲਾਪਤਾ ਸਰੂਪ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਹੱਡ ਚੀਰਵੀਂ ਠੰਢ ਵਿਚ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ।

ਕੌਮੀ ਇਨਸਾਫ਼ ਮੋਰਚੇ ਵੱਲੋਂ ਲਗਾਏ ਪੱਕੇ ਮੋਰਚੇ ਦੇ ਇਕ ਸਾਲ ਪੂਰਾ ਹੋਣ ਉਤੇ ਪੰਥਕ ਸੰਮੇਲਨ ਕੀਤਾ ਗਿਆ ਜਿਸ ਵਿਚ ਨਿਹੰਗ ਸਿੰਘਾਂ ਸਮੇਤ ਇਨਸਾਫ਼ ਪਸੰਦ ਲੋਕਾਂ ਨੇ ਵੱਡੀ ਗਿਣਤੀ ਵਿਚ ਆਪਣੇ ਪਰਿਵਾਰਾਂ ਨਾਲ ਸ਼ਮੂਲੀਅਤ ਕੀਤੀ ਅਤੇ ਠੰਢ ਦੀ ਪਰਵਾਹ ਨਾ ਕਰਦੇ ਹੋਏ ਸੰਘਰਸ਼ ਨੂੰ ਹੋਰ ਤਿੱਖਾ ਕਰਨ ਉਤੇ ਜ਼ੋਰ ਦਿੱਤਾ।

ਪੱਕੇ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ, ਐਡਵੋਕੇਟ ਅਮਰ ਸਿੰਘ ਚਾਹਲ, ਜਥੇਦਾਰ ਬਲਦੇਵ ਸਿੰਘ ਸਿਰਸਾ, ਰਾਜ ਸਿੰਘ, ਜਥੇਦਾਰ ਕੁਲਵਿੰਦਰ ਸਿੰਘ, ਗੁਰਿੰਦਰ ਸਿੰਘ ਬਾਜਵਾ, ਕੁਸ਼ਲਪਾਲ ਸਿੰਘ ਮਾਨ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਕਾਨੂੰਨ ਅਨੁਸਾਰ ਢੁੱਕਵੀਆਂ ਸਜ਼ਾਵਾਂ ਨਹੀਂ ਦਿੱਤੀਆਂ ਜਾ ਰਹੀਆਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਆਦਿ ਮੰਗਾਂ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ ਜਾ ਰਿਹਾ ਜੋ ਸਿੱਖਾਂ ਪ੍ਰਤੀ ਬੇਗਾਨਗੀ ਦਾ ਅਹਿਸਾਸ ਕਰਵਾਉਣਾ ਹੈ।

ਇਸ ਮੌਕੇ ਪੱਕਾ ਮੋਰਚਾ ਤਾਲਮੇਲ ਕਮੇਟੀ ਨੇ 20 ਜਨਵਰੀ ਨੂੰ ਚੰਡੀਗੜ੍ਹ ਵੱਲ ਆਉਂਦੀਆਂ ਮੁੱਖ ਸੜਕਾਂ ਉਤੇ ਮੁਹਾਲੀ ਅਤੇ ਰੂਪਨਗਰ ਜ਼ਿਲ੍ਹੇ ਅੰਦਰ ਲੱਗੇ ਟੋਲ ਪਲਾਜ਼ਿਆਂ ਨੂੰ 3 ਘੰਟੇ ਲਈ ਮੁਫ਼ਤ ਕਰਨ ਦਾ ਐਲਾਨ ਕੀਤਾ। ਇਸ ਉਪਰੰਤ ਅਗਲੇ ਦਿਨਾਂ ਵਿਚ ਸਰਕਾਰਾਂ ਨੂੰ ਗੂੜ੍ਹੀ ਨੀਂਦ ਤੋਂ ਜਗਾਉਣ ਲਈ ਹੋਰ ਕਈ ਵੱਡੇ ਪ੍ਰੋਗਰਾਮ ਉਲੀਕੇ ਜਾਣਗੇ।

# ਰਾਜਪਾਲ ਨੇ ਅਮਨ ਅਰੋੜਾ ਬਾਰੇ ਮੁੱਖ ਮੰਤਰੀ ਕੋਲੋਂ ਰਿਪੋਰਟ ਮੰਗੀ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕੁਝ ਅਰਸੇ ਦੀ ਚੁੱਪ ਮਗਰੋਂ ਮੁੜ ਪੱਤਰ ਲਿਖ ਕੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਪਰਿਵਾਰਕ ਝਗੜੇ ਦੇ ਇਕ ਕੇਸ ਵਿਚ ਦੋਸ਼ੀ ਸਾਬਤ ਹੋਏ ਪ੍ਰਸ਼ਾਸਕੀ ਸੁਧਾਰ ਸਬੰਧੀ ਮੰਤਰੀ ਅਮਨ ਅਰੋੜਾ ਬਾਰੇ ਵਿਸਥਾਰ ਵਿਚ ਰਿਪੋਰਟ ਮੰਗੀ ਹੈ। ਦੂਜੇ ਪਾਸੇ ਮੁੱਖ ਮੰਤਰੀ ਦਫ਼ਤਰ ਦਾ ਕਹਿਣਾ ਹੈ ਕਿ ਮੰਤਰੀ ਅਮਨ ਅਰੋੜਾ ਕੋਲ ਹਾਲੇ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਕਰਨ ਦਾ ਰਾਹ ਹੈ ਅਤੇ ਸਰਕਾਰ ਇਸ ਬਾਰੇ ਕਾਨੂੰਨੀ ਮਸ਼ਵਰਾ ਵੀ ਲੈ ਰਹੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਹੇਠਲੀ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦੀ ਤਰੀਕ ਤੋਂ 30 ਦਿਨਾਂ ਦੇ ਅੰਦਰ ਉਪਰਲੀ ਅਦਾਲਤ ਵਿਚ ਅਪੀਲ ਦਾਇਰ ਕੀਤੀ ਜਾ ਸਕਦੀ ਹੈ। ਪਤਾ ਲੱਗਾ ਹੈ ਕਿ ਅਮਨ ਅਰੋੜਾ ਨੇ ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਵੀ.ਕੇ. ਸਿੰਘ ਨਾਲ ਮੁਲਾਕਾਤ ਕਰ ਕੇ ਲੰਬੀ ਚਰਚਾ ਕੀਤੀ ਹੈ। ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਅਮਨ ਅਰੋੜਾ ਦੀ ਸਜ਼ਾ ਖ਼ਿਲਾਫ਼ ਅਪੀਲ ਅਗਲੇ ਹਫ਼ਤੇ ਦਾਇਰ ਕੀਤੀ ਜਾਣੀ ਹੈ।

ਰਾਜਪਾਲ ਪੁਰੋਹਿਤ ਦਾ ਕਹਿਣਾ ਹੈ ਕਿ ਇਸ ਸਬੰਧੀ ਉਨ੍ਹਾਂ ਨੂੰ ਇਕ ਪੱਤਰ ਮਿਲਿਆ ਹੈ, ਜਿਸ ਵਿਚ ਲਿਖਿਆ ਹੈ ਕਿ ਕਿਸੇ ਵੀ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਉਤੇ ਸਦਨ ਦੇ ਮੈਂਬਰ ਨੂੰ ਤੁਰਤ ਅਯੋਗ ਠਹਿਰਾਇਆ ਜਾਣਾ ਹੁੰਦਾ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਰਾਜਪਾਲ ਦੇ ਪੱਤਰ ਅਤੇ ਉਨ੍ਹਾਂ ਨੂੰ ਭੇਜੀ ਗਈ ਪੱਤਰ ਦੀ ਅਗਲੀ ਕਾਰਵਾਈ ਲਈ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਜਾਂਚ ਕੀਤੀ ਜਾਵੇਗੀ। ਰਾਜਪਾਲ ਨੇ ਪੱਤਰ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਜੋ ਪੱਤਰ ਪ੍ਰਾਪਤ ਹੋਇਆ ਹੈ, ਉਸ ਵਿਚ ਮੰਤਰੀ ਅਮਨ ਅਰੋੜਾ ਵੱਲੋਂ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਬਾਰੇ ਵੀ ਸਵਾਲ ਉਠਾਏ ਗਏ ਹਨ। ਇਹ ਵੀ ਦੋਸ਼ (ਰਾਜਪਾਲ ਨੂੰ ਪ੍ਰਾਪਤ ਪੱਤਰ ਵਿਚ) ਹੈ ਕਿ ਗਣਤੰਤਰ ਦਿਵਸ ਵਰਗੇ ਮਹੱਤਵਪੂਰਨ ਦਿਨ ਇਕ ਅਯੋਗ ਵਿਧਾਇਕ ਨੂੰ ਰਾਸ਼ਟਰ ਦੀ ਪ੍ਰਤੀਕਾਤਮਕ ਪ੍ਰਤੀਨਿਧਤਾ ਸੌਂਪਣ ਦਾ ਕੰਮ ਕਾਨੂੰਨੀ ਪ੍ਰਣਾਲੀ ਦੀ ਪਵਿੱਤਰਤਾ ਨੂੰ ਕਮਜ਼ੋਰ ਕਰਦਾ ਹੈ।



## ਅਕਾਲੀ ਦਲ ਵੱਲੋਂ ਅਰੋੜਾ ਨੂੰ ਅਯੋਗ ਕਰਾਰ ਦੇਣ ਦੀ ਮੰਗ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਹੈ ਕਿ 'ਆਪ' ਆਗੂ ਅਤੇ ਮੰਤਰੀ ਅਮਨ ਅਰੋੜਾ ਨੂੰ ਅਦਾਲਤ ਵੱਲੋਂ ਫੌਜਦਾਰੀ ਕੇਸ ਵਿਚ ਦੋਸ਼ੀ ਠਹਿਰਾਏ ਜਾਣ ਦੇ ਮੱਦੇਨਜ਼ਰ ਉਸ ਨੂੰ ਅਯੋਗ ਕਰਾਰ ਦਿੰਦਿਆਂ ਵਿਧਾਨ ਸਭਾ ਸੀਟ ਖਾਲੀ ਐਲਾਨੀ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਰਾਜਿੰਦਰ ਦੀਪਾ ਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਰੋਸ਼ਨੀ ਵਿਚ ਅਮਨ ਅਰੋੜਾ ਨੂੰ ਅਯੋਗ ਕਰਾਰ ਦੇ ਕੇ ਸੀਟ ਖਾਲੀ ਐਲਾਨਣ ਲਈ 27 ਦਸੰਬਰ ਨੂੰ ਦਿੱਤੇ ਗਏ ਬੇਨਤੀ ਪੱਤਰ 'ਤੇ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 13 ਜਨਵਰੀ, 2023

# ਨਿਆਂ ਅਤੇ ਸਿਆਸਤ

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਬਿਲਕੀਸ ਬਾਨੋ ਸਮੂਹਿਕ ਜਬਰ-ਜਨਾਹ ਅਤੇ ਉਸ ਦੇ ਪਰਿਵਾਰ ਦੇ ਸੱਤ ਜੀਆਂ ਦੀ ਹੱਤਿਆ ਵਾਲੇ ਮਾਮਲੇ ਵਿਚ 11 ਦੋਸ਼ੀਆਂ ਨੂੰ ਮਿਲੀ ਮੁਆਫ਼ੀ ਰੱਦ ਹੋਣ ਤੋਂ ਬਾਅਦ ਇਸ ਨੂੰ ਨਿਆਂ ਦੀ ਜਿੱਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਗੁਜਰਾਤ ਸਰਕਾਰ ਨੇ ਬਿਲਕੀਸ ਬਾਨੋ ਕੇਸ ਦੇ ਦੋਸ਼ੀਆਂ ਦੀ ਸਜ਼ਾ ਅਗਸਤ 2022 ਨੂੰ ਮੁਆਫ ਕਰ ਦਿੱਤੀ ਸੀ। ਇਸ ਸਜ਼ਾ ਮੁਆਫੀ ਲਈ ਸੂਬਾ ਸਰਕਾਰ ਨੇ ਰੱਜ ਕੇ ਮਨਮਰਜ਼ੀ ਕੀਤੀ ਸੀ। ਸਰਕਾਰ ਨੇ ਸਜ਼ਾ ਮੁਆਫੀ ਲਈ 1992 ਵਾਲੀ ਸਜ਼ਾ ਮੁਆਫ਼ੀ ਨੀਤੀ 'ਤੇ ਅਮਲ ਕੀਤਾ ਹਾਲਾਂਕਿ ਉਦੋਂ 2014 ਵਾਲੀ ਨਵੀਂ ਨੀਤੀ ਆ ਚੁੱਕੀ ਸੀ ਅਤੇ ਇਸ ਨਵੀਂ ਨੀਤੀ ਅਨੁਸਾਰ ਜਬਰ-ਜਨਾਹ ਤੇ ਕਤਲ ਦੇ ਮਾਮਲਿਆਂ ਵਿਚ ਦੋਸ਼ੀਆਂ ਦੀ ਰਿਹਾਈ ਨਹੀਂ ਹੋ ਸਕਦੀ। ਭਾਰਤੀ ਜਨਤਾ ਪਾਰਟੀ ਦੀ ਗੁਜਰਾਤ ਸਰਕਾਰ ਨੇ ਕਿਸੇ ਨੀਤੀ ਦੀ ਕੋਈ ਪ੍ਰਵਾਹ ਨਹੀਂ ਕੀਤੀ ਕਿਉਂਕਿ ਇਸ ਨੂੰ ਕੇਂਦਰ ਦੀ ਮੋਦੀ ਸਰਕਾਰ ਦਾ ਥਾਪੜਾ ਹਾਸਲ ਸੀ। ਇਹ ਸਜ਼ਾ ਮੁਆਫੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਾਅਦ ਹੀ ਸਿਰੇ ਚੜ੍ਹੀ ਸੀ। ਜਦੋਂ ਅਦਾਲਤ ਵਿਚ ਇਸ ਕੇਸ ਦੀ ਸੁਣਵਾਈ ਚੱਲ ਰਹੀ ਸੀ ਤਾਂ ਸੂਬਾ ਸਰਕਾਰ ਨੇ ਸਜ਼ਾ ਮੁਆਫੀ ਦੇ ਜਿਹੜੇ ਤਿੰਨ ਕਾਰਨ ਗਿਣਾਏ ਸਨ, ਉਨ੍ਹਾਂ ਵਿਚ ਇਕ ਕਾਰਨ ਇਹ ਦੱਸਿਆ ਗਿਆ ਸੀ ਕਿ 'ਕੇਂਦਰ ਸਰਕਾਰ ਨੇ ਮਿਆਦ ਪੂਰੀ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਰਿਹਾਈ ਲਈ 'ਮਨਜ਼ੂਰੀ' ਦੇ ਦਿੱਤੀ ਸੀ'। ਜਿਹੜੇ ਦੋ ਹੋਰ ਕਾਰਨ ਦੱਸੇ ਗਏ ਸਨ, ਉਹ ਇਹ ਸਨ: 'ਉਨ੍ਹਾਂ (ਦੋਸ਼ੀਆਂ) ਨੂੰ ਜੇਲ੍ਹ ਵਿਚ ਸਜ਼ਾ ਭੁਗਤਦਿਆਂ 14 ਸਾਲ ਜਾਂ ਇਸ ਤੋਂ ਵੱਧ ਸਮਾਂ ਹੋ ਗਿਆ ਸੀ ਅਤੇ ਉਨ੍ਹਾਂ ਦਾ ਆਚਰਨ ਵਧੀਆ ਸੀ'।

ਹੁਣ ਅਦਾਲਤ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ-ਅੰਦਰ ਵਾਪਸ ਜੇਲ੍ਹ ਭੇਜਣ ਦੀ ਹਦਾਇਤ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਗੁਜਰਾਤ ਸਰਕਾਰ ਨੇ ਸਜ਼ਾ ਮੁਆਫ਼ੀ ਦੇ ਫੈਸਲੇ ਨੂੰ ਬਿਨਾਂ ਸੋਚੇ ਸਮਝੇ ਲਾਗੂ ਕੀਤਾ। ਅਦਾਲਤ ਨੇ ਗੁਜਰਾਤ ਸਰਕਾਰ ਨੂੰ ਇਹ ਸਵਾਲ ਵੀ ਕੀਤਾ: 'ਕੀ ਮਹਿਲਾਵਾਂ ਖ਼ਿਲਾਫ਼ ਅਜਿਹੇ ਖ਼ੌਫ਼ਨਾਕ ਅਪਰਾਧਾਂ ਦੇ ਮਾਮਲਿਆਂ ਵਿਚ ਸਜ਼ਾ ਮੁਆਫ਼ੀ ਦੀ ਇਜਾਜ਼ਤ ਹੈ?' 2002 ਵਿਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਜਬਰ-ਜਨਾਹ ਕੀਤੇ ਜਾਣ ਮੌਕੇ ਉਸ ਦੀ ਉਮਰ 21 ਸਾਲ ਸੀ ਅਤੇ ਉਦੋਂ ਉਹ ਪੰਜ ਮਹੀਨਿਆਂ ਦੀ ਗਰਭਵਤੀ ਸੀ। ਕਤਲ ਕੀਤੇ ਸੱਤ ਪਰਿਵਾਰਕ ਜੀਆਂ ਵਿਚ ਉਸ ਦੀ ਤਿੰਨ ਸਾਲਾ ਧੀ ਵੀ ਸ਼ਾਮਲ ਸੀ। ਅਦਾਲਤ ਨੇ 100 ਸਫਿਆਂ ਤੋਂ ਵੱਧ ਦੇ ਆਪਣੇ ਫੈਸਲੇ ਵਿਚ ਕਿਹਾ ਕਿ ਗੁਜਰਾਤ ਸਰਕਾਰ ਸਜ਼ਾ ਮੁਆਫ਼ੀ ਦੇ ਹੁਕਮ ਪਾਸ ਕਰਨ ਲਈ ਢੁਕਵੀਂ ਅਥਾਰਿਟੀ ਨਹੀਂ। ਜਿਸ ਰਾਜ ਵਿਚ ਅਪਰਾਧੀਆਂ ਖ਼ਿਲਾਫ਼ ਮੁਕੱਦਮਾ ਚੱਲਿਆ ਅਤੇ ਸਜ਼ਾ ਸੁਣਾਈ ਗਈ, ਉਹੀ ਰਾਜ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਬਾਰੇ ਅਪੀਲ 'ਤੇ ਫੈਸਲਾ ਕਰ ਸਕਦਾ ਹੈ। ਦੋਸ਼ੀਆਂ ਖ਼ਿਲਾਫ਼ ਮਹਾਰਾਸ਼ਟਰ ਵਿਚ ਕੇਸ ਚੱਲਿਆ ਸੀ।

ਅਦਾਲਤ ਦੇ ਇਸ ਫ਼ੈਸਲੇ ਦਾ ਹਰ ਪਾਸਿਓਂ ਸਵਾਗਤ ਹੋਇਆ ਹੈ। ਇਸ ਨੂੰ ਸੂਬਾਈ ਅਤੇ ਕੇਂਦਰ ਸਰਕਾਰਾਂ ਨੂੰ ਚਿਤਾਵਨੀ ਵਜੋਂ ਵੀ ਚਿਤਾਰਿਆ ਗਿਆ ਹੈ ਕਿ ਇਉਂ ਨਿਆਂ ਦਾ ਮਖੌਲ ਉਡਾ ਕੇ ਉਹ ਬਚ ਨਹੀਂ ਸਕਦੀਆਂ। ਉਂਝ, ਸੁਪਰੀਮ ਕੋਰਟ ਨੇ ਜਿਸ ਨੁਕਤੇ ਨੂੰ ਆਪਣੇ ਫੈਸਲੇ ਦਾ ਆਧਾਰ ਬਣਾਇਆ ਹੈ, ਉਹ ਮਹਿਜ਼ ਤਕਨੀਕੀ ਨੁਕਤਾ ਹੀ ਹੈ ਕਿ ਜਿਸ ਰਾਜ ਵਿਚ ਸਜ਼ਾ ਦਿੱਤੀ ਗਈ, ਉਸੇ ਰਾਜ ਦੀ ਸਰਕਾਰ ਸਜ਼ਾ ਮੁਆਫ ਕਰ ਸਕਦੀ ਹੈ ਜਦਕਿ ਇਹ ਮਸਲਾ ਸਰਾਸਰ ਅਨਿਆਂ ਦਾ ਹੈ। ਦੋਸ਼ੀ ਨੂੰ ਇਸ ਕਰ ਕੇ ਛੱਡਿਆ ਗਿਆ ਸੀ ਕਿਉਂਕਿ ਇਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦਾ ਥਾਪੜਾ ਸੀ। ਇਹ ਲੋਕ ਜਦੋਂ ਗੋਧਰਾ ਜੇਲ੍ਹ 'ਚੋਂ ਬਾਹਰ ਆਏ ਸਨ ਤਾਂ ਕੱਟੜਪੰਥੀਆਂ ਨੇ ਦੋਸ਼ੀਆਂ ਦੇ ਗਲਾਂ 'ਚ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ ਸੀ। ਇਉਂ ਅਸਲ ਮਸਲਾ ਧਰਮ ਦੀ ਸਿਆਸਤ ਦਾ ਬਣਦਾ ਸੀ ਜਿਸ ਬਾਰੇ ਅਦਾਲਤ ਨੇ ਕੋਈ ਟਿੱਪਣੀ ਨਹੀਂ ਕੀਤੀ ਹਾਲਾਂਕਿ ਸਭ ਨੂੰ ਇਹ ਭਲੀ-ਭਾਂਤ ਪਤਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਕਿਸ ਤਰ੍ਹਾਂ ਘੱਟ-ਗਿਣਤੀਆਂ ਖ਼ਿਲਾਫ ਜ਼ਹਿਰੀਲਾ ਮਾਹੌਲ ਬਣਾ ਕੇ ਵੋਟ ਸਿਆਸਤ ਕਰ ਰਹੀਆਂ ਹਨ। ਤਾਜ਼ਾ ਮਿਸਾਲ ਅਯੁੱਧਿਆ ਵਿਚ ਰਾਮ ਮੰਦਰ ਦੁਆਲੇ ਕੀਤੀ ਜਾ ਰਹੀ ਸਿਆਸਤ ਦੀ ਹੈ। ਇਸ ਦਾ ਇਕੋ-ਇਕ ਮਕਸਦ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਉਭਾਰ ਕੇ ਅਗਲੀਆ ਲੋਕ ਸਭਾ ਚੋਣਾਂ ਵਿਚ ਵਧੇਰੇ ਵੋਟਾਂ ਹਾਸਲ ਕਰਨਾ ਹੈ। ਨਾਲੇ ਸੁਪਰੀਮ ਕੋਰਟ ਨੇ ਬਿਲਕੀਸ ਬਾਨੋ ਜਿਹੇ ਮਾਮਲਿਆਂ ਵਿਚ ਸਰਕਾਰਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਅਤੇ ਉਨ੍ਹਾਂ ਦੀਆਂ ਸੀਮਾਵਾਂ ਬਾਰੇ ਆਪਣੇ ਫੈਸਲੇ ਵਿਚ ਕੋਈ ਟਿੱਪਣੀ ਨਹੀਂ ਕੀਤੀ ਹੈ ਅਤੇ ਨਾ ਹੀ ਕੋਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਜ਼ਾਹਿਰ ਹੈ ਕਿ ਇਹ ਕੇਸ ਘੱਟ-ਗਿਣਤੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ ਦੇ ਤੋੜ ਵਜੋਂ ਕੋਈ ਮਿਸਾਲ ਨਹੀਂ ਬਣ ਸਕੇਗਾ। ਬਿਲਕੀਸ ਬਾਨੋ ਦੀ ਇਹੀ ਤਾਂ ਤੜਫਾਹਟ ਸੀ ਕਿ ਪਹਿਲਾਂ ਤਾਂ ਉਸ ਨੂੰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੰਮਾ ਸੰਘਰਸ਼ ਕਰਨਾ ਪਿਆ ਅਤੇ ਫਿਰ ਇਨ੍ਹਾਂ ਹੀ ਦੋਸ਼ੀਆਂ ਦੀ ਸਜ਼ਾ ਮੁਆਫ ਕੀਤੇ ਜਾਣ ਤੋਂ ਬਾਅਦ ਮੁੜ ਨਿਆਂ ਹਾਸਲ ਕਰਨ ਲਈ ਲੜਨਾ ਪਿਆ। ਨਿਆਂ ਨਾਲ ਇਸ ਤੋਂ ਵੱਡਾ ਕੋਝਾ ਮਜ਼ਾਕ ਕੋਈ ਹੋਰ ਨਹੀਂ ਹੋ ਸਕਦਾ। ਕੱਟੜਪੰਥੀ ਨਿੱਤ ਦਿਨ ਜ਼ਹਿਰੀਲੇ ਭਾਸ਼ਣਾਂ ਰਾਹੀਂ ਘੱਟ-ਗਿਣਤੀਆਂ ਖ਼ਿਲਾਫ ਨਫਰਤ ਫੈਲਾਅ ਰਹੇ ਹਨ ਅਤੇ ਇਨ੍ਹਾਂ ਨੂੰ ਟੋਕਣ ਤੇ ਰੋਕਣ ਵਾਲਾ ਕੋਈ ਨਹੀਂ। ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ ਇਸ ਪਾਸੇ ਚੰਗਾ ਕਦਮ ਸਾਬਤ ਹੋ ਸਕਦੇ ਸਨ ਪਰ ਇਸ ਪ੍ਰਸੰਗ ਵਿਚ ਮੁਲਕ ਦੀ ਸਭ ਤੋਂ ਵੱਡੀ ਅਦਾਲਤ ਵੀ ਅਜਿਹਾ ਕਰਨ 'ਚ ਨਾਕਾਮ ਰਹੀ ਹੈ। ਇਸ ਲਈ ਇਹ ਜਿੱਤ ਅਧੂਰੀ ਹੀ ਹੈ। ਇਸ ਬਾਰੇ ਗੰਭੀਰਤਾ ਨਾਲ ਵਿਚਾਰ ਹੋਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅੱਖਾਂ 'ਚ ਰੜਕੇ ਪੰਜਾਬ!

'ਖੜਗ ਭੁਜਾ' ਕਹਿ ਇਹਨੂੰ ਵਡਿਆਈ ਜਾਂਦੇ ਨਾਲੇ ਛਾਂਗਦੇ ਵਾਂਗ ਹਤਿਆਰਿਆਂ ਦੇ।
ਬੇਇਨਸਾਫੀ ਦੀ ਝੱਲਦਾ ਮਾਰ ਆਇਆ ਕਿੱਸੇ ਬਹੁਤ ਹਨ 'ਕੇਂਦਰੀ ਕਾਰਿਆਂ' ਦੇ।
ਲਾਉਂਦੇ ਆ ਰਹੇ ਟਿੱਲ ਹਨ ਕੱਢਣੇ ਨੂੰ ਪਏ ਰਗਾਂ ਵਿੱਚ ਅਸਰ 'ਜੈਕਾਰਿਆਂ' ਦੇ।
ਅਣਖੀ ਹੋਣ ਦਾ ਤਾਰਦਾ ਮੁੱਲ ਆਇਆ ਝੁਕਦਾ ਨਹੀਂ ਜੋ ਮੋਹਰੇ ਹੰਕਾਰਿਆਂ ਦੇ।
ਗੱਲੀਂ ਬਾਤੀਂ ਪੰਜਾਬ ਦੀ ਕਰਨ ਸੋਭਾ ਪੱਲੇ ਪਾਉਣ 'ਭਰੋਸੇ' ਹੀ ਲਾਰਿਆਂ ਦੇ।
ਬਹਿ ਜਏ ਕੋਈ ਵੀ ਦਿੱਲੀ ਦੇ ਤਖ਼ਤ ਉੱਤੇ ਰਹਿੰਦਾ ਰੜਕਦਾ ਅੱਖਾਂ ਵਿੱਚ ਸਾਰਿਆਂ ਦੇ!

# ਜਥੇਦਾਰ ਕਾਉਂਕੇ ਕਤਲ ਕੇਸ ਤੇ ਸਰਕਾਰਾਂ ਦਾ ਕਿਰਦਾਰ

**ਰਿਪੋਰਟ ਜਨਤਕ ਹੋਣ ਪਿੱਛੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਮਾਮਲੇ ਦੀ ਕਾਨੂੰਨੀ ਪੈਰਵਾਈ ਲਈ ਕਿਹਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਤੋਂ ਸਪੱਸ਼ਟੀਕਰਨ ਲੈਣ ਦੀ ਖੇਚਲ ਨਹੀਂ ਕੀਤੀ। ਇਸ ਸਮੁੱਚੇ ਮਾਮਲੇ ਦੇ ਪਿਛੋਕੜ ਅਤੇ ਸਿਆਸੀ ਧਿਰਾਂ ਦੀ ਸਿਆਸਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. ਪੱਧਰ ਦੇ ਅਫਸਰ ਦੀ ਜਾਂਚ ਰਿਪੋਰਟ ਜਨਤਕ ਹੋਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਪੁਲਿਸ ਵੱਲੋਂ ਕਤਲ ਕਰ ਕੇ ਲਾਸ਼ ਖੁਰਦ-ਬੁਰਦ ਕਰਨ ਦਾ ਮਾਮਲਾ ਕਰੀਬ ਤਿੰਨ ਦਹਾਕੇ ਬਾਅਦ ਮੁੜ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਾਂਚ ਰਿਪੋਰਟ ਸਾਹਮਣੇ ਆਉਣ ਪਿੱਛੋਂ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਹੀ ਸਵਾਲ ਖੜ੍ਹੇ ਨਹੀਂ ਹੋ ਰਹੇ ਹਨ ਬਲਕਿ ਪਿਛਲੇ ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਸੂਬਾ ਸਰਕਾਰਾਂ ਦਾ ਲੋਕ ਵਿਰੋਧੀ ਕਿਰਦਾਰ ਵੀ ਸਾਹਮਣੇ ਆ ਰਿਹਾ ਹੈ।


ਉਸ ਸਮੇਂ ਦੇ ਏ.ਡੀ.ਜੀ.ਪੀ. ਸ੍ਰੀ ਬੀ.ਪੀ. ਤਿਵਾੜੀ ਨੇ 1999 ਵਿਚ ਜਦ ਜਾਂਚ ਰਿਪੋਰਟ ਸੌਂਪੀ ਸੀ ਤਾਂ ਉਸ ਸਮੇਂ ਸੂਬੇ 'ਚ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ ਦੀ 'ਪੰਥਕ' ਸਰਕਾਰ ਸੀ। ਬਣਦਾ ਤਾਂ ਇਹ ਸੀ ਕਿ ਬਾਦਲ ਸਰਕਾਰ ਰਿਪੋਰਟ ਨੂੰ ਜਨਤਕ ਕਰ ਕੇ ਫੌਰੀ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਦੀ ਪਰ ਸਰਕਾਰ ਨੇ ਅਜਿਹਾ ਨਾ ਕਰ ਕੇ ਦੋਸ਼ੀ ਪੁਲਿਸ ਅਫਸਰਾਂ ਦੀ ਪੁਸ਼ਤਪਨਾਹੀ ਕੀਤੀ। ਉਸ ਤੋਂ ਬਾਅਦ ਵੀ ਪ੍ਰਕਾਸ਼ ਸਿੰਘ ਬਾਦਲ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪਰ ਰਿਪੋਰਟ ਫਾਈਲਾਂ ਹੇਠ ਹੀ ਦੱਬੀ ਰੱਖੀ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਵੈਸੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਥੇਦਾਰ ਕਾਉਂਕੇ ਨੂੰ ਕਤਲ ਕਰਨ ਵਾਲੀ ਰਿਪੋਰਟ 'ਦੱਬ' ਲੈਣਾ ਅਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਨਾ ਕਰਨਾ ਹੈਰਾਨੀਜਨਕ ਨਹੀਂ। ਇਤਿਹਾਸ ਦੱਸਦਾ ਹੈ ਕਿ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਢ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਹੀ ਬੰਨ੍ਹਿਆ ਸੀ। ਪ੍ਰਕਾਸ਼ ਸਿੰਘ ਬਾਦਲ ਮਾਰਚ 1970 ਤੋਂ ਜੂਨ 1971 ਤੱਕ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਦੇ ਇਸ ਕਾਰਜਕਾਲ ਦੌਰਾਨ ਪੰਜਾਬ ਵਿਚ 80 ਤੋਂ ਵੱਧ ਨਕਸਲੀ ਆਗੂਆਂ ਤੇ ਕਾਰਕੁਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕੀਤਾ ਗਿਆ ਸੀ। 27 ਜੁਲਾਈ 1970 ਨੂੰ ਬਾਬਾ ਬੂਝਾ ਸਿੰਘ (82 ਸਾਲ), ਬਾਬਾ ਹਰੀ ਸਿੰਘ ਮਿਰਗਿੰਦ ਅਤੇ ਨਿਰੰਜਨ ਸਿੰਘ ਕਾਲਸਾਂ ਵਰਗੇ ਬਜ਼ੁਰਗ ਦੇਸ਼ਭਗਤ ਇਨਕਲਾਬੀਆਂ ਨੂੰ ਬਿਰਧ ਉਮਰ ਵਿਚ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕੀਤਾ ਗਿਆ ਤਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ। ਬਾਦਲ ਨੇ ਨਕਸਲੀ ਆਗੂਆਂ/ਕਾਰਕੁਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਾਉਣ ਤੋਂ ਇਨਕਾਰੀ ਹੋ ਕੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਖੁੱਲ੍ਹੇਆਮ ਕਲੀਨਚਿੱਟ ਵੀ ਦਿੱਤੀ ਅਤੇ ਉਨ੍ਹਾਂ ਨੂੰ ਤਰੱਕੀਆਂ ਵੀ ਬਖ਼ਸ਼ੀਆਂ। ਇਹ ਪ੍ਰਕਾਸ਼ ਸਿੰਘ ਬਾਦਲ ਹੀ ਸੀ ਜਿਸ ਨੇ ਝੂਠੇ ਪੁਲਿਸ ਮੁਕਾਬਲਿਆਂ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਬਣਾਇਆ। ਇਸ ਮਾਮਲੇ ਨੂੰ ਕਾਂਗਰਸ ਦੀਆਂ ਸਰਕਾਰਾਂ ਨੇ ਵੀ ਜਨਤਕ ਨਹੀਂ ਕੀਤਾ।

ਜਥੇਦਾਰ ਕਾਉਂਕੇ ਸਟੇਟ ਨੂੰ ਬੇਹੱਦ ਚੁਭਦਾ ਸੀ। 20 ਦਸੰਬਰ 1992 ਨੂੰ ਉਨ੍ਹਾਂ ਨੂੰ ਐੱਸ.ਐੱਚ.ਓ. ਜਗਰਾਓਂ ਗੁਰਮੀਤ ਸਿੰਘ ਨੇ ਆਪਣੀ ਪੁਲਿਸ ਪਾਰਟੀ ਨਾਲ ਜਥੇਦਾਰ ਦੇ ਪਿੰਡ ਕਾਉਂਕੇ ਕਲਾਂ ਤੋਂ ਹਿਰਾਸਤ ਵਿਚ ਲੈ ਗਿਆ ਸੀ ਤੇ ਉਨ੍ਹਾਂ ਦੇ ਦੋਹਤੇ ਦੀ ਮੌਤ ਤੋਂ ਬਾਅਦ ਇੱਕ ਵਾਰ ਤਾਂ ਰਿਹਾਅ ਕਰ ਦਿੱਤਾ ਸੀ ਲੇਕਿਨ 25 ਦਸੰਬਰ 1992 ਨੂੰ ਸੈਂਕੜੇ ਵਿਅਕਤੀਆਂ ਦੀ ਹਾਜ਼ਰੀ ਵਿਚ ਪਿੰਡ ਦੇ ਗੁਰਦੁਆਰੇ ਤੋਂ ਮੁੜ ਹਿਰਾਸਤ ਵਿਚ ਲੈ ਲਿਆ ਸੀ। ਪੁਲਿਸ ਨੇ ਕਾਗਜ਼ਾਂ ਵਿਚ ਜਥੇਦਾਰ ਦੀ ਉਸੇ ਦੇ ਪਿੰਡ ਦੇ ਇੱਕ ਨੌਜਵਾਨ ਦੇ ਕਤਲ ਮਾਮਲੇ ਵਿਚ ਗ੍ਰਿਫਤਾਰੀ 2 ਜਨਵਰੀ 1993 ਦੀ ਦਿਖਾਈ ਅਤੇ ਕਾਗਜ਼ੀ ਕਾਰਵਾਈ ਵਿਚ ਇਹ ਦਿਖਾ ਦਿੱਤਾ ਕਿ ਉਸੇ ਦਿਨ ਜਥੇਦਾਰ ਪਿੰਡ ਕੰਨੀਆਂ ਤੋਂ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਏ। ਉਸ ਸਮੇਂ ਪੰਜਾਬ ਵਿਚ ਡੀ.ਜੀ.ਪੀ. ਵਜੋਂ ਕੇ.ਪੀ.ਐਸ. ਗਿੱਲ ਤਾਇਨਾਤ ਸੀ। ਰਿਪੋਰਟ ਦੱਸਦੀ ਹੈ ਕਿ ਜਥੇਦਾਰ ਕਾਉਂਕੇ ਨੂੰ ਪੁਲਿਸ ਹਿਰਾਸਤ ਵਿਚ ਰੱਖ ਕੇ ਝੂਠਾ ਕੇਸ ਬਣਾਉਣ ਦੀ ਕਹਾਣੀ ਦਾ ਛੋਟੇ ਅਤੇ ਵੱਡੇ ਅਫਸਰਾਂ ਨੂੰ ਪਤਾ ਸੀ।



ਖੁਦ ਬਾਦਲ ਨੂੰ ਪਤਾ ਸੀ ਕਿ ਜਥੇਦਾਰ ਕਾਉਂਕੇ ਪੁਲਿਸ ਹਿਰਾਸਤ ਵਿਚ ਹਨ। ਇੰਨਾ ਹੀ ਨਹੀਂ, ਮੌਕੇ ਦੇ ਗਵਾਹਾਂ ਨੇ ਜਾਂਚ ਅਧਿਕਾਰੀ ਅੱਗੇ ਗਵਾਹੀਆਂ ਵੀ ਦਿੱਤੀਆਂ ਸਨ ਅਤੇ ਜਨਤਕ ਤੌਰ 'ਤੇ ਖੁਲਾਸੇ ਵੀ ਕੀਤੇ ਹਨ ਕਿ ਜਥੇਦਾਰ ਕਾਉਂਕੇ ਦੇ ਹਿਰਾਸਤ ਵਿਚ ਹੋਣ ਸਮੇਂ ਹੀ ਬਾਦਲ ਜਗਰਾਓਂ ਇਲਾਕੇ ਵਿਚ ਆਏ ਸਨ ਅਤੇ ਉਨ੍ਹਾਂ ਨੇ ਜਗਰਾਓਂ ਦੇ ਪੁਲਿਸ ਅਧਿਕਾਰੀਆਂ ਨੂੰ ਬਾਕਾਇਦਾ ਫੋਨ ਕਰ ਕੇ ਜਥੇਦਾਰ ਨੂੰ ਹਿਰਾਸਤ ਵਿਚ ਘਰ ਦਾ ਖਾਣਾ ਦੇਣ ਦੀ ਇਜਾਜ਼ਤ ਦੇਣ ਅਤੇ ਕੱਪੜੇ ਪਹਿਨਾਉਣ ਦੀ ਇਜਾਜ਼ਤ ਦੇਣ ਲਈ ਕਿਹਾ ਸੀ ਕਿਉਂਕਿ ਉਨ੍ਹਾਂ ਨੂੰ ਠੰਢ ਦੇ ਮੌਸਮ ਵਿਚ ਪੂਰੀ ਤਰ੍ਹਾਂ ਨਿਰਵਸਤਰ ਕਰ ਕੇ ਤਸੀਹੇ ਦਿੱਤੇ ਜਾ ਰਹੇ ਸਨ।

ਪੁਲਿਸ ਦੀ ਕਹਾਣੀ ਅਨੁਸਾਰ ਜਿਸ ਸਿਪਾਹੀ ਤਰਸੇਮ ਸਿੰਘ ਦੀ ਹਿਰਾਸਤ ਵਿਚੋਂ ਗੁਰਦੇਵ ਸਿੰਘ ਕਾਉਂਕੇ ਨੂੰ ਫਰਾਰ ਦਿਖਾਇਆ ਗਿਆ ਸੀ, ਉਸੇ ਤਰਸੇਮ ਸਿੰਘ ਨੂੰ ਸਜ਼ਾ ਦੀ ਬਜਾਏ 28 ਸੀਨੀਅਰ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰਦਿਆਂ ਤਰੱਕੀ ਦੇ ਕੇ ਹੌਲਦਾਰ ਬਣਾਇਆ ਗਿਆ ਤੇ ਐੱਸ.ਐੱਚ.ਓ. ਗੁਰਮੀਤ ਸਿੰਘ ਵੀ ਕੁਝ ਸਮੇਂ ਬਾਅਦ ਡੀ.ਐੱਸ.ਪੀ. ਬਣਾਇਆ ਗਿਆ ਸੀ।

ਰਿਪੋਰਟ ਵਿਚ ਏ.ਡੀ.ਜੀ.ਪੀ. ਤਿਵਾੜੀ ਵੱਲੋਂ ਸਾਫ-ਸਾਫ ਸਿਫਾਰਿਸ਼ ਕੀਤੀ ਗਈ ਸੀ ਕਿ ਗੁਰਦੇਵ ਸਿੰਘ ਕਾਉਂਕੇ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਣ ਅਤੇ ਝੂਠਾ ਰਿਕਾਰਡ ਬਣਾਉਣ ਦੇ ਮਾਮਲੇ ਵਿਚ ਤਤਕਾਲੀ ਐੱਸ.ਐੱਚ.ਓ. ਗੁਰਮੀਤ ਸਿੰਘ ਖਿਲਾਫ ਕੇਸ ਦਰਜ ਕਰ ਕੇ ਹੋਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇ ਪਰ ਇਸ ਰਿਪੋਰਟ ਅਤੇ ਚਸ਼ਮਦੀਦ ਗਵਾਹ ਸਾਬਕਾ ਸਿਪਾਹੀ ਦਰਸ਼ਨ ਸਿੰਘ ਦੀ ਗਵਾਹੀ ਦੇ ਬਾਵਜੂਦ ਸਰਕਾਰ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਉਸ ਸਮੇਂ ਪੁਲਿਸ ਦੇ ਬੇਤਹਾਸ਼ਾ ਜਬਰ ਦਾ ਸ਼ਿਕਾਰ ਜਥੇਦਾਰ ਕਾਉਂਕੇ ਦਾ ਪੂਰਾ ਪਰਿਵਾਰ ਬਣਿਆ ਕਿਉਂਕਿ ਪਰਿਵਾਰ ਵੱਲੋਂ ਇਨਸਾਫ ਦੀ ਮੰਗ ਕਰਨ 'ਤੇ ਪੁਲਿਸ ਨੇ ਜਥੇਦਾਰ ਦੇ 15 ਸਾਲਾ ਪੁੱਤਰ ਹਰੀ ਸਿੰਘ ਉੱਪਰ ਵੀ ਬੰਬ ਧਮਾਕਾ ਕਰਨ ਦਾ ਝੂਠਾ ਕੇਸ ਮੜ੍ਹ ਦਿੱਤਾ ਸੀ।

ਉਂਝ, ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲੇ ਵਿਚ ਕਿਸੇ ਬੰਦੇ ਨੂੰ ਕਤਲ ਕਰ ਕੇ ਝੂਠੀ ਕਹਾਣੀ ਘੜਨ ਦਾ ਮਾਮਲਾ ਪਹਿਲੀ ਵਾਰ ਨੰਗਾ ਨਹੀਂ ਹੋਇਆ ਬਲਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਇਸ ਤਰ੍ਹਾਂ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ, ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਪਹਿਲਕਦਮੀ ਨਾਲ ਕਈ ਕੇਸਾਂ ਵਿਚ ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਵੀ ਹੋਈਆਂ ਪਰ ਹਕੀਕਤ ਇਹ ਹੈ ਕਿ ਸਰਕਾਰਾਂ ਨੇ ਉਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਿਛਲੇ ਦਿਨੀਂ ਫੌਤ ਹੋਏ ਚਰਚਿਤ ਪੁਲਿਸ ਕੈਟ ਗੁਰਮੀਤ ਸਿੰਘ 'ਪਿੰਕੀ' ਨੂੰ ਇੱਕ ਕਤਲ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਹੋਈ ਪਰ ਸਰਕਾਰ ਦੀ ਸਿਫਾਰਿਸ਼ 'ਤੇ ਰਾਜਪਾਲ ਨੇ ਸਜ਼ਾ ਮੁਆਫ ਕਰ ਦਿੱਤੀ ਸੀ; ਉਸ ਨੇ ਸਿਰਫ 7 ਸਾਲ 7 ਮਹੀਨੇ 14 ਦਿਨ ਹੀ ਕੈਦ ਕੱਟੀ। ਗਾਹੇ-ਵਗਾਹੇ ਇਹ ਚਰਚਾ ਵੀ ਚੱਲਦੀ ਰਹਿੰਦੀ ਹੈ ਕਿ ਝੂਠੇ ਪੁਲਿਸ ਮੁਕਾਬਲਿਆਂ ਵਿਚ ਜਿਨ੍ਹਾਂ ਪੁਲਿਸ ਅਫ਼ਸਰਾਂ ਨੂੰ ਸਜ਼ਾਵਾਂ ਹੋਈਆਂ, ਸਰਕਾਰਾਂ ਨੇ ਉਨ੍ਹਾਂ ਪੁਲਿਸ ਅਫਸਰਾਂ ਨੂੰ ਪੂਰੇ ਭੱਤਿਆਂ ਸਮੇਤ ਸੇਵਾ ਮੁਕਤ ਕੀਤਾ। ਸਰਕਾਰਾਂ ਕੋਲ ਇੱਕ ਸ਼ਬਦ ਹੈ ਕਿ ਪੁਲਿਸ ਦਾ 'ਮਨੋਬਲ ਉੱਚਾ' ਰੱਖਣਾ ਹੈ, ਇਸ ਦੇ ਬਹਾਨੇ ਜਨਤਾ ਦੇ ਜ਼ੁਲਮਾਂ ਅਤੇ ਸਟੇਟ ਦੀਆਂ ਮਨਮਾਨੀਆਂ ਵਿਰੁੱਧ ਆਵਾਜ਼ ਉਠਾਉਣ ਦੇ ਮਨੋਬਲ ਨੂੰ ਤੋੜਨ ਲਈ ਭਾਰਤੀ ਹੁਕਮਰਾਨ ਵਾਰ-ਵਾਰ ਲੋਕ ਹਿੱਤਾਂ ਤੇ ਹੱਕਾਂ ਦਾ ਘਾਣ ਕਰ ਰਹੇ ਹਨ; ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ।

ਇਹ ਹਕੀਕਤ ਹੈ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸੀ ਸਰਕਾਰਾਂ ਨੇ ਨਕਸਲਵਾੜੀ ਅਤੇ ਖਾਲਿਸਤਾਨੀ ਲਹਿਰ ਦੌਰਾਨ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਸਰਪ੍ਰਸਤੀ ਦਿੱਤੀ ਤੇ ਹੁਣ ਇਸ ਮਾਮਲੇ ਵਿਚ 'ਆਪ' ਸਰਕਾਰ ਵੀ ਘੱਟ ਨਹੀਂ। ਪੰਜਾਬ ਵਿਚ ਆਏ ਦਿਨ ਨੌਜਵਾਨਾਂ ਨੂੰ ਗੈਂਗਸਟਰ ਗਰਦਾਨ ਕੇ ਕਥਿਤ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ। ਹੁਣ ਵੀ ਇਹ ਰਿਪੋਰਟ ਸੂਬਾ ਸਰਕਾਰ ਨੇ ਨਹੀਂ ਬਲਕਿ ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਸਥਾਪਤ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਜਨਤਕ ਕੀਤੀ ਹੈ; ਸੂਬਾ ਸਰਕਾਰ ਨੇ ਤਾਂ ਅਜੇ ਤੱਕ ਇਸ ਰਿਪੋਰਟ ਦੇ ਤੱਥਾਂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਵੀ ਨਹੀਂ ਕੀਤੀ।

ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਬਉੱਚ ਧਾਰਮਿਕ ਸੰਸਥਾ ਹੈ ਤੇ ਉਸ ਦੇ ਕਾਰਜਕਾਰੀ ਮੁਖੀ ਨੂੰ ਕਤਲ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਦੇਣ ਦੀ ਬਜਾਇ ਜਾਂਚ ਰਿਪੋਰਟ ਨੂੰ 'ਲੁਕੋ' ਲੈਣ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਫਖ਼ਰ-ਏ-ਕੌਮ' ਐਵਾਰਡ ਦੇਣ ਦਾ ਕੋਈ ਮਤਲਬ ਨਹੀਂ ਬਣਦਾ। 2015 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇ.ਪੀ. ਨਰਾਇਣ ਦੀ ਬਰਸੀ ਮੌਕੇ ਬਾਦਲ ਨੂੰ ਭਾਰਤ ਦਾ ਨੈਲਸਨ ਮੰਡੇਲਾ ਕਿਹਾ ਸੀ। ਮੋਦੀ ਅਤੇ ਭਾਰਤੀ ਹਾਕਮ ਜਮਾਤ ਦੀਆਂ ਨਜ਼ਰਾਂ ਵਿਚ ਉਹ ਕੁਝ ਵੀ ਹੋ ਸਕਦਾ ਹੈ ਪਰ ਲੋਕਾਂ ਦੀਆਂ ਨਜ਼ਰਾਂ ਵਿਚ ਉਸ ਦਾ ਕਿਰਦਾਰ ਲੋਕ ਵਿਰੋਧੀ ਹੁਕਮਰਾਨ ਦਾ ਹੈ ਜਿਸ ਦੇ ਹੱਥ ਬੇਕਸੂਰਾਂ ਦੇ ਲਹੂ ਨਾਲ ਰੰਗੇ ਹੋਏ ਹਨ।

ਹੁਣ ਰਿਪੋਰਟ ਜਨਤਕ ਹੋਣ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਾਮਲੇ ਵਿਚ ਕਾਨੂੰਨੀ ਪੈਰਵਾਈ ਲਈ ਕਿਹਾ ਹੈ ਪਰ ਜਥੇਦਾਰ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਸਪੱਸ਼ਟੀਕਰਨ ਲੈਣ ਦੀ ਖੇਚਲ ਹੀ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਲਈ ਮਾਹਿਰਾਂ ਦੀ ਕਮੇਟੀ ਬਣਾ ਦਿੱਤੀ ਹੈ। ਚੰਗੀ ਗੱਲ ਹੈ, ਕਾਨੂੰਨੀ ਪੈਰਵਾਈ ਕਰਨੀ ਚਾਹੀਦੀ ਹੈ ਪਰ ਨਾਲ ਹੀ ਉਨ੍ਹਾਂ ਹੁਕਮਰਾਨਾਂ ਖਿਲਾਫ ਵੀ ਕਾਰਵਾਈ ਕਰਨੀ ਚਾਹੀਦੀ ਹੈ ਜਿਨ੍ਹਾਂ ਇਸ ਰਿਪੋਰਟ ਨੂੰ ਤਿੰਨ ਦਹਾਕੇ ਫਾਈਲਾਂ ਹੇਠ ਦੱਬੀ ਰੱਖਿਆ। ਦੂਜਾ, ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਅਧਿਕਾਰਤ ਤੌਰ 'ਤੇ ਆਪਣਾ ਪੱਖ ਸਪੱਸ਼ਟ ਕਰ ਕੇ ਦੋਸ਼ੀਆਂ ਖਿਲਾਫ ਠੋਸ ਕਾਰਵਾਈ ਕਰਨੀ ਚਾਹੀਦੀ ਹੈ।

ਹੁਣ ਦੇਖਣਾ ਇਹ ਹੈ ਕਿ ਬਦਲਾਓ ਦੇ ਦਾਅਵੇ ਕਰਨ ਵਾਲੀ ਮੌਜੂਦਾ ਸਰਕਾਰ ਨਿਆਂ ਦਿਵਾਉਣ ਲਈ ਕੀ ਕਰਦੀ ਹੈ।

# 'ਸਿਵਲ ਸੁਸਾਇਟੀ ਵਿਰੁੱਧ ਯੁੱਧ' ਦੇ ਅਗਲੇ ਨਿਸ਼ਾਨੇ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਭੀਮਾ-ਕੋਰੇਗਾਓਂ ਅਤੇ ਹੋਰ ਝੂਠੇ ਸਾਜ਼ਿਸ਼ ਕੇਸਾਂ ਤਹਿਤ ਪੰਜ ਜਾਂ ਵਧੇਰੇ ਸਾਲਾਂ ਤੋਂ ਜੇਲ੍ਹਾਂ 'ਚ ਬੰਦ ਲੋਕ ਪੱਖੀ ਬੁੱਧੀਜੀਵੀਆਂ, ਪੱਤਰਕਾਰਾਂ ਤੇ ਕਾਰਕੁਨਾਂ ਨੂੰ ਰਿਹਾ ਕਰਨ ਦੀ ਬਜਾਇ ਪੁਲਿਸ ਅਤੇ ਜਾਂਚ ਏਜੰਸੀਆਂ ਤਾਂ ਸਗੋਂ ਲੋਕ ਹਿਤਾਂ ਲਈ ਕੰਮ ਕਰ ਰਹੇ ਹੋਰ ਕਾਰਕੁਨਾਂ ਨੂੰ ਵੀ ਜੇਲ੍ਹ ਵਿਚ ਭੇਜਣ ਲਈ ਪੂਰਾ ਟਿੱਲ ਲਾ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਜਾਂਚ ਏਜੰਸੀਆਂ ਵੱਲੋਂ ਝਾਰਖੰਡ ਅਤੇ ਯੂ.ਪੀ. ਵਿਚ ਬਹੁਤ ਸਾਰੇ ਕਾਰਕੁਨਾਂ ਦੇ ਘਰਾਂ 'ਚ ਛਾਪੇ ਮਾਰ ਕੇ ਉਨ੍ਹਾਂ ਦੇ ਡਿਜੀਟਲ ਡਿਵਾਈਸ ਜ਼ਬਤ ਕਰਨਾ ਇਸ ਦਾ ਸਾਫ਼ ਸੰਕੇਤ ਸੀ ਕਿ ਇਹ ਸਾਰੀ ਕਵਾਇਦ ਹੋਰ ਕਾਰਕੁਨਾਂ ਨੂੰ ਫਸਾਉਣ ਦੇ ਮਨੋਰਥ ਨਾਲ ਹੈ।

ਇਸੇ ਸਿਲਸਿਲੇ 'ਚ ਪਿਛਲੇ ਮਹੀਨਿਆਂ ਤੋਂ ਜਾਂਚ ਏਜੰਸੀਆਂ ਹਰਿਆਣਾ ਤੋਂ ਕਾਰਕੁਨ ਅਜੈ ਕੁਮਾਰ ਬਾਰੇ ਸ਼ੱਕੀ ਮਾਹੌਲ ਬਣਾਉਣ ਲਈ ਸਰਗਰਮ ਹਨ। ਕੌਮੀ ਜਾਂਚ ਏਜੰਸੀ, ਕੇਂਦਰੀ ਇੰਟੈਲੀਜੈਂਸ ਬਿਊਰੋ ਅਤੇ ਹਰਿਆਣਾ ਰਾਜ ਦੀ ਖ਼ੁਫ਼ੀਆ ਏਜੰਸੀ ਦੇ ਅਧਿਕਾਰੀ ਅਜੈ ਕੁਮਾਰ ਦੇ ਰਿਸ਼ਤੇਦਾਰਾਂ, ਦੋਸਤਾਂ ਅਤੇ ਹੋਰ ਜਾਣੂਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਹਨ। ਉਨ੍ਹਾਂ ਨੂੰ ਉਸ ਨਾਲ ਕੋਈ ਮੇਲ-ਮਿਲਾਪ ਨਾ ਰੱਖਣ ਲਈ ਕਿਹਾ ਜਾ ਰਿਹਾ ਹੈ ਜੋ ਇਸ ਦਾ ਸੰਕੇਤ ਹੈ ਕਿ ਜਿਵੇਂ ਪਿਛਲੇ ਸਾਲਾਂ 'ਚ ਪ੍ਰੋ. ਜੀ.ਐੱਨ. ਸਾਈਬਾਬਾ, ਕਾਰਕੁਨ ਰੋਨਾ ਵਿਲਸਨ, ਫਾਦਰ ਸਟੈਨ ਸਵਾਮੀ, ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਸੁਰਿੰਦਰ ਗਾਡਲਿੰਗ, ਅਰੁਣ ਫਰੇਰਾ ਆਦਿ ਵਿਰੁੱਧ ਝੂਠੇ 'ਸਬੂਤ' ਘੜ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਹੁਣ ਉਸੇ ਤਰ੍ਹਾਂ ਦਾ ਮਾਹੌਲ ਅਜੈ ਕੁਮਾਰ ਬਾਰੇ ਬਣਾਇਆ ਜਾ ਰਿਹਾ ਹੈ। ਸਵਾਲ ਇਹ ਹੈ ਕਿ ਅਜੈ ਦੀਆਂ ਸਰਗਰਮੀਆਂ 'ਚ ਅਜਿਹਾ ਕੀ ਹੈ ਜਿਸ ਤੋਂ ਭਾਰਤੀ ਰਾਜ ਏਨਾ ਖ਼ਫ਼ਾ ਹੈ ਕਿ ਆਈ.ਐੱਨ.ਏ., ਆਈ.ਬੀ. ਵਰਗੀਆਂ ਏਜੰਸੀਆਂ ਉਸ ਦੇ ਪਿੱਛੇ ਪਾ ਦਿੱਤੀਆਂ ਗਈਆਂ?

ਅਜੈ ਕੁਮਾਰ ਤਿੰਨ ਦਹਾਕਿਆਂ ਤੋਂ, ਭਾਵ, ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਵਿਦਿਆਰਥੀ ਹੋਣ ਦੇ ਸਮੇਂ ਤੋਂ ਹੀ ਵੱਖ-ਵੱਖ ਜਨਤਕ ਅਤੇ ਜਮਹੂਰੀ ਸੰਘਰਸ਼ਾਂ ਵਿਚ ਸਰਗਰਮ ਹੈ; ਭਾਵੇਂ ਯੂਨੀਵਰਸਿਟੀ ਵਿਚ ਕੰਟੀਨ ਕਰਮਚਾਰੀਆਂ ਦੀ ਗੈਰ-ਕਾਨੂੰਨੀ ਬਰਖ਼ਾਸਤਗੀ ਹੋਵੇ ਜਾਂ ਗਾਂਧੀ ਨਗਰ, ਕੁਰੂਕਸ਼ੇਤਰ ਦੇ ਮਜ਼ਦੂਰਾਂ ਦੇ ਇਲਾਕੇ ਨੂੰ ਢਾਹੇ ਜਾਣ ਵਿਰੁੱਧ ਸੰਘਰਸ਼ ਹੋਵੇ। ਇਸੇ ਤਰ੍ਹਾਂ, ਹਰਿਆਣਾ ਦੇ ਕਿਸਾਨ ਅੰਦੋਲਨ, ਚੰਡੀਗੜ੍ਹ ਵਿਚ ਝੁੱਗੀ-ਝੌਂਪੜੀ ਵਾਲਿਆਂ ਨੂੰ ਉਜਾੜੇ ਜਾਣ ਵਿਰੁੱਧ ਸੰਘਰਸ਼, ਸੰਥਾਲ ਪਰਗਨਾ ਟੈਨੈਂਸੀ ਐਕਟ ਅਤੇ ਛੋਟਾ ਨਾਗਪੁਰ ਟੈਨੈਂਸੀ ਐਕਟ-2016 ਵਿਚ ਸੋਧਾਂ ਵਿਰੁੱਧ ਅੰਦੋਲਨਾਂ ਵਿਚ ਉਸ ਦੀ ਭੂਮਿਕਾ ਰਹੀ ਹੈ। ਦਲਿਤਾਂ ਉੱਪਰ ਜਾਤਪਾਤੀ ਅੱਤਿਆਚਾਰਾਂ ਵਿਰੁੱਧ ਤੱਥ ਖੋਜ ਰਿਪੋਰਟ ਤਿਆਰ ਕਰਨ 'ਚ ਵੀ ਉਸ ਨੇ ਮੋਹਰੀ ਭੂਮਿਕਾ ਨਿਭਾਈ ਸੀ। ਜਦੋਂ ਸੁਧਾਰਵਾਦੀ ਅਤੇ ਆਲਮੀ ਕਾਰਪੋਰੇਟ ਸਰਮਾਏ ਦੀ ਫੰਡਿੰਗ ਨਾਲ ਚੱਲਦੀਆਂ ਐੱਨ.ਜੀ.ਓ. ਨੇ ਵਰਲਡ ਸੋਸ਼ਲ ਫੋਰਮ ਕਰ ਕੇ ਲੋਕ ਅੰਦੋਲਨਾਂ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਖ਼ਰੀਆਂ ਸਾਮਰਾਜਵਾਦੀ ਵਿਰੋਧੀ ਤਾਕਤਾਂ ਵੱਲੋਂ ਇਸ ਫੋਰਮ ਦੇ ਗੁੱਝੇ ਏਜੰਡੇ ਦੀ ਪੋਲ ਖੋਲ੍ਹਣ ਲਈ ਮੁੰਬਈ ਵਿਚ ਹੀ ਇਸ ਦੇ ਬਰਾਬਰ 'ਮੁੰਬਈ ਰਜਿਸਟੈਂਸ-2004' ਕੀਤਾ ਗਿਆ। ਅਜੈ ਕੁਮਾਰ ਇਸ ਨੂੰ ਜਥੇਬੰਦ ਕਰਨ ਵਾਲਿਆਂ 'ਚ ਸੀ।

ਜਦੋਂ ਵੀ ਹਕੂਮਤ ਵੱਲੋਂ ਕਾਰਪੋਰੇਟ ਕਾਰੋਬਾਰਾਂ ਲਈ ਕਿਸਾਨਾਂ ਅਤੇ ਆਦਿਵਾਸੀਆਂ ਨੂੰ ਉਜਾੜਨ ਲਈ ਹਮਲਾ ਵਿੱਢਿਆ ਗਿਆ, ਅਜੈ ਕੁਮਾਰ ਹਮੇਸ਼ਾ ਉਜਾੜਾ ਵਿਰੋਧੀ ਅੰਦੋਲਨਾਂ ਦੇ ਕਾਰਕੁਨਾਂ ਨਾਲ ਡੱਟ ਕੇ ਖੜ੍ਹਿਆ, ਚਾਹੇ ਸੰਥਾਲ ਪਰਗਨਾ (ਝਾਰਖੰਡ) ਵਿਚ ਇਲੈਕਟਰੋ ਸਟੀਲ ਕੰਪਨੀ ਹੋਵੇ, ਗੁਮਲਾ (ਝਾਰਖੰਡ) ਵਿਚ ਗਰਾਬੰਡਾ ਬੇਰਾ ਬਿਜਲੀ ਪ੍ਰੋਜੈਕਟ ਹੋਵੇ ਜਾਂ ਜਗਤਸਿੰਘਪੁਰ (ਉੜੀਸਾ) ਵਿਚ ਦੱਖਣੀ ਕੋਰੀਆ ਦੀ ਧੜਵੈਲ ਕਾਰਪੋਰੇਟ ਕੰਪਨੀ ਪੋਸਕੋ ਦਾ ਪ੍ਰੋਜੈਕਟ ਹੋਵੇ। ਇਸੇ ਤਰ੍ਹਾਂ ਜਦੋਂ ਕੇਂਦਰ ਸਰਕਾਰ ਦੀ ਅਗਵਾਈ ਹੇਠ ਆਦਿਵਾਸੀ ਖੇਤਰਾਂ ਵਿਚੋਂ ਮੂਲਵਾਸੀਆਂ ਦਾ ਸਫ਼ਾਇਆ ਕਰ ਕੇ ਜ਼ਮੀਨ ਅਤੇ ਹੋਰ ਕੁਦਰਤੀ ਵਸੀਲੇ ਦੇਸੀ ਤੇ ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਲਈ ਕਈ ਕਰੋੜ ਆਦਿਵਾਸੀਆਂ ਉੱਪਰ ਭਾਰਤੀ ਰਾਜ ਵੱਲੋਂ 'ਅਪਰੇਸ਼ਨ ਗ੍ਰੀਨ ਹੰਟ' ਨਾਂ ਦਾ ਯੁੱਧ ਥੋਪ ਦਿੱਤਾ ਗਿਆ, ਉਦੋਂ ਵੀ ਪ੍ਰੋਫੈਸਰ ਸਾਈਬਾਬਾ, ਅਜੈ ਕੁਮਾਰ ਸਮੇਤ ਜਮਹੂਰੀ ਕਾਰਕੁਨਾਂ ਨੇ ਮੁਲਕ ਦੀਆਂ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਦਾ ਵਿਰੋਧ ਕਰਨ ਲਈ ਲਾਮਬੰਦ ਕਰਨ ਦੇ ਜ਼ੋਰਦਾਰ ਉਪਰਾਲੇ ਕੀਤੇ। ਹਕੂਮਤੀ ਲਸ਼ਕਰਾਂ ਅਤੇ ਕਾਰਪੋਰੇਟ ਸਰਪ੍ਰਸਤੀ ਵਾਲੇ ਲਾਕਾਨੂੰਨੀ ਗੈਂਗ ਸਲਵਾ ਜੁਡਮ ਵੱਲੋਂ ਆਦਿਵਾਸੀਆਂ ਦੀ ਜੋ ਨਸਲਕੁਸ਼ੀ ਕੀਤੀ ਜਾ ਰਹੀ ਸੀ, ਉਸ ਦਾ ਵਿਰੋਧ ਕਰਨ ਲਈ 'ਲੋਕਾਂ ਵਿਰੁੱਧ ਜੰਗ ਵਿਰੋਧੀ ਮੰਚ' ਦਾ ਬਣਨਾ ਅਜਿਹੇ ਸੂਝਵਾਨ ਕਾਰਕੁਨਾਂ ਦੇ ਸਾਂਝੇ ਯਤਨਾਂ ਦਾ ਹੀ ਸਿੱਟਾ ਸੀ। ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਅਜਿਹਾ ਜਮਹੂਰੀ ਵਿਰੋਧ ਉਸਾਰਨ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਭਾਰਤੀ ਸਟੇਟ ਨੂੰ ਕਿਉਂ ਚੁਭਦੇ ਹਨ।

ਇਸੇ ਤਰ੍ਹਾਂ ਕਾਰਪੋਰੇਟਾਂ ਵੱਲੋਂ ਕੁਦਰਤੀ ਵਸੀਲਿਆਂ ਦੀ ਧਾੜਵੀ ਲੁੱਟਮਾਰ ਦੇ ਸਿਲਸਿਲੇ ਅਤੇ ਜੰਗਲ ਤੇ ਜ਼ਮੀਨਾਂ ਹੜੱਪਣ ਦੀ ਸਾਜ਼ਿਸ਼ ਵਿਰੁੱਧ ਲੋਕ ਰਾਇ ਉਸਾਰਨ ਤੇ ਲੋਕ ਅੰਦੋਲਨ ਖੜ੍ਹਾ ਕਰਨ ਲਈ 2007 'ਚ ਮੁਲਕ ਦੀਆਂ 50 ਤੋਂ ਵੱਧ ਸੰਸਥਾਵਾਂ ਵੱਲੋਂ ਮਿਲ ਕੇ 'ਵਿਸਥਾਪਨ ਵਿਰੋਧੀ ਜਨ ਵਿਕਾਸ ਅੰਦੋਲਨ' (ਵੀ.ਵੀ.ਜੇ.ਵੀ.ਏ.)' ਦੀ ਸਥਾਪਨਾ ਕੀਤੀ ਗਈ। ਇਹ ਅੰਦੋਲਨ ਵੱਡੇ-ਵੱਡੇ ਡੈਮਾਂ, ਉਦਯੋਗਿਕ ਪ੍ਰੋਜੈਕਟਾਂ, ਖਾਣਾਂ, ਵਿਸ਼ੇਸ਼ ਆਰਥਕ ਜ਼ੋਨਾਂ, ਹਾਈਵੇਅ ਪ੍ਰੋਜੈਕਟਾਂ, ਨੈਸ਼ਨਲ ਪਾਰਕਾਂ, ਸਮਾਰਟ ਸਿਟੀ ਪ੍ਰੋਜੈਕਟਾਂ ਆਦਿ ਰਾਹੀਂ ਕਿਸਾਨਾਂ, ਆਦਿਵਾਸੀਆਂ ਤੇ ਹੋਰ ਹਾਸ਼ੀਏ 'ਤੇ ਧੱਕੇ ਨਿਤਾਣੇ ਹਿੱਸਿਆਂ ਦੇ ਉਜਾੜੇ ਵਿਰੁੱਧ ਸਾਂਝੇ ਸੰਘਰਸ਼ ਦਾ ਮੰਚ ਬਣਿਆ। ਜਿਸ ਨੂੰ ਬਣਾਉਣ ਤੇ ਸੰਚਾਲਨ ਕਰਨ 'ਚ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਡਾ. ਬੀ.ਡੀ. ਸ਼ਰਮਾ, ਫਾਦਰ ਸਟੈਨ ਸਵਾਮੀ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਜੀ.ਐਨ. ਸਾਈਬਾਬਾ ਆਦਿ ਉੱਘੀਆਂ ਸ਼ਖਸੀਅਤਾਂ ਦੇ ਨਾਲ ਅਜੈ ਕੁਮਾਰ ਦੀ ਵੀ ਭੂਮਿਕਾ ਰਹੀ ਹੈ। ਉਹ 2007 ਤੋਂ 2016 ਤੱਕ ਇਸ ਮੰਚ ਦਾ ਆਲ ਇੰਡੀਆ ਕਨਵੀਨਰ ਵੀ ਰਿਹਾ ਹੈ। ਉਹ ਇਸ ਫੋਰਮ ਅਤੇ ਸਾਮਰਾਜਵਾਦੀ ਵਿਸ਼ਵੀਕਰਨ ਵਿਰੁੱਧ ਫੋਰਮ ਦੀ ਆਲ ਇੰਡੀਆ ਕਮੇਟੀ ਦਾ ਮੈਂਬਰ ਵੀ ਰਿਹਾ ਹੈ।




ਬਤੌਰ ਲੋਕ ਪੱਖੀ ਵਕੀਲ ਅਤੇ ਕਾਰਕੁਨ ਉਹ ਸੱਭਿਆਚਾਰਕ ਕਾਮੇ ਜੀਤਨ ਮਰੰਡੀ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਅਤੇ ਆਮ ਤੌਰ 'ਤੇ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਮੁਹਿੰਮ 'ਚ ਵੀ ਸਰਗਰਮ ਰਿਹਾ ਹੈ। ਲੋਕ ਪੱਖੀ ਵਕੀਲਾਂ ਦੀ ਸੰਸਥਾ ਆਲ ਇੰਡੀਆ ਐਸੋਸੀਏਸ਼ਨ ਆਫ ਪੀਪਲਜ਼ ਲਾਇਰਜ਼ ਦੇ ਮੈਂਬਰ ਵਜੋਂ ਉਸ ਨੇ ਭੀਮਾ-ਕੋਰੇਗਾਓਂ ਕੇਸ ਵਿਚ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਤੇ ਹੋਰ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਆਵਾਜ਼ ਉਠਾਈ ਹੈ। ਚਾਹੇ ਪੈਲੇਟ ਗੰਨਾਂ ਰਾਹੀਂ ਕਸ਼ਮੀਰੀਆਂ ਦੇ ਘਾਣ ਦਾ ਵਿਰੋਧ ਕਰਨਾ ਹੋਵੇ ਜਾਂ ਜਮਹੂਰੀ ਕਾਰਕੁਨਾਂ ਵੱਲੋਂ ਕਸ਼ਮੀਰ ਦੇ ਹਾਲਾਤ ਨੂੰ ਦੁਨੀਆ ਸਾਹਮਣੇ ਪੇਸ਼ ਕਰਨ ਲਈ ਤੱਥ ਖੋਜ ਮਿਸ਼ਨ 'ਤੇ ਜਾਣਾ ਹੋਵੇ, ਜਾਂ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੇ ਤਾਨਾਸ਼ਾਹ ਫ਼ੈਸਲੇ ਜਾਂ ਜਾਬਰ ਸੀ.ਏ.ਏ.-ਐੱਨ.ਆਰ.ਸੀ.-ਐੱਨ.ਪੀ.ਆਰ. ਦੇ ਖ਼ਿਲਾਫ਼ ਲੋਕ ਰਾਇ ਖੜ੍ਹੀ ਕਰਨ ਅਤੇ ਪ੍ਰਦਰਸ਼ਨ ਜਥੇਬੰਦ ਕਰਨ ਲਈ ਹੰਭਲਾ ਮਾਰਨਾ ਹੋਵੇ, ਇਸੇ ਤਰ੍ਹਾਂ ਇਤਿਹਾਸਕ ਕਿਸਾਨ ਅੰਦੋਲਨ ਨੂੰ ਹਮਾਇਤੀ ਹੁੰਗਾਰਾ ਦੇਣਾ ਹੋਵੇ ਜਾਂ ਪੰਚਕੂਲਾ (ਹਰਿਆਣਾ) ਵਿਚ ਹੋਏ ਜਾਤਪਾਤੀ ਜ਼ੁਲਮਾਂ ਵਿਰੁੱਧ ਅੰਦੋਲਨ ਜਥੇਬੰਦ ਕਰਨਾ ਹੋਵੇ, ਅਜੈ ਕੁਮਾਰ ਵਰਗੇ ਲੋਕਪੱਖੀ ਕਾਰਕੁਨ ਹਮੇਸ਼ਾ ਅੱਗੇ ਲੱਗ ਕੇ ਕੰਮ ਕਰਦੇ ਹਨ। ਉਹ ਦਿੱਲੀ ਦੀਆਂ ਤੇ ਹੋਰ ਪ੍ਰਮੁੱਖ ਯੂਨੀਵਰਸਿਟੀਆਂ ਅਤੇ ਹੋਰ ਜਨਤਕ ਮੰਚਾਂ ਤੋਂ ਹਕੂਮਤੀ ਏਜੰਡਿਆਂ ਵਿਰੁੱਧ ਲੋਕ ਰਾਇ ਤਿਆਰ ਕਰਦੇ ਹਨ ਅਤੇ ਲੋਕਾਂ ਨੂੰ ਦਰਪੇਸ਼ ਖ਼ਤਰਿਆਂ ਬਾਰੇ ਖ਼ਬਰਦਾਰ ਕਰਦੇ ਹਨ।

ਅਜੈ ਨੇ ਕਿਰਤੀ ਲੋਕਾਂ ਦੇ ਮੁੱਦਿਆਂ ਉੱਪਰ ਵਿਆਪਕ ਤੌਰ 'ਤੇ ਲਿਖਿਆ ਹੈ। ਉਸ ਨੇ ਹੈਦਰਾਬਾਦ ਯੂਨੀਵਰਸਿਟੀ ਅਤੇ ਸ਼ਿਮਲਾ ਵਿਚ ਇੰਡੀਅਨ ਇੰਸਟੀਚਿਊਟ ਫਾਰ ਐਡਵਾਂਸਡ ਸਟੱਡੀਜ਼ ਵਿਚ ਕ੍ਰਮਵਾਰ ਹਰਿਆਣਾ ਵਿਚ ਖੇਤੀ ਪੈਦਾਵਾਰੀ ਸਬੰਧਾਂ ਅਤੇ ਖਾਪ ਪੰਚਾਇਤਾਂ ਬਾਰੇ ਸਮਾਜਿਕ ਇਤਿਹਾਸਕ ਜਾਣਕਾਰੀ ਦੇਣ ਵਾਲੇ ਵਡਮੁੱਲੇ ਲੇਖ ਲਿਖੇ ਹਨ। 'ਵਿਸਥਾਪਨ ਔਰ ਜਨ ਅੰਦੋਲਨ' ਵਰਗੀਆਂ ਕਿਤਾਬਾਂ ਤਿਆਰ ਕਰਨ ਤੋਂ ਇਲਾਵਾ ਉਸ ਨੇ ਨਿਊਜ਼ ਬੁਲੇਟਿਨ 'ਲਲਕਾਰ' ਦੀਆਂ 8 ਜਿਲਦਾਂ ਦਾ ਸਹਿ-ਸੰਪਾਦਨ ਵੀ ਕੀਤਾ ਹੈ। ਉਹ ਜਾਟ ਰਾਖਵਾਂਕਰਨ ਦੀ ਮੰਗ ਦੀ ਰਾਜਨੀਤਕ ਆਰਥਿਕਤਾ, ਤਕਨੀਕੀ ਵਿਕਾਸ ਦੇ ਸਮਾਜਿਕ-ਆਰਥਿਕ ਪ੍ਰਭਾਵ, ਕੇਂਦਰੀ ਭਾਰਤ ਦੇ ਫ਼ੌਜੀਕਰਨ, ਲਾਲਗੜ੍ਹ ਅੰਦੋਲਨ, ਰਾਜ ਦੀ ਹਿੰਸਾ, ਹਰਿਆਣਾ ਦੀ ਨਵੀਂ ਸਿੱਖਿਆ ਨੀਤੀ ਅਤੇ ਸਮਾਜਿਕ ਬਾਈਕਾਟ ਆਦਿ ਸਮੇਤ ਬਹੁਤ ਸਾਰੇ ਮੁੱਦਿਆਂ ਉੱਪਰ 'ਜਨ ਪ੍ਰਤੀਰੋਧ' ਰਸਾਲੇ ਲਈ ਬਾਕਾਇਦਗੀ ਨਾਲ ਲਿਖਦਾ ਰਿਹਾ ਹੈ।

ਆਪਣੀਆਂ ਇਨ੍ਹਾਂ ਬੌਧਿਕ ਤੇ ਜਨਤਕ ਜਮਹੂਰੀ ਸਰਗਰਮੀ ਕਾਰਨ ਉਹ ਫਾਸ਼ੀਵਾਦੀ ਹਕੂਮਤ ਦੇ ਉਸੇ ਤਰ੍ਹਾਂ ਨਿਸ਼ਾਨੇ 'ਤੇ ਹੈ ਜਿਵੇਂ ਬੀਤੇ 'ਚ ਮਹੇਸ਼ ਰਾਵਤ ਅਤੇ ਮਰਹੂਮ ਫਾਦਰ ਸਟੈਨ ਸਵਾਮੀ ਜਾਂ ਪ੍ਰੋਫੈਸਰ ਸਾਈਬਾਬਾ ਵਰਗੇ ਕਾਰਕੁਨ ਝੂਠੇ ਕੇਸਾਂ 'ਚ ਫਸਾਏ ਗਏ ਅਤੇ ਉਨ੍ਹਾਂ ਨੂੰ ਲੋਕ ਹੱਕਾਂ ਦੀ ਪਹਿਰੇਦਾਰੀ ਤੇ ਲੋਕ ਹਿਤਾਂ ਨਾਲ ਸਰੋਕਾਰ ਦਿਖਾਉਣ ਬਦਲੇ ਜੇਲ੍ਹਬੰਦੀ ਦਾ ਸੰਤਾਪ ਝੱਲਣਾ ਪਿਆ।

ਹੋਰ ਕਾਰਕੁਨਾਂ ਤੇ ਆਲੋਚਕ ਕਲਮਾਂ ਦੀ ਤਰ੍ਹਾਂ ਅਜੈ ਕੁਮਾਰ ਦੇ ਫੋਨ 'ਚ ਵੀ ਇਜ਼ਰਾਇਲੀ ਜਾਸੂਸੀ ਸਾਫਟਵੇਅਰ ਪੈਗਾਸਸ ਨਾਲ ਸੰਨ੍ਹ ਲਾਈ ਗਈ ਜਿਸ ਦੀ ਤਸਦੀਕ ਅਕਤੂਬਰ 2019 'ਚ ਕੈਨੇਡੀਅਨ ਸੰਸਥਾ 'ਸਿਟੀਜਨਜ਼ ਲੈਬ' ਦੇ ਸੀਨੀਅਰ ਖੋਜ ਕਰਤਾ ਜੌਹਨ ਸਕਾਟ ਰੇਲਟਨ ਦੁਆਰਾ ਕੀਤੀ ਗਈ। ਫਿਰ ਇਸ ਦੀ ਤਸਦੀਕ ਵੱਟਸਐਪ ਨੇ ਵੀ ਕੀਤੀ ਕਿ ਇਹ ਜਾਸੂਸੀ ਸਾਫਟਵੇਅਰ ਮਈ 2018 'ਚ ਉਸ ਦੇ ਫੋਨ ਵਿਚ ਪਲਾਂਟ ਕੀਤਾ ਗਿਆ ਸੀ। ਉਪਰੋਕਤ ਵੇਰਵਿਆਂ ਅਨੁਸਾਰ ਪਹਿਲਾਂ ਹੀ ਜੇਲ੍ਹਾਂ 'ਚ ਸੜ ਰਹੇ ਹੱਕਾਂ ਦੇ ਪਹਿਰੇਦਾਰਾਂ ਨਾਲ ਉਸ ਦੇ ਨਜ਼ਦੀਕੀ ਸਬੰਧਾਂ ਕਾਰਨ ਉਸ ਨੂੰ ਕਿਸੇ ਵੀ ਅਜਿਹੇ ਝੂਠੇ ਕੇਸ ਵਿਚ ਫਸਾਏ ਜਾਣ ਦਾ ਖਦਸ਼ਾ ਲੰਮੇ ਸਮੇਂ ਤੋਂ ਬਣਿਆ ਹੋਇਆ ਹੈ। ਕੁਝ ਕਥਿਤ ਸਾਜ਼ਿਸ਼ ਕੇਸਾਂ ਦੇ ਹਵਾਲੇ ਨਾਲ ਹੇਠਲੀਆਂ ਅਦਾਲਤਾਂ 'ਚ ਵੀ ਉਸ ਦੇ ਨਾਂ ਦਾ ਜ਼ਿਕਰ ਹੁੰਦਾ ਰਿਹਾ ਹੈ। ਭੀਮਾ ਕੋਰੇਗਾਓਂ-ਐਲਗਾਰ ਪ੍ਰੀਸ਼ਦ ਕੇਸ 'ਚ ਫਸਾ ਕੇ ਗ੍ਰਿਫ਼ਤਾਰ ਕੀਤੀਆਂ ਸ਼ਖ਼ਸੀਅਤਾਂ ਤੋਂ ਉਸ ਬਾਰੇ ਪੁੱਛਗਿੱਛ ਵੀ ਕੀਤੀ ਗਈ।

ਮਈ 2023 ਤੋਂ ਲੈ ਕੇ ਉਸ ਸਮੇਤ ਕਈ ਹੋਰ ਕਾਰਕੁਨਾਂ ਨੂੰ ਕਿਸੇ ਝੂਠੇ ਕੇਸ 'ਚ ਫਸਾਉਣ ਦੇ ਆਸਾਰ ਉੱਘੜਨੇ ਸ਼ੁਰੂ ਹੋ ਗਏ ਸਨ ਜਦੋਂ ਕੌਮੀ ਜਾਂਚ ਏਜੰਸੀ ਨੇ ਵੱਖ-ਵੱਖ ਰਾਜਾਂ 'ਚ ਕਈ ਰਾਜਨੀਤਕ ਕਾਰਕੁਨਾਂ, ਖ਼ਾਸ ਕਰ ਕੇ ਯੂ.ਪੀ. ਵਿਚ ਸੀਮਾ ਆਜ਼ਾਦ, ਉਸ ਦੇ ਭਰਾ ਮਨੀਸ਼ ਆਜ਼ਾਦ, ਝਾਰਖੰਡ ਵਿਚ 'ਵਿਸਥਾਪਨ ਵਿਰੋਧੀ ਜਨ ਵਿਕਾਸ ਅੰਦੋਲਨ' ਦੇ ਆਲ ਇੰਡੀਆ ਕੋਆਰਡੀਨੇਟਰ ਦਮੋਦਰ ਤੁਰੀ ਸਮੇਤ ਵੱਖ-ਵੱਖ ਮੈਂਬਰਾਂ ਦੇ ਘਰਾਂ ਵਿਚ ਛਾਪੇ ਮਾਰੇ। ਤੁਰੀ ਤੋਂ ਕਾਫ਼ੀ ਪੁੱਛਗਿੱਛ ਕੀਤੀ ਗਈ। ਜੁਲਾਈ 2023 'ਚ ਐੱਨ.ਆਈ.ਏ. ਦੇ ਅਧਿਕਾਰੀਆਂ ਨੇ ਅਜ ਕੁਮਾਰ ਦੀ ਰਿਹਾਇਸ਼ 'ਤੇ ਜਾ ਕੇ ਉਸ ਬਾਰੇ ਜਾਣਕਾਰੀ ਲੈਣੀ ਚਾਹੀ ਪਰ ਕੁਝ ਦਿਨ ਪਹਿਲਾਂ ਹੀ ਰਿਹਾਇਸ਼ ਬਦਲ ਲੈਣ ਕਾਰਨ ਉਹ ਅਧਿਕਾਰੀਆਂ ਨੂੰ ਨਹੀਂ ਮਿਲਿਆ। ਉਸ ਬਾਰੇ ਉਸ ਦੇ ਗੁਆਂਢੀਆਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਐੱਨ.ਆਈ.ਏ. ਨੇ ਉਸ ਦੇ ਰਿਸ਼ਤੇਦਾਰਾਂ ਤੋਂ ਪੁੱਛਗਿੱਛ ਕਰਨ ਲਈ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਵਿਚ ਉਸ ਦੇ ਜੱਦੀ ਸ਼ਹਿਰ ਗਨੌਰ ਤੱਕ ਪਹੁੰਚ ਵੀ ਕੀਤੀ। ਅਗਸਤ 'ਚ ਇੰਟੈਲੀਜੈਂਸ ਬਿਊਰੋ ਦੇ ਇਕ ਵਿਅਕਤੀ ਨੇ ਇਕ ਸੀਨੀਅਰ ਪੱਤਰਕਾਰ ਨੂੰ ਅਜੈ ਕੁਮਾਰ ਅਤੇ ਉਸ ਦੇ ਪਰਿਵਾਰ ਨਾਲ ਕੋਈ ਵੀ ਮੇਲਮਿਲਾਪ ਰੱਖਣ ਤੋਂ ਬਚਣ ਦੀ ਚਿਤਾਵਨੀ ਦਿੰਦਿਆਂ ਉਸੇ ਪੱਤਰਕਾਰ ਨੂੰ ਇਹ ਸੰਕੇਤ ਵੀ ਦਿੱਤਾ ਕਿ ਅਜੈ ਨੂੰ ਗ੍ਰਿਫ਼ਤਾਰ ਕਰਨ ਲਈ ਐੱਨ.ਆਈ.ਏ. ਉਸ ਦੀ ਭਾਲ ਕਰ ਰਹੀ ਹੈ ਅਤੇ ਉਸ ਦੀ ਨਵੀਂ ਰਿਹਾਇਸ਼ ਉੱਪਰ ਛੇਤੀ ਹੀ ਛਾਪਾ ਪੈ ਸਕਦਾ ਹੈ। ਸਤੰਬਰ ਮਹੀਨੇ ਇਕ ਹੋਰ ਖ਼ੁਫ਼ੀਆ ਏਜੰਸੀ ਨੇ ਵੀ ਅਜੈ ਬਾਰੇ ਪਤਾ ਕਰਨ ਲਈ ਕੁਰੂਕਸ਼ੇਤਰ ਜ਼ਿਲ੍ਹੇ ਵਿਚ ਉਸ ਦੇ ਦੋਸਤ ਨਾਲ ਸੰਪਰਕ ਕੀਤਾ। ਐੱਨ.ਆਈ.ਏ. ਵੱਲੋਂ ਅਜੈ ਕੁਮਾਰ ਨੂੰ ਤੰਗ-ਪ੍ਰੇਸ਼ਾਨ ਕਰਨ ਅਤੇ ਧਮਕੀਆਂ ਦੇਣ ਦਾ ਇਹ ਸਿਲਸਿਲਾ ਕਿਸੇ ਨਾ ਕਿਸੇ ਰੂਪ 'ਚ ਲਗਾਤਾਰ ਜਾਰੀ ਹੈ। ਇਹ ਜਾਹਰ ਹੈ ਕਿ ਉਸ ਦੀ ਸਰਗਰਮੀ ਨੇ ਉਸ ਨੂੰ ਸਟੇਟ ਦਾ ਨਿਸ਼ਾਨਾ ਬਣਾ ਦਿੱਤਾ ਹੈ। ਖ਼ੁਫ਼ੀਆ ਤੰਤਰ ਵੱਲੋਂ ਉਸ ਦੇ ਪਰਿਵਾਰ ਅਤੇ ਦੋਸਤਾਂ ਨੂੰ ਤੰਗ-ਪ੍ਰੇਸ਼ਾਨ ਕਰਦੇ ਹੋਏ ਉਸ ਵਿਰੁੱਧ ਕੇਸ ਦੀ ਬੁਨਿਆਦ ਘੜੀ ਜਾ ਰਹੀ ਹੈ।

ਇਸ ਹਮਲਾ ਮਹਿਜ਼ ਅਜੈ ਕੁਮਾਰ ਵਿਰੁੱਧ ਨਹੀਂ ਸਗੋਂ ਵਿਆਪਕ ਤੌਰ 'ਤੇ ਮੁਲਕ ਦੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਵਿਰੁੱਧ ਹੈ ਅਤੇ ਇਹ ਭਗਵਾ ਹਕੂਮਤ ਦੀ 'ਸਿਵਲ ਸੁਸਾਇਟੀ ਵਿਰੁੱਧ ਯੁੱਧ' ਦਾ ਹਿੱਸਾ ਹੈ। ਜੇ ਇਨਸਾਫ਼ਪਸੰਦ, ਜਮਹੂਰੀ ਸੋਚ ਵਾਲੀਆਂ ਤਾਕਤਾਂ ਇਨ੍ਹਾਂ ਹਮਲਿਆਂ ਦਾ ਗੰਭੀਰ ਨੋਟਿਸ ਨਹੀਂ ਲੈਂਦੀਆਂ ਤਾਂ ਭਵਿੱਖ ਵਿਚ ਲੋਕਾਂ ਦੇ ਸਰੋਕਾਰਾਂ ਦੀ ਗੱਲ ਕਰਨ ਵਾਲੇ ਚਿੰਤਨਸ਼ੀਲ ਹਿੱਸਿਆਂ ਲਈ ਕੰਮ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ।

# ਦੁਨੀਆ ਅੰਦਰ ਨਵੇਂ ਘੋਲ

ਜੋਬਨ
ਫੋਨ: +91-89689-29372

ਯੂ.ਕੇ. ਦੇ ਮਜ਼ਦੂਰ ਸਰਕਾਰ ਦੇ ਨਾਦਰਸ਼ਾਹੀ ਫਰਮਾਨ ਦਾ ਵਿਰੋਧ ਕਰ ਰਹੇ ਹਨ। ਹੜਤਾਲ ਕਾਨੂੰਨ ਜੋ 9 ਦਸੰਬਰ ਨੂੰ ਲਾਗੂ ਹੋਇਆ ਹੈ, ਹੜਤਾਲ ਵਿਰੋਧੀ ਕਾਨੂੰਨ ਹੈ। ਇਸ ਮੁਤਾਬਕ ਮਜ਼ਦੂਰਾਂ ਨੂੰ ਹੜਤਾਲ ਦੌਰਾਨ ਅੱਠ ਖੇਤਰਾਂ ਵਿਚ ਸੀਮਤ ਸਮੇਂ ਲਈ ਕੰਮ ਕਰਨਾ ਹੀ ਪਵੇਗਾ। ਅਜਿਹਾ ਨਾ ਕਰਨ ਦੀ ਹਾਲਤ ਵਿਚ ਮਾਲਕ ਕੋਲ਼ ਮਜ਼ਦੂਰ 'ਤੇ ਕਾਨੂੰਨੀ ਕਾਰਵਾਈ ਕਰਨ ਦਾ ਅਖਤਿਆਰ ਹੋਵੇਗਾ; ਭਾਵ, ਹੜਤਾਲ ਕਰਨਾ ਸਿਰਫ ਖਾਨਾਪੂਰਤੀ ਜਾਂ ਪ੍ਰਤੀਕਾਤਮਕ ਕਾਰਵਾਈ ਬਣ ਕੇ ਰਹਿ ਜਾਵੇਗਾ। ਬੈਲਜੀਅਮ ਵਿਚ ਵੀ ਅਜਿਹੇ ਹੀ ਬਿੱਲ ਦੇ ਵਿਰੋਧ ਵਿਚ ਮਜ਼ਦੂਰ ਸੜਕਾਂ 'ਤੇ ਹਨ। ਇਹ ਲੋਕ ਵਿਰੋਧੀ ਕਾਨੂੰਨ ਅਤੇ ਇਨ੍ਹਾਂ ਦੇ ਜਵਾਬ ਵਿਚ ਉੱਠਿਆ ਸੰਘਰਸ਼, ਯੂਰਪ ਦੀ ਮੌਜੂਦਾ ਸਥਿਤੀ ਬਿਆਨਦਾ ਹੈ। ਆਖ਼ਿਰ ਅੰਗਰੇਜ਼ ਹਾਕਮਾਂ ਨੂੰ ਕੀ ਲੋੜ ਪੈ ਗਈ ਅਜਿਹੇ ਕਾਨੂੰਨ ਬਣਾਉਣ ਦੀ?

2023 ਮਜ਼ਦੂਰ ਸੰਘਰਸ਼ਾਂ ਦੇ ਫੁਟਾਰਿਆਂ ਦਾ ਸਾਲ ਰਿਹਾ ਹੈ; ਤੇ ਇਹ ਇਕੱਲੇ ਯੂਰਪ ਦੀ ਗੱਲ ਨਹੀਂ ਸਗੋਂ ਅਮਰੀਕਾ, ਚੀਨ ਅਤੇ ਜਪਾਨ ਦੀ ਵੀ ਇਹੀ ਕਹਾਣੀ ਰਹੀ ਹੈ। ਸਰਮਾਏਦਾਰਾ ਢਾਂਚੇ ਦੇ ਸ਼ੀਸ਼ ਮਹਿਲ ਵਜੋਂ ਜਾਣੇ ਜਾਂਦੇ ਇਨ੍ਹਾਂ ਦੇਸ਼ਾਂ ਬਾਰੇ ਡੇਢ ਕੁ ਦਹਾਕਾ ਪਹਿਲਾਂ ਤੱਕ ਕਿਹਾ ਜਾਂਦਾ ਸੀ ਕਿ ਇੱਥੋਂ ਦਾ ਮਜ਼ਦੂਰ ਖੁਸ਼ਹਾਲ ਹੈ ਜਿਸ ਕੋਲ਼ ਸਥਾਈ ਨੌਕਰੀ ਅਤੇ ਵਾਧੂ ਤਨਖਾਹ ਹੈ; 1960-70ਵਿਆਂ ਦੇ ਸੰਕਟ ਤੇ ਮਜ਼ਦੂਰ ਸੰਘਰਸ਼ ਹੁਣ ਬੀਤੇ ਦੀ ਗੱਲ ਹੋ ਗਏ ਹਨ ਅਤੇ ਬੁਨਿਆਦੀ ਲੋੜਾਂ ਦੀ ਕੋਈ ਲੜਾਈ ਨਹੀਂ ਹੈ; 'ਅਮਰੀਕੀ ਸੁਫ਼ਨਾ' ਫਿਰ ਜੇਤੂ ਹੋ ਗਿਆ ਹੈ। ਕਈ ਤਾਂ ਇੱਥੋਂ ਤੱਕ ਵੀ ਕਹਿੰਦੇ ਸਨ ਕਿ ਇੱਥੇ ਕੋਈ ਮਜ਼ਦੂਰ ਹੈ ਹੀ ਨਹੀਂ। ਮੰਨਿਆ ਜਾਂਦਾ ਸੀ ਕਿ ਮਜ਼ਦੂਰ ਯੂਨੀਅਨਾਂ ਦਬਾ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਮੁੜ ਜਥੇਬੰਦ ਹੋਣ ਦੀ ਕੋਈ ਸੰਭਾਵਨਾ ਨਹੀਂ ਪਰ ਇਨ੍ਹਾਂ ਦੇਸ਼ਾਂ ਵਿਚ ਉੱਠੇ ਸੰਘਰਸ਼ਾਂ ਨੇ ਖੁਸ਼ਹਾਲੀ ਦੇ ਇਸ ਭਰਮ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ।

ਡਾਕ ਮੁਲਾਜ਼ਮ, ਨਰਸਾਂ, ਰੇਲਵੇ ਮਜ਼ਦੂਰ ਆਦਿ ਹਰ ਵਿਭਾਗ ਦੇ ਕਾਮੇ, ਹੜਤਾਲਾਂ, ਧਰਨੇ, ਮੁਜ਼ਾਹਰੇ ਕਰ ਰਹੇ ਹਨ। ਇਕੱਲੇ ਅਮਰੀਕਾ ਦੀ ਗੱਲ ਕਰੀਏ ਤਾਂ 'ਲੇਬਰ ਐਕਸ਼ਨ ਟਰੈਕਰ' ਮੁਤਾਬਕ 31 ਅਕਤੂਬਰ 2023 ਤੱਕ 354 ਹੜਤਾਲਾਂ ਹੋਈਆਂ ਜਿਨ੍ਹਾਂ ਵਿਚ 4,92,000 ਮਜ਼ਦੂਰ ਸ਼ਾਮਲ ਹੋਏ। ਇਹ ਗਿਣਤੀ 2021 ਵਿਚ ਹੜਤਾਲਾਂ ਦਾ ਹਿੱਸਾ ਬਣੇ ਮਜ਼ਦੂਰਾਂ ਦੀ ਗਿਣਤੀ ਨਾਲ਼ੋਂ ਅੱਠ ਅਤੇ 2022 ਨਾਲ਼ੋਂ 4 ਗੁਣਾ ਸੀ। ਅਮਰੀਕਾ ਦੀਆਂ ਲੱਗਭੱਗ ਸਾਰੀਆਂ ਆਟੋ ਕੰਪਨੀਆਂ ਦੇ ਮਜ਼ਦੂਰ 14 ਸਤੰਬਰ 2023 ਤੋਂ ਤਨਖਾਹਾਂ ਵਿਚ ਵਾਧਿਆਂ ਲਈ ਲਗਾਤਾਰ ਹੜਤਾਲਾਂ ਕਰ ਰਹੇ ਹਨ। ਇਹ ਹੜਤਾਲਾਂ ਅਮਰੀਕਾ ਦੇ 88 ਸਾਲਾਂ ਦੇ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਹਨ। 'ਯੂਨਾਈਟਿਡ ਆਟੋ ਵਰਕਰਜ਼' ਇਸ ਵੇਲੇ ਅਮਰੀਕਾ ਦੀ ਸਭ ਤੋਂ ਵੱਡੀ ਯੂਨੀਅਨ ਹੈ ਜੋ 'ਬਿਗ ਥਰੀ' ਕਹੀਆਂ ਜਾਣ ਵਾਲ਼ੀਆਂ ਤਿੰਨ ਵੱਡੀਆਂ ਕੰਪਨੀਆਂ ਜਨਰਲ ਮੋਟਰਜ਼, ਫੋਰਡ ਤੇ ਸਟੇਲਾਂਸਿਸ ਖਿਲਾਫ ਸੰਘਰਸ਼ ਕਰ ਰਹੀ ਹੈ।

ਹੋਰ ਖੇਤਰਾਂ ਦੀ ਗੱਲ ਕਰੀਏ ਤਾਂ 75,000 ਨਰਸਾਂ ਨੇ ਹੜਤਾਲ ਦੇ ਦਮ 'ਤੇ ਤਨਖਾਹ 'ਚ 21% ਵਾਧਾ ਕਰਵਾਇਆ। ਹਾਲੀਵੁੱਡ ਦੇ 11,500 ਲਿਖਾਰੀ ਅਤੇ 65,000 ਅਦਾਕਾਰ ਲਗਾਤਾਰ ਜੁਲਾਈ (2023) ਤੋਂ ਵੱਡੀਆਂ ਕੰਪਨੀਆਂ ਜਿਵੇਂ ਨੈੱਟਫਲਿਕਸ, ਵਾਲਟ ਡਿਜ਼ਨੀ ਆਦਿ ਖਿਲਾਫ ਸੰਘਰਸ਼ ਕਰ ਰਹੇ ਹਨ। ਦਸੰਬਰ 2022 ਵਿਚ 80,000 ਰੇਲਵੇ ਮੁਲਾਜ਼ਮਾਂ ਦੀ ਹੜਤਾਲ ਹੁੰਦੇ ਹੁੰਦੇ ਰਹਿ ਗਈ ਕਿਉਂਕਿ ਦਬਾਅ ਹੇਠ ਆਏ ਰਾਸ਼ਟਰਪਤੀ ਜੋਅ ਬਾਇਡਨ ਨੇ ਹੜਤਾਲ ਤੋਂ ਪਹਿਲਾਂ ਹੀ ਸਦਨ ਬੁਲਾ ਕੇ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ। ਅਕਤੂਬਰ 2021 ਵਿਚ ਜੌਹਨ ਡੀਅਰ ਕੰਪਨੀ ਦੇ 10,000 ਮਜ਼ਦੂਰ ਹੜਤਾਲ 'ਤੇ ਗਏ। ਕੈਲੋਗਸ ਦੇ ਮਜ਼ਦੂਰਾਂ ਦੀ ਹੜਤਾਲ ਅਕਤੂਬਰ 2021 ਤੋਂ ਮਾਰਚ 2022 ਤੱਕ ਚੱਲੀ। ਅਮਰੀਕਾ ਦੇ ਸਟਾਰਬਕਸ ਦੇ 200 ਸਟੋਰਾਂ ਦੇ ਮਜ਼ਦੂਰ ਦਸੰਬਰ 2021 ਤੋਂ ਤਨਖਾਹਾਂ ਵਿਚ ਵਾਧੇ ਅਤੇ ਬਿਹਤਰ ਕੰਮ ਹਾਲਤਾਂ ਲਈ ਲਗਾਤਾਰ ਹੜਤਾਲਾਂ ਕਰ ਰਹੇ ਹਨ। ਅਗਸਤ 'ਚ ਅਮਰੀਕੀ ਯੂਨਾਈਟਡ ਡਾਕ ਵਿਭਾਗ ਦੇ ਇੱਕ ਲੱਖ ਕਾਮਿਆਂ ਨੇ ਹੜਤਾਲ ਦਾ ਐਲਾਨ ਕੀਤਾ ਸੀ ਜਿਸ ਦੇ ਦਬਾਅ ਵਜੋਂ ਹੀ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਪਈਆਂ।

ਯੂ.ਕੇ. ਦੀ ਧਰਤੀ ਵੀ ਸੰਘਰਸ਼ਾਂ ਦੇ ਪੱਖ ਤੋਂ ਬਹੁਤ ਜ਼ਰਖੇਜ਼ ਰਹੀ। ਉੱਥੇ ਮੰਦਹਾਲੀ ਦਾ ਸਭ ਤੋਂ ਵੱਧ ਬੋਝ ਝੱਲ ਰਹੇ ਕਿਰਤੀ ਲੋਕ ਲੱਖਾਂ ਦੀ ਗਿਣਤੀ ਵਿਚ ਸੜਕਾਂ 'ਤੇ ਉੱਤਰ ਆਏ। ਦਸੰਬਰ 2022 ਤੋਂ ਜਨਵਰੀ 2023 ਤੱਕ ਯੂ.ਕੇ. ਦੇ ਕੌਮੀ ਸਿਹਤ ਵਿਭਾਗ ਦੀਆਂ 1 ਲੱਖ ਨਰਸਾਂ ਨੇ ਵੱਡੀ ਹੜਤਾਲ ਕੀਤੀ। 2023 ਵਿਚ 50,000 ਰੇਲਵੇ ਕਾਮਿਆਂ, ਡਾਕ ਵਿਭਾਗ ਦੇ 1,15,000 ਕਾਮਿਆਂ ਨੇ ਸਰਕਾਰਾਂ ਤੋਂ ਹੱਕ ਹਾਸਲ ਕਰਨ ਲਈ ਹੜਤਾਲਾਂ ਕੀਤੀਆਂ। 2022 ਤੱਕ ਯੂਰਪੀ ਸੰਘ ਦੇ ਦੇਸ਼ਾਂ ਦੇ 9.53 ਕਰੋੜ ਲੋਕ ਅਤਿ ਗਰੀਬੀ ਦੇ ਮੁਹਾਣ 'ਤੇ ਖੜ੍ਹੇ ਸਨ। ਅਜਿਹੇ ਸਮੇਂ ਵਿਚ ਇਟਲੀ, ਸਪੇਨ, ਰੋਮਾਨੀਆ, ਬੈਲਜੀਅਮ, ਜਰਮਨੀ, ਪੁਰਤਗਾਲ, ਸਰਬੀਆ ਅਤੇ ਸਕਾਟਲੈਂਡ ਵਿਚ ਲੱਖਾਂ ਲੋਕ ਮਹਿੰਗਾਈ, ਬੇਰੁਜ਼ਗਾਰੀ, ਛਾਂਟੀਆਂ ਅਤੇ ਬਿਹਤਰ ਕੰਮ ਹਾਲਤਾਂ ਲਈ ਹੜਤਾਲਾਂ ਅਤੇ ਧਰਨਿਆਂ ਦਾ ਹਿੱਸਾ ਬਣੇ।

ਏਸ਼ੀਆ ਦੀਆਂ ਮਹਾਂਸ਼ਕਤੀਆਂ ਵੀ ਇਸ ਸਾਲ ਇਸ ਅੱਗ ਤੋਂ ਨਹੀਂ ਬਚੀਆਂ। ਚੀਨ ਲੇਬਰ ਬਿਊਰੋ ਦੇ ਅੰਕੜੇ ਮੁਤਾਬਕ 2022 ਅਤੇ 2023 ਦੌਰਾਨ 1500 ਤੋਂ ਵੱਧ ਮਜ਼ਦੂਰ ਸੰਘਰਸ਼ ਹੋਏ। ਐਵਰਗਰਾਂਦੇ ਕੰਪਨੀ ਤੋਂ ਸ਼ੁਰੂ ਹੋਏ ਰੀਅਲ ਅਸਟੇਟ ਦੇ ਸੰਕਟ ਕਾਰਨ ਸਿਰਫ ਇਸੇ ਖੇਤਰ ਨਾਲ਼ ਸਬੰਧਿਤ ਹੀ 1,777 ਵਿਰੋਧ ਮੁਜ਼ਾਹਰੇ ਸਿਰਫ ਜੂਨ 2022 ਅਤੇ ਅਕਤੂਬਰ 2023 ਦਰਮਿਆਨ ਹੋਏ। ਅਗਸਤ 2023 ਵਿਚ ਸਭ ਤੋਂ ਵੱਧ ਹੋਏ ਜਿਨ੍ਹਾਂ ਵਿਚੋਂ 100 ਸੰਘਰਸ਼ ਮਜ਼ਦੂਰਾਂ ਦੀ ਅਗਵਾਈ ਵਿਚ ਹੋਏ।

ਅਮਰੀਕਾ ਅਤੇ ਯੂਰਪੀ ਦੇਸ਼ਾਂ ਅੰਦਰ ਮਜ਼ਦੂਰਾਂ ਨੇ ਆਰਥਿਕ ਮਸਲਿਆਂ 'ਤੇ ਹੀ ਆਵਾਜ਼ ਬੁਲੰਦ ਨਹੀਂ ਕੀਤੀ ਸਗੋਂ ਆਪਣੀਆਂ ਸਰਕਾਰਾਂ ਨੂੰ ਸਿਆਸੀ ਮਸਲਿਆਂ 'ਤੇ ਵੀ ਘੇਰਿਆ ਹੈ। ਫਰਾਂਸ ਤੇ ਅਮਰੀਕਾ ਵਿਚ ਪੁਲਿਸ ਜਬਰ ਖਿਲਾਫ ਫੁੱਟਿਆ ਲੋਕ ਰੋਹ ਇਸ ਦਾ ਸਬੂਤ ਹੈ। ਇਨ੍ਹਾਂ ਦੇਸ਼ਾਂ ਦੀਆਂ ਸੜਕਾਂ 'ਤੇ ਰੂਸ ਯੂਕਰੇਨ ਜੰਗ ਅਤੇ ਇਜ਼ਰਾਈਲ ਦੇ ਫ਼ਲਸਤੀਨ ਉੱਪਰ ਢਾਹੇ ਜਾ ਰਹੇ ਜਬਰ ਖਿਲਾਫ ਠਾਠਾਂ ਮਾਰਦਾ ਲੱਖਾਂ ਦਾ ਇਕੱਠ ਹੈ।

## ਜਾਗਦੀਆਂ ਜ਼ਮੀਰਾਂ ਦੀ ਆਵਾਜ਼

# ਸੰਦੀਪ ਪਾਂਡੇ ਮੈਗਸੇਸੇ ਐਵਾਰਡ ਵਾਪਸ ਕਰਨਗੇ


*ਉੱਘੇ ਰਾਜਨੀਤਕ ਕਾਰਕੁਨ, ਸੋਸ਼ਲਿਸਟ ਪਾਰਟੀ (ਇੰਡੀਆ) ਦੇ ਜਨਰਲ ਸਕੱਤਰ ਅਤੇ ਲੋਕ ਪੱਖੀ ਚਿੰਤਕ ਸੰਦੀਪ ਪਾਂਡੇ ਨੇ ਮੈਗਸੇਸੇ ਐਵਾਰਡ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ। ਨਾਲ ਹੀ ਉਨ੍ਹਾਂ ਨੇ ਅਮਰੀਕੀ ਯੂਨੀਵਰਸਿਟੀਆਂ ਤੋਂ ਹਾਸਲ ਕੀਤੀਆਂ ਡਿਗਰੀਆਂ ਵੀ ਮੋੜਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੀ ਨਰਮਦਾ ਬਚਾਓ ਅੰਦੋਲਨ ਵਿਚ ਵੀ ਮਹੱਤਵਪੂਰਨ ਭੂਮਿਕਾ ਰਹੀ ਹੈ। ਸੰਦੀਪ ਨੇ ਆਈ.ਆਈ.ਟੀ. ਤੋਂ ਪੜ੍ਹਾਈ ਕੀਤੀ ਹੋਈ ਹੈ। ਅਮਰੀਕਾ ਦੀ ਮੋਹਰ ਵੀ ਹੈ। ਕਿਸੇ ਵੀ ਵਿਦੇਸ਼ੀ ਕੰਪਨੀ ਵਿਚ ਸੀ.ਈ.ਓ. ਬਣ ਕੇ ਉਹ ਕਰੋੜਾਂ ਦਾ 'ਪੈਕੇਜ' ਲੈ ਸਕਦੇ ਸਨ। ਦੁਨੀਆ ਦੀ ਕੋਈ ਵੀ ਯੂਨੀਵਰਸਿਟੀ ਉਨ੍ਹਾਂ ਨੂੰ ਪ੍ਰੋਫੈਸਰ ਬਣਾ ਕੇ ਮਾਣ ਮਹਿਸੂਸ ਕਰਦੀ ਪਰ ਭਾਰਤ ਵਿਚ ਉਨ੍ਹਾਂ ਨੂੰ ਆਪਣੇ ਵਿਚਾਰਾਂ ਕਾਰਨ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਕੱਢ ਦਿੱਤਾ ਗਿਆ ਸੀ। ਸੰਦੀਪ ਪਾਂਡੇ ਦੀ ਇਸ ਲਿਖਤ ਦਾ ਅਨੁਵਾਦ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

"ਜਦੋਂ ਮੈਂ 2002 ਵਿਚ ਮੈਗਸੇਸੇ ਪੁਰਸਕਾਰ ਲੈਣ ਲਈ ਮਨੀਲਾ (ਫਿਲਪੀਨਜ਼) ਗਿਆ ਤਾਂ ਛੋਟਾ ਜਿਹਾ ਵਿਵਾਦ ਖੜ੍ਹਾ ਹੋ ਗਿਆ। ਫਿਲਪੀਨਜ਼ ਦੀ ਰਾਸ਼ਟਰਪਤੀ ਤੋਂ ਪੁਰਸਕਾਰ ਪ੍ਰਾਪਤ ਕਰਨ ਤੋਂ ਅਗਲੇ ਦਿਨ ਮੈਂ ਇਰਾਕ ਉਤੇ ਸੰਭਾਵੀ ਅਮਰੀਕੀ ਹਮਲੇ ਖਿਲਾਫ ਮਨੀਲਾ ਵਿਚ ਅਮਰੀਕੀ ਦੂਤਾਵਾਸ ਵਿਚ ਹੋ ਰਹੇ ਪ੍ਰਦਰਸ਼ਨ ਵਿਚ

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਹਿੱਸਾ ਲੈਣਾ ਸੀ। ਤਦ ਮੈਗਸੇਸੇ ਫਾਊਂਡੇਸ਼ਨ ਦੇ ਪ੍ਰਧਾਨ ਨੇ ਮੈਨੂੰ ਇਹ ਕਹਿ ਕੇ ਉੱਥੇ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਕਿ ਮੇਰੇ ਅਮਰੀਕੀ ਦੂਤਾਵਾਸ ਵਿਚ ਹੋ ਰਹੇ ਪ੍ਰਦਰਸ਼ਨ ਵਿਚ ਹਿੱਸਾ ਲੈਣ ਨਾਲ ਫਾਊਂਡੇਸ਼ਨ ਦੀ ਬਦਨਾਮੀ ਹੋਵੇਗੀ। ਮੈਂ ਉਸ ਨੂੰ ਚੇਤੇ ਕਰਾਇਆ ਕਿ ਉਨ੍ਹਾਂ ਨੇ ਮੈਨੂੰ ਜਿਨ੍ਹਾਂ ਚਾਰ ਕਾਰਨਾਂ ਕਰ ਕੇ ਮੈਗਸੇਸੇ ਪੁਰਸਕਾਰ ਦਿੱਤਾ ਸੀ, ਉਨ੍ਹਾਂ ਵਿੱਚੋਂ ਇਕ ਕਾਰਨ ਭਾਰਤ ਦੇ ਪਰਮਾਣੂ ਪਰੀਖਣ ਵਿਰੁੱਧ ਵਿਸ਼ਵ ਪੱਧਰ 'ਤੇ ਪਰਮਾਣੂ ਨਿਸ਼ਸਤਰੀਕਰਨ ਦੇ ਉਦੇਸ਼ ਲਈ ਪੋਖਰਨ ਤੋਂ ਸਾਰਨਾਥ ਤੱਕ ਕੀਤਾ ਗਿਆ ਮਾਰਚ ਸੀ; ਯਾਨੀ ਯੁੱਧ ਵਿਰੁੱਧ ਮੇਰੀ ਭੂਮਿਕਾ ਤੋਂ ਉਹ ਪਹਿਲਾਂ ਹੀ ਵਾਕਫ਼ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਇਤਫ਼ਾਕ ਦੀ ਗੱਲ ਹੈ ਕਿ ਜਿਸ ਦਿਨ ਮੈਨੂੰ ਇਹ ਪੁਰਸਕਾਰ ਮਿਲਿਆ, ਉਸੇ ਦਿਨ ਮਨੀਲਾ ਦੀ ਯੂਨੀਵਰਸਿਟੀ ਵਿਚ ਹੋਏ ਸ਼ਾਂਤੀ ਸੰਮੇਲਨ ਵਿਚ ਅਮਰੀਕੀ ਦੂਤਾਵਾਸ ਅੱਗੇ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ ਅਤੇ ਮੈਨੂੰ ਵੀ ਉਸ ਕਾਨਫਰੰਸ ਵਿਚ ਸੱਦਿਆ ਗਿਆ ਸੀ। ਮੇਰੇ ਇਸ ਪ੍ਰਦਰਸ਼ਨ ਵਿਚ ਹਿੱਸਾ ਲੈਣ ਤੋਂ ਬਾਅਦ ਮਨੀਲਾ ਦੇ ਇਕ ਅਖ਼ਬਾਰ ਨੇ ਆਪਣੇ ਸੰਪਾਦਕੀ ਵਿਚ ਮੈਨੂੰ ਚੁਣੌਤੀ ਦਿੱਤੀ ਕਿ ਜੇ ਮੈਂ ਇੰਨਾ ਹੀ ਸਿਧਾਂਤਵਾਦੀ ਹਾਂ ਤਾਂ ਮੈਂ ਭਾਰਤ ਵਾਪਸ ਜਾਣ ਤੋਂ ਪਹਿਲਾਂ ਮੈਗਸੇਸੇ ਪੁਰਸਕਾਰ ਮੋੜ ਕੇ ਜਾਵਾਂ। ਇਸ ਨਾਲ ਮੇਰਾ ਕੰਮ ਸੌਖਾ ਹੋ ਗਿਆ। ਮੈਂ ਏਅਰਪੋਰਟ ਤੋਂ ਪੁਰਸਕਾਰ ਨਾਲ ਮਿਲੀ ਰਕਮ ਉਨ੍ਹਾਂ ਨੂੰ ਮੋੜ ਦਿੱਤੀ ਅਤੇ ਮੈਗਸੇਸੇ ਫਾਊਂਡੇਸ਼ਨ ਦੀ ਚੇਅਰਪਰਸਨ ਨੂੰ ਚਿੱਠੀ ਲਿਖ ਕੇ ਕਿਹਾ ਕਿ ਫ਼ਿਲਹਾਲ ਮੈਂ ਇਹ ਪੁਰਸਕਾਰ ਆਪਣੇ ਕੋਲ ਰੱਖ ਰਿਹਾ ਹਾਂ ਕਿਉਂਕਿ ਇਹ ਪੁਰਸਕਾਰ ਫਿਲਪੀਨਜ਼ ਦੇ ਹਰਮਨਪਿਆਰੇ ਸਾਬਕਾ ਰਾਸ਼ਟਰਪਤੀ ਦੇ ਨਾਂ 'ਤੇ ਹੈ ਅਤੇ ਭਾਰਤ ਵਿਚ ਇਹ ਜੈਪ੍ਰਕਾਸ਼ ਨਰਾਇਣ, ਵਿਨੋਬਾ ਭਾਵੇ ਅਤੇ ਬਾਬਾ ਆਮਟੇ ਵਰਗੀਆਂ ਅਜਿਹੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਦਿੱਤਾ ਗਿਆ ਹੈ ਜੋ ਮੇਰੇ ਆਦਰਸ਼ ਹਨ। ਮੈਂ ਉਸ ਚਿੱਠੀ ਵਿਚ ਇਹ ਵੀ ਲਿਖਿਆ ਸੀ ਕਿ ਜਿਸ ਦਿਨ ਉਨ੍ਹਾਂ ਨੂੰ ਲੱਗੇ ਕਿ ਮੇਰੇ ਕਾਰਨ ਮੈਗਸੇਸੇ ਫਾਊਂਡੇਸ਼ਨ ਦੀ ਬਦਨਾਮੀ ਹੋ ਰਹੀ ਹੈ ਤਾਂ ਮੈਂ ਪੁਰਸਕਾਰ ਵੀ ਮੋੜ ਦਿਆਂਗਾ ਪਰ ਹੁਣ ਮੈਨੂੰ ਲੱਗਦਾ ਹੈ ਕਿ ਸਮਾਂ ਆ ਗਿਆ ਹੈ। ਮੈਗਸੇਸੇ ਪੁਰਸਕਾਰ ਰੌਕੀਫੈਲਰ ਫਾਊਂਡੇਸ਼ਨ ਦੁਆਰਾ ਸਪਾਂਸਰ ਕੀਤਾ ਗਿਆ ਹੈ ਅਤੇ ਜਿਸ ਸ਼੍ਰੇਣੀ ਵਿਚ ਮੈਨੂੰ ਇਹ ਪੁਰਸਕਾਰ ਮਿਲਿਆ, ਉਹ ਫੋਰਡ ਫਾਊਂਡੇਸ਼ਨ ਦੁਆਰਾ ਸਪਾਂਸਰ ਕੀਤਾ ਗਿਆ ਹੈ, ਇਹ ਦੋਵੇਂ ਅਮਰੀਕੀ ਸੰਸਥਾਵਾਂ ਹਨ।

ਜਿਸ ਤਰ੍ਹਾਂ ਅਮਰੀਕਾ ਇਸ ਵੇਲੇ ਫ਼ਲਸਤੀਨ ਵਿਰੁੱਧ ਯੁੱਧ ਵਿਚ ਬੇਸ਼ਰਮੀ ਨਾਲ ਇਜ਼ਰਾਈਲ ਦਾ ਖੁੱਲ੍ਹ ਕੇ ਸਾਥ ਦੇ ਰਿਹਾ ਹੈ ਅਤੇ ਹੁਣ ਵੀ ਇਜ਼ਰਾਈਲ ਨੂੰ ਹਥਿਆਰ ਵੇਚ ਰਿਹਾ ਹੈ, ਹੁਣ ਇਹ ਪੁਰਸਕਾਰ ਆਪਣੇ ਕੋਲ ਰੱਖਣਾ ਮੇਰੇ ਲਈ ਅਸਹਿ ਹੋ ਗਿਆ ਹੈ। ਇਸ ਲਈ ਮੈਂ ਹੁਣ ਮੈਗਸੇਸੇ ਪੁਰਸਕਾਰ ਵੀ ਮੋੜਨ ਦਾ ਫ਼ੈਸਲਾ ਕੀਤਾ ਹੈ। ਮੈਂ ਫਿਲਪੀਨਜ਼ ਦੇ ਲੋਕਾਂ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ ਇਸ ਪੁਰਸਕਾਰ ਨਾਲ ਸਾਬਕਾ ਰਾਸ਼ਟਰਪਤੀ ਰੇਮਨ ਮੈਗਸੇਸੇ ਦਾ ਨਾਮ ਜੁੜਿਆ ਹੋਇਆ ਹੈ ਪਰ ਮੇਰਾ ਵਿਰੋਧ ਸਿਰਫ਼ ਪੁਰਸਕਾਰ ਦੇ ਅਮਰੀਕੀ ਸਬੰਧ ਵਾਲੇ ਪਹਿਲੂ ਦੇ ਖ਼ਿਲਾਫ਼ ਹੈ। ਜਿਵੇਂ ਮੈਂ ਮੈਗਸੇਸੇ ਪੁਰਸਕਾਰ ਮੋੜ ਰਿਹਾ ਹਾਂ, ਮੈਨੂੰ ਲੱਗਦਾ ਹੈ ਕਿ ਮੈਨੂੰ ਅਮਰੀਕਾ ਤੋਂ



ਪ੍ਰਾਪਤ ਡਿਗਰੀਆਂ ਵੀ ਮੋੜ ਦੇਣੀਆਂ ਚਾਹੀਦੀਆਂ ਹਨ। ਮੈਂ ਨਿਊ ਯਾਰਕ ਸਟੇਟ ਵਿਚ ਸਥਿਤ ਸਿਰੈਕਿਊਜ਼ ਯੂਨੀਵਰਸਿਟੀ ਤੋਂ ਆਪਣੀਆਂ ਮੈਨੂਫੈਕਚਰਿੰਗ ਅਤੇ ਕੰਪਿਊਟਰ ਇੰਜਨੀਅਰਿੰਗ ਡਿਗਰੀਆਂ ਅਤੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਮਕੈਨੀਕਲ ਇੰਜਨੀਅਰਿੰਗ ਡਿਗਰੀਆਂ ਮੋੜਨ ਦਾ ਫੈਸਲਾ ਵੀ ਕਰ ਰਿਹਾ ਹਾਂ।

ਦਰਅਸਲ, 1991 'ਚ ਬਰਕਲੇ ਕੈਂਪਸ ਵਿਚ ਜੰਗ ਵਿਰੋਧੀ ਪ੍ਰਦਰਸ਼ਨ ਦੌਰਾਨ ਜਦੋਂ ਰਾਸ਼ਟਰਪਤੀ ਬੁਸ਼ ਸੀਨੀਅਰ ਨੇ ਇਰਾਕ ਉੱਪਰ ਹਮਲਾ ਕਰ ਦਿੱਤਾ ਸੀ, ਮੈਨੂੰ ਇਹ ਪਤਾ ਲੱਗਾ ਕਿ ਹਥਿਆਰਾਂ ਨਾਲ ਸਬੰਧਿਤ ਖੋਜ ਅਮਰੀਕੀ ਯੂਨੀਵਰਸਿਟੀਆਂ ਵਿਚ ਹੁੰਦੀ ਹੈ, ਖ਼ਾਸ ਕਰ ਕੇ ਤਕਨਾਲੋਜੀ ਅਤੇ ਵਿਗਿਆਨ ਵਿਭਾਗਾਂ ਵਿਚ। ਯੁੱਧ ਵਿਰੋਧੀ ਪ੍ਰਦਰਸ਼ਨ ਵਿਚ ਹਿੱਸਾ ਲੈਣ ਵਾਲੇ ਇਲੈਕਟ੍ਰੀਕਲ ਇੰਜਨੀਅਰਿੰਗ ਦੇ ਪ੍ਰੋਫੈਸਰ ਪ੍ਰਵੀਨ ਵਰਈਆ ਜੋ ਰੱਖਿਆ ਵਿਭਾਗ ਤੋਂ ਕੋਈ ਖੋਜ-ਪੈਸਾ ਨਹੀਂ ਲੈਂਦੇ ਸਨ, ਤੋਂ ਪਤਾ ਲੱਗਾ ਕਿ ਉਸ ਦਾ ਖੋਜ ਖੇਤਰ, ਕੰਟਰੋਲ ਸਿਸਟਮ, ਜੋ ਮੇਰਾ ਖੋਜ ਦਾ ਖੇਤਰ ਵੀ ਸੀ, ਰੱਖਿਆ ਪ੍ਰੋਗਰਾਮ ਨਾਲ ਜੁੜਿਆ ਹੋਇਆ ਸੀ; ਭਾਵ, ਅਣਜਾਣੇ ਵਿਚ ਮੈਂ ਅਮਰੀਕੀ ਜੰਗੀ ਮਸ਼ੀਨ ਦਾ ਹਿੱਸਾ ਬਣ ਗਿਆ ਸੀ। ਮੇਰਾ ਆਪਣੇ ਖੋਜ ਖੇਤਰ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਗਿਆ ਅਤੇ ਭਾਰਤ ਵਾਪਸ ਆ ਕੇ ਮੈਂ ਕਾਨਪੁਰ ਦੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਮੈਂ ਆਪਣਾ ਖੋਜ ਖੇਤਰ ਬਦਲ ਲਿਆ।

ਇੱਥੇ ਮੈਂ ਇਕ ਵਾਰ ਫਿਰ ਸਪੱਸ਼ਟ ਕਰ ਦਿਆਂ ਕਿ ਮੇਰਾ ਅਮਰੀਕੀ ਲੋਕਾਂ ਜਾਂ ਅਮਰੀਕਾ ਮੁਲਕ ਨਾਲ ਕੋਈ ਵਿਰੋਧ ਨਹੀਂ ਸਗੋਂ ਮੈਂ ਸਮਝਦਾ ਹਾਂ ਕਿ ਅਮਰੀਕਾ ਵਿਚ ਮਨੁੱਖੀ ਅਧਿਕਾਰਾਂ ਦੇ ਉੱਚ ਆਦਰਸ਼ਾਂ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਉੱਥੇ ਪ੍ਰਗਟਾਵੇ ਦੀ ਆਜ਼ਾਦੀ ਵੀ ਉੱਚ ਪੱਧਰ ਦੀ ਹੈ ਪਰ ਇਨ੍ਹਾਂ ਉੱਚ ਆਦਰਸ਼ਾਂ ਦਾ ਪਾਲਣ ਅਮਰੀਕਾ ਦੇ ਅੰਦਰ ਹੀ ਹੁੰਦਾ ਹੈ। ਅਮਰੀਕਾ ਤੋਂ ਬਾਹਰ, ਖ਼ਾਸ ਕਰ ਕੇ ਤੀਜੀ ਦੁਨੀਆ ਦੇ ਮੁਲਕਾਂ ਵਿਚ ਅਮਰੀਕਾ ਨੂੰ ਇਨ੍ਹਾਂ ਦੀ ਕੋਈ ਚਿੰਤਾ ਨਹੀਂ। ਜੇ ਅਮਰੀਕਾ ਇਨਸਾਫ਼ ਨਾਲ ਖੜ੍ਹਾ ਹੈ ਤਾਂ ਕਿਸੇ ਵੀ ਯੁੱਧ ਵਿਚ ਉਸ ਨੂੰ ਮਜ਼ਲੂਮਾਂ ਦੇ ਪੱਖ ਵਿਚ ਭੂਮਿਕਾ ਨਿਭਾਉਣੀ ਚਾਹੀਦੀ ਹੈ। ਯੂਕਰੇਨ ਉੱਪਰ ਰੂਸ ਦੇ ਹਮਲੇ 'ਚ ਉਸ ਨੇ ਸਹੀ ਭੂਮਿਕਾ ਅਖ਼ਤਿਆਰ ਕੀਤੀ ਹੈ ਪਰ ਪਤਾ ਨਹੀਂ ਕਿਉਂ, ਉਹ ਫ਼ਲਸਤੀਨੀਆਂ ਉੱਪਰ ਹੋ ਰਹੇ ਜ਼ੁਲਮਾਂ ਅਤੇ ਉੱਥੇ ਕੀਤੀ ਜਾ ਰਹੀ ਤਬਾਹੀ ਪ੍ਰਤੀ ਅੱਖਾਂ ਮੀਟੀ ਬੈਠਾ ਹੈ ਅਤੇ ਇਜ਼ਰਾਇਲੀ ਫ਼ੌਜ ਦੁਆਰਾ ਕੀਤੇ ਜਾ ਰਹੇ ਘਿਨਾਉਣੇ ਜੁਰਮਾਂ ਨੂੰ ਵੀ ਨਜ਼ਰਅੰਦਾਜ਼ ਕਰਨ ਲਈ ਤਿਆਰ ਹੈ। ਜੇ ਕੋਈ ਹੋਰ ਮੁਲਕ ਅਜਿਹਾ ਕਰ ਰਿਹਾ ਹੁੰਦਾ ਤਾਂ ਅਮਰੀਕਾ ਨੇ ਹੁਣ ਤੱਕ ਉਸ ਉੱਪਰ ਸਖ਼ਤ ਪਾਬੰਦੀਆਂ ਲਗਾ ਦੇਣੀਆਂ ਸਨ, ਜਿਵੇਂ ਉਸ ਨੇ ਦੁਨੀਆ ਦੇ ਹੋਰ ਮੁਲਕਾਂ ਨਾਲ ਮਿਲ ਕੇ ਰੰਗ-ਭੇਦ ਦੀ ਨੀਤੀ ਲਾਗੂ ਕਰਨ ਵਾਲੇ ਦੱਖਣੀ ਅਫ਼ਰੀਕਾ ਨਾਲ ਕੀਤਾ ਸੀ।

ਮੈਂ ਇਹ ਸਖ਼ਤ ਫ਼ੈਸਲਾ ਇਸ ਲਈ ਕਰ ਰਿਹਾ ਹਾਂ ਕਿਉਂਕਿ ਮੇਰਾ ਮੰਨਣਾ ਹੈ ਕਿ ਇਹ ਦੁਨੀਆ ਦੀ ਰਾਇ ਦੇ ਖ਼ਿਲਾਫ਼ ਜਾ ਕੇ ਅਮਰੀਕਾ ਵੱਲੋਂ ਦਿੱਤੀ ਹੱਲਾਸ਼ੇਰੀ ਕਾਰਨ ਹੀ ਇਜ਼ਰਾਈਲ ਫ਼ਲਸਤੀਨੀਆਂ ਉੱਪਰ ਅਜਿਹੀ ਵਹਿਸ਼ਤ ਕਰ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਅਮਰੀਕਾ ਨਿਰਪੱਖ ਭੂਮਿਕਾ ਅਖ਼ਤਿਆਰ ਕਰ ਕੇ ਇਜ਼ਰਾਈਲ ਅਤੇ ਫ਼ਲਸਤੀਨ ਦਰਮਿਆਨ ਸ਼ਾਂਤੀ ਲਈ ਵਿਚੋਲਗੀ ਕਰਦਾ ਜਿਵੇਂ ਉਸ ਨੇ ਪਹਿਲਾਂ ਕੀਤਾ ਵੀ ਸੀ। ਪ੍ਰਭੂਸੱਤਾ ਵਾਲੇ ਸੁਤੰਤਰ ਫ਼ਲਸਤੀਨ ਜਿਸ ਨੂੰ ਸੰਯੁਕਤ ਰਾਸ਼ਟਰ ਪੂਰਨ ਮੁਲਕ ਦਾ ਦਰਜਾ ਦੇਵੇ, ਹੀ ਇਜ਼ਰਾਈਲ-ਫ਼ਲਸਤੀਨ ਝਗੜੇ ਦਾ ਹੱਲ ਹੈ ਪਰ ਅਜੀਬ ਗੱਲ ਇਹ ਹੈ ਕਿ ਅਮਰੀਕਾ ਜਿਸ ਨੇ ਅਜੇ ਜ਼ਿਆਦਾ ਦਿਨ ਨਹੀਂ ਹੋਏ, ਅਫ਼ਗਾਨਿਸਤਾਨ (ਜਿਸ ਦਾ ਖੇਤਰਫਲ ਫ਼ਲਸਤੀਨ ਤੋਂ ਬਹੁਤ ਵੱਡਾ ਹੈ) ਨੂੰ ਚਾਂਦੀ ਦੀ ਥਾਲੀ 'ਚ ਪਰੋਸ ਕੇ ਤਾਲਿਬਾਨ ਦੇ ਹਵਾਲੇ ਕਰ ਦਿੱਤਾ; ਇਹ ਜਾਣਦੇ ਹੋਏ ਕਿ ਇਹ ਆਮ ਅਫ਼ਗਾਨਾਂ, ਖ਼ਾਸ ਕਰ ਕੇ ਔਰਤਾਂ ਦੀ ਨਾਗਰਿਕ ਆਜ਼ਾਦੀ ਨੂੰ ਖ਼ਤਰੇ ਵਿਚ ਪਾ ਰਿਹਾ ਹੈ। ਉਹ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦਾ ਹੈ ਕਿ ਫ਼ਲਸਤੀਨ ਵਿਚ ਹਮਾਸ ਨੇ ਚੋਣਾਂ ਜਿੱਤ ਕੇ ਗਾਜ਼ਾ ਵਿਚ ਸਰਕਾਰ ਬਣਾਈ ਹੈ; ਤਾਲਿਬਾਨ ਨੇ ਕੋਈ ਚੋਣ ਨਹੀਂ ਲੜੀ। ਮੈਨੂੰ ਲੱਗਦਾ ਹੈ ਕਿ ਅਮਰੀਕਾ ਦੀ ਦੋਗਲੀ ਨੀਤੀ ਉੱਪਰ ਸਵਾਲ ਉਠਾਇਆ ਜਾਣਾ ਚਾਹੀਦਾ ਹੈ।"

*-ਸੰਦੀਪ ਪਾਂਡੇ*

# ਸ਼ੇਅਰ ਬਾਜ਼ਾਰ ਅਤੇ ਕਾਰਪੋਰੇਟ ਮੁਨਾਫਿਆਂ ਦੀ ਮਾਇਆ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਮੰਨਣਾ ਹੈ ਕਿ ਉਸ ਦੇ ਸਾਰੇ ਸਿਆਸੀ ਵਿਰੋਧੀ 'ਕਮਿਊਨਿਸਟ' ਹਨ ਪਰ ਅਚਨਚੇਤ ਉਹ ਖ਼ੁਦ ਵੀ 'ਉਨ੍ਹਾਂ' ਵਰਗੇ ਬਣ ਗਏ ਹਨ। ਹਾਲ ਹੀ ਵਿਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਵਿਚ ਸ਼ੇਅਰ ਬਾਜ਼ਾਰ ਜਿਵੇਂ ਬੁਲੰਦੀਆਂ ਛੂਹ ਰਿਹਾ ਹੈ, ਉਸ ਨਾਲ

**ਔਨਿੰਦਿਓ ਚੱਕਰਵਰਤੀ**

ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ। ਟਰੰਪ ਜੀਓ, ਤੁਹਾਨੂੰ ਪਤੈ ਕਿ ਇਹ ਗੱਲ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਬਾਰੇ ਸੱਚ ਹੈ। ਬਾਜ਼ਾਰ ਕਾਰਪੋਰੇਟ ਮੁਨਾਫ਼ਿਆਂ ਦੀ ਖੁਰੀ ਨੱਪ ਕੇ ਚੱਲਦੇ ਹਨ। ਜਦੋਂ ਮੁਨਾਫ਼ਾ ਵਧ ਜਾਂਦਾ ਹੈ ਤਾਂ ਸ਼ੇਅਰ ਬਾਜ਼ਾਰ ਵੀ ਚੜ੍ਹ ਜਾਂਦੇ ਹਨ। ਜਦੋਂ ਕਾਰਪੋਰੇਟ ਕੰਪਨੀਆਂ ਕੌਮੀ ਧਨ ਦਾ ਵੱਡਾ ਹਿੱਸਾ ਭੋਟ ਲੈਂਦੀਆਂ ਹਨ ਤਾਂ ਬਾਜ਼ਾਰ ਹੋਰ ਤੇਜ਼ੀ ਨਾਲ ਚੜ੍ਹਨ ਲਗਦੇ ਹਨ। 1980ਵਿਆਂ ਤੋਂ ਲੈ ਕੇ ਇਵੇਂ ਹੀ ਚੱਲ ਰਿਹਾ ਹੈ; ਉਦੋਂ ਤੋਂ ਲੈ ਕੇ ਹੁਣ ਤੱਕ ਸ਼ੇਅਰ ਬਾਜ਼ਾਰਾਂ ਤੋਂ ਹੋਈ ਜ਼ਬਰਦਸਤ ਕਮਾਈ ਦਾ ਰਾਜ਼ ਵੀ ਇਹੀ ਹੈ।

ਚਾਲੀ ਸਾਲ ਪਹਿਲਾਂ ਅਮਰੀਕਾ ਛੋਟੇ ਉਦਮੀਆਂ ਦਾ ਦੇਸ਼ ਹੋਣ 'ਤੇ ਫ਼ਖ਼ਰ ਮਹਿਸੂਸ ਕਰਦਾ ਸੀ। ਉਸ ਤੋਂ ਬਾਅਦ ਪੂੰਜੀ ਮੁੱਠੀ ਭਰ ਵੱਡੀਆਂ ਕੰਪਨੀਆਂ ਦੇ ਹੱਥਾਂ ਵਿਚ ਇਕੱਤਰ ਹੋਣ ਲੱਗ ਪਈ। ਹੁਣ ਜਦੋਂ ਮੁਨਾਫ਼ੇ ਵਧਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਅਮੀਰ ਹੋਰ ਅਮੀਰ ਹੋ ਰਹੇ ਹਨ। ਉਹ ਆਪਣੀਆਂ ਬੱਚਤਾਂ ਦਾ ਸ਼ੇਅਰ ਬਾਜ਼ਾਰਾਂ ਵਿਚ ਨਿਵੇਸ਼ ਕਰਦੇ ਹਨ ਜੋ ਮੋਡਵੇਂ ਰੂਪ ਵਿਚ ਉਨ੍ਹਾਂ ਦੀ ਦੌਲਤ ਵਿਚ ਹੋਰ ਵਾਧਾ ਕਰਦੇ ਹਨ।

ਇਹ ਸੱਚ ਹੈ ਕਿ ਬਹੁਤ ਸਾਰੇ ਅਮਰੀਕੀ ਨਾਗਰਿਕਾਂ ਨੇ ਮਿਊਚਲ ਫੰਡਾਂ ਜਾਂ ਸੇਵਾਮੁਕਤੀ ਖਾਤਿਆਂ ਰਾਹੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ੇਅਰ ਖਰੀਦੇ ਹੋਏ ਹਨ। ਮਿਸਾਲ ਦੇ ਤੌਰ 'ਤੇ 2022 ਵਿਚ ਅਮਰੀਕਾ ਵਿਚ 58 ਫ਼ੀਸਦ ਪਰਿਵਾਰਾਂ ਨੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਕੀਤਾ ਹੋਇਆ ਸੀ। ਉਂਝ, ਜੇ ਇਸ ਅੰਕੜੇ ਨੂੰ ਆਮਦਨ ਦੇ ਪੱਧਰਾਂ ਦੇ ਹਿਸਾਬ ਨਾਲ ਤੋੜ ਕੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਹੇਠਲੇ ਪੰਜਾਹ ਫ਼ੀਸਦ ਪਰਿਵਾਰਾਂ 'ਚੋਂ ਸਿਰਫ਼ 34 ਫ਼ੀਸਦ ਨੇ ਹੀ ਸ਼ੇਅਰ ਖਰੀਦੇ ਹੋਏ ਸਨ। ਇਨ੍ਹਾਂ ਦੇ ਮੁਕਾਬਲੇ ਸਭ ਤੋਂ ਵੱਧ 10 ਫ਼ੀਸਦ ਅਮੀਰ ਪਰਿਵਾਰਾਂ 'ਚੋਂ 95 ਫ਼ੀਸਦ ਨੇ ਸ਼ੇਅਰ ਬਾਜ਼ਾਰ ਵਿਚ ਪੈਸਾ ਲਾਇਆ ਹੋਇਆ ਸੀ। ਹੇਠਲੇ ਪੰਜਾਹ ਫ਼ੀਸਦ ਲੋਕਾਂ ਦੀ ਔਸਤ ਸ਼ੇਅਰ ਬਾਜ਼ਾਰ ਹਿੱਸੇਦਾਰੀ ਮਹਿਜ਼ 12600 ਡਾਲਰ ਬਣਦੀ ਸੀ; ਸਭ ਤੋਂ ਵੱਧ ਅਮੀਰ ਦਸ ਫ਼ੀਸਦ ਲੋਕਾਂ ਦੀ ਸ਼ੇਅਰ ਬਾਜ਼ਾਰ ਦੀ ਔਸਤ ਹਿੱਸੇਦਾਰੀ 608,000 ਡਾਲਰ ਸੀ। ਟਰੰਪ ਇਸ ਗੱਲੋਂ ਸਹੀ ਹੈ ਕਿ ਸ਼ੇਅਰ ਬਾਜ਼ਾਰ ਦੇ ਚੜ੍ਹਨ ਦਾ ਮਤਲਬ ਹੈ ਕਿ ਧਨੀ ਲੋਕਾਂ ਕੋਲ ਹੋਰ ਜ਼ਿਆਦਾ ਪੈਸਾ ਜਾ ਰਿਹਾ ਹੈ।

ਇਸ ਦਾ ਸਾਡੇ ਲਈ ਕੀ ਮਤਲਬ ਬਣਦਾ ਹੈ? ਭਾਰਤ ਵਿਚ ਸਭ ਤੋਂ ਵੱਧ ਇਕ ਫ਼ੀਸਦ ਅਮੀਰ ਲੋਕਾਂ ਕੋਲ ਦੇਸ਼ ਦੀ ਇਕ ਤਿਹਾਈ ਦੌਲਤ ਹੈ। ਇਸ ਦਾ ਮਤਲਬ ਹੈ ਕਿ ਕਰੀਬ 35 ਲੱਖ ਪਰਿਵਾਰਾਂ ਕੋਲ 5 ਖਰਬ ਡਾਲਰ ਦੇ ਮੁੱਲ ਦੇ ਅਸਾਸੇ ਹਨ। ਇਹ ਅੰਦਾਜ਼ਨ 415 ਲੱਖ ਕਰੋੜ ਰੁਪਏ ਦੀ ਰਕਮ ਬਣਦੀ ਹੈ। ਪਿਛਲੇ ਸਾਲ ਭਾਰਤ ਦੀ ਸ਼ੁੱਧ ਨਿੱਜੀ ਦੌਲਤ ਵਿਚ 4.6 ਫ਼ੀਸਦ ਵਾਧਾ ਹੋਇਆ ਸੀ। ਸਾਡੇ ਦੇਸ਼ ਅੰਦਰ ਜਿਵੇਂ ਦੌਲਤ ਕੁਝ ਹੱਥਾਂ ਵਿਚ ਇਕੱਠੀ ਹੋ ਰਹੀ ਹੈ, ਉਸ ਦੇ ਮੱਦੇਨਜ਼ਰ ਇਹ ਕਹਿਣਾ ਗੈਰ-ਵਾਜਿਬ ਨਹੀਂ ਹੋਵੇਗਾ ਕਿ ਚੋਟੀ ਦੇ ਇਕ ਫ਼ੀਸਦ ਅਮੀਰਾਂ ਦੀ ਸੰਪਤੀ ਵਿਚ ਘੱਟੋ-ਘੱਟ ਪੰਜ ਫ਼ੀਸਦ ਵਾਧਾ ਹੋਇਆ ਹੋਵੇਗਾ। ਮੰਨ ਲਓ, ਇਸ ਸਾਲ ਵੀ ਇਹ ਵਾਧਾ ਜਾਰੀ ਰਹਿੰਦਾ ਹੈ ਤਾਂ ਭਾਰਤ ਦੇ ਧਨਾਢ ਪਰਿਵਾਰਾਂ ਦੀ ਨਿੱਜੀ ਦੌਲਤ ਵਿਚ 20 ਲੱਖ ਕਰੋੜ ਰੁਪਏ ਦਾ ਵਾਧਾ ਹੋ ਜਾਵੇਗਾ।

ਇਸ ਵਾਧੂ ਧਨ ਦਾ ਵੱਡਾ ਹਿੱਸਾ ਉਨ੍ਹਾਂ ਦੇ ਅਸਾਸਿਆਂ ਦੀ ਕੀਮਤ ਵਿਚ ਮਹਿਜ਼ ਇਕ ਵਟਾਂਦਰਾ ਹੈ ਅਤੇ ਇਸ ਨੂੰ ਬਹੁਤ ਹੀ ਆਸਾਨੀ ਨਾਲ ਮੁਦਰਾ ਦਾ ਰੂਪ ਵਿਚ ਵਟਾਇਆ ਜਾ ਸਕਦਾ ਹੈ। ਜੇ ਅਸੀਂ ਮੰਨ ਲਈਏ ਕਿ ਵਾਧੂ ਸੰਪਤੀ ਦੇ ਇਕ ਚੁਥਾਈ ਹਿੱਸੇ ਨੂੰ ਦੁਬਾਰਾ ਨਿਵੇਸ਼ ਕੀਤਾ ਜਾਵੇਗਾ ਤਾਂ ਅਸੀਂ ਉਮੀਦ ਕਰ ਸਕਦੇ ਹਾਂ ਕਿ ਪੰਜ ਲੱਖ ਕਰੋੜ ਰੁਪਏ ਹੋਰ ਖ਼ਾਸ ਤਰ੍ਹਾਂ ਦੀ ਖਪਤ ਅਤੇ ਨਵੇਂ ਅਸਾਸਿਆਂ ਦੀ ਖਰੀਦਦਾਰੀ ਵਿਚ ਲੱਗਣਗੇ। ਫ਼ਰਜ਼ ਕਰੋ, ਇਸ ਦਾ ਅੱਧਾ ਹਿੱਸਾ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਹੁੰਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਅਮੀਰਾਂ ਕੋਲ ਪਏ ਕਰੀਬ 30 ਅਰਬ ਡਾਲਰ ਅਗਲੇ ਸਾਲ ਭਾਰਤੀ ਸ਼ੇਅਰ ਬਾਜ਼ਾਰ ਵਿਚ ਨਵੇਂ ਨਿਵੇਸ਼ ਦੇ ਰੂਪ ਵਿਚ ਆ ਸਕਦੇ ਹਨ। ਇਹ ਕੋਈ ਅਸੰਭਵ ਅੰਕੜਾ ਨਹੀਂ ਤੇ 2023 ਵਿਚ ਭਾਰਤੀ ਸ਼ੇਅਰ ਬਾਜ਼ਾਰ ਵਿਚ ਘਰੋਗੀ ਫੰਡਾਂ ਰਾਹੀਂ 20 ਅਰਬ ਡਾਲਰ ਤੋਂ ਵੱਧ ਨਿਵੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ 15 ਅਰਬ ਡਾਲਰ ਵਿਦੇਸ਼ੀ ਫੰਡਾਂ ਰਾਹੀਂ ਨਿਵੇਸ਼ ਹੋਇਆ ਹੈ ਅਤੇ ਭਾਰਤ ਦੇ ਧਨਾਢ ਤਬਕੇ ਰਾਹੀਂ ਕੀਤੇ ਨਿਵੇਸ਼ ਸਦਕਾ ਨਿਫ਼ਟੀ ਨੇ ਕਰੀਬ 20 ਫ਼ੀਸਦ ਦੀ ਆਮਦਨ ਦਿੱਤੀ ਹੈ। ਜੇ ਚੀਜ਼ਾਂ ਇਵੇਂ ਹੀ ਜਾਰੀ ਰਹੀਆਂ ਤਾਂ ਕੋਈ ਹੈਰਤ ਦੀ ਗੱਲ ਨਹੀਂ ਹੋਵੇਗੀ ਕਿ 2024 ਵਿਚ ਵੀ ਸ਼ੇਅਰ ਬਾਜ਼ਾਰ ਤੋਂ ਚੋਖੀ ਆਮਦਨ ਹੋਵੇਗੀ।

ਇਹ ਯਕੀਨ ਕਰਨ ਦਾ ਇਕ ਹੋਰ ਕਾਰਨ ਵੀ ਹੋ ਸਕਦਾ ਹੈ ਕਿ 2024 ਅਮੀਰਾਂ ਲਈ ਚੰਗਾ ਸਾਬਿਤ ਹੋ ਸਕਦਾ ਹੈ। ਅਮਰੀਕਾ ਦੀ ਕੇਂਦਰੀ ਬੈਂਕ ਯੂ.ਐੱਸ. ਫੈਡਰਲ ਰਿਜ਼ਰਵ (ਫੈੱਡ) ਨੇ ਪਹਿਲਾਂ ਹੀ ਸੰਕੇਤ ਦੇ ਦਿੱਤਾ ਹੈ ਕਿ ਨਵੇਂ ਸਾਲ ਵਿਚ ਵਿਆਜ ਦਰਾਂ ਵਿਚ ਭਰਵੀਂ ਕਟੌਤੀ ਹੋ ਸਕਦੀ ਹੈ। ਇਸ ਦਾ ਮਤਲਬ ਹੋਵੇਗਾ ਕਿ ਅਮਰੀਕੀ ਨਿਵੇਸ਼ਕਾਂ ਲਈ ਸ਼ੇਅਰ ਬਾਜ਼ਾਰਾਂ ਅਤੇ ਹੋਰਨਾਂ ਅਸਾਸਿਆਂ ਵਿਚ ਨਿਵੇਸ਼ ਕਰਨਾ ਸੌਖਾ ਹੋ ਜਾਵੇਗਾ। ਇਸ ਪੈਸੇ ਦਾ ਕੁਝ ਹਿੱਸਾ ਭਾਰਤੀ ਸ਼ੇਅਰ ਬਾਜ਼ਾਰਾਂ ਵਿਚ ਵੀ ਆਵੇਗਾ। 'ਫੈੱਡ' ਦੀ ਕੀਤੀ ਵਿਆਜ ਦਰਾਂ ਵਿਚ ਕਟੌਤੀ ਤੋਂ ਬਾਅਦ ਆਰਬੀਆਈ ਵੀ ਵਿਆਜ ਦਰਾਂ ਵਿਚ ਕਟੌਤੀ ਕਰਨ ਲਈ ਅਹੁਲ ਸਕਦਾ ਹੈ। ਇਸ ਤਰ੍ਹਾਂ ਸਾਡੇ ਘਰੇਲੂ ਅਰਥਚਾਰੇ ਵਿਚ ਹੋਰ ਜ਼ਿਆਦਾ ਧਨ ਆਵੇਗਾ ਜਿਸ ਕਰ ਕੇ ਸਟਾਕ ਅਤੇ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਵਧ ਸਕਦਾ ਹੈ। ਜੇ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾਂਦੀ ਹੈ ਤਾਂ ਕਾਰਪੋਰੇਟ ਕੰਪਨੀਆਂ ਦੀਆਂ ਵਿੱਤੀ ਲਾਗਤਾਂ ਵਿਚ ਕਮੀ ਆਵੇਗੀ ਜਿਸ ਸਦਕਾ ਉਨ੍ਹਾਂ ਦੇ ਮੁਨਾਫ਼ਿਆਂ ਵਿਚ ਇਜ਼ਾਫ਼ਾ ਹੋਵੇਗਾ। ਬਾਜ਼ਾਰ ਕਿਉਂਕਿ ਕਾਰਪੋਰੇਟ ਮੁਨਾਫ਼ਿਆਂ ਦੀ ਪੈੜ ਨੱਪਦੇ ਹਨ, ਇਸ ਕਰ ਕੇ ਸ਼ੇਅਰ ਕੀਮਤਾਂ ਵਧਣ ਦਾ ਇਹ ਇਕ ਹੋਰ ਕਾਰਨ ਹੋ ਸਕਦਾ ਹੈ।

ਉਂਝ, ਇਸ ਗੁਲਾਬੀ ਤਸਵੀਰ ਦਾ ਸਿਆਹ ਪੱਖ ਇਹ ਵੀ ਹੈ ਕਿ ਆਮ ਪ੍ਰਚੂਨ ਨਿਵੇਸ਼ਕਾਂ ਵਲੋਂ ਬਹੁਤ ਭਾਰੀ ਰਕਮ ਦਾ ਸੱਟਾ ਨਿਵੇਸ਼ ਭਾਰਤੀ ਸ਼ੇਅਰ ਬਾਜ਼ਾਰਾਂ ਵਿਚ ਕੀਤਾ ਦਿਖਾਈ ਦਿੰਦਾ ਹੈ। ਇਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਕਿੰਨਾ ਜ਼ਿਆਦਾ ਪੈਸਾ ਵਧੇਰੇ ਜੋਖ਼ਮ ਭਰਪੂਰ ਫਿਊਚਰ ਅਤੇ ਡੈਰੀਵੇਟਿਵਜ਼ (ਵਾਅਦਾ ਬਾਜ਼ਾਰ) ਵਿਚ ਲਾਇਆ ਜਾਂਦਾ ਹੈ। ਇੱਥੇ ਨਿਵੇਸ਼ਕ ਥੋੜ੍ਹੀ ਮਾਤਰਾ ਵਿਚ ਪੈਸਾ ਦਾਅ 'ਤੇ ਲਾਉਂਦੇ ਹਨ ਤਾਂ ਕਿ ਇਹ ਪਤਾ ਲੱਗ ਸਕੇ ਕਿ ਕੀਮਤਾਂ ਦਾ ਰੁਖ਼ ਕਿਵੇਂ ਰਹੇਗਾ। ਮਿਸਾਲ ਦੇ ਤੌਰ 'ਤੇ ਤੁਸੀਂ ਦਾਅ ਲਾ ਸਕਦੇ ਹੋ ਕਿ ਜਿਸ ਸ਼ੇਅਰ ਦੀ ਕੀਮਤ ਅੱਜ 100 ਰੁਪਏ ਹੈ, ਉਹ ਇਸ ਮਹੀਨੇ ਦੇ ਅੰਤ ਤੱਕ 115 ਰੁਪਏ ਹੋ ਜਾਵੇਗੀ। ਤੁਸੀਂ ਕਿਸੇ ਅਗਲੀ ਤਰੀਕ 'ਤੇ ਸ਼ੇਅਰ (110 ਰੁਪਏ) ਖਰੀਦ ਲੈਂਦੇ ਹੋ। ਜੇ ਇਸ ਦੀ ਕੀਮਤ 115 ਰੁਪਏ ਹੋ ਜਾਂਦੀ ਹੈ ਤਾਂ ਤੁਹਾਨੂੰ ਫ਼ੀ ਸ਼ੇਅਰ ਪੰਜ ਰੁਪਏ ਮੁਨਾਫ਼ਾ ਹੋਵੇਗਾ ਪਰ ਜੇ ਇਹ ਕੀਮਤ 105 ਰੁਪਏ ਹੀ ਰਹਿ ਜਾਂਦੀ ਹੈ ਤਾਂ ਤੁਹਾਨੂੰ ਪ੍ਰਤੀ ਸ਼ੇਅਰ ਪੰਜ ਰੁਪਏ ਦਾ ਨੁਕਸਾਨ ਹੋ ਜਾਵੇਗਾ। ਜ਼ਾਹਿਰ ਹੈ ਕਿ ਤੁਸੀਂ ਵੱਡੀ ਮਾਤਰਾ ਵਿਚ ਸ਼ੇਅਰ ਖਰੀਦ ਕੇ ਹੀ ਚੋਖਾ ਮੁਨਾਫ਼ਾ ਕਮਾ ਸਕਦੇ ਹੋ। ਇਕ ਲੱਖ ਰੁਪਏ ਦਾ ਮੁਨਾਫ਼ਾ ਕਮਾਉਣ ਲਈ ਤੁਹਾਨੂੰ 20 ਹਜ਼ਾਰ ਸ਼ੇਅਰ ਖਰੀਦਣੇ ਪੈਣਗੇ।

ਨਕਦੀ ਬਾਜ਼ਾਰ ਵਿਚ ਤੁਹਾਨੂੰ 100 ਰੁਪਏ ਦੀ ਕੀਮਤ 'ਤੇ 20 ਹਜ਼ਾਰ ਸ਼ੇਅਰ ਖਰੀਦਣ ਲਈ 20 ਲੱਖ ਰੁਪਏ ਖਰਚ ਕਰਨੇ ਪੈਂਦੇ ਹਨ। ਵਾਅਦਾ ਮਾਰਕਿਟ ਵਿਚ ਤੁਹਾਨੂੰ ਥੋੜ੍ਹੀ ਜਿਹੀ ਰਕਮ ਭਾਵ ਸਿਰਫ਼ 10 ਫ਼ੀਸਦ ਜਾਂ ਦੋ ਲੱਖ ਰੁਪਏ ਹੀ ਲਾਉਣੇ ਪੈਣਗੇ। ਭਾਰਤ ਵਿਚ ਇਸ ਤਰ੍ਹਾਂ ਦਾ ਸੱਟਾ ਨਿਵੇਸ਼ ਨੇ ਬਹੁਤ ਤਬਾਹੀ ਫੈਲਾਈ ਹੈ। ਹੋਰਨਾਂ ਬਾਜ਼ਾਰਾਂ ਵਿਚ ਡੈਰੀਵੇਟਿਵਜ਼ ਤੋਂ ਨਕਦੀ ਬਾਜ਼ਾਰ ਦਾ ਅਨੁਪਾਤ ਕਰੀਬ 5-10 ਗੁਣਾ ਹੈ। ਭਾਰਤ ਵਿਚ ਇਹ 400 ਗੁਣਾ ਹੈ। ਇਸ ਦਾ ਮਤਲਬ ਹੈ ਕਿ ਬਾਜ਼ਾਰ ਵਿਚ ਕਿਸੇ ਵੀ ਤਰ੍ਹਾਂ ਦੀ ਗਿਰਾਵਟ ਨਾਲ ਅਦਾਇਗੀਆਂ ਦਾ ਜ਼ਬਰਦਸਤ ਸੰਕਟ ਪੈਦਾ ਹੋ ਜਾਂਦਾ ਹੈ ਤੇ ਬਹੁਤ ਸਾਰੇ ਕਰਜ਼ੇ ਡੁੱਬ ਜਾਂਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

# ਸਮੂਹ ਸਿੱਖ ਭਾਈਚਾਰੇ ਨੂੰ ਸੰਤ ਸਿਪਾਹੀ, ਸੱਤ ਭਾਸ਼ਾਵਾਂ ਦੇ ਗਿਆਤਾ, ਕਵੀ ਅਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ-ਲੱਖ ਵਧਾਈ ਹੋਵੇ



* ਸੇਲਮ (ਓਰੇਗਾਨ) ਅਮਰੀਕਾ ਵਸਦੇ ਸ. ਬਹਾਦਰ ਸਿੰਘ ਦੇ 'ਵਨ ਬੀਟ ਮੈਡੀਕਲ ਗਰੁੱਪ' ਵਲੋਂ ਸੰਗਤ ਦੀ ਸੇਵਾ ਲਈ ਯੂ.ਪੀ. ਵਿਚ ਤਿੰਨ ਹਸਪਤਾਲ ਚਲਾਏ ਜਾ ਰਹੇ ਹਨ ਤੇ ਜਲਦ ਹੀ ਚੌਥਾ ਹਸਪਤਾਲ ਚਮਕੌਰ ਸਾਹਿਬ ਵਿਚ ਖੋਲ੍ਹਣ ਜਾ ਰਹੇ ਹਨ, ਜਿਸ ਨਾਲ ਸੰਗਤ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।
* ਤਜਰਬੇਕਾਰ ਤੇ ਮਾਹਿਰ ਡਾਕਟਰਾਂ ਅਤੇ ਸਰਜਨਾਂ ਦੀ ਟੀਮ ਦੇ ਸਹਿਯੋਗ ਨਾਲ 'ਵਨ ਬੀਟ ਮੈਡੀਕਲ ਗਰੁੱਪ' ਨੇ ਦੋ ਸਾਲਾਂ ਵਿਚ ਹੇਠ ਲਿਖੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ:
* 16,947 ਮੁਫਤ ਜਨਰਲ ਸਰਜਰੀਆਂ ਕੀਤੀਆਂ ਹਨ
* ਹੁਣ ਤਕ 1,07,552 ਮਰੀਜ਼ਾਂ ਦੇ ਬਿਨਾਂ ਕਿਸੇ ਫੀਸ ਤੋਂ ਮੋਤੀਆਬਿੰਦ ਦੇ ਓਪ੍ਰੇਸ਼ਨ ਕੀਤੇ ਗਏ ਹਨ।
* ਬਜ਼ੁਰਗਾਂ, ਲੋੜਵੰਦਾਂ, ਅਪਾਹਜਾਂ ਅਤੇ ਬੇਸਹਾਰਾ ਲੋਕਾਂ ਦਾ ਇਲਾਜ ਪਹਿਲ ਦੇ ਆਧਾਰ 'ਤੇ ਕੀਤਾ ਗਿਆ।
* ਇਲਾਕਾ ਵਾਸੀਆਂ ਲਈ ਬਲੱਡ ਬੈਂਕ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। (ਫੋਨ: 95545-71155)
* ਤਿੰਨੋਂ ਹਸਮਪਾਲ ਦਲਾਲਾਂ ਤੋਂ ਮੁਕਤ ਹਨ।
* ਵਨ ਬੀਟ ਹਸਪਤਾਲ ਵਿਚ ਆਉਣ ਵਾਲੇ ਸਾਰੇ ਮਰੀਜ਼ਾਂ ਅਤੇ ਸੇਵਾਦਾਰਾਂ ਲਈ ਫਰੀ ਲੰਗਰ ਦੀ ਸਹੂਲਤ ਉਪਲੱਬਧ ਹੈ।



* ਮਰੀਜ਼ਾਂ ਲਈ ਦਵਾਈਆਂ, ਸਲਾਹ-ਮਸ਼ਵਰੇ, ਜਾਂਚ, ਓਪ੍ਰੇਸ਼ਨ, ਐਮਰਜੈਂਸੀ ਆਦਿ ਲਈ ਫੋਨ ਨੰਬਰ 95545-71122 ਅਤੇ 63898-31313 'ਤੇ ਸੰਪਰਕ ਕੀਤਾ ਜਾ ਸਕਦਾ ਹੈ।

'ਵਨ ਬੀਟ ਕਾਲੇਜ ਆਫ ਮੈਡੀਕਲ ਸਾਇੰਸਿਜ਼ ਵਿਚ ਇਨ੍ਹਾਂ ਕੋਰਸਾਂ ਲਈ ਦਾਖਲਾ ਸ਼ੁਰੂ ਹੈ:
D. Pharmacy , B.Sc Nursing, Dip. in O.T.Tech, B.Pharmacy, G.N.M. & A.N.M., Dip. in Optometry
ਹੋਸਟਲ ਅਤੇ ਕੰਟੀਨ ਸੀ ਸੁਵਿਧਾ ਉਪਲਬਧ ਹੈ:
ਫੋਨ: 97210-28501, 85430-74503

ਵਲੋਂ: **ਬਹਾਦੁਰ ਸਿੰਘ ਅਤੇ ਪਰਿਵਾਰ**
**ਸੇਲਮ (ਓਰੇਗਾਨ)**

ੴ ੴ

ੴ ਸਤਿਗੁਰ ਪ੍ਰਸਾਦਿ॥

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਾਹਿਬ-ਏ-ਕਮਾਲ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ

# ਕੋਟਨਿ ਕੋਟ ਵਧਾਈ

ਨਵੀਆਂ ਉਮੀਦਾਂ...
ਨਵੀਆਂ ਇੱਛਾਵਾਂ...
ਜ਼ਿੰਦਗੀ ਵਿਚ ਨਵੀਂ ਮੁਸਕੁਰਾਹਟ ਤੇ ਖੁਸ਼ੀਆਂ...
ਸਫਲਤਾ ਤੁਹਾਡੇ ਕਦਮ ਚੁੰਮੇ।
ਧਾਲੀਵਾਲ ਪਰਿਵਾਰ ਵਲੋਂ ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਨਵਾਂ ਸਾਲ ਮੁਬਾਰਕ !



ਜਸਕਰਨ ਸਿੰਘ ਧਾਲੀਵਾਲ
ਫੋਨ: 630-290-7993

**From: Dhaliwal Brothers Inc. & M J Brothers Inc.**

## ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਕੁਲ ਲੋਕਾਈ ਨੂੰ

# ਸਾਹਿਬ-ਏ-ਕਮਾਲ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੋਟਨਿ ਕੋਟ ਵਧਾਈ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਲੜਾਈਆਂ ਲੜੀਆਂ ਪਰ ਉਨ੍ਹਾਂ ਨੇ ਕੋਈ ਵੀ ਲੜਾਈ ਹੋਰਨਾਂ ਰਾਜਿਆਂ ਵਾਂਗ ਜ਼ਮੀਨ ਜਾਂ ਪੈਸੇ ਲਈ ਨਹੀਂ ਲੜੀ ਸਗੋਂ ਉਨ੍ਹਾਂ ਦੀ ਹਰੇਕ ਲੜਾਈ ਬੇਇਨਸਾਫੀ ਅਤੇ ਜ਼ੁਲਮ ਦੇ ਖਿਲਾਫ਼ ਸੀ।**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਰਾਜਿੰਦਰ ਸਿੰਘ ਬੈਂਸ | ਗੁਰਵੀਰ ਸਿੰਘ ਗਿੱਲ | ਗੁਰਦੇਵ ਸਿੰਘ ਜੌੜਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਅੰਮ੍ਰਿਤਪਾਲ ਸਿੰਘ ਸੰਘਾ | ਭੁਪਿੰਦਰ ਸਿੰਘ ਧਾਲੀਵਾਲ | ਰਘਬੀਰ ਸਿੰਘ ਘੁੰਨ | ਸਰਵਣ ਸਿੰਘ ਟਿਵਾਣਾ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

**ਪੰਜਾਬ ਟਾਈਮਜ਼**

Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

*e-mail: punjabtimes1@gmail.com, website: www.punjabtimesusa.com*

# 1984: ਜਦੋਂ ਉਹ ਸਿੱਖਾਂ ਲਈ ਆਏ...

**ਕੈਨੇਡਾ ਵੱਸਦੇ ਪੱਤਰਕਾਰ ਅਤੇ ਕਾਰਕੁਨ ਗੁਰਪ੍ਰੀਤ ਸਿੰਘ ਦੀ ਨਵੀਂ ਦੋ-ਭਾਸ਼ੀ ਲਿਖਤ '1984: ਜਦੋਂ ਉਹ ਸਿੱਖਾਂ ਲਈ ਆਏ' ਅੱਜ ਦੇ ਭਾਰਤ ਦੀ ਤਸਵੀਰ ਦੇ ਕਈ ਅਹਿਮ ਪਹਿਲੂਆਂ 'ਤੇ ਝਾਤ ਪੁਆਉਂਦੀ ਹੈ।**

## ਕਲਾ ਪਰਿਕਰਮਾ

ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਆਪਣੀ ਨਵੀਂ ਦੋ-ਭਾਸ਼ੀ (ਪੰਜਾਬੀ ਤੇ ਅੰਗਰੇਜ਼ੀ) ਕਿਤਾਬ '1984: ਜਦੋਂ ਉਹ ਸਿੱਖਾਂ ਲਈ ਆਏ' ਦੀ ਪਿੱਠ ਉਪਰ ਭਾਵੇਂ ਇਸ ਨੂੰ 'ਚਿਲਡਰਨ'ਜ਼ ਬੁੱਕ' ਲਿਖਿਆ ਹੈ ਪਰ ਇਹ ਵੱਡਿਆਂ ਲਈ ਵੀ ਓਨੀ ਹੀ ਮਹੱਤਵਪੂਰਨ ਹੈ। ਅਸਲ ਵਿਚ ਇਸ ਕਿਤਾਬ ਵਿਚ ਜਿਹੜਾ ਖਿਆਲ ਪੇਸ਼ ਕੀਤਾ ਗਿਆ ਹੈ, ਉਹ ਬਹੁਤ ਅਹਿਮ ਹੈ। ਅੱਜ ਜਦੋਂ ਭਾਰਤ ਅੰਦਰ ਮੋਦੀ ਸਰਕਾਰ ਹਿੰਦੂ ਰਾਸ਼ਟਰ ਦੀ ਕਾਇਮੀ ਦੇ ਰਾਹ ਪਈ ਹੋਈ ਹੈ ਅਤੇ ਇਸ ਦੇ ਖਿਲਾਫ ਬੁਲੰਦ ਹੋ ਰਹੀ ਹਰ ਆਵਾਜ਼ ਨੂੰ ਚੁੱਪ ਕਰਵਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ ਤਾਂ ਅਜਿਹੀਆਂ ਰਚਨਾਵਾਂ ਰਾਹ ਦਸੇਰਾ ਬਣਦੀਆਂ

**ਆਮਨਾ ਕੌਰ**

ਹਨ। ਇਹ ਲੋਕਾਂ ਨੂੰ ਆਪੋ-ਆਪਣੀ ਆਵਾਜ਼ ਬੁਲੰਦ ਕਰਨ ਲਈ ਪ੍ਰੇਰਦੀਆਂ ਹੀ ਨਹੀਂ ਸਗੋਂ ਇਹ ਮਿਸਾਲ ਵੀ ਬਣਦੀਆਂ ਹਨ ਕਿ ਨਿਆਂ ਦੀ ਆਵਾਜ਼ ਕਦੀ ਵੀ ਦਬਾਈ ਨਹੀਂ ਜਾ ਸਕਦੀ।

ਗੁਰਪ੍ਰੀਤ ਸਿੰਘ ਨੇ ਕਿਤਾਬ ਵਿਚ ਆਪਣੀ ਗੱਲ ਜਰਮਨ ਦੇ ਪਾਦਰੀ ਮਾਰਟਿਨ ਨਿਮੋਲਰ ਦੇ ਹਵਾਲੇ ਨਾਲ ਕੀਤੀ ਹੈ ਜਿਸ ਦੀਆਂ ਕਾਵਿਕ ਟੂਕਾਂ ਸੰਸਾਰ ਭਰ ਦੇ ਜੁਝਾਰੂਆਂ ਲਈ ਪ੍ਰੇਰਨਾ ਸਰੋਤ ਬਣੀਆਂ ਹੋਈਆਂ ਹਨ। ਨਿਮੋਲਰ ਪਹਿਲਾਂ ਜਰਮਨ ਤਾਨਾਸ਼ਾਹ ਹਿਟਲਰ ਦਾ ਹਮਾਇਤੀ ਸੀ ਪਰ ਉਹ ਉਸ ਤੋਂ ਉਦੋਂ ਵੱਖ ਹੋ ਗਿਆ ਜਦੋਂ ਨਾਜ਼ੀਆਂ ਨੇ ਚਰਚਾਂ ਉਪਰ ਕੰਟਰੋਲ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਚਰਚਾਂ ਦੇ ਨਾਜ਼ੀਕਰਨ ਦਾ ਸਖਤ ਵਿਰੋਧ ਕੀਤਾ ਅਤੇ ਉਸ ਦੇ ਇਸ ਪੈਂਤੜੇ ਕਾਰਨ ਹੀ ਸਟੇਟ ਉਸ ਦੀ ਦੁਸ਼ਮਣ ਬਣ ਗਈ। ਉਂਝ, ਇਸ ਤੋਂ ਬਾਅਦ ਨਿਮੋਲਰ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਉਹ ਦੁਨੀਆ ਭਰ ਵਿਚ ਮਨੁੱਖੀ ਹੱਕਾਂ ਦੇ ਰਾਖਿਆਂ ਲਈ ਚਿੰਨ੍ਹ ਬਣ ਗਿਆ। ਉਸ ਦੀਆਂ ਮਸ਼ਹੂਰ ਹੋਈਆਂ ਕਾਵਿ ਟੂਕਾਂ ਇਹ ਹਨ:

ਜਦੋਂ ਉਹ ਆਏ...  
ਪਹਿਲਾਂ ਉਹ ਸਮਾਜਵਾਦੀਆਂ ਲਈ ਆਏ  
ਮੈਂ ਨਹੀਂ ਬੋਲਿਆ  
ਕਿਉਂਕਿ ਮੈਂ ਸਮਾਜਵਾਦੀ ਨਹੀਂ ਸੀ।  
ਫਿਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ  
ਮੈਂ ਨਹੀਂ ਬੋਲਿਆ  
ਕਿਉਂਕਿ ਮੈਂ ਟਰੇਡ ਯੂਨੀਅਨਿਸਟ ਨਹੀਂ ਸੀ।  
ਫਿਰ ਉਹ ਯਹੂਦੀਆਂ ਲਈ ਆਏ  
ਮੈਂ ਫਿਰ ਵੀ ਨਹੀਂ ਬੋਲਿਆ  
ਕਿਉਂਕਿ ਮੈਂ ਯਹੂਦੀ ਨਹੀਂ ਸੀ।  
ਫਿਰ ਉਹ ਮੇਰੇ ਲਈ ਆਏ  
ਤੇ ਉਦੋਂ ਕੋਈ ਨਹੀਂ ਸੀ ਬਚਿਆ  
ਜੋ ਮੇਰੇ ਲਈ ਬੋਲਦਾ।

ਪਾਦਰੀ ਮਾਰਟਿਨ ਨਿਮੋਲਰ ਦਾ ਦੇਹਾਂਤ 1984 ਵਿਚ ਹੋਇਆ ਅਤੇ ਗੁਰਪ੍ਰੀਤ ਸਿੰਘ ਇਸ ਸਾਲ ਨੂੰ ਸਿੱਖਾਂ ਨਾਲ ਜੋੜ ਕੇ ਆਪਣੀ ਗੱਲ ਅਗਾਂਹ ਵਧਾਉਂਦਾ ਹੈ। ਸਾਲ 1984 ਭਾਰਤ ਵਿਚ ਸਿੱਖਾਂ ਲਈ ਇਤਿਹਾਸ ਦੀ ਦਿਸ਼ਾ ਬਦਲ ਦੇਣ ਵਾਲਾ ਸਾਲ ਸੀ। ਉਹ ਲਿਖਦਾ ਹੈ: "ਇਹ ਉਹ ਸਮਾਂ ਸੀ ਜਦੋਂ ਪੰਜਾਬ ਦੇ ਸਿੱਖ ਆਪਣੀ ਧਾਰਮਿਕ ਆਜ਼ਾਦੀ ਅਤੇ ਰਾਜਨੀਤਕ ਖੁਦਮੁਖਤਾਰੀ ਦੀ ਰਾਖੀ ਅਤੇ ਵਧੇਰੇ ਅਧਿਕਾਰਾਂ ਲਈ ਲੜ ਰਹੇ ਸਨ। ਉਨ੍ਹਾਂ ਦਾ ਅੰਦੋਲਨ ਭਾਵੇਂ ਕਾਫੀ ਹੱਦ ਤੱਕ ਸ਼ਾਂਤਮਈ ਰਿਹਾ ਪਰ ਹਿੰਦੂ ਬਹੁਗਿਣਤੀ ਵਾਲੇ ਭਾਰਤ ਦਾ ਦੋ ਪ੍ਰਤੀਸ਼ਤ ਇਨ੍ਹਾਂ ਲੋਕਾਂ (ਸਿੱਖਾਂ) ਨੂੰ ਆਪਣੇ ਆਪ ਨੂੰ ਧਰਮ-ਨਿਰਪੱਖ ਕਹਿਣ ਵਾਲੀ ਕਾਂਗਰਸ ਸਰਕਾਰ ਵੱਲੋਂ ਗ਼ਲਤ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ।"

ਕਾਂਗਰਸ ਦੀ ਇਸ ਸਿਆਸਤ ਨੂੰ ਉਹ ਅਗਾਂਹ ਆਰ.ਐਸ.ਐਸ. ਦੀ ਹਿੰਦੂਵਾਦੀ ਸਿਆਸਤ ਨਾਲ ਜੋੜਦਾ ਹੈ। ਉਸ ਨੇ ਲਿਖਿਆ ਹੈ: "ਗੁਜਰਾਤ ਵਿਚ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਨਿਗਰਾਨੀ ਹੇਠ ਮੁਸਲਮਾਨਾਂ ਦਾ ਘਿਨਾਉਣਾ ਕਤਲੇਆਮ ਦੇਖਣ 'ਚ ਆਇਆ। ਹਿੰਦੂ ਕਾਰਸੇਵਕਾਂ ਨੂੰ ਲੈ ਕੇ ਜਾ ਰਹੀ ਰੇਲਗੱਡੀ ਨੂੰ ਅੱਗ ਲੱਗਣ ਤੋਂ ਬਾਅਦ, ਜਿਸ ਨਾਲ 50 ਤੋਂ ਵੱਧ ਯਾਤਰੀ ਮਾਰੇ ਗਏ ਸਨ, ਗੁਜਰਾਤ ਵਿਚ ਭਾਜਪਾ ਦੇ ਕਾਰਕੁਨਾਂ ਦੀ ਅਗਵਾਈ ਵਾਲੀਆਂ ਭੀੜਾਂ ਨੇ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕੀਤਾ। ਮੋਦੀ ਜੋ ਹੁਣ ਭਾਰਤ ਦਾ ਪ੍ਰਧਾਨ ਮੰਤਰੀ ਹੈ, ਨੇ ਸੰਨ 2002 ਦੇ ਗੋਧਰਾ ਕਾਂਡ ਦਾ ਇਲਜ਼ਾਮ ਇਸਲਾਮੀ ਕੱਟੜਪੰਥੀਆਂ ਉੱਪਰ ਲਾ ਕੇ ਹਿੰਦੂਆਂ ਨੂੰ ਮੁਸਲਮਾਨਾਂ ਨੂੰ ਮਾਰਨ ਲਈ ਉਕਸਾਇਆ ਸੀ।"

ਇਉਂ ਗੁਰਪ੍ਰੀਤ ਸਿੰਘ ਧਰਮ ਦੇ ਨਾਂ ਉਤੇ ਕੀਤੀ ਜਾ ਰਹੀ ਪਾਲਾਬੰਦੀ 'ਤੇ ਉਂਗਲ ਧਰਦਾ ਹੈ ਅਤੇ ਸਿੱਟਾ ਕੱਢਦਾ ਹੈ ਕਿ "ਜੇਕਰ ਹੋਰ ਲੋਕ 1984 ਵਿਚ ਸਿੱਖਾਂ ਦੇ ਹੱਕ 'ਚ ਖੜ੍ਹੇ ਹੁੰਦੇ ਤਾਂ ਸਮਕਾਲੀ ਭਾਰਤ ਦੀ ਤਕਦੀਰ ਵੱਖਰੀ ਹੋਣੀ ਸੀ।" ਇਸੇ ਕਰ ਕੇ ਉਹ ਆਵਾਜ਼ ਬੁਲੰਦ ਕਰਦਾ ਹੈ ਕਿ ਅਜਿਹੀ ਸਿਆਸਤ ਖਿਲਾਫ ਸਭ ਨੂੰ ਇਕਜੁੱਟ ਹੋਣਾ ਚਾਹੀਦਾ ਹੈ।




ਪੱਤਰਕਾਰ ਅਤੇ ਕਾਰਕੁਨ ਗੁਰਪ੍ਰੀਤ ਸਿੰਘ ਦੀ ਦੋ-ਭਾਸ਼ੀ ਕਿਤਾਬ '1984: ਜਦੋਂ ਉਹ ਸਿੱਖਾਂ ਲਈ ਆਏ' ਦਾ ਮੁਖੜਾ।



ਪੱਤਰਕਾਰ ਤੇ ਕਾਰਕੁਨ ਗੁਰਪ੍ਰੀਤ ਸਿੰਘ।

## ਚੰਡੀਗੜ੍ਹ ਵਿਚ '1984: ਜਦੋਂ ਉਹ ਸਿੱਖਾਂ ਲਈ ਆਏ' ਰਿਲੀਜ਼

*ਚੰਡੀਗੜ੍ਹ ਵਿਚ ਸਾਹਿਤ ਚਿੰਤਨ ਦੇ ਮਹੀਨੇਵਾਰ ਸਮਾਗਮ ਦੌਰਾਨ ਗੁਰਪ੍ਰੀਤ ਸਿੰਘ ਦੀ ਕਿਤਾਬ '1984: ਜਦੋਂ ਉਹ ਸਿੱਖਾਂ ਲਈ ਆਏ' ਰਿਲੀਜ਼ ਕੀਤੀ ਗਈ। ਇਸ ਮੌਕੇ ਉਥੇ ਕਾਰਕੁਨ ਤੇ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ, ਡਾ. ਜਗਦੀਸ਼ ਚੰਦਰ, ਡਾ. ਮੇਘਾ ਸਿੰਘ, ਸਰਦਾਰਾ ਸਿੰਘ ਚੀਮਾ, ਪ੍ਰੋ. ਨਿਰਮਲਜੀਤ ਮੌਜੂਦ ਸਨ।*




ਚੰਡੀਗੜ੍ਹ ਵਿਚ ਗੁਰਪ੍ਰੀਤ ਸਿੰਘ ਦੀ ਕਿਤਾਬ '1984: ਜਦੋਂ ਉਹ ਸਿੱਖਾਂ ਲਈ ਆਏ' ਰਿਲੀਜ਼ ਕੀਤੇ ਜਾਣ ਦੀ ਝਲਕ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜਨਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-621




ਮਾਪੇ ਹੁੰਦੇ ਨੇ ਰੱਬ ਬਰੋਬਰ, ਸਰਵਣ ਪੁੱਤ ਜੱਗ 'ਤੇ ਥੋੜ੍ਹੇ,  
ਬਿਪਤਾ 'ਚ ਹੀ ਪਰਖ ਹੁੰਦੇ, ਮੁੱਕਦੇ ਰਿਸ਼ਤੇ ਨਾਤੇ ਬੇਲੋੜੇ।  
ਸੱਚਾ ਪ੍ਰੇਮ ਕਸਵੱਟੀ ਉੱਤੇ, ਕੰਗਣ ਗੁਠਾਲੀ 'ਚ ਖਣਕੇ,  
ਬੁੱਢੇ ਮਾਪੇ ਪਾ ਵਹਿੰਗੀ 'ਚ, ਲੈ ਤੁਰਿਆ ਮਿਸਾਲੀ ਬਣ ਕੇ।

### ਕੈਪਸ਼ਨ ਮੁਕਾਬਲਾ-619



ਭੋਲ਼ੇ ਮੁੱਖੜੇ ਹੱਸਦੀਆਂ ਅੱਖਾਂ  
ਜੋ ਵੀ ਦੇਖੇ ਖੁਸ਼ ਹੋ ਜਾਵੇ।  
ਜੌੜੀਆਂ ਦੀ ਇਹ ਜੋੜੀ ਜੀਵੇ  
ਜੋ ਰੋਂਦਿਆਂ ਤਾਈਂ ਹਸਾਵੇ।  
ਕੁੱਖ ਵਿਚ ਨਾ ਮਾਰ ਮੁਕਾਓ  
ਜੱਗ ਦੀ ਜਣਨੀ ਇਹ ਕਹਾਵੇ।  
***-ਜਗਮੀਤ ਸਿੰਘ ਪੰਧੇਰ***  
***ਕਲਾਹੜ (ਲੁਧਿਆਣਾ)***  
***ਫੋਨ: 98783-37222***

---

ਜੌੜੀਆਂ ਭੈਣਾਂ ਖੇਡਣ 'ਕੱਲੀਆਂ,  
ਕਰਨ ਜੋ ਮਨ ਆਈਆਂ,  
ਵਿਚ ਬਾਲਟੀ ਵੜ ਦੋਵੇਂ ਬੈਠ ਕੇ,  
ਫੋਟੋਆਂ ਦੇਖੋ ਖਿਚਾਈਆਂ।  
ਸੋਹਣੇ ਸੋਹਣੇ ਪੋਜ਼ ਬਣਾਂਦੀਆਂ,  
ਗੋਰੀ ਮਾਂ ਦੀਆਂ ਜਾਈਆਂ,  
ਸ਼ਾਲਾ! ਧੀਆਂ ਕਰਨ ਤਰੱਕੀ,  
ਬਣ ਹੂਰਾਂ ਅੰਬਰੋਂ ਆਈਆਂ!  
***-ਸੇਵਾ ਸਿੰਘ "ਨੂਰਪੁਰੀ"***

---

ਕੁਦਰਤ ਦਾ ਕ੍ਰਿਸ਼ਮਾ ਦੋਵੇਂ  
ਫ਼ਰਕ ਨਾ ਉਨੀ ਇੱਕੀ ਦਾ  
ਇਕੋ ਸਿਹਤ ਤੇ ਇਕੋ ਚਿਹਰਾ  
ਨਾ ਵੱਡੀ ਨਾ ਨਿੱਕੀ।  
ਸ਼ਰਾਰਤੀ ਅੱਖਾਂ ਭੋਲੇ ਚਿਹਰੇ  
ਖਰਗੋਸ਼ ਵਾਂਗ ਸਜਾਈਆਂ।  
ਪੋਜ਼ ਬਣਾ ਫੋਟੋ ਖਿਚਵਾਉਣ  
ਸ਼ੌਂਕਣ ਮਾਂ ਦੀਆਂ ਜਾਈਆਂ।  
***-ਹਰਜੋਤ ਕੌਰ ਮਹੇਸ਼ਪੁਰਾ***

---

ਕਈ ਧਾਗਿਆਂ ਤਵੀਤਾਂ ਤੋਂ ਭਾਲਦੇ  
ਬੱਚਾ ਜੰਮੇ, ਜੱਦ ਚਲਦੀ ਰਹੇ  
ਕਈ ਜੰਮ ਪੈਂਦੇ ਜੋੜੇ ਵੀ  
ਸਾਇੰਸ ਅੱਗੇ ਸੋ ਅੱਗੇ  
ਨੰਨ੍ਹੀਆਂ ਪਰੀਆਂ ਸੋਹਣੀਆਂ ਸੁਨੱਖੀਆਂ  
ਸਾਂਭਣਗੀਆਂ ਮੁਲਕ ਦੀ ਕਮਾਨ  
ਹਮੇਸ਼ਾ ਝਉਲਾ ਪੈਂਦਾ ਰਹੇਗਾ  
ਕਿਹੜੀ ਵੱਡੀ ਕਿਹੜੀ ਛੋਟੀ  
ਮੁਹਾਂਦਰਾਂ ਤਾਂ ਇਕ ਹੀ ਹੋਣਾ  
ਕਿਉਂਕਿ ਦੋਵੇਂ ਨੇ  
ਇਕੋ ਮਾਂ-ਬਾਪ ਦੀ ਸੰਤਾਨ।  
ਰਹੇ ਸਲਾਮਤ ਜੋੜੀਆਂ  
ਦਿਨ ਦੁੱਗਣੀ ਰਾਤ ਚੌਗੁਣੀ  
ਕਰਨ ਤਰੱਕੀਆਂ।  
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਬਿਲਕੀਸ ਬਾਨੋ ਮਾਮਲਾ: ਸੁਪਰੀਮ ਕੋਰਟ ਨੇ ਭਾਜਪਾ ਦੀ ਪ੍ਰਾਂਤਕ ਅਤੇ ਕੇਂਦਰ ਸਰਕਾਰ ਦੀ ਖੁੰਬ ਠੱਪੀ

ਨਿਆਂ-ਪ੍ਰਣਾਲੀ ਦੇ ਇਤਿਹਾਸ ਵਿਚ 8 ਜਨਵਰੀ, 2024 ਦਾ ਦਿਨ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਇਸ ਦਿਨ ਦੇਸ਼ ਦੀ ਸਰਬਉੱਚ ਅਦਾਲਤ ਨੇ ਨਿਆਂ ਅਤੇ ਇਸ ਦੇ ਸਮਾਜਿਕ-ਪਰਿਪੇਖ ਦੀ ਪੈਜ-ਪੱਤ ਰੱਖ ਲਈ। ਨਾਲ ਹੀ ਸੁਪਰੀਮ ਕੋਰਟ ਨੇ ਔਰਤਾਂ, ਖਾਸ ਕਰਕੇ ਘੱਟ-ਗਿਣਤੀਆਂ ਦੀਆਂ ਔਰਤਾਂ (ਵਿਸ਼ੇਸ਼ ਕਰਕੇ ਮੁਸਲਿਮ ਭਾਈਚਾਰੇ ਦੀਆਂ ਮਹਿਲਾਵਾਂ) ਨੂੰ ਇਹ ਦਰਸਾ ਦਿਤਾ ਕਿ ਇਨਸਾਫ ਅਜੇ ਜ਼ਿੰਦਾ ਹੈ, ਬੇਸ਼ਕ ਭਾਜਪਾ ਬੇਤਹਾਸ਼ਾ ਕੋਸ਼ਿਸ਼ਾਂ ਕਰ ਰਹੀ ਹੈ ਕਿ ਨਿਆਂਪ੍ਰਣਾਲੀ ਦਾ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਨੱਕ ਮੋਮ ਦਾ ਕਰ ਦਿਤਾ ਜਾਵੇ, ਜਿਸ ਨੂੰ ਮਨ-ਮਰਜ਼ੀ ਮੁਤਾਬਕ ਜਿਧਰ ਚਾਹੋ ਮੋੜ ਲਿਆ ਜਾਵੇ। ਹਾਂ, ਨਿਆਂ ਹੋਣ ਵਿਚ ਦੇਰ ਤਾਂ ਹੋ ਸਕਦੀ ਹੈ ਪਰ ਅੰਧੇਰ ਨਹੀਂ! (ਭਾਵੇਂ ਦੇਰ ਨਾਲ ਮਿਲਿਆ ਨਿਆਂ ਇਸ ਦੇ ਨਾ ਮਿਲਣ ਦੇ ਬਰਾਬਰ ਹੁੰਦੈ!) ਤੇ ਲਗਦੇ ਹੱਥ ਭਾਜਪਾ ਦੀਆਂ ਹੈਂਕੜ-ਗ੍ਰਸਤ ਗੁਜਰਾਤ ਅਤੇ ਕੇਂਦਰ ਸਰਕਾਰਾਂ ਦੀ ਖ਼ੂਬ ਖੁੰਬ ਠੱਪੀ, ਜੋ ਬੈਂਚ ਨੇ ਇਕ ਹੋਰ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ ਕਿ ਕਾਨੂੰਨ ਦੀ ਕਾਰਗਰਤਾ ਵਿਚ ਲੋਕਾਂ ਦਾ ਭਰੋਸਾ/ਆਸਥਾ ਹੋਣਾ ਕਾਨੂੰਨ ਦੇ ਸ਼ਾਸਨ ਦੇ ਆਧਾਰ ਲਈ ਇਕ ਰੱਖਿਅਕ ਅਤੇ ਸਹਾਇਕ ਵਜੋਂ ਕੰਮ ਕਰਦੈ।

ਬੈਂਚ ਅਨੁਸਾਰ, "ਸਾਡੇ ਵਿਚਾਰ ਵਿਚ ਇਸ ਅਦਾਲਤ (ਸੁਪਰੀਮ ਕੋਰਟ) ਨੂੰ ਕਾਨੂੰਨ ਦਾ ਸ਼ਾਸਨ ਬਰਕਰਾਰ ਰੱਖਣ ਲਈ ਇਕ ਚਾਨਣ-ਮੁਨਾਰੇ/ਪੱਥ-ਪ੍ਰਦਰਸ਼ਕ ਦਾ ਕੰਮ ਕਰਨਾ ਚਾਹੀਦੈ, ਨਹੀਂ ਤਾਂ ਇਸ ਤੋਂ ਇਹ ਪ੍ਰਭਾਵ ਪਵੇਗਾ ਕਿ ਇਹ ਅਦਾਲਤ ਇਸ ਪ੍ਰਤੀ ਗੰਭੀਰ ਨਹੀਂ ਹੈ ਅਤੇ ਇਸ ਕਾਰਨ ਦੇਸ਼ ਦੀਆਂ ਹੋਰ ਅਦਾਲਤਾਂ ਇਸ ਨੂੰ ਚੋਣਵੇਂ ਢੰਗ ਨਾਲ ਅਪਨਾਉਣ ਲਗ ਪੈਣਗੀਆਂ, ਜਿਸ ਨਾਲ ਇਕ ਅਜਿਹੀ ਸਥਿਤੀ ਉਤਪੰਨ ਹੋ ਜਾਵੇਗੀ, ਜੋ ਨਿਆਂਪਾਲਿਕਾ ਕਾਨੂੰਨ ਦੇ ਸ਼ਾਸਨ ਤੋਂ ਅਸਾਵਧਾਨ ਲਗੇਗੀ। ਇਸ ਨਾਲ ਸਾਡੇ ਲੋਕਤੰਤਰ ਅਤੇ ਲੋਕਤੰਤਰੀ ਪ੍ਰਬੰਧ ਲਈ ਖਤਰਨਾਕ ਸਥਿਤੀ ਉਪਜੇਗੀ।"

ਬੈਂਚ ਨੇ ਬੜੇ ਹੀ ਮਾਅਨੀਖੇਜ਼ ਅੰਦਾਜ਼ ਵਿਚ ਕਿਹਾ, "ਕਾਨੂੰਨ ਦੇ ਸ਼ਾਸਨ ਦਾ ਮਤਲਬ ਕੁਝ ਵਿਸ਼ੇਸ਼ ਕਿਸਮਤ ਵਾਲਿਆਂ ਦੀ ਰਖਿਆ ਕਰਨਾ ਨਹੀਂ। ਕਾਨੂੰਨ ਦੇ ਸ਼ਾਸਨ ਦੀ ਮਹਿਜ਼ ਹੋਂਦ ਹੀ ਅਤੇ ਸਜ਼ਾ ਮਿਲਣ ਦਾ ਡਰ ਹੀ ਉਨ੍ਹਾਂ ਲੋਕਾਂ ਲਈ ਇਕ ਅਜਿਹੇ ਰੋਕਥਾਮ ਵਜੋਂ ਕੰਮ ਕਰਦੈ ਜੋ ਆਪਣੇ ਮੁਫਾਦਾਂ ਲਈ ਬਿਨਾ ਕਿਸੇ ਨੈਤਿਕ ਸੰਕੋਚ ਦੇ ਦੂਸਰਿਆਂ ਨੂੰ ਕਤਲ ਕਰਦੇ ਹਨ। ਭਾਰਤ ਦੀਆਂ ਅਦਾਲਤਾਂ ਦੀ ਤਾਕਤ ਅਤੇ ਸ਼ਕਤੀ ਨਿਆਂ ਮੁਹੱਈਆ ਕਰਨ ਵਿਚ ਹੈ ਤੇ ਇਹ ਹੀ ਉਨ੍ਹਾਂ ਦੇ ਜੀਵਨ ਦਾ ਮੰਤਵ/ਉਦੇਸ਼ ਹੋਣਾ ਚਾਹੀਦੈ!"

ਬੈਂਚ ਨੇ ਯੂਨਾਨੀ ਦਾਰਸ਼ਨਿਕ ਪਲੈਟੋ, ਭਾਰਤ ਦੇ ਲੋਕ-ਗਾਥਾਈ ਨਿਆਂਮੂਰਤੀ ਜਸਟਿਸ ਕ੍ਰਿਸ਼ਨਾ ਆਇਰ ਅਤੇ ਜਸਟਿਸ ਐਚ.ਆਰ. ਖੰਨਾ ਦਾ ਵੀ ਹਵਾਲਾ ਦਿੱਤਾ। ਜਸਟਿਸ ਆਇਰ ਨੂੰ ਕੋਟ ਕਰਦਿਆਂ ਬੈਂਚ ਨੇ ਕਿਹਾ, "ਕਾਨੂੰਨ ਦੇ ਸ਼ਾਸਨ ਦਾ ਸਭ ਤੋਂ ਵਧੀਆ ਸਮਾਂ ਉਹ ਹੁੰਦੈ ਜਦ ਕਾਨੂੰਨ ਜੀਵਨ ਨੂੰ ਅਨੁਸ਼ਾਸਤ ਕਰਦੈ ਅਤੇ ਵਾਅਦਿਆਂ ਦਾ ਅਮਲਾਂ ਨਾਲ ਮੇਲ ਬਿਠਾਉਂਦੈ!" ਬੈਂਚ ਨੇ ਜਸਟਿਸ ਖੰਨਾ ਦੇ ਵਿਚਾਰਾਂ ਦਾ ਹਵਾਲਾ ਦਿਤਾ- "ਕਾਨੂੰਨ ਦਾ ਸ਼ਾਸਨ ਨਿਰੰਕੁਸ਼ਤਾ/ਮਨਮਰਜ਼ੀ ਦੀ ਵਿਪਰੀਤਤਾ/ਪ੍ਰਤੀਕੂਲਤਾਹੈ!" ਇਸ ਲਈ ਅਦਾਲਤ ਨੂੰ ਕਾਨੂੰਨ ਦੇ ਸ਼ਾਸਨ ਤਹਿਤ ਕੰਮ ਕਰਦਿਆਂ ਨਿਰਪੱਖਤਾ, ਗੈਰ-ਜਜ਼ਬਾਤੀ ਅਤੇ ਮੁਲੰਕਣੀ ਮੂਲ 'ਤੇ ਚਲਣਾ ਚਾਹੀਦੈ।

ਜਸਟਿਸ ਨਾਗਰਤਨਾ ਨੇ ਯੂਨਾਨੀ ਦਾਰਸ਼ਨਿਕ ਪਲੈਟੋ ਦੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ ਕਿ "ਸਜ਼ਾ ਬਦਲੇ ਲਈ ਨਹੀਂ, ਸਗੋਂ ਰੋਕਥਾਮ ਅਤੇ ਸੁਧਾਰ ਲਈ ਦਿੱਤੀ ਜਾਣੀ ਚਾਹੀਦੀ ਹੈ, ਕਿਉਂਕਿ ਜੋ ਹੋ ਚੁੱਕਾ ਹੈ ਉਸ ਨੂੰ ਮੋੜਿਆ ਨਹੀਂ ਜਾ ਸਕਦਾ। ਪਲੈਟੋ ਅਨੁਸਾਰ ਕਾਨੂੰਨੀ ਕਾਰਵਾਈ ਕਰਨ ਵਾਲਿਆਂ ਨੂੰ ਜਿੱਥੋਂ ਤਕ ਹੋ ਸਕੇ ਉਸ ਚਕਿਸਤਕ ਵਜੋਂ ਕੰਮ ਕਰਨਾ ਚਾਹੀਦਾ ਹੈ ਜੋ ਸਿਰਫ ਦਰਦ ਲਈ ਨਹੀਂ ਸਗੋਂ ਮਰੀਜ਼ ਦਾ ਭਲਾ ਕਰਨ ਲਈ ਦਵਾਈ ਦਿੰਦਾ ਹੈ। ਸਜ਼ਾ ਦੇ ਰੋਗਨਾਸ਼ਕ ਸਿਧਾਂਤ ਵਿਚ ਸਜ਼ਾ ਦੀ ਤੁਲਨਾ ਸਜ਼ਾ ਦਿੱਤੇ ਜਾਣ ਵਾਲੇ ਵਿਅਕਤੀ ਦੀ ਭਲਾਈ ਲਈ ਦਿੱਤੀ ਜਾਣ ਵਾਲੀ ਦਵਾ ਨਾਲ ਕੀਤੀ ਗਈ ਹੈ"।

ਜਸਟਿਸ ਨਾਗਰਤਨਾ ਅਨੁਸਾਰ ਇਸ ਤੋਂ ਇਲਾਵਾ 'ਪੀੜਤਾ ਦੇ ਅਧਿਕਾਰ ਵੀ ਅਹਿਮ ਹਨ। ਇਕ ਮਹਿਲਾ ਵੀ ਸਨਮਾਨ ਦੀ ਹੱਕਦਾਰ ਹੈ, ਫਿਰ




ਭਾਵੇਂ ਉਸ ਨੂੰ ਸਮਾਜ ਵਿਚ ਕਿੰਨਾ ਵੀ ਉਚਾ ਜਾਂ ਨੀਵਾਂ ਮੰਨਿਆ ਜਾਵੇ ਜਾਂ ਉਹ ਕਿਸੇ ਵੀ ਧਰਮ ਜਾਂ ਦੀਨ ਨੂੰ ਮੰਨਦੀ ਹੋਵੇ।'

100 ਤੋਂ ਵਧੇਰੇ ਸਫਿਆਂ ਵਾਲੇ ਆਪਣੇ ਫੈਸਲੇ ਵਿਚ ਬੈਂਚ ਨੇ ਕਿਹਾ ਕਿ ਗੁਜਰਾਤ ਸਰਕਾਰ ਕੋਲ ਸਜ਼ਾ ਮੁਆਫ ਕਰਨ ਦੀ ਢੁਕਵੀਂ ਅਥਾਰਿਟੀ ਨਹੀਂ ਸੀ। ਇਹ ਅਥਾਰਿਟੀ ਮਹਾਂਰਾਸ਼ਟਰ ਸਰਕਾਰ ਕੋਲ ਸੀ ਕਿਉਂਕਿ ਕੇਸ ਓਥੇ ਚਲਦਾ ਸੀ। ਇਸ ਲਈ ਗੁਜਰਾਤ ਸਰਕਾਰ ਨੇ ਮਹਾਰਾਸ਼ਟਰ ਸਰਕਾਰ ਦੀ ਅਥਾਰਿਟੀ ਹੜੱਪ ਕੀਤੀ ਹੈ। ਕਾਨੂੰਨ ਦੇ ਰਾਜ ਦੀ ਉਲੰਘਣਾ ਕੀਤੀ ਗਈ ਹੈ ਕਿਉਂਕਿ ਗੁਜਰਾਤ ਸਰਕਾਰ ਨੇ ਉਸ ਅਧਿਕਾਰ ਦੀ ਦੁਰਵਰਤੋਂ ਕੀਤੀ ਜੋ ਉਸ ਕੋਲ ਹੈ ਹੀ ਨਹੀਂ ਸੀ।

ਬੈਂਚ ਨੇ ਅਦਾਲਤ ਨਾਲ ਧੋਖਾਧੜੀ ਕਰਨ ਅਤੇ ਤੱਥਾਂ ਨੂੰ ਲੁਕਾਉਣ ਵਰਗੇ ਸੰਗੀਨ ਇਲਜ਼ਾਮ ਲਾਉਂਦਿਆਂ ਇਕ ਹੋਰ ਬੈਂਚ ਵਲੋਂ 13 ਮਈ 2022 ਦੇ ਹੁਕਮਾਂ ਨੂੰ ਮਨਸੂਖ ਕਰ ਦਿਤਾ ਜਿਸ ਤਹਿਤ ਇਕ ਪਟੀਸ਼ਨਕਰਤਾ ਨੇ ਸਜ਼ਾ ਵਿਚ ਛੋਟ ਮੰਗੀ ਸੀ ਅਤੇ ਬੈਂਚ ਨੇ ਗੁਜਰਾਤ ਸਰਕਾਰ ਨੂੰ ਇਸ ਉਪਰ ਵਿਚਾਰ ਕਰਨ ਲਈ ਕਿਹਾ ਸੀ।

ਗੁਜਰਾਤ ਸਰਕਾਰ ਦੀ ਝਾੜ-ਝੰਬ ਕਰਦਿਆਂ ਜਸਟਿਸ ਨਾਗਰਤਨਾ ਨੇ ਕਿਹਾ ਕਿ ਇਹ ਇਕ ਕਲਾਸਿਕ ਮਿਸਾਲ ਹੈ ਕਿ ਕਿਵੇਂ ਅਦਾਲਤ ਦੇ ਆਦੇਸ਼ ਨੂੰ ਨੇਮਾਂ ਦੀ ਉਲੰਘਣਾ ਲਈ ਵਰਤਿਆ ਗਿਆ। ਤੱਥਾਂ ਦੇ ਨਾਂ 'ਤੇ ਸੂਬਾ ਸਰਕਾਰ ਵਲੋਂ ਸੁਪਰੀਮ ਕੋਰਟ ਨਾਲ ਧੋਖਾ ਕੀਤਾ ਗਿਆ ਅਤੇ ਤੱਥ ਛੁਪਾਏ ਗਏ। ਕਾਨੂੰਨ ਦੇ ਸ਼ਾਸਨ ਦੀ ਅਵੱਗਿਆ ਕੀਤੀ ਗਈ।

ਇਥੇ ਇਹ ਦਸਣਾ ਜ਼ਰੂਰੀ ਹੈ ਕਿ ਗੁਜਰਾਤ ਸਰਕਾਰ ਨੇ ਬੜੀ ਚਲਾਕੀ ਵਰਤਦਿਆਂ 1992 ਵਾਲੀ ਸਜ਼ਾ-ਮੁਆਫੀ ਦੀ ਨੀਤੀ ਦੀ ਵਰਤੋਂ ਕੀਤੀ, ਜੋ 2008 ਵੇਲੇ ਮੁਜਰਮਾਂ ਨੂੰ ਸਜ਼ਾ ਦੇਣ ਵੇਲੇ ਪ੍ਰਚਲਿਤ ਸੀ, ਪਰ 2014 ਵਾਲੀ ਨੀਤੀ, ਜਿਸ ਤਹਿਤ ਬਲਾਤਕਾਰ ਅਤੇ ਕਤਲ ਵਰਗੇ ਸੰਗੀਨ ਦੋਸ਼ੀਆਂ ਨੂੰ ਅਜਿਹੀ ਰਿਆਇਤ ਦੇਣ ਦੀ ਮਨਾਹੀ ਹੈ, ਉਸ ਨੂੰ ਦਰੀ ਹੇਠ ਦੱਬ ਦਿਤਾ ਤਾਂ ਕਿ ਆਪਣੇ ਚਹੇਤਿਆਂ ਨੂੰ ਰਿਹਾਅ ਕੀਤਾ ਜਾ ਸਕੇ।

ਪਿਛਲੀ ਅਕਤੂਬਰ ਵਿਚ ਗੁਜਰਾਤ ਸਰਕਾਰ ਵਲੋਂ ਇਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਦੇ 3 ਕਾਰਨ ਦੱਸੇ ਗਏ-

1. ਕੈਦੀਆਂ ਨੇ 14 ਜਾਂ ਇਸ ਤੋਂ ਵੱਧ ਸਮਾਂ ਕੈਦ ਕੱਟ ਲਈ ਹੈ, 2. ਉਨ੍ਹਾਂ ਦਾ ਵਤੀਰਾ ਚੰਗਾ ਪਾਇਆ ਗਿਐ ਅਤੇ 3. ਕੇਂਦਰ ਨੇ ਵੀ ਇਨ੍ਹਾਂ ਦੀ ਸਮੇਂ ਤੋਂ ਪਹਿਲਾਂ ਦੀ ਰਿਹਾਈ ਨੂੰ ਮਨਜ਼ੂਰੀ ਦੇ ਦਿੱਤੀ ਹੈ। ਯਾਨਿ, ਦੁਸ਼ਯੰਤ ਦੇ ਸ਼ੇਅਰ ਵਾਂਗ- "ਇਸ ਸਿਰੇ ਸੇ ਉਸ ਸਿਰੇ ਤਕ ਸਭ ਸ਼ਰੀਕੇ ਜੁਰਮ ਹੈਂ/ਆਦਮੀ ਜਾਂ ਤੋ ਜ਼ਮਾਨਤ ਪਰ ਰਿਹਾ ਹੈ ਜਾਂ ਫਰਾਰ!"

ਗਿਆਰਾਂ ਦਿਨਾਂ ਦੀ ਸੁਣਵਾਈ ਤੋਂ ਬਾਅਦ ਬੈਂਚ ਨੇ ਬਿਲਕੀਸ ਬਾਨੋ ਦੀ ਪਟੀਸ਼ਨ ਅਤੇ ਹੋਰ ਜਨ-ਹਿਤ ਪਟੀਸ਼ਨਾਂ ਉਪਰ ਪਿਛਲੇ ਸਾਲ 12 ਅਕਤੂਬਰ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ ਤੇ 8 ਜਨਵਰੀ ਦੇ ਫੈਸਲੇ ਨੇ ਭਾਜਪਾ ਦੀ ਗੁਜਰਾਤ ਅਤੇ ਕੇਂਦਰ ਸਰਕਾਰ ਲਈ ਬੜੀ ਨਮੋਸ਼ੀ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਫੈਸਲੇ ਨੇ ਸਾਬਤ ਕਰ ਦਿੱਤੈ ਕਿ ਅਜੇ ਨਿਆਂਪਾਲਿਕਾ ਕੇਂਦਰ ਦੀ ਭਾਜਪਾ ਸਰਕਾਰ ਦੀ ਬਾਂਦੀ ਨਹੀਂ ਬਣੀ। ਇਸ ਨਾਲ ਇਹ ਵੀ ਸੰਦੇਸ਼ ਜਾਵੇਗਾ ਕਿ ਹੈਂਕੜਮਾਰੀ ਭਾਜਪਾ ਦੀਆਂ ਆਪਹੁਦਰੀਆਂ ਉਪਰ ਨਿਆਂਇਕ ਅੰਕੁਸ਼ ਹੈ, ਅਜਿਹਾ ਬਿਲਕੁਲ ਨਹੀਂ ਕਿ ਸਿਰ 'ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ!

ਬਿਲਕੀਸ ਬਾਨੋ ਲਈ ਤਾਂ ਨਵਾਂ ਸਾਲ 8 ਜਨਵਰੀ ਨੂੰ ਹੀ ਚੜ੍ਹਿਐ! ਪਰ ਹਰ ਇਨਸਾਫ-ਪਸੰਦ ਔਰਤ-ਮਰਦ ਨੂੰ ਇਸ ਇਤਿਹਾਸਕ ਫੈਸਲੇ ਦਾ ਸਵਾਗਤ ਕਰਨਾ ਚਾਹੀਦੈ।

ਹੁਣ ਦੇਖਣਾ ਇਹ ਹੈ ਕਿ ਸਰਬਉੱਚ ਅਦਾਲਤ ਨੇ ਜਿਨ੍ਹਾਂ ਕਰੂਰ/ਵਿਕ੍ਰਿਤ ਅਤੇ ਰਾਖਸ਼ੀ/ਦੁਸ਼ਟ ਜੁਰਮ ਕਰਨ ਵਾਲਿਆਂ ਨੂੰ ਆਪਣੇ-ਆਪ ਨੂੰ 15 ਦਿਨਾਂ 'ਚ ਜੇਲ੍ਹ ਅਧਿਕਾਰੀਆਂ ਕੋਲ ਆਤਮ ਸਮਰਪਣ ਕਰਨ ਦੀ ਹਦਾਇਤ ਕੀਤੀ ਹੈ, ਕੀ ਉਨ੍ਹਾਂ ਦੇ ਬਚਾਅ ਲਈ ਗੁਜਰਾਤ ਸਰਕਾਰ ਹੋਰ ਕੋਈ ਪਟੀਸ਼ਨ ਪਾਉਂਦੀ/ਪੁਆਉਂਦੀ ਹੈ ਕਿ ਨਹੀਂ। ਪਰ ਪਾਣੀ ਹੁਣ ਮਹਾਰਾਸ਼ਟਰਾ ਦੇ ਪੁਲਾਂ ਹੇਠੋਂ ਲੰਘਣੈਂ, ਪਰ ਉਥੇ ਵੀ ਭਾਜਪਾ ਸਰਕਾਰ ਵਿਚ ਭਾਈਵਾਲ ਹੈ।

ਦੇਖੋ, ਕੀ ਬਣਦੈ?

# ਬਿਲਕਿਸ ਬਾਨੋ - ਇਨਸਾਫ ਲਈ ਜੰਗ

ਗੁਜਰਾਤ ਵਿਚ ਗੋਧਰਾ ਕਾਂਡ ਤੋਂ ਬਾਅਦ ਤਿੰਨ ਮਾਰਚ 2002 ਨੂੰ ਦੰਗੇ ਭੜਕ ਗਏ ਸਨ। ਰੰਧਿਕਪੁਰ ਪਿੰਡ, ਜੋ ਗੁਜਰਾਤ ਦੀ ਤਹਿਸੀਲ ਲਿਮਖੇੜਾ (ਜ਼ਿਲ੍ਹਾ ਦਾਹੋਦ) ਦਾ ਇੱਕ ਪਿੰਡ ਹੈ, ਵਿਚ ਭੀੜ ਨੇ ਬਿਲਕਿਸ ਬਾਨੋ ਦੇ ਘਰ ਉਤੇ ਹਮਲਾ ਬੋਲ ਦਿੱਤਾ। ਬਿਲਕਿਸ ਆਪਣੇ ਪਰਿਵਾਰ ਨਾਲ ਖੇਤ ਵਿਚ ਲੁਕ ਗਈ ਸੀ। ਉਦੋਂ ਉਸ ਦੀ ਉਮਰ 21 ਸਾਲ ਸੀ ਤੇ ਉਹ 5 ਮਹੀਨੇ ਦੀ ਗਰਭਵਤੀ ਸੀ। ਦੰਗਾਈਆਂ ਨੇ ਬਿਲਕਿਸ ਨੂੰ ਫੜ ਕੇ ਗੈਂਗਰੇਪ ਕੀਤਾ। ਉਸਦੀ ਮਾਂ ਤੇ ਤਿੰਨ ਹੋਰ ਔਰਤਾਂ ਨਾਲ ਵੀ ਜਬਰ-ਜਨਾਹ ਕੀਤਾ।

ਇਹ ਹਮਲਾ ਇੰਨਾ ਭਿਆਨਕ ਸੀ ਕਿ ਬਿਲਕਿਸ ਦੇ ਪਰਿਵਾਰ ਦੇ 17 ਜੀਆਂ ਵਿਚੋਂ 7 ਨੂੰ ਮਾਰ ਦਿੱਤਾ ਗਿਆ। ਛੇ ਲਾਪਤਾ ਪਾਏ ਗਏ, ਜਿਹੜੇ ਮੁੜ ਕਦੇ ਨਹੀਂ ਮਿਲੇ।



ਗੁਰਮੀਤ ਸਿੰਘ ਪਲਾਹੀ
ਫੋਨ: +91-98158-02070

ਹਮਲੇ ਵਿਚ ਸਿਰਫ਼ ਬਿਲਕਿਸ, ਇੱਕ ਵਿਅਕਤੀ ਅਤੇ ਤਿੰਨ ਸਾਲ ਦਾ ਬੱਚਾ ਹੀ ਬਚੇ ਸਨ।

ਇਹ ਘਟਨਾ ਪੂਰੇ ਦੇਸ਼ ਵਿਚ ਚਰਚਾ ਵਿਚ ਆਈ। ਸਮੂਹਿਕ ਜਬਰ-ਜਨਾਹ ਦੇ ਮੁਲਜ਼ਮਾਂ ਨੂੰ ਦੋ ਸਾਲਾਂ ਬਾਅਦ 2004 ਵਿਚ ਗ੍ਰਿਫ਼ਤਾਰ ਕੀਤਾ ਗਿਆ। ਸੀਬੀਆਈ ਸਪੈਸ਼ਲ ਕੋਰਟ ਵਿਚ ਮੁਕੱਦਮਾ ਚੱਲਿਆ। ਜਨਵਰੀ 2008 ਵਿਚ 11 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋਸ਼ੀਆਂ ਨੇ ਹਾਈ ਕੋਰਟ ਵਿਚ ਅਪੀਲ ਪਾਈ। ਪਰ ਉਹ ਰੱਦ ਹੋ ਗਈ।

ਇਹ ਮੁਆਮਲਾ ਉਸ ਵੇਲੇ ਚਰਚਾ ਵਿਚ ਆਇਆ ਜਦੋਂ ਗੁਜਰਾਤ ਸਰਕਾਰ ਨੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਦਿਆਂ 15 ਅਗਸਤ 2022 ਨੂੰ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਸੀ। ਬਿਲਕਿਸ ਬਾਨੋ ਵਲੋਂ ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਕੀਤੀ, ਜਿਸਦਾ ਫ਼ੈਸਲਾ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਬਿਲਕਿਸ ਕਾਂਡ ਦੇ 11 ਦੋਸ਼ੀਆਂ ਦੀ ਫਰਾਡ ਨਾਲ ਸਜ਼ਾ ਘਟਾਉਣ 'ਤੇ ਗੁਜਰਾਤ ਸਰਕਾਰ ਦੀ ਖਿਚਾਈ ਕੀਤੀ ਅਤੇ ਇਨ੍ਹਾਂ ਮੁਲਜ਼ਮਾਂ ਨੂੰ ਫਿਰ ਅੰਦਰ ਡੱਕਣ ਲਈ ਹੁਕਮ ਦਿੱਤਾ ਹੈ।

ਸੁਪਰੀਪ ਕੋਰਟ ਦਾ ਬਿਲਕਿਸ ਬਾਨੋ ਮਾਮਲੇ ਵਿਚ ਫ਼ੈਸਲਾ ਗੁਜਰਾਤ ਸਰਕਾਰ ਦੇ ਪੱਖਪਾਤੀ ਵਰਤਾਰੇ ਉਤੇ ਸਖ਼ਤ ਅਦਾਲਤੀ ਹਮਲਾ ਹੈ। ਅਦਾਲਤ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਆਤਮ-ਸਮਰਪਣ ਕਰਨ ਦੇ ਹੁਕਮ ਦਿੱਤੇ ਹਨ ਅਤੇ ਨਾਲ ਹੀ ਅਦਾਲਤ ਨੂੰ ਗੁਮਰਾਹ ਕਰਨ ਅਤੇ ਹੱਕ ਹੜੱਪਣ ਨੂੰ ਲੈ ਕੇ ਗੁਜਰਾਤ ਸਰਕਾਰ ਨੂੰ ਫਿਟਕਾਰ ਲਾਈ ਹੈ। ਸੁਪਰੀਮ ਕੋਰਟ ਨੇ ਆਪਣੇ ਹੁਕਮ 'ਚ ਕਿਹਾ ਹੈ ਕਿ ਗੁਜਰਾਤ ਸਰਕਾਰ ਨੂੰ ਦੋਸ਼ੀਆਂ ਨੂੰ ਰਿਹਾਅ ਕਰਨ ਦਾ ਕੋਈ ਹੱਕ ਹੀ ਨਹੀਂ ਸੀ, ਕਿਉਂਕਿ ਪੂਰੇ ਮਾਮਲੇ ਦੀ ਸੁਣਵਾਈ ਮਹਾਂਰਾਸ਼ਟਰ ਵਿਚ ਹੋਈ ਸੀ, ਇਸ ਲਈ ਇਸਦਾ ਫ਼ੈਸਲਾ ਮਹਾਂਰਾਸ਼ਟਰ ਹੀ ਕਰ ਸਕਦਾ ਸੀ।

ਬਿਲਕਿਸ ਬਾਨੋ ਘਟਨਾ, ਮਹਿਲਾਵਾਂ ਖਿਲਾਫ਼ ਘਿਨਾਉਣੇ, ਖੌਫ਼ਨਾਕ ਅਪਰਾਧ ਦੀ ਇੱਕ ਸ਼ਰਮਨਾਕ ਘਟਨਾ ਹੈ। ਆਮ ਤੌਰ 'ਤੇ ਔਰਤਾਂ ਫਿਰਕੂ ਦੰਗਿਆਂ, ਜੰਗਾਂ ਵਿਚ ਬੁਰੀ ਤਰ੍ਹਾਂ ਸ਼ਿਕਾਰ ਬਣਾਈਆਂ ਜਾਂਦੀਆਂ ਹਨ। ਉਨ੍ਹਾਂ ਦੇ ਕਤਲ ਹੁੰਦੇ ਹਨ। ਉਨ੍ਹਾਂ ਨਾਲ ਬਲਾਤਕਾਰ ਹੁੰਦਾ ਹੈ ਅਤੇ ਇਹ ਪਸ਼ੂ ਵਿਰਤੀ ਵਾਲੇ ਮਨੁੱਖਾਂ ਦੀ ਸ਼ਰਮਨਾਕ ਕਾਰਵਾਈ ਹੁੰਦੀ ਹੈ। ਪਰ ਸਰਕਾਰਾਂ ਵਲੋਂ ਇਸ ਕਿਸਮ ਦੇ ਲੋਕਾਂ ਦੇ ਹੱਕ ਵਿਚ ਖੜ੍ਹ ਕੇ ਉਨ੍ਹਾਂ ਦੀ ਸਜ਼ਾ ਮੁਆਫ਼ ਕਰਨਾ, ਕੀ ਕਲਿਆਣਕਾਰੀ ਸਰਕਾਰ ਦੇ ਕੋਈ ਲੱਛਣ ਹਨ?

ਦੇਸ਼ ਦੀ ਸੁਪਰੀਮ ਕੋਰਟ ਨੇ, ਗੁਜਰਾਤ ਸਰਕਾਰ ਵਲੋਂ ਦੋਸ਼ੀਆਂ ਦੇ ਹੱਕ 'ਚ ਲਏ ਫ਼ੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਉਸਨੇ ਉਨ੍ਹਾਂ ਅਧਿਕਾਰਾਂ ਦਾ ਇਸਤੇਮਾਲ ਕੀਤਾ ਜੋ ਉਸ ਕੋਲ ਨਹੀਂ ਸਨ। ਉਸਨੇ ਤਾਕਤ ਦੀ ਦੁਰਵਰਤੋਂ ਕੀਤੀ ਹੈ।

ਬਿਲਕਿਸ ਬਾਨੋ ਮਾਮਲੇ ਵਿਚ ਗੁਜਰਾਤ ਸਰਕਾਰ ਦਾ ਰੁਖ ਸ਼ੁਰੂ ਤੋਂ ਹੀ ਪੱਖਪਾਤੀ ਦੇਖਿਆ ਗਿਆ ਸੀ। ਜਦ ਦੋਸ਼ੀ ਜੇਲ੍ਹ ਵਿਚ ਸਨ, ਤਦ ਵੀ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਦੀ ਪੈਰੋਲ ਦਿੱਤੀ ਗਈ। ਇਹ ਠੀਕ ਹੈ ਕਿ ਸੂਬਾ ਸਰਕਾਰਾਂ ਨੂੰ ਕੁਝ ਮਾਮਲਿਆਂ ਉਤੇ ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਨ ਦਾ ਅਧਿਕਾਰ ਹੈ, ਪਰੰਤੂ ਇਹ ਇਸ ਗੱਲ ਦੀ ਸਰਕਾਰ ਦੇ ਵਿਵੇਕ ਦੀ ਪਰੀਖਿਆ ਹੁੰਦੀ ਹੈ ਕਿ ਉਹ ਕਿਸ ਮਾਮਲੇ ਵਿਚ ਇਹੋ ਜਿਹਾ ਫ਼ੈਸਲਾ ਲੈਂਦੀ ਹੈ।

ਬਿਲਕਿਸ ਦਾ ਮੁਆਮਲਾ ਸਧਾਰਨ ਨਹੀਂ ਸੀ। ਇਹ ਔਰਤਾਂ ਨਾਲ ਸਬੰਧਤ ਇੱਕ ਸ਼ਰਮਨਾਕ ਘਟਨਾ ਸੀ, ਜੋ ਜਾਣਬੁੱਝ ਕੇ ਕੀਤੀ ਗਈ। ਸਮਝ ਤੋਂ ਬਾਹਰੀ ਗੱਲ ਹੈ ਕਿ ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਨ ਵੇਲੇ ਬਿਲਕਿਸ ਦੀ ਪੀੜਾ ਅਤੇ ਹੱਕਾਂ ਨੂੰ ਕਦੇ ਨਹੀਂ ਸਮਝਿਆ ਕਿ ਉਸਦੇ ਪਰਿਵਾਰ ਦੇ ਜੀਅ ਉਸਦੀਆਂ ਅੱਖਾਂ ਸਾਹਮਣੇ ਮਾਰ ਦਿੱਤੇ ਗਏ, ਜਿਨ੍ਹਾਂ ਵਿਚ ਉਸਦੀ 3 ਸਾਲ ਦੀ ਧੀ ਵੀ ਸ਼ਾਮਲ ਸੀ ਅਤੇ ਉਸ ਨਾਲ ਉਸ ਵੇਲੇ ਸਮੂਹ ਬਲਾਤਕਾਰ ਕੀਤਾ ਗਿਆ, ਜਿਸ ਵੇਲੇ ਉਹ 5 ਮਹੀਨੇ ਦੀ ਗਰਭਵਤੀ ਸੀ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਜਿਸ ਵੇਲੇ 15 ਅਗਸਤ 2022 ਨੂੰ ਦੋਸ਼ੀਆਂ ਨੂੰ ਗੁਜਰਾਤ ਸਰਕਾਰ ਵਲੋਂ ਰਿਹਾਅ ਕੀਤਾ ਗਿਆ ਤਾਂ ਦੋਸ਼ੀਆਂ ਦਾ ਫੁੱਲ, ਮਾਲਾਵਾਂ ਪਾ ਕੇ ਸਵਾਗਤ ਕੀਤਾ ਗਿਆ। ਇਹ ਵਿਖਾਉਣ ਦਾ ਯਤਨ ਹੋਇਆ ਕਿ ਦੋਸ਼ੀਆਂ ਨੇ ਕੋਈ ਅਪਰਾਧ ਨਹੀਂ ਕੀਤਾ, ਸਗੋਂ ਕੋਈ ਮਹੱਤਵਪੂਰਨ ਬਹਾਦਰੀ ਵਾਲਾ ਕੰਮ ਕੀਤਾ ਸੀ ਤੇ ਜੇਲ੍ਹ ਗਏ ਸਨ। ਕੀ ਇਸ ਪਿੱਛੇ ਕੋਈ ਰਾਜਨੀਤਕ ਮਕਸਦ ਨਹੀਂ? ਕੀ ਬਲਾਤਕਾਰੀਆਂ ਨੂੰ ਸਜ਼ਾ ਮੁਆਫ਼ੀ ਸਮਾਜ ਵਿਚ ਗਲਤ ਸੰਦੇਸ਼ ਦੇਣ ਦਾ ਯਤਨ ਨਹੀਂ ਹੈ? ਕੀ ਇਸ ਕਿਸਮ ਦੀ ਸਰਕਾਰੀ ਸਰਪ੍ਰਸਤੀ ਜਾਇਜ਼ ਹੈ?

ਲਗਭਗ 23 ਵਰ੍ਹਿਆਂ ਤੋਂ ਬਿਲਕਿਸ ਬਾਨੋ ਕਾਨੂੰਨੀ ਲੜਾਈ ਲੜ ਰਹੀ ਹੈ। ਆਪਣੀਆਂ ਅੱਖਾਂ ਵਿਚ ਅੱਥਰੂ ਲੈ ਕੇ ਉਸਨੇ ਇਹ ਵਰ੍ਹੇ ਇਨਸਾਫ ਉਡੀਕਦਿਆਂ ਗੁਜ਼ਾਰੇ ਹਨ। ਜਿਹੜਾ ਦਰਦ ਉਸਨੇ ਦਿਲ 'ਤੇ ਹੰਢਾਇਆ, ਉਸ 'ਚ ਦੇਸ਼ ਦੇ ਜਮਹੂਰੀ ਕਦਰਾਂ ਕੀਮਤਾਂ, ਲੋਕ ਹਿਤੈਸ਼ੀ ਤਾਕਤਾਂ ਨੇ ਉਸ ਨਾਲ ਖੜ ਕੇ ਸਾਥ ਦਿੱਤਾ।

ਦੇਸ਼ ਦੀ ਉੱਚ ਅਦਾਲਤ ਨੇ ਜਦੋਂ ਇਹ ਫ਼ੈਸਲਾ ਲਿਆ ਕਿ ਪੀੜਤਾ ਦੇ ਅਧਿਕਾਰ ਵੀ ਅਹਿਮ ਹਨ ਅਤੇ ਇਹ "ਇੱਕ ਮਹਿਲਾ ਵੀ ਸਨਮਾਨ ਦੀ ਹੱਕਦਾਰ ਹੈ, ਫਿਰ ਭਾਵੇਂ ਉਸਨੂੰ ਸਮਾਜ ਵਿਚ ਕਿੰਨਾ ਵੀ ਉੱਚਾ ਜਾਂ ਨੀਵਾਂ ਮੰਨਿਆ ਜਾਵੇ ਜਾਂ ਉਹ ਕਿਸੇ ਵੀ ਧਰਮ ਜਾਂ ਦੀਨ ਨੂੰ ਮੰਨਦੀ ਹੋਵੇ" ਤਾਂ ਬਿਲਕਿਸ ਬਾਨੋ ਸਮੇਤ ਦੇਸ਼ ਭਰ ਦੀਆਂ ਔਰਤਾਂ ਨੇ ਸਕੂਨ ਮਹਿਸੂਸ ਕੀਤਾ ਹੋਏਗਾ।

ਦੇਸ਼ ਵਿਚ ਫਿਰਕੂ ਦੰਗਿਆਂ ਦਾ ਵਾਪਰਨਾ ਸਰਕਾਰਾਂ ਦੀ ਅਣਗਹਿਲੀ ਦਾ ਸਿੱਟਾ ਹੈ। ਆਮ ਤੌਰ 'ਤੇ ਕਿਹਾ ਇਹ ਜਾਂਦਾ ਹੈ ਕਿ ਸਾਸ਼ਨ ਕਰਨ ਵਾਲੇ ਲੋਕ ਜਾਂ ਸਾਸ਼ਨ ਪ੍ਰਾਪਤ ਕਰਨ ਦੀ ਚਾਹ ਰੱਖਣ ਵਾਲੇ ਲੋਕ ਫਿਰਕਿਆਂ, ਧਰਮਾਂ ਦੇ ਨਾਮ 'ਤੇ ਲੋਕਾਂ 'ਚ ਕੁੜੱਤਣ ਪੈਦਾ ਕਰਦੇ ਹਨ, ਅਪਰਾਧੀਆਂ ਨੂੰ ਸਰਪ੍ਰਸਤੀ ਦਿੰਦੇ ਹਨ। ਅੱਜ ਤਾਂ ਚੋਣ ਫਾਇਦੇ ਲਈ "ਨਿਆਂ ਦੀ ਹੱਤਿਆ" ਦਾ ਰੁਝਾਨ ਲਗਾਤਾਰ ਵਧ ਰਿਹਾ ਹੈ ਜੋ ਜਮਹੂਰੀ ਪ੍ਰਬੰਧ ਲਈ ਖਤਰਨਾਕ ਵਰਤਾਰਾ ਹੈ।

ਭਾਰਤ ਦੇ ਸੁਪਰੀਮ ਕੋਟ ਦੀਆਂ ਟਿੱਪਣੀਆਂ ਧਿਆਨ ਦੀ ਮੰਗ ਕਰਦੀਆਂ ਹਨ। ਸੀਨੀਅਰ ਵਕੀਲ ਵਰਿੰਦਾ ਗਰੋਵਰ ਕਹਿੰਦੀ ਹੈ, "ਇਸ ਫ਼ੈਸਲੇ ਨੇ ਕਾਨੂੰਨ ਦੇ ਸਾਸ਼ਨ ਅਤੇ ਇਸ ਦੇਸ਼ ਦੇ ਲੋਕਾਂ ਖ਼ਾਸ ਕਰਕੇ ਮਹਿਲਾਵਾਂ ਦੇ ਕਾਨੂੰਨੀ ਪ੍ਰਣਾਲੀ ਤੇ ਅਦਾਲਤਾਂ ਵਿਚ ਭਰੋਸੇ ਨੂੰ ਬਰਕਰਾਰ ਰੱਖਿਆ ਹੈ ਅਤੇ ਨਿਆਂ ਦਾ ਭਰੋਸਾ ਦਿੱਤਾ ਹੈ।"

ਪਰ ਕੀ ਇਹ ਸਚਮੁੱਚ ਇਵੇਂ ਹੈ? ਬਿਲਕਿਸ ਬਾਨੋ ਲੰਮੇ ਸਮੇਂ ਤੋਂ ਕਿਸੇ ਲੁਕਵੇਂ ਥਾਂ 'ਤੇ ਰਹਿਣ ਲਈ ਮਜਬੂਰ ਹੈ। ਕੀ ਉਸਨੂੰ ਗੁਜਰਾਤ ਸਰਕਾਰ ਵਲੋਂ ਸੁਰੱਖਿਆ ਨਹੀਂ ਮਿਲਣੀ ਚਾਹੀਦੀ? ਉਹ ਹਿੰਮਤ ਨਾਲ ਲੜ ਰਹੀ ਹੈ। ਪਰਿਵਾਰ ਵੀ ਪਾਲ ਰਹੀ ਹੈ। ਬਿਨਾਂ ਸ਼ੱਕ ਉਸਦੇ ਪਰਿਵਾਰ, ਦੋਸਤਾਂ, ਮਿੱਤਰਾਂ ਦਾ ਸਾਥ ਉਸ ਨਾਲ ਹੋਏਗਾ, ਪਰ ਉਹ ਇੱਕ "ਸਟੇਟ ਡਰ" ਹੰਢਾ ਕੇ ਵੀ ਜੇਕਰ ਆਪਣੇ ਹੱਕਾਂ ਲਈ ਲੜ ਰਹੀ ਹੈ ਤਾਂ ਕੀ ਉਸ ਨੂੰ ਇੱਕ ਨਿਡਰ, ਬਹਾਦਰ ਮਹਿਲਾ ਦਾ ਖਿਤਾਬ ਨਹੀਂ ਮਿਲਣਾ ਚਾਹੀਦਾ?

ਦੇਸ਼ ਦੀ ਆਜ਼ਾਦੀ ਦੇ 76 ਵਰ੍ਹਿਆਂ ਵਿਚ 1969 ਵਿਚ ਗੁਜਰਾਤ ਵਿਚ ਦੰਗੇ, 1984 'ਚ ਸਿੱਖ ਕਤਲੇਆਮ, 1989 'ਚ ਭਾਗਲਪੁਰ ਦੰਗੇ, 1989 'ਚ ਕਸ਼ਮੀਰ ਦੰਗੇ, 2002 'ਚ ਗੋਧਰਾ ਕਾਂਡ, 2013 'ਚ ਮੁਜ਼ੱਫਰਨਗਰ ਦੰਗੇ ਅਤੇ 2020 'ਚ ਦਿੱਲੀ ਦੰਗੇ ਮੁੱਖ ਘਟਨਾਵਾਂ ਦੇ ਤੌਰ 'ਤੇ ਗਿਣੇ ਜਾਂਦੇ ਹਨ। ਸਾਲ 1947 'ਚ ਦੇਸ਼ ਦੀ ਵੰਡ ਵੇਲੇ ਵੱਡੇ ਦੰਗੇ ਪੰਜਾਬ 'ਚ ਹੋਏ। ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ 'ਚ ਦੰਗਿਆਂ ਦੀ ਘਟਨਾਵਾਂ ਵਾਪਰਦੀਆਂ ਹਨ। ਸਾਲ 2023 'ਚ ਹਰਿਆਣਾ 'ਚ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ।

ਹਜ਼ਾਰਾਂ ਨਹੀਂ, ਲੱਖਾਂ ਲੋਕ ਦੰਗਿਆਂ ਦੀ ਭੇਟ ਚੜ੍ਹਦੇ ਹਨ। ਪਰ ਸਭ ਤੋਂ ਵੱਧ ਦੰਗਿਆਂ ਦਾ ਸ਼ਿਕਾਰ ਔਰਤਾਂ ਹੁੰਦੀਆਂ ਹਨ। ਇਹ ਅਣਮਨੁੱਖੀ ਵਰਤਾਰਾ ਦੇਸ਼ ਦੇ ਮੱਥੇ 'ਤੇ ਕਲੰਕ ਹੈ। ਇਸ ਵਰਤਾਰੇ ਨੂੰ ਨੱਥ ਪਾਉਣ ਲਈ ਸੂਝਵਾਨ ਲੋਕ ਸਾਰਥਕ ਭੂਮਿਕਾ ਨਿਭਾ ਸਕਦੇ ਹਨ। ਜਾਂ ਫਿਰ ਅਦਾਲਤਾਂ ਵਿਸ਼ੇਸ਼ ਭੂਮਿਕਾ ਨਿਭਾ ਸਕਦੀਆਂ ਹਨ। ਦੇਸ਼ ਦੇ ਕਾਨੂੰਨ ਦੀ ਰੱਖਿਅਕ ਬਣ ਕੇ ਸਰਕਾਰਾਂ ਅਤੇ ਤਾਕਤ ਦੇ ਭੁੱਖੇ ਨੇਤਾਵਾਂ ਨੂੰ ਨੱਥ ਪਾ ਸਕਦੀਆਂ ਹਨ। ਕਿਉਂਕਿ ਜਦੋਂ ਕੁਝ ਉਲਾਰੂ ਨੇਤਾ ਜਾਂ ਸਰਕਾਰਾਂ ਆਪਣੀ ਹੀ ਨਵੀਂ ਨਿਆਂ ਪ੍ਰਣਾਲੀ ਵਿਕਸਿਤ ਕਰ ਰਹੀਆਂ ਹਨ ਜਿਵੇਂ ਗੁਜਰਾਤ ਸਰਕਾਰ ਨੇ ਕੀਤੀ ਹੈ ਤਾਂ ਸੂਝਵਾਨ ਲੋਕਾਂ ਨੂੰ ਸਿਰਫ਼ ਚਿੰਤਾ ਜਾਂ ਚਿੰਤਨ ਕਰਨ ਦੀ ਭੂਮਿਕਾ ਨਿਭਾਉਣ ਤੱਕ ਸੀਮਤ ਨਹੀਂ ਹੋਣਾ ਹੋਵੇਗਾ ਸਗੋਂ ਨਿਆਂ ਲਈ ਖੜਨਾ ਹੋਵੇਗਾ।

ਅੱਜ ਦੇਸ਼ ਵਿਚ ਹਾਕਮ ਧਿਰਾਂ ਵਲੋਂ ਜਿਸ ਢੰਗ ਦਾ ਵਰਤਾਰਾ ਹੈ ਕਿ ਜੇਕਰ ਤੁਸੀਂ ਉਨ੍ਹਾਂ ਨਾਲ ਹੋ ਤਾਂ ਘਿਨਾਉਣਾ ਅਪਰਾਧ ਵੀ ਕਰ ਸਕਦੇ ਹੋ ਅਤੇ ਕੁਝ ਨਹੀਂ ਹੋਏਗਾ, ਕੋਈ ਸਜ਼ਾ ਨਹੀਂ ਹੋਏਗੀ।

ਪਰ ਜੇਕਰ ਇਹ ਇੱਕ ਕਸਵੱਟੀ ਬਣ ਰਿਹਾ ਹੈ ਤਾਂ ਇਹ ਦੇਸ਼, ਇਸ ਦੀਆਂ ਔਰਤਾਂ ਅਤੇ ਲੋਕਾਂ ਲਈ ਬਹੁਤ ਖ਼ਤਰਨਾਕ ਹੈ।

# ਪੰਜਾਬ ਵਸਦਾ ਗੁਰੂਆਂ ਦੇ ਨਾਓਂ 'ਤੇ – ਚੁਣੌਤੀਆਂ ਅਤੇ ਜ਼ਿੰਮੇਵਾਰੀਆਂ

## ਲੋਕਮੁਖੀ ਸਿਆਸਤ ਲਈ ਚਲ ਪਿਆ ਕਾਫਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿਆਸਤ ਬਾਰੇ, ਰਾਜਨੀਤੀ ਬਾਰੇ ਅਤੇ ਆਰਥਿਕਤਾ ਬਾਰੇ ਸਾਡੀ ਸਮਝ ਕਿੰਨੀ ਕੁ ਪੇਤਲੀ ਹੋ ਸਕਦੀ ਹੈ, ਇਹਦਾ ਸ਼ਾਇਦ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਸਾਡੇ ਸਿਆਸੀ ਨੇਤਾ ਅਕਸਰ ਹੀ ਇਹ ਕਹਿੰਦੇ ਹਨ ਕਿ ਫਲਾਂ ਮੁੱਦੇ 'ਤੇ ਸਾਨੂੰ ਸਿਆਸਤ ਨਹੀਂ ਕਰਨੀ ਚਾਹੀਦੀ। ਇਹੋ ਜਿਹੀ ਸਮਝ, ਬਿਆਨਬਾਜ਼ੀ ਅਤੇ ਵਰਤਾਰੇ ਉੱਤੇ ਅਫਸੋਸ ਤਾਂ ਹੁੰਦਾ ਹੀ ਹੈ ਪਰ ਦਰ-ਹਕੀਕਤ ਸਿਆਸੀ ਪਾਰਟੀਆਂ ਅਸਲ ਵਿਚ ਸਿਆਸਤ ਤੋਂ ਭਗੌੜੀਆਂ ਹੋਈਆਂ ਬੈਠੀਆਂ ਹਨ। ਉਹ ਸੱਤਾ ਪ੍ਰਾਪਤੀ ਲਈ ਸੰਘਰਸ਼-ਸ਼ੀਲ ਹਨ, ਪਰ ਸਿਆਸਤ ਕਰਨ ਤੋਂ ਮੁਨਕਰ ਹਨ। ਅਸਲ ਵਿਚ ਉਹ ਜਾਣ-ਬੁੱਝ ਕੇ ਇਹ ਸਮਝਣਾ ਹੀ ਨਹੀਂ ਚਾਹੁੰਦੀਆਂ ਕਿ ਸਿਆਸਤ ਕਿਸ ਨੂੰ ਆਖਦੇ ਹਨ। ਐਸੀ ਸਮਝ ਦਾ ਨਿਰਮਾਣ ਲੋਕਾਂ ਨੂੰ ਸਸ਼ਕਤ ਕਰਦਾ ਹੈ, ਉਨ੍ਹਾਂ ਨੂੰ ਸੱਤਾ ਵਿਚ ਹਿੱਸੇਦਾਰ ਬਣਾਉਂਦਾ ਹੈ, ਭੀੜ ਨੂੰ ਸੰਗਤ ਵਿਚ ਤਬਦੀਲ ਕਰਦਾ ਹੈ, ਮਿਲ ਬੈਠ ਕੇ ਸਾਰਥਕ ਫੈਸਲਾਸਾਜ਼ੀ ਦੇ ਰਾਹ ਕੱਢਦਾ ਹੈ।

2020-21 ਵਾਲੇ ਕਿਸਾਨ ਅੰਦੋਲਨ ਨੇ ਬਿਖੜੇ ਪੈਂਡਿਆਂ ਵਿਚੋਂ ਰਾਹ ਕੱਢਣ ਦੀ ਪਿਰਤ ਪਾਈ, ਜ਼ਾਲਮ ਹਕੂਮਤ ਝੁਕਾਈ। ਕੇਵਲ ਸੱਤਾ ਨੂੰ ਪ੍ਰਣਾਈ ਸਿਆਸਤ ਨੂੰ ਸਿਖਾਇਆ ਕਿ ਲੋਕਾਂ ਦੀ ਸ਼ਕਤੀ ਕਿਵੇਂ ਛੋਟੇ ਵਖਰੇਵਿਆਂ ਨੂੰ ਦੂਰ ਕਰ ਆਪਸੀ ਸਮਝ-ਬੂਝ ਦਾ ਨਿਰਮਾਣ ਕਰ ਕੇ ਪੇਚੀਦਾ ਮਸਲਿਆਂ ਨੂੰ ਲੋਕਾਂ ਦੀ ਭਾਸ਼ਾ ਵਿਚ ਲੋਕਾਂ ਤੱਕ ਲੈ ਜਾਂਦੀ ਹੈ, ਫਿਰ ਉਸੇ ਸੰਗਤ ਪੰਗਤ ਵਾਲੇ ਸਿਧਾਂਤ ਉੱਤੇ ਚਲਦਿਆਂ ਹੱਲ ਤਲਾਸ਼ ਕਰਦੀ ਹੈ। ਇੱਕ ਵੱਡੀ ਵਿਰੋਧਮੁਖੀ ਪਰੰਤੂ ਸ਼ਾਂਤਮਈ ਉਸਾਰੂ ਸਿਆਸਤ ਦਾ ਇਕ ਵਿਸ਼ਾਲ ਪੈਂਤੜਾ ਖੜਾ ਕਰਦੀ ਹੈ; ਆਦਰਸ਼ਵਾਦ ਦਾ ਰਾਹ ਚੁਣਦੀ ਹੋਈ ਵੀ ਲਗਾਤਾਰ ਸਾਰਥਕ ਅਮਲੀ ਪਹੁੰਚ ਅਖਤਿਆਰ ਕਰਦੀ ਹੈ ਅਤੇ ਅੰਤ ਲੋਕਸ਼ਕਤੀ ਨਾਲ ਜਬਰ 'ਤੇ ਸ਼ਾਨਾਂਮੱਤੀ ਜਿੱਤ ਪ੍ਰਾਪਤ ਕਰਦੀ ਹੈ।

ਪੰਥ-ਪੰਜਾਬ ਅਤੇ ਸਮੂਹ ਸਾਧ-ਸੰਗਤ ਦੀ ਸਾਂਝੀ ਰਾਜਨੀਤਕ ਅਤੇ ਨੈਤਿਕ ਜਿੱਤ ਤੋਂ ਬਾਅਦ ਸਾਡੀਆਂ ਸਿਆਸੀ ਪਾਰਟੀਆਂ ਦਾ ਅੰਦਰਲਾ ਬੌਧਿਕ ਅਤੇ ਨੈਤਿਕ ਦੀਵਾਲੀਆਪਨ ਐਸੇ ਅਲੌਕਿਕ ਅੰਦੋਲਨ ਨੇ ਚੰਗੇਰੀ ਤਰ੍ਹਾਂ ਰੇਖਾਂਕਿਤ ਕਰ ਦਿੱਤਾ ਸੀ, ਹੁਣ ਇਹ ਸਬਕ ਸਿੱਖਣਗੀਆਂ ਅਤੇ ਅਗਲੇਰੀ ਸਿਆਸੀ ਰਣਨੀਤੀ ਵਿਚ ਉਨ੍ਹਾਂ ਲੋਕਾਂ ਦੀ ਸਾਰ ਲੈਣਗੀਆਂ ਜਿਨ੍ਹਾਂ ਦੀ ਨੁਮਾਇੰਦਗੀ ਕਰਨ ਦੇ ਦਾਅਵੇ ਨਾਲ ਉਹ ਸੱਤਾ ਪ੍ਰਾਪਤੀ ਵੱਲ ਗਾਮਜ਼ਨ ਹਨ। ਪਰ ਅਫ਼ਸੋਸ, ਇੱਕ ਵੱਡੇ ਪੱਧਰ ਉੱਤੇ ਪੰਜਾਬ ਵਿਚਲੀਆਂ ਸਰਗਰਮ ਸਿਆਸੀ ਪਾਰਟੀਆਂ ਇਸ ਮਾਪਦੰਡ ਉੱਤੇ ਬਹੁਤ ਫਾਡੀ ਦਿਸਦੀਆਂ ਹਨ। ਵੱਖ ਵੱਖ ਫਰੰਟਾਂ ਉੱਤੇ ਲੜਦੇ ਕਾਰਕੁਨਾਂ ਨੂੰ ਵੀ ਇੱਕ ਦੂਜੇ ਬਾਰੇ ਅਤੇ ਤਮਾਮ ਮੁੱਦਿਆਂ ਬਾਰੇ ਇਕ informed ਸਮਝ ਬਣਾਉਣ ਦੀ ਲੋੜ ਹੈ। ਕਿਸਾਨ ਅਤੇ ਮਜ਼ਦੂਰ ਵਿਚਲੇ ਪਾੜੇ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਜਾਤ-ਪਾਤ ਦਾ ਮਸਲਾ ਅਣਗੌਲਿਆਂ ਕਰਨਾ ਬੇਈਮਾਨੀ ਹੋਵੇਗੀ। ਸ਼ਹਿਰੀ ਗਰੀਬ ਅਤੇ ਨਿਮਨ ਮੱਧ ਵਰਗ ਪਿਸ ਰਿਹਾ ਹੈ। ਸਿਹਤ ਅਤੇ ਸਿੱਖਿਆ ਦੇ ਮੌਲਿਕ ਅਧਿਕਾਰ ਅਫਵਾਹ ਬਣ ਕੇ ਰਹਿ ਗਏ ਹਨ।

ਅੱਜ ਮੁਲਕ ਵਿਚ ਮੂਲ ਸੰਵਿਧਾਨਕ ਕਦਰਾਂ-ਕੀਮਤਾਂ ਉੱਤੇ ਬਦਸਤੂਰ ਹਮਲਾ ਜਾਰੀ ਹੈ। ਲੋਕਤੰਤਰੀ ਪ੍ਰਣਾਲੀ ਨੂੰ ਖੋਰਾ ਲੱਗ ਰਿਹਾ ਹੈ ਅਤੇ ਅਦਾਰਿਆਂ ਦੀ ਖ਼ੁਦਮੁਖਤਿਆਰੀ ਖ਼ਤਰੇ ਵਿਚ ਹੈ। ਮੁਲਕ ਦੀ ਪਾਰਲੀਮੈਂਟ ਕੇਵਲ ਇੱਕ ਪਾਰਟੀ ਹੀ ਨਹੀਂ, ਇੱਕ ਵਿਅਕਤੀ ਦੀ ਵਾਹ-ਵਾਹੀ ਤਕ ਮਹਿਦੂਦ ਹੋ ਗਈ ਹੈ। ਜਨਤਾ ਬਾਰੇ ਜਨਤਾ ਦੇ ਨੁਮਾਇੰਦਿਆਂ ਨੂੰ ਅਣਗੌਲੇ ਕਰ ਕੇ ਅਤੇ ਬਿਨਾਂ ਸੁਣੇ ਐਸੇ ਕਾਨੂੰਨ ਪਾਸ ਹੋ ਰਹੇ ਹਨ ਜਿਨ੍ਹਾਂ ਦੇ ਦੂਰ-ਰਸ ਨਤੀਜੇ ਮੁਲਕ ਨੂੰ ਮੂਲੋਂ ਬਦਲ ਦੇਣਗੇ।

2014 ਦੇ ਅੰਤਲੇ ਦਿਨਾਂ ਵਿਚ ਜਦੋਂ ਕੇਂਦਰ ਸਰਕਾਰ ਨੇ ਧੱਕੇ ਨਾਲ ਆਰਡੀਨੈਂਸ ਰਾਹੀਂ ਭੂਮੀ ਅਧਿਗ੍ਰਹਿਣ ਸੋਧ ਕਾਨੂੰਨ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੂੰ ਲੰਮੀ ਲੜਾਈ ਲੜਨੀ ਪਈ। ਖੇਤੀ ਨਾਲ ਸਬੰਧਤ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਜ਼ਬਰਦਸਤ ਲਾਮਬੰਦੀ ਅਤੇ ਸਾਲ ਭਰ ਚੱਲੇ ਅੰਦੋਲਨ ਤੋਂ ਬਾਅਦ ਇਹ ਲੜਾਈ ਜਿੱਤੀ ਗਈ। ਨੋਟਬੰਦੀ ਵਰਗਾ ਫੈਸਲਾ ਮਨਮਰਜ਼ੀ ਦੀ ਵੱਡੀ ਮਿਸਾਲ ਹੈ ਜਿਹੜਾ ਅੱਜ ਤੱਕ ਵੀ ਕਿਸੇ ਦਲੀਲ ਜਾਂ ਮੰਤਵ ਉੱਤੇ ਖਰਾ ਨਹੀਂ ਉਤਰ ਸਕਿਆ। ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਕੌਮੀ ਰਜਿਸਟਰ ਵਾਲੇ ਕਾਨੂੰਨ (ਸੀ.ਏ.ਏ./ਐਨ.ਆਰ.ਸੀ.) ਖ਼ਿਲਾਫ਼ ਦੇਸ਼ ਵਿਚ ਭਖਵੇਂ ਵਿਰੋਧ ਦੇ ਬਾਵਜੂਦ ਸਰਕਾਰ ਅੜੀ ਰਹੀ। ਨਾਗਰਿਕਾਂ ਨੂੰ ਆਪਸ ਵਿਚ ਵੰਡਣ, ਲੜਾਉਣ ਅਤੇ ਨਫ਼ਰਤੀ ਬਣਾਉਣ ਵਾਲੇ ਇਸ ਕਾਨੂੰਨ ਬਾਰੇ ਸਰਕਾਰ ਹੁਣ ਫਿਰ ਹੋਰ ਅਗਾਂਹ ਵਧ ਰਹੀ ਹੈ। ਕਿਰਤ ਕਾਨੂੰਨਾਂ ਵਿਚ ਸੋਧਾਂ ਦੇ ਨਾਮ ਉੱਤੇ ਕਿਰਤੀਆਂ ਦੇ ਹੱਕਾਂ ਉੱਤੇ ਮਜੀਦ ਛਾਪੇਮਾਰੀ ਹੋ ਰਹੀ ਹੈ। ਬਿਜਲੀ ਸੋਧ ਕਾਨੂੰਨ 2020 ਖ਼ਿਲਾਫ਼ ਲੜਾਈ ਹਾਲੇ ਬਾਕੀ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਗੈਰ ਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ (ਯੂ.ਏ.ਪੀ.ਏ.) ਵਰਗੇ ਕਾਨੂੰਨ ਨਾ ਕੇਵਲ ਮਨੁੱਖੀ ਅਧਿਕਾਰ ਵਿਰੋਧੀ ਹਨ ਬਲਕਿ ਰਾਜਾਂ ਦੇ ਅਧਿਕਾਰਾਂ ਦਾ ਵੀ ਗਲਾ ਘੁੱਟਦੇ ਹਨ ਅਤੇ ਇੱਕ ਖਾਸ ਸੋਚ ਅਧੀਨ ਤਾਕਤ ਦੇ ਅਤਿ-ਕੇਂਦਰੀਕਰਨ ਵੱਲ ਸੇਧਿਤ ਹਨ। ਇਹ ਮੁਲਕ ਵਿਚਲੇ ਬਚੇ-ਖੁਚੇ ਫੈਡਰਲਿਜ਼ਮ ਉੱਤੇ ਸਿੱਧੇ ਹਮਲੇ ਦਾ ਐਲਾਨ ਹਨ।

ਬਹੁਤੀਆਂ ਰਾਜਨੀਤਕ ਪਾਰਟੀਆਂ ਦੀ ਫੈਡਰਲਿਜ਼ਮ ਪ੍ਰਤੀ ਆਪਣੀ ਪਹੁੰਚ, ਅਤੀਤ ਦਾ ਵਤੀਰਾ ਅਤੇ ਇਹਦੇ ਲਈ ਲੜਨ ਦੀ ਕੁੱਵਤ ਅਤੇ ਇਰਾਦਾ ਸ਼ੱਕ ਦੇ ਘੇਰੇ ਵਿਚ ਆਉਂਦਾ ਹੈ। ਰਾਜਾਂ ਦੀ ਸ਼ਕਤੀ ਫੈਡਰਲਿਜ਼ਮ ਦੇ ਸਿਧਾਂਤ ਤੋਂ ਬਿਨਾਂ ਮੁਮਕਿਨ ਹੀ ਨਹੀਂ, ਪਰ ਵਿਰੋਧੀ ਪਾਰਟੀਆਂ ਸਿਰਫ਼ ਇਸ ਬਾਬਤ ਖ਼ਾਨਾਪੂਰੀ ਹੀ ਕਰਦੀਆਂ ਹਨ। ਉਨ੍ਹਾਂ ਦਾ ਫੈਡਰਲਿਜ਼ਮ ਈ.ਡੀ., ਸੀ.ਬੀ.ਆਈ., ਇਨਕਮ ਟੈਕਸ ਦੇ ਛਾਪਿਆਂ ਵੇਲੇ ਯਾਦ ਆਉਂਦਾ ਹੈ, ਪਰ ਜੀ.ਐਸ.ਟੀ., ਐਨ.ਆਈ.ਏ. ਵੇਲੇ ਵਿਸਰ ਜਾਂਦਾ ਹੈ। ਕਦੀ ਕਦੀ ਤਾਂ ਇਓਂ ਭਾਸਦਾ ਹੈ ਜਿਵੇਂ ਵੱਖ ਵੱਖ ਵਿਰੋਧੀ ਧਿਰਾਂ ਅੰਦਰੋਂ ਕੁਰੱਪਸ਼ਨ ਦੇ ਵਾਇਰਸ ਦੀਆਂ ਤਾਰਾਂ ਨਾਲ ਜੁੜੀਆਂ ਹੋਈਆਂ ਹਨ। ਜਿਸ ਧਿਰ ਨੂੰ ਦਬੋਲਣਾ ਹੋਵੇ,







ਉਸ ਦੇ ਕੁਰੱਪਸ਼ਨ ਸਕੈਂਡਲ ਕੱਢੇ ਜਾ ਸਕਦੇ ਹਨ, ਨਿਕਲ ਆਉਂਦੇ ਹਨ।

'ਲੋਕਤੰਤਰ ਦਾ ਦੂਜਾ ਵੱਡਾ ਥੰਮ੍ਹ ਨਿਆਂ ਪ੍ਰਣਾਲੀ ਵੀ ਭੁਰ ਰਿਹਾ ਹੈ।' ਸਾਡਾ ਅਦਾਲਤੀ ਨਿਜ਼ਾਮ ਸੱਤਾ ਦੇ ਵੇਗ ਸਾਹਵੇਂ ਵਾਰ-ਵਾਰ ਲੜਖੜਾਉਂਦਾ, ਝੁਕਦਾ, ਅਤੇ ਅਕਸਰ ਸੱਤਾ ਦਾ ਗੁਣਗਾਣ ਕਰਦਾ ਦਿਸਦਾ ਹੈ। ਹਫ਼ਤਿਆਂ, ਮਹੀਨਿਆਂ ਤੱਕ ਹੈਬੀਅਸ-ਕਾਰਪਸ ਦੇ ਮਾਮਲੇ ਨਾ ਸੁਣਨਾ, ਧਾਰਾ 370 ਵਰਗੇ ਫੈਸਲੇ ਅਤੇ ਜੱਜਾਂ ਦਾ ਸਰਕਾਰ-ਪੱਖੀ ਫੈਸਲਿਆਂ ਤੋਂ ਬਾਅਦ ਰਾਤੋ-ਰਾਤ ਰਾਜ ਸਭਾ ਵਿਚ ਪਹੁੰਚ ਜਾਣਾ- ਇਹ ਸਭ ਅਦਲ ਦੇ ਸੱਤਾ-ਭਿਆਲ ਹੋ ਜਾਣ ਦੀ ਗਵਾਹੀ ਦੇਂਦੇ ਵਰਤਾਰੇ ਹਨ। ਲੋਕਹਿਤ ਦੇ ਮਸਲਿਆਂ ਉੱਤੇ ਵਾਰ-ਵਾਰ ਅਦਲੀਆ ਦੀ ਚੁੱਪ ਉਹਦੇ ਅੰਦਰੋਂ ਕਮਜ਼ੋਰ ਹੋ ਜਾਣ ਦੀ ਨਿਸ਼ਾਨੀ ਹੈ। ਅਦਲੀਆ ਵਾਂਗ ਹੀ ਦੇਸ਼ ਦੀ ਕਾਰਜਪਾਲਿਕਾ ਅਤੇ ਅਫ਼ਸਰਸ਼ਾਹੀ ਦਾ ਨਿਜ਼ਾਮ ਵੀ ਸੱਤਾਧਾਰੀ ਧਿਰ ਨਾਲ ਭਿਆਲ ਹੋ ਚੁੱਕਾ ਹੈ। ਇਹ ਖੋਟ ਬਹੁਤ ਪਹਿਲੋਂ ਤੋਂ ਹੀ ਚਿੰਤਾ ਦਾ ਵਿਸ਼ਾ ਬਣ ਗਏ ਸਨ ਪਰ ਹੁਣ ਪਾਣੀ ਸਿਰੋਂ ਟੱਪ ਚੁੱਕਿਆ ਹੈ।

ਮੁਲਕ ਵਿਚ ਨਫ਼ਰਤੀ ਸਿਆਸਤ ਨੂੰ ਵਿਰੋਧੀ ਧਿਰ ਵੱਲੋਂ ਜਿਹੜੀ ਚੁਣੌਤੀ ਮਿਲਣੀ ਚਾਹੀਦੀ ਸੀ, ਉਸ ਵਿਚ ਕਮਜ਼ੋਰੀ ਤਾਂ ਵਿਖਾਈ ਦੇਂਦੀ ਹੀ ਹੈ, ਕਦੀ ਕਦੀ ਖੋਟ ਵੀ ਭਾਸਦਾ ਹੈ। ਘੱਟ ਗਿਣਤੀਆਂ ਉੱਤੇ ਹਮਲੇ ਆਮ ਵਰਤਾਰਾ ਹੋ ਚੁੱਕਾ ਹੈ। ਸਿੱਧਾ-ਸਿੱਧਾ ਮੁਸਲਮਾਨ ਉੱਤੇ ਹਮਲਾ ਹੋ ਰਿਹਾ ਹੈ ਪਰ ਮੁਹਾਵਰਿਆਂ ਵਿਚ ਗੱਲ ਕਰਦੀ ਵਿਰੋਧੀ ਧਿਰ ਮਜ਼ਲੂਮ ਦਾ ਨਾਮ ਲੈਣੋਂ ਵੀ ਗੁਰੇਜ਼ ਕਰਦੀ ਹੈ। ਨਫ਼ਰਤੀ ਰਾਜਨੀਤੀ ਨਾਲ ਚੁਣਾਵੀ ਬਹੁਗਿਣਤੀ ਤਸ਼ਕੀਲ ਕੀਤੀ ਜਾ ਰਹੀ ਹੈ। ਨਾਗਰਿਕ ਕੀ ਪਹਿਨੇ, ਕੀ ਖਾਵੇ, ਕਿਸ ਜਾਨਵਰ ਦਾ ਮੀਟ ਹਲਾਲ, ਕਿਸ ਦਾ ਮੀਟ ਹਰਾਮ, ਕੌਣ ਕਿਸ ਧਰਮ ਦੇ ਮੁੰਡੇ ਕੁੜੀ ਨਾਲ ਵਿਆਹ ਕਰਾਵੇ, ਇਹ ਸਾਰੇ ਮੌਲਿਕ ਅਧਿਕਾਰ ਹੁਣ ਸੱਤਾ ਦੇ ਥਾਪੜਾ-ਪ੍ਰਾਪਤ ਲੱਠਮਾਰ ਗਰੁੱਪਾਂ ਨੂੰ ਦੇ ਦਿੱਤੇ ਗਏ ਹਨ। ਦੇਸ਼ ਨੇ ਇੱਕ ਖਾਸ ਧਰਮ ਦੇ ਬਾਸ਼ਿੰਦਿਆਂ ਦਾ ਸ਼ਿਕਾਰ ਹੁੰਦਿਆਂ ਵਾਰ ਵਾਰ ਤੱਕਿਆ ਹੈ, ਇਹਦੀਆਂ ਵਾਇਰਲ ਫਿਲਮਾਂ ਮੋਬਾਈਲ ਫੋਨਾਂ ਦੀਆਂ ਸਕਰੀਨਾਂ 'ਤੇ ਵੇਖੀਆਂ ਹਨ।

*ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਿਚਲੇ ਖੋਟ ਅਤੇ ਤਰੇੜਾਂ ਦੀ ਬਾਤ ਲੋਕਤੰਤਰ ਦੇ ਚੌਥੇ ਥੰਮ੍ਹ ਨੇ ਪਾਉਣੀ ਸੀ, ਪਰ ਮੀਡੀਆ ਦਾ ਵੀ ਵਿਆਪਕ ਪੱਧਰ ਉੱਤੇ ਮੱਕੂ ਠੱਪ ਦਿੱਤਾ ਗਿਆ ਹੈ। ਬਹੁਤ ਸਾਰਾ ਮੀਡੀਆ ਪੈਸੇ ਅਤੇ ਇਸ਼ਤਿਹਾਰਾਂ ਦੀ ਬਾਰਿਸ਼ ਵਿਚ ਭਿੱਜ ਕੇ ਬਿਮਾਰ ਹੋ ਗਿਆ ਹੈ, ਬਾਕੀ ਦਾ ਡਰਾ ਲਿਆ ਗਿਆ ਹੈ ਅਤੇ ਬਚੀਆਂ-ਖੁਚੀਆਂ ਆਵਾਜ਼ਾਂ ਦੀ ਸੰਘੀ ਘੁੱਟਣ ਨੂੰ ਸਰਕਾਰ ਹੋਰ ਹੀਲੇ ਕਰ ਰਹੀ ਹੈ।

ਮੰਦਿਰ ਮਸਜਿਦ ਦੇ ਮੁੱਦੇ ਰੋਟੀ ਕੱਪੜਾ ਮਕਾਨ ਰੁਜ਼ਗਾਰ ਗੁਰਬਤ ਇੱਜ਼ਤ ਮਿਲਵਰਤਨ ਦੇ ਮੁੱਦਿਆਂ ਨੂੰ ਪਾਸੇ ਧੱਕ ਸੱਤਾ ਨਾਲ ਜੁੜੇ ਤਬਸਰੇ ਦੇ ਠੀਕ ਕੇਂਦਰ ਵਿਚ ਆ ਢੁੱਕੇ ਹਨ। ਮੁਲਕ ਦੀ ਸੰਪਤੀ ਦੀ ਅਸਾਵੀਂ ਵੰਡ ਦੇ ਸ਼ਿਕਵੇ ਹੁਣ ਪਿੱਛੇ ਰਹਿ ਗਏ ਹਨ। ਹੁਣ ਤਾਂ ਆਰਥਿਕ ਤਰੱਕੀ ਅਸਲ ਵਿਚ ਗਰੀਬ-ਅਮੀਰ ਵਿਚਕਾਰ ਵਧਦੇ ਪਾੜੇ ਦਾ ਨਾਮ ਬਣ ਗਿਆ ਹੈ। ਮੱਧ-ਵਰਗ ਜਿਹੜਾ ਕੁੱਝ ਹੀ ਸਮਾਂ ਪਹਿਲਾਂ ਤੱਕ ਇਸ ਅਸਾਵੀਂ ਤਰੱਕੀ ਦਾ ਸੁੱਖ ਭੋਗ ਰਿਹਾ ਸੀ, ਉਹ ਵੀ ਹੁਣ ਸਮਝ ਰਿਹਾ ਹੈ ਕਿ ਇਹੋ ਜਿਹੀਆਂ ਸੁੱਖ-ਰਹਿਣੀਆਂ ਸਦੀਵੀ ਨਹੀਂ ਹੁੰਦੀਆਂ। ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਕੇ ਮੁਲਕ ਅਤੇ ਸਮਾਜ ਅੱਗੇ ਨਹੀਂ ਵਧਦੇ ਹੁੰਦੇ। ਸਿਆਸਤ ਹੀ ਉਹ ਜ਼ਰੀਆ ਹੈ ਜਿਸ ਰਾਹੀਂ ਤਰੱਕੀ, ਆਰਥਿਕਤਾ, ਮਨੁੱਖਤਾ ਅਤੇ ਨੈਤਿਕਤਾ ਦੇ ਪਤੂੱਲ ਬੱਝਦੇ ਹੁੰਦੇ ਹਨ।

ਇਹ ਸਿਆਸਤ ਹੀ ਹੁੰਦੀ ਹੈ ਜਿਸ ਜ਼ਰੀਏ ਤੁਸੀਂ ਕਿਸੇ ਸੁੱਖ-ਸਹੂਲਤਾਂ ਸੰਪੰਨ ਸ਼ਹਿਰੀ ਨੂੰ ਸਿਖਾਉਂਦੇ ਹੋ, ਕਿ ਦੂਰ ਪਿੰਡ ਵਿਚ ਮਿਹਨਤ ਕਰਦੇ ਕਿਸਾਨਾਂ ਅਤੇ ਬੇਜ਼ਮੀਨੇ ਖੇਤੀ ਮਜ਼ਦੂਰਾਂ ਨੂੰ ਜੇ ਉਨ੍ਹਾਂ ਦੀ ਮਿਹਨਤ ਦਾ ਠੀਕ ਮੁੱਲ ਨਹੀਂ ਮਿਲ ਰਿਹਾ ਤਾਂ ਉਨ੍ਹਾਂ ਦਾ ਇਸ ਮੁੱਦੇ ਨਾਲ ਜੁੜਨਾ ਕਿਓਂ ਜ਼ਰੂਰੀ ਹੈ। ਉਸ ਨੂੰ ਇਹ ਸ਼ਊਰ, ਇਹ ਇਲਮ ਦੇਂਦੇ ਹੋ ਕਿ ਕਿਵੇਂ ਕਿਸਾਨਾਂ, ਖੇਤੀ ਅਤੇ ਸਨਅਤੀ ਮਜ਼ਦੂਰਾਂ ਅਤੇ ਹੋਰਨਾਂ ਹਾਸ਼ੀਏ-ਧੱਕੇ ਲੋਕਾਂ ਨੂੰ ਨਜ਼ਰਅੰਦਾਜ਼ ਕਰਕੇ ਵੱਡੇ ਮਹਾਂਨਗਰਾਂ, ਐਕਸਪ੍ਰੈਸ ਹਾਈਵੇਅ ਅਤੇ ਨਵੀਆਂ ਚਮ-ਚਮਾਉਂਦੀਆਂ ਏਅਰਪੋਰਟਾਂ ਅਤੇ ਮਲਟੀਪਲੈਕਸ ਮਾਲਾਂ ਨਾਲ ਕੋਈ ਮੁਆਸ਼ਰਾ ਤਰੱਕੀਸ਼ੁਦਾ ਨਹੀਂ ਹੋ ਸਕਦਾ, ਇਹ "ਪਾਪ ਕੀ ਜੰਞ" ਵਾਲੇ ਧਾੜਵੀ ਬਣਨ ਤੁਲ ਹੋਵੇਗਾ, "ਜੋਰੀ ਮੰਗੈ ਦਾਨੁ" ਵਾਲੀ ਤਰੱਕੀ ਹੋਵੇਗੀ। ਸਿਆਸਤ ਕੋਈ ਚਗਲੀ ਹੋਈ ਸ਼ੈਅ ਨਹੀਂ, ਪੌਲਿਟਿਕਸ ਇੱਕ ਪਵਿੱਤਰ ਕਾਰਜ ਹੈ, ਰਾਜਨੀਤੀ ਲੋਕਾਂ ਨੂੰ ਇਹ ਗਿਆਨ ਦੇਣ ਦਾ ਜ਼ਰੀਆ ਹੈ ਕਿ ਗ਼ਰੀਬ ਤੋਂ ਸਿੱਖਿਆ ਅਤੇ ਸਿਹਤ ਖੋਹ ਕੇ, ਭਵਿੱਖ ਦੀਆਂ ਨਸਲਾਂ ਦੇ ਹਿੱਸੇ ਦੇ ਜੰਗਲ, ਜ਼ਮੀਨ, ਪਾਣੀ ਡਕਾਰ ਕੇ ਹਾਸਲ ਹੋਈ ਵੱਡੀ ਜੀ.ਡੀ.ਪੀ. ਵਾਲੀ ਤਰੱਕੀ ਕਰਕੇ ਅਸੀਂ "ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ" ਵਾਲੀ ਭਾਈ ਗੁਰਦਾਸ ਦੀ ਵਾਰ ਕਿਵੇਂ ਪੜ੍ਹਾਂਗੇ?

*ਐਸੀ ਲੋਕ ਸਮਝ ਦਾ ਨਿਰਮਾਣ ਸਿਆਸੀ ਪਾਰਟੀਆਂ ਦਾ ਪ੍ਰਮੁੱਖ ਕਾਰਜ ਹੁੰਦਾ ਹੈ। ਪਾਰਟੀਆਂ ਕੇਵਲ ਵੱਡੇ ਲੀਡਰਾਂ ਜਾਂ ਐਮ.ਪੀ., ਐਮ.ਐਲ.ਏ. ਦੇ ਬਿਆਨਾਂ ਨਾਲ ਨਹੀਂ ਚਲਦੀਆਂ। ਕੋਈ ਵੀ ਰਾਜਨੀਤਕ ਪਾਰਟੀ ਪਿੰਡ ਕਸਬੇ ਸ਼ਹਿਰ ਦੇ ਗਲੀਆਂ ਮੁਹੱਲਿਆਂ ਤੋਂ ਲੈ ਕੇ ਸਥਾਨਕ ਸਰਕਾਰਾਂ, ਪੰਚਾਇਤਾਂ, ਅਤੇ ਨਗਰ ਪਾਲਿਕਾਵਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਫਿਰ ਵਿਧਾਨ ਸਭਾਵਾਂ, ਪਾਰਲੀਮੈਂਟ ਤੱਕ ਹਰ ਪੱਧਰ ਉੱਤੇ ਲੋਕਾਂ ਨਾਲ ਜੁੜੀ ਹੁੰਦੀ ਹੈ। ਸਾਡੀਆਂ ਰਾਜਨੀਤਕ ਪਾਰਟੀਆਂ ਦੀ ਇਹ ਤ੍ਰਾਸਦੀ ਹੈ ਕਿ ਉਹ ਕੇਵਲ ਪੰਚਾਇਤ, ਵਿਧਾਨ ਸਭਾ ਜਾਂ ਪਾਰਲੀਮੈਂਟ ਵਿਚ ਸੀਟ ਅਤੇ ਸੱਤਾ ਪ੍ਰਾਪਤੀ ਹਿੱਤ ਵੋਟਾਂ ਦੀ ਰਾਜਨੀਤੀ ਕਰਨ ਵਿਚ ਮਸਰੂਫ਼ ਹਨ। ਇਸ ਲਈ ਲੋਕਾਂ ਨਾਲ ਹਰ ਕਿਸਮ ਦੇ ਸੰਵਾਦ ਤੋਂ ਉਹ ਬੇਮੁਖ ਹੋ ਚੁੱਕੀਆਂ ਹਨ। ਉਹ ਤਾਂ ਪੰਜਾਬ ਬਾਰੇ ਆਪਣੀ ਸਮਝ ਏਨੀ ਵੀ ਨਹੀਂ ਬਣਾ ਸਕੀਆਂ ਕਿ ਲਹਿੰਦੇ ਪੰਜਾਬ ਨੂੰ ਆਪਣੇ ਤਸੱਵੁਰ ਵਿਚੋਂ ਮਨਫ਼ੀ ਕਰਕੇ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਕੋਈ ਖਾਕਾ ਵੀ ਪੂਰਾ ਨਹੀਂ ਹੋ ਸਕਦਾ।

ਇਹ ਸੰਭਵ ਹੈ ਕਿ ਕਿਸੇ ਇੱਕ ਜਾਂ ਦੂਜੀ ਪਾਰਟੀ ਪ੍ਰਤੀ ਤੁਹਾਡੀ ਕੋਈ ਹਮਦਰਦੀ ਜਾਂ ਝੁਕਾਅ ਹੋਵੇ, ਪਰ ਪਲ ਭਰ ਲਈ ਉਸ ਖ਼ਿਆਲ ਨੂੰ ਪਾਸੇ ਰੱਖ ਕੇ ਇਹ ਯਾਦ ਕਰਨ ਦੀ ਕੋਸ਼ਿਸ਼ ਕਰੋ ਕਿ ਪਿਛਲੀ ਕੋਈ ਵੀ ਪਾਰਟੀ ਕਿਸੇ ਵੀ ਕਾਨੂੰਨ ਜਾਂ ਸਰਕਾਰੀ ਫੈਸਲੇ ਬਾਰੇ ਤੁਹਾਡੀ ਗੱਲ ਸੁਣਨ, ਆਪਣਾ ਨਜ਼ਰੀਆ ਰੱਖਣ ਜਾਂ ਤੁਹਾਡੇ ਨਾਲ ਵਿਚਾਰ ਕਰਨ ਲਈ ਤੁਹਾਡੇ ਤੱਕ ਪਹੁੰਚ ਕਰ ਰਹੀ ਸੀ? ਸਾਡੀ ਨਿਤ ਜੀਵੀ ਜਾਂਦੀ ਜ਼ਿੰਦਗੀ ਵਿਚੋਂ, ਸਾਡੇ ਸੁੱਖਾਂ-ਦੁੱਖਾਂ ਵਿਚੋਂ, ਸਾਡੀ ਸਮਾਜਿਕ ਜ਼ਿੰਦਗੀ ਵਿਚੋਂ ਗਾਇਬ ਪਾਰਟੀਆਂ ਅਤੇ ਲੀਡਰ ਸਾਡੇ ਅੱਜ ਅਤੇ ਸਾਡੇ ਕੱਲ੍ਹ ਦੇ ਫੈਸਲੇ ਕਰਨ ਲਈ ਸੱਤਾ ਪ੍ਰਾਪਤੀ ਦੇ ਰਸਤੇ ਭਾਲਦੇ ਫਿਰਦੇ ਹਨ। ਇੱਕ ਤੋਂ ਦੂਜੀ ਪਾਰਟੀ ਵਿਚ ਟਪੂਸੀ ਮਾਰਦੇ ਅਤੇ ਸਭ ਤਰ੍ਹਾਂ ਦੀ ਵਿਚਾਰਧਾਰਾ ਤੋਂ ਮੁਕਤ ਇਹ ਲੀਡਰ ਸਾਡੀ ਤੁਹਾਡੀ ਨਹੀਂ, ਆਪਣੇ ਹੀ ਹਿਤਾਂ ਦੀ ਨੁਮਾਇੰਦਗੀ ਕਰਦੇ ਹਨ।

*ਲੋਕਤੰਤਰ ਦਾ ਮੀਂਹ ਉੱਪਰੋਂ ਨਹੀਂ ਪੈਂਦਾ। ਇਹ ਨਿਆਮਤ ਲੋਕ ਸਮਝ ਵਿਚੋਂ ਹੇਠਾਂ ਜ਼ਮੀਨ 'ਤੇ ਪੈਦਾ ਹੁੰਦੀ ਹੈ,* ਫਿਰ ਇਹੀ ਸਮਝ ਪੰਚਾਇਤ, ਗ੍ਰਾਮ ਸਭਾ, ਬਲਾਕ, ਜ਼ਿਲ੍ਹਾ, ਸੂਬਾ ਅਤੇ ਮੁਲਕ ਪੱਧਰ ਤੱਕ ਅੱਪੜਦੀ ਹੈ। ਡੈਮੋਕਰੇਸੀ ਦਾ ਸਭ ਤੋਂ ਮਜ਼ਬੂਤ ਧੁਰਾ ਪਿੰਡ ਦੀ ਪਾਰਲੀਮੈਂਟ ਨੇ ਹੋਣਾ ਸੀ ਜਿਸ ਨੂੰ ਗ੍ਰਾਮ ਸਭਾ ਆਖਦੇ ਹਨ। ਪੰਚਾਇਤ ਨੇ ਗ੍ਰਾਮ ਸਭਾ ਦੀ ਨੁਮਾਇੰਦਗੀ ਕਰਨੀ ਸੀ। ਇਸੇ ਨੇ ਪੰਚਾਇਤੀ ਰਾਜ ਦਾ ਧੁਰਾ ਬਣਨਾ ਸੀ। ਇਸੇ ਵਿਚੋਂ ਵਿਧਾਨ ਸਭਾ ਪਹੁੰਚਣ ਦੀ ਇੱਛਾ ਵਾਲਿਆਂ ਨੇ ਸ਼ਕਤੀ ਭਾਲਣੀ ਸੀ। ਰਾਜ ਵਿਚ ਸੱਤਾ ਪ੍ਰਾਪਤੀ ਦੇ ਰਸਤੇ ਇਸੇ ਪੰਚਾਇਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਵਾਲੇ ਸਿਸਟਮ ਵਿਚੋਂ ਨਿਕਲਣੇ ਸਨ। ਕੋਈ ਪਾਰਲੀਮੈਂਟ ਲੋਕਾਂ ਦੇ ਚੁਣੇ ਹੋਏ ਸਥਾਨਕ ਨੁਮਾਇੰਦਿਆਂ ਨੂੰ ਅਣਗੌਲੇ ਕਰਕੇ ਕੋਈ ਕਾਨੂੰਨ ਪਾਸ ਨਹੀਂ ਕਰ ਸਕਦੀ। ਪਰ ਕਿਉਂ ਜੋ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਤੋਂ ਬਾਅਦ ਵੀ ਸਾਡੇ ਰਾਜਨੇਤਾ ਪੰਚਾਇਤੀ ਜਾਂ ਸਥਾਨਕ ਸਰਕਾਰਾਂ ਦੇ ਸਿਸਟਮ ਨੂੰ ਠੀਕ ਕਰਨ ਵੱਲ ਨਹੀਂ ਤੁਰ ਰਹੇ, ਇਸ ਦਾ ਮਤਲਬ ਉਹ ਜਾਗਰੂਕ ਲੋਕਾਂ ਨੂੰ ਆਪਣੇ ਰਸਤੇ ਵਿਚ ਰੁਕਾਵਟ ਸਮਝਦੇ ਹਨ।

ਅੱਜ ਜ਼ਰੂਰਤ ਜਾਗਰੂਕ ਹੋਣ ਦੀ ਹੈ, ਸਿਆਸੀ ਪਾਰਟੀਆਂ ਅਤੇ ਲੋਕਾਂ ਵਿਚਕਾਰ ਖੱਪੇ ਨੂੰ ਭਰਨ ਦੀ ਹੈ। ਲੋਕਾਂ ਨਾਲ ਸੰਵਾਦ ਰਚਾਉਣ ਦੀ ਹੈ। ਜਿੱਥੇ ਕਿਤੇ ਲੋਕਾਂ ਨੂੰ ਲੋਕ ਹਿਤ ਜਿਵੇਂ ਸਮਝ ਆਉਂਦਾ ਹੈ, ਉਹ ਲੜ ਰਹੇ ਹਨ। ਮੱਤੇਵਾੜਾ, ਜ਼ੀਰਾ, ਬਹਿਬਲ ਕਲਾਂ ਅਤੇ ਦਰਜਨਾਂ ਹੀ ਹੋਰ ਥਾਵਾਂ ਉੱਤੇ ਲੋਕ ਮੁਹਾਜ਼ਾਂ ਉੱਤੇ ਜੁੜੀ ਖ਼ਲਕਤ ਨੇ ਰਵਾਇਤੀ ਰਾਜਨੀਤਕ ਪਾਰਟੀਆਂ ਦੇ ਖੋਖਲੇਪਣ ਨੂੰ ਜੱਗ-ਜ਼ਾਹਿਰ ਕਰ ਦਿੱਤਾ ਹੈ।

*ਇਸੇ ਵਰਤਾਰੇ ਨੂੰ ਸਾਹਮਣੇ ਘਟਦਿਆਂ ਵੇਖ ਪਿਛਲੇ ਕੁੱਝ ਸਮੇਂ ਦੌਰਾਨ ਬਹੁਤ ਸਾਰੇ ਸਮਾਜ ਹਿਤੈਸ਼ੀ ਨਾਗਰਿਕ, ਧਾਰਮਿਕ ਅਤੇ ਸਮਾਜਿਕ ਹਸਤੀਆਂ, ਆਪੋ ਆਪਣੇ ਖੇਤਰ ਵਿਚ ਸਰਗਰਮ ਸ਼ਖ਼ਸੀਅਤਾਂ ਅਤੇ ਵੱਖ ਵੱਖ ਮੁਹਾਜ਼ਾਂ ਉੱਤੇ ਲੋਕ ਘੋਲਾਂ ਵਿਚ ਜੁਟੇ ਕਾਰਕੁਨ ਵਾਰ-ਵਾਰ ਵਿਚਾਰ-ਮਿਲਣੀਆਂ ਕਰਦੇ ਰਹੇ ਅਤੇ ਅੰਤ ਇਸ ਨਤੀਜੇ ਉੱਤੇ ਪੁੱਜੇ ਹਨ ਕਿ ਰਾਜਨੀਤਕ ਪਾਰਟੀਆਂ ਅਤੇ ਲੀਡਰਾਂ ਦੇ ਲੋਕਸੱਥ ਤੋਂ ਭਗੌੜੇ ਹੋ ਜਾਣ ਕਾਰਨ ਪਏ ਖੱਪੇ ਨੂੰ ਪੂਰਨ ਦੀ ਸਖ਼ਤ ਜ਼ਰੂਰਤ ਹੈ ਅਤੇ ਇਸ ਕਾਰਜ ਹਿੱਤ ਲੋਕਾਂ ਤੱਕ ਜਾਣਾ ਹੋਵੇਗਾ, ਸੰਗਤ ਪੰਗਤ ਵਾਲੀ ਪ੍ਰੰਪਰਾ ਅਨੁਸਾਰ ਸੰਵਾਦ ਰਚਨਾ ਹੋਵੇਗਾ। ਸਿਖਾਉਣਾ ਹੀ ਨਹੀਂ, ਸਿੱਖਣਾ ਹੋਵੇਗਾ।*

ਜਦੋਂ ਸਾਹਮਣੇ ਦਿਸ ਰਿਹਾ ਹੈ ਕਿ "ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ" ਤਾਂ ਅਸੀਂ ਸਾਰੇ-ਜੋ ਸੁੱਖ-ਆਰਾਮ ਛੱਡ ਕੇ ਉਦਾਸੀਆਂ ਉੱਤੇ ਟੁਰ ਜਾਣ ਵਾਲੇ, ਤੱਤੀ ਤਵੀ ਉੱਤੇ ਬਹਿਣ ਵਾਲੇ, ਚਾਂਦਨੀ ਚੌਕ ਵਿਚ ਸੀਸ ਕਟਾ ਲੈਣ ਵਾਲੇ, ਸਰਬੰਸ ਕੁਰਬਾਨ ਕਰ ਦੇਣ ਵਾਲੇ ਦੇ ਬੱਚੇ ਹਾਂ- ਟਿਕ ਕੇ ਘਰਾਂ ਵਿਚ ਕਿਵੇਂ ਬੈਠ ਸਕਦੇ ਹਾਂ? ਸਾਡੇ ਉੱਤੇ ਇਹ ਆਇਦ ਹੈ ਕਿ ਬਾਹਰ ਨਿਕਲਣਾ ਹੀ ਹੋਵੇਗਾ, ਸੰਵਾਦ ਰਚਾਉਣਾ ਹੀ ਹੋਵੇਗਾ, ਗੋਸ਼ਟਿ ਦੀ ਪ੍ਰੰਪਰਾ ਤੋਰਨੀ ਹੀ ਹੋਵੇਗੀ, ਸੰਗਤ ਨਾਲ ਸੰਗਤ ਕਰਨੀ ਹੀ ਹੋਵੇਗੀ।

*ਇਹ ਉੱਦਮ ਲੋਕਾਂ ਨੂੰ ਹੀ ਜਾਗਰੂਕ ਨਹੀਂ ਕਰੇਗਾ, ਬਲਕਿ ਸਾਡੀ ਆਪਣੀ ਸਮਝ ਨੂੰ ਵੀ ਸੂਖ਼ਮ ਕਰੇਗਾ।* ਕਿਤਾਬਾਂ ਪੜ੍ਹ, ਗਿਆਨ ਅਰਜਿਤ ਕਰ, ਕਮਰਿਆਂ ਵਿਚ ਬੈਠ ਸਾਥੀ ਬੁੱਧੀਜੀਵੀਆਂ ਨਾਲ ਵਿਚਾਰ- ਇਹ ਸਭ ਜ਼ਰੂਰੀ ਹਨ, ਪਰ ਲੋਕਾਂ ਨਾਲ ਗੱਲ ਤੋਂ ਬਿਨਾਂ ਲੋਕਤੰਤਰ ਬਾਰੇ ਗੱਲ ਨਹੀਂ ਹੋ ਸਕਦੀ। ਇਹ ਉੱਦਮ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਸਮਝਣ ਦਾ ਯਤਨ ਹੋਵੇਗਾ। ਕਿਵੇਂ ਲੋਕਤੰਤਰ, ਪਾਰਲੀਮੈਂਟਰੀ ਡੈਮੋਕਰੇਸੀ, ਕਾਨੂੰਨਸਾਜ਼ੀ, ਸਿਆਸਤ ਅਤੇ ਸਿਆਸੀ ਪਾਰਟੀਆਂ ਉਨ੍ਹਾਂ ਦੀ ਨਿਤ ਦਿਨ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ, ਸਾਰੇ ਖ਼ਦਸ਼ੇ ਸਾਂਝੇ ਕਰੇਗਾ। ਨਫ਼ਰਤੀ ਸਿਆਸਤ ਦੇ ਖ਼ਤਰੇ ਹੀ ਨਹੀਂ, ਬਲਕਿ ਮਨੁੱਖਤਾ ਦੀ ਹੋਂਦ ਨੂੰ ਦਰਪੇਸ਼ ਖ਼ਤਰਿਆਂ ਦੀ ਵੀ ਬਾਤ ਪਾਏਗਾ। ਰੂਸ ਅਮਰੀਕਾ ਦੀ ਜੰਗ ਹੋਵੇ ਜਾਂ ਗਾਜ਼ਾ ਉੱਤੇ ਇਜ਼ਰਾਈਲ ਦੀ ਗ਼ੈਰ-ਮਨੁੱਖੀ ਬੰਬਾਰੀ, ਪਿੰਡ ਦੀ ਗ੍ਰਾਮ ਸਭਾ ਤੋਂ ਆਲਮੀ ਤਪਸ਼ ਤੱਕ ਕਿਵੇਂ ਮੁੱਦੇ ਆਪੋ ਵਿਚ ਜੁੜੇ ਹੋਏ ਹਨ, ਇਹ ਗੱਲ ਕਰੇਗਾ। ਸ਼ਬਦ ਗੁਰੂ ਦੇ ਬੱਚਿਆਂ ਲਈ ਮਨੁੱਖ ਅਤੇ ਮਨੁੱਖਤਾ ਨਾਲ ਜੁੜਿਆ ਕੋਈ ਵੀ ਮੁੱਦਾ ਸਿਲੇਬਸ ਵਿਚੋਂ ਬਾਹਰ ਨਹੀਂ ਹੋ ਸਕਦਾ।

ਆਪਸੀ ਵਿਚਾਰ-ਵਟਾਂਦਰੇ ਵਿਚ ਇਹ ਸਾਂਝੀ ਸਮਝ ਵੀ ਬਣੀ ਕਿ ਭਾਵੇਂ ਸਾਡਾ ਨਜ਼ਰੀਆ ਆਲਮੀ ਹੈ ਅਤੇ ਆਪਣੇ ਆਪ ਨੂੰ ਮਨੁੱਖਤਾ ਦੀਆਂ ਤਮਾਮ ਚੁਣੌਤੀਆਂ ਨਾਲ ਜੁੜਿਆ ਵੇਖਦੇ ਹਾਂ ਪਰ ਸਾਨੂੰ ਆਪਣੀ ਕੁੱਵਤ ਅਤੇ ਵਸੀਲਿਆਂ ਦੇ ਸੀਮਤ ਹੋਣ ਬਾਰੇ ਵੀ ਗਿਆਨ ਹੈ ਅਤੇ ਅਸੀਂ ਲੜੀਵਾਰ, ਪੌੜੀਵਾਰ ਕਦਮਾਂ ਨਾਲ ਹੀ ਅੱਗੇ ਦੇ ਰਾਹ ਬਣਾਉਣੇ ਹਨ। ਇਸ ਲਈ ਸੰਗਤ ਨਾਲ ਗੋਸ਼ਟਿ ਰਚਾਉਣ ਹਿੱਤ ਅਰੰਭਿਆ ਇਹ ਉੱਦਮ ਫੌਰੀ ਤੌਰ ਉੱਤੇ ਹੇਠ ਲਿਖੇ ਕਾਰਜਾਂ ਦੀ ਪੂਰਤੀ ਨੂੰ ਪਹਿਲੇ ਕਦਮ ਵਜੋਂ ਲਵੇਗਾ-

> ਕਿਰਤ ਦਾ ਸਨਮਾਨ ਵਧਾਉਣ ਲਈ ਕਿਰਤੀ ਨਾਲ ਕਿਵੇਂ ਖੜ੍ਹਾ ਹੋਣਾ ਹੈ, ਮਲਕ ਭਾਗੋਆਂ-ਪੱਖੀ ਕਾਰਪੋਰੇਟ ਏਜੰਡੇ ਖ਼ਿਲਾਫ਼ ਸਿਧਾਂਤਕ ਸਟੈਂਡ ਨੂੰ ਕਿਵੇਂ ਰੇਖਾਂਕਿਤ ਕਰਨਾ ਹੈ, ਇਸ ਏਜੰਡੇ ਨੂੰ ਲੋਕਾਂ ਵਿਚ ਲੈ ਕੇ ਜਾਣਾ।

> ਪੰਜਾਬ ਦੀ ਲਗਭਗ ਇੱਕ ਕਰੋੜ ਅਬਾਦੀ ਦੇ ਪ੍ਰਤੀਨਿਧ ਮਨਰੇਗਾ ਮਜ਼ਦੂਰਾਂ ਨੂੰ 100 ਦਿਨ ਦੇ ਕੰਮ ਦੀ ਗਰੰਟੀ ਨੂੰ ਅਮਲੀ ਰੂਪ ਦਿਵਾਉਣ ਲਈ ਕੰਮ ਕਰਨਾ।

> ਪੰਜ ਏਕੜ ਤੱਕ ਦੀ ਮਾਲਕੀ ਵਾਲਿਆਂ ਨੂੰ ਵੀ ਮਨਰੇਗਾ 'ਚ ਉਨ੍ਹਾਂ ਲਈ ਰੱਖੇ ਪਰ ਰਾਜਨੀਤਿਕ ਪਾਰਟੀਆਂ ਵੱਲੋਂ ਅਣਗੌਲੇ ਅਧਿਕਾਰ ਅਤੇ ਲਾਭ ਬਾਰੇ ਪ੍ਰੇਰਿਤ ਕਰਨਾ।

> ਕੇਂਦਰ ਅਤੇ ਰਾਜ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਦੇ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਗ੍ਰਾਮ ਸਭਾਵਾਂ ਰਾਹੀਂ ਲਾਜ਼ਮੀ ਕਰਾਰ ਦੇਣਾ।

> ਉਪਰੋਕਤ ਸਭਨਾਂ ਲਈ ਗ੍ਰਾਮ ਸਭਾ (ਪਿੰਡ ਦੀ ਪਾਰਲੀਮੈਂਟ) ਦੇ Institution ਨੂੰ ਸਰਗਰਮ ਕਰਨਾ।

> ਸਾਹਵੇਂ ਆ ਰਹੀਆਂ ਪੰਚਾਇਤੀ ਚੋਣਾਂ ਅੰਦਰ ਨਸ਼ੇ ਦੀ ਵਰਤੋਂ ਬੰਦ ਕਰਕੇ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤ ਕਰਨਾ।

> ਪੰਚਾਇਤਾਂ ਧੜਿਆਂ ਦੀ ਬਜਾਇ ਪਿੰਡਾਂ ਦੀਆਂ ਬਣਾਉਣਾ।

> ਇਕੋ ਜਿਹੀ ਸਿੱਖਿਆ ਦੇ ਸਿਧਾਂਤ ਲਈ ਆਵਾਜ਼ ਉਠਾਉਣਾ ਅਤੇ ਕੁੱਲ ਸਮਾਜ ਨੂੰ ਸਿੱਖਿਅਤ ਕਰਨ ਦੇ ਸੁਪਨੇ ਨੂੰ ਪੂਰਾ ਕਰਨਾ।

> ਸਿਹਤ ਨੂੰ ਬੁਨਿਆਦੀ ਅਧਿਕਾਰ ਬਣਾਉਣਾ।

> ਰੁਜ਼ਗਾਰ ਦੀ ਗਰੰਟੀ ਅਤੇ ਰੁਜ਼ਗਾਰ ਨਾ ਮਿਲਣ ਤਕ ਬੇਰੋਜ਼ਗਾਰੀ ਭੱਤੇ ਦੀ ਮੰਗ ਅਤੇ ਜ਼ਰੂਰਤ ਨੂੰ ਜ਼ੋਰਦਾਰ ਢੰਗ

(ਬਾਕੀ ਅਗਲੇ ਸਫੇ 'ਤੇ)

# ਗੁਰੂ ਗੋਬਿੰਦ ਸਿੰਘ ਜੀ ਅਤੇ ਅਸੀਂ

**ਸ਼ਬਦ ਜੋਤ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਾਂ ਅਤੇ ਉਹ ਸਾਡੇ ਰਹਿਬਰ ਹਨ। ਰਾਹ ਦਸੇਰੇ। ਪਰ ਕੀ ਅਸੀਂ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਦੇ ਹਾਂ ਜਾਂ ਉਨ੍ਹਾਂ ਦੀਆਂ ਕੀਰਤੀਆਂ ਅਤੇ ਬਚਨਾਂ 'ਤੇ ਪਹਿਰੇ ਦਿੰਦੇ ਹਾਂ। ਉਨ੍ਹਾਂ ਦੇ ਦੱਸੇ ਮਾਰਗ ਅਨੁਸਾਰ ਆਪਣੇ ਆਪ ਨੂੰ ਢਾਲਦੇ ਹਾਂ ਜਾਂ ਸਿਰਫ਼ ਇਹ ਸਭ ਕੁਝ ਪੜ੍ਹਨ ਜਾਂ ਸੁਣਨ ਤੀਕ ਹੀ ਸੀਮਤ ਅਤੇ ਅਸੀਂ ਸਾਰੇ ਉਨ੍ਹਾਂ ਦੀਆਂ ਸੁਮੱਤਾਂ ਨੂੰ ਮੰਨਣ ਤੋਂ ਇਨਕਾਰੀ। ਯਾਦ ਰਹੇ ਕਿ ਜਿਹੜੀਆਂ ਕੌਮਾਂ ਵਰਤਮਾਨ ਵਿਚ ਆਪਣੇ ਬੀਤੇ ਵਿਚੋਂ ਸਿੱਖ ਕੇ ਆਪਣੇ ਭਵਿੱਖ ਤੈਅ ਕਰਦੀਆਂ ਹਨ, ਉਹ ਅੱਗੇ ਵਧਦੀਆਂ। ਜਿਹੜੀਆਂ ਕੌਮਾਂ ਆਪਣੇ ਆਪ ਦੇ ਰੂਬਰੂ ਨਹੀਂ ਹੁੰਦੀਆਂ ਅਤੇ ਆਪਣੇ ਆਪ ਦਾ ਖ਼ੁਦ ਹੀ ਵਿਸ਼ਲੇਸ਼ਣ ਨਹੀਂ ਕਰਦੀਆਂ, ਉਹ ਮੂਲ ਸਿਧਾਂਤਾਂ ਤੋਂ ਬਹੁਤ ਦੂਰ ਚਲੀਆਂ ਜਾਂਦੀਆਂ। ਉਨ੍ਹਾਂ ਦਾ ਵਿਰਸਾ ਉਨ੍ਹਾਂ ਕੋਲੋਂ ਖੁੱਸ ਜਾਂਦਾ ਅਤੇ ਫਿਰ ਉਹ ਬੇਗੁਰੂ ਹੋਈਆਂ ਆਪਣੀ ਪਛਾਣ ਅਤੇ ਹੋਂਦ ਨੂੰ ਲੱਭਦੀਆਂ ਬੇਅਰਥਾ ਹੀ ਜੀਵਨ ਗਵਾ ਦਿੰਦੀਆਂ।

ਸਭ ਤੋਂ ਅਹਿਮ ਸਵਾਲ ਇਹ ਹੈ ਕਿ ਅਸੀਂ ਕਿੱਥੇ ਕੁਤਾਹੀਆਂ ਕਰ ਰਹੇ, ਕਿਹੜੀਆਂ ਗਲਤੀਆਂ ਕਰ ਰਹੇ ਹਾਂ। ਜਾਂ ਗੁਰ-ਸ਼ਬਦ ਤੋਂ ਦੂਰ ਹੋ ਕੇ ਸਿਰਫ਼ ਧਾਰਮਿਕ ਮਰਿਆਦਾਵਾਂ ਦੇ ਗੁਲਾਮ ਬਣ ਕੇ, ਕੀ ਅਸੀਂ ਸ਼ਬਦ-ਗੁਰੂ ਨੂੰ ਸਿਰਫ਼ ਪੂਜਣ ਤੀਕ ਹੀ ਸੀਮਤ ਤਾਂ ਨਹੀਂ ਹੋ ਗਏ? ਮੈਂ ਅਕਸਰ ਹੀ ਇਨ੍ਹਾਂ ਪ੍ਰਸ਼ਨਾਂ ਦੇ ਰੂਬਰੂ ਹੁੰਦਾ ਤਾਂ ਬਹੁਤ ਸਾਰੀਆਂ ਸ਼ੰਕਾਵਾਂ ਅਤੇ ਭਰਮ-ਭੁਲੇਖੇ ਮਨ ਵਿਚ ਪੈਦਾ ਹੋ ਜਾਂਦੇ ਕਿ ਕੀ ਸਾਡੀ ਮੌਜੂਦਾ ਜੀਵਨ-ਜਾਚ ਗੁਰ-ਸ਼ਬਦ ਦੇ ਹਾਣ ਦੀ ਹੈ ਜਾਂ ਅਸੀਂ ਗੁਰ-ਸ਼ਬਦ ਨੂੰ ਭੁਲਾ ਦਿਤਾ ਹੈ?

ਗੁਰੂ ਜੀ ਨੇ 9 ਸਾਲ ਦੀ ਉਮਰ ਵਿਚ ਹੀ ਆਪਣੇ ਬਾਪ, ਗੁਰੂ ਤੇਗ ਬਹਾਦਰ ਜੀ ਨੂੰ ਜਦ ਸ਼ਹਾਦਤ ਲਈ ਦਿੱਲੀ ਤੋਰਿਆ ਤਾਂ ਇਹ ਨਵੀਂ ਪ੍ਰੰਪਰਾ ਦਾ ਆਗਾਜ਼ ਸੀ ਕਿ ਪੁੱਤਰ ਨੇ ਆਪਣੇ ਬਾਪ ਰਾਹੀਂ ਅਜੇਹੀ ਸ਼ਹਾਦਤੀ ਪ੍ਰੰਪਰਾ ਦੀ ਸ਼ੁਰੂਆਤ ਕੀਤੀ ਜਿਹੜੀ ਕਿਸੇ ਹੋਰ ਧਰਮ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੇ ਦਿੱਤੀ। ਇਹੀ ਪ੍ਰੰਪਰਾ ਆਖ਼ਰ ਨੂੰ ਸਾਰੇ ਪਰਿਵਾਰ ਨੂੰ ਵਾਰਨ ਤੀਕ ਨਿਭੀ। ਕੀ ਅਜੋਕੇ ਸਮੇਂ ਵਿਚ ਕੋਈ ਪੁੱਤ ਅਜੇਹੀ ਸ਼ੁਰੂਆਤ ਕਰ ਸਕਦਾ? ਹਾਂ, ਨਿੱਕੇ ਨਿੱਕੇ ਲਾਲਚ ਪਿੱਛੇ ਉਹ ਬਾਪ ਦਾ ਕਾਤਲ ਤਾਂ ਹੋ ਸਕਦਾ। ਇਹ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ ਕਿ ਅਸੀਂ ਕਿਸੇ ਹੋਰ ਧਰਮ ਲਈ ਸ਼ਹਾਦਤ ਵਰਗਾ ਕੁਝ ਕਰ ਸਕੀਏ ਕਿਉਂਕਿ ਅਸੀਂ ਧਰਮ ਦੀਆਂ ਸੌੜੀਆਂ ਵਲਗਣਾਂ ਦਾ ਸ਼ਿਕਾਰ ਹੋ ਗਏ ਹਾਂ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਜਦ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤਾ ਤਾਂ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਆਪਣੀ ਬੁੱਕਲ ਵਿਚ ਲੈ ਕੇ, 'ਰੰਘਰੇਟੇ ਗੁਰੂ ਕੇ ਬੇਟੇ' ਦਾ ਖ਼ਿਤਾਬ ਦਿੱਤਾ ਸੀ। ਪਰ ਜਦ ਅਸੀਂ ਉਨ੍ਹਾਂ ਦੀ ਜਾਤ ਨੂੰ ਨਿੰਦਦੇ ਤਾਂ ਗੁਰੂ ਜੀ ਦੇ ਬੋਲਾਂ ਦਾ ਨਿਰਾਦਰ ਕਰਦੇ। ਅਸੀਂ ਗੁਰੂ ਜੀ ਦੀ ਮੰਨਦੇ ਹੀ ਨਹੀਂ? ਸਾਡੀ ਫੋਕੀ ਧੌਂਸ ਹੀ ਸਾਡੀ ਆਸਥਾ ਦਾ ਦੁਸ਼ਮਣ ਬਣੀ ਬੈਠੀ ਆ। ਦੱਸਣਾ ਅਸੀਂ ਕਿੰਨੇ ਕੁ ਗੁਰੂ ਦੇ ਸਿੱਖ ਹਾਂ?

ਗੁਰੂ ਜੀ ਨੇ ਜਦ ਖਾਲਸਾ ਪੰਥ ਸਾਜਿਆ ਤਾਂ ਉਨ੍ਹਾਂ ਨੇ ਜਾਤਾਂ ਨੂੰ ਮਿਟਾ ਕੇ ਨਿਰੋਲ ਪੰਜ ਪਿਆਰੇ ਸਾਜ ਕੇ ਸਮੂਹ ਸਿੱਖਾਂ ਨੂੰ ਸੰਦੇਸ਼ ਪਹੁੰਚਾਇਆ ਸੀ ਕਿ ਸਿੱਖਾਂ ਲਈ ਜਾਤਾਂ ਬੇਅਰਥ ਅਤੇ ਸਾਰੇ ਮਨੁੱਖ ਬਰਾਬਰ। ਪਰ ਇਹ ਕੇਹੀ ਵਿਡੰਬਨਾ ਹੈ ਕਿ ਅਸੀਂ ਆਪ ਤਾਂ ਜਾਤਾਂ ਅਤੇ ਵਰਣਾਂ ਵਿਚ ਵੰਡੇ ਹੀ ਸਾਂ। ਮਨ ਦੁਖੀ ਹੁੰਦਾ ਜਦ ਪੰਜ ਪਿਆਰਿਆਂ ਨੂੰ ਜੱਟ, ਖਤਰੀ, ਛੀਂਬਾ, ਝਿਊਰ ਤੇ ਨਾਈ ਵਿਚ ਵੰਡਦਿਆਂ ਕੁਝ ਕੁ ਗੁਰਦੁਆਰਿਆਂ ਵਿਚ ਬੋਰਡ ਵੀ ਲੱਗਾ ਦੇਖਿਆ। ਜਦ ਗੁਰਦੁਆਰਾ ਜੱਟਾਂ ਦਾ, ਲੁਬਾਣਿਆਂ ਦਾ, ਰਾਮਗੜ੍ਹੀਆਂ ਦਾ ਅਤੇ ਰਵਿਦਾਸੀਆਂ ਦਾ ਹੋ ਜਾਂਦਾ ਤਾਂ ਗੁਰਦੁਆਰੇ ਦੇ ਅਰਥ ਹੀ ਅਨਰਥ ਹੋ ਜਾਂਦੇ। ਕਿਹੜੇ ਪਾਸੇ ਜਾ ਰਹੀ ਹੈ ਸਿੱਖ-ਮਾਨਸਿਕਤਾ? ਕੀ ਇਹ ਮਾਨਸਿਕਤਾ ਗੁਰੂ ਜੀ ਦੀ ਅਵੱਗਿਆ ਨਹੀਂ? ਕਦੋਂ ਤੀਕ ਸਿੱਖ ਜਾਤਾਂ ਵਿਚ ਵੰਡੇ, ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਦੀ ਬੇਰੁਹਮਤੀ ਕਰਦੇ ਰਹਿਣਗੇ?



ਗੁਰੂ ਜੀ ਆਪ ਮਹਾਨ ਵਿਦਵਾਨ ਅਤੇ ਕਵੀ ਸਨ ਅਤੇ ਉਨ੍ਹਾਂ ਨੇ ਖ਼ੁਦ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜੋ ਦਸਮ ਗ੍ਰੰਥ ਵਿਚ ਦਰਜ ਹੈ। ਉਹ ਕਲਮ ਅਤੇ ਸਾਹਿਤ ਦੀ ਅਹਿਮੀਅਤ ਨੂੰ ਸਮਝਦੇ ਸਨ ਤਾਂ ਹੀ ਪਾਉਂਟਾ ਸਾਹਿਬ ਵਿਚ 52 ਕਵੀਆਂ ਨੂੰ ਉਨ੍ਹਾਂ ਦੀ ਸਰਪ੍ਰਸਤੀ ਹਾਸਲ ਸੀ ਅਤੇ ਉਹ ਕਵੀ ਦਰਬਾਰ ਸਜਾਉਂਦੇ ਸਨ। ਪਰ ਅਸੀਂ ਕਲਮ ਤੋਂ ਮੁਨਕਰ ਹੋ ਗਏ ਹਾਂ ਅਤੇ ਸਾਹਿਤ ਤੋਂ ਬਹੁਤ ਦੂਰ ਚਲੇ ਗਏ ਹਾਂ ਕਿਉਂਕਿ ਸਾਡੇ ਘਰ ਵਿਚ ਬੀਅਰ-ਬਾਰ ਤਾਂ ਹੋ ਸਕਦੀ ਹੈ ਪਰ ਕਿਤਾਬਾਂ ਲਈ ਬੁੱਕ-ਸ਼ੈਲਫ ਨਹੀਂ ਹੁੰਦੀ। ਜ਼ਰਾ ਆਪਣੇ ਵੰਨੀਂ ਅੰਤਰ-ਝਾਤੀ ਮਾਰਨਾ, ਕਿੰਨਿਆਂ ਦੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ, ਇਸਦੀ ਸਟੀਕ ਜਾਂ ਧਰਮ ਨਾਲ ਸਬੰਧਤ ਕਿਤਾਬਾਂ ਜਾਂ ਉਤਮ ਸਾਹਿਤਕ ਕਿਰਤਾਂ ਹੋਣਗੀਆਂ? ਗੁਰੂ ਜੀ ਦੀਆਂ ਸਿਖਿਆਵਾਂ ਦਾ ਕੋਈ ਅਸਰ ਹੀ ਨਹੀਂ। ਅੱਖਰਾਂ ਤੋਂ ਦੂਰ ਹੋਣਾ ਹੀ ਸਾਨੂੰ ਆਪਣੇ ਆਪ ਤੋਂ ਦੂਰ ਕਰ ਰਿਹਾ ਹੈ। ਸਿੱਖ ਫ਼ਿਲਾਸਫ਼ੀ ਤੋਂ ਅਸੀਂ ਬਹੁਤ ਦੂਰ ਜਾ ਰਹੇ ਹਾਂ ਕਿਉਂਕਿ ਅਸੀਂ ਗੁਰ-ਸ਼ਬਦ ਦਾ ਚਿੰਤਨ ਕਰਨ ਤੋਂ ਹੀ ਬੇਮੁੱਖ ਹੋ ਗਏ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ ਚਮਕੌਰ ਦੀ ਗੜੀ ਵਿਚੋਂ ਸਿੰਘਾਂ ਨੂੰ ਜੰਗ ਦੇ ਮੈਦਾਨ ਵਿਚ ਭੇਜਿਆ ਤਾਂ ਉਨ੍ਹਾਂ ਨੇ ਆਪਣੇ ਵੱਡੇ ਸਾਹਿਬਜ਼ਾਦਿਆਂ ਨੂੰ ਆਪਣੇ ਹੱਥੀਂ ਤੋਰਿਆ ਜਿਥੇ ਮੌਤ ਪ੍ਰਤੱਖ ਨਜ਼ਰ ਆ ਰਹੀ ਸੀ। ਉਹ ਆਪਣੇ ਸਾਹਿਬਜ਼ਾਦਿਆਂ ਅਤੇ ਸਿੱਖਾਂ ਨੂੰ ਬਰਾਬਰ ਸਮਝਦੇ ਅਤੇ ਉਨ੍ਹਾਂ ਨੂੰ ਸ਼ਹੀਦ ਹੁੰਦਿਆਂ ਦੇਖ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ। ਕੀ ਅਜੋਕੇ ਸਮੇਂ ਵਿਚ ਕੋਈ ਸਿੱਖ ਬਾਪ ਆਪਣੇ ਪੁੱਤ ਨੂੰ ਇਸ ਤਰ੍ਹਾਂ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਣ ਲਈ ਭੇਜਣ ਦੀ ਜੁਅਰਤ ਕਰੇਗਾ? ਜਦ ਉਹ ਅੱਧੀ ਰਾਤ ਨੂੰ ਕੱਚੀ ਗੜੀ ਨੂੰ ਛੱਡ ਕੇ ਜਾ ਰਹੇ ਸਨ ਤਾਂ ਉਨ੍ਹਾਂ ਦਾ ਪੈਰ ਸਾਹਿਬਜ਼ਾਦੇ ਦੀ ਲਾਸ਼ ਨਾਲ ਲੱਗਿਆ ਤਾਂ ਭਾਈ ਦਇਆ ਸਿੰਘ ਨੇ ਸਾਹਿਬਜ਼ਾਦੇ ਦੀ ਲਾਸ਼ 'ਤੇ ਕੱਫ਼ਣ ਪਾਉਣ ਲਈ ਕਿਹਾ ਤਾਂ ਗੁਰੂ ਜੀ ਨੇ ਨਾਂਹ ਕਰਦੇ ਹੋਏ ਕਿਹਾ ਕਿ ਸਾਹਿਬਜ਼ਾਦੇ ਵੀ ਮੇਰੇ ਪਿਆਰੇ ਸਿੰਘਾਂ ਵਰਗੇ ਨੇ ਅਤੇ 'ਕੱਲੇ ਸਾਹਿਬਜ਼ਾਦੇ 'ਤੇ ਕੱਫ਼ਣ ਨਹੀਂ ਪਾਉਣਾ। ਅਤੇ ਮਾਛੀਵਾੜੇ ਵੱਲ ਨੂੰ ਤੁਰਨਾ ਜਾਰੀ ਰੱਖਦੇ ਨੇ। ਕੀ ਅਜੋਕੇ ਮਾਪਿਆਂ ਦੀ ਮਾਨਸਿਕਤਾ ਇੰਨੀ ਮਜ਼ਬੂਤ ਹੈ ਕਿ ਉਹ ਆਪਣੇ ਪੁੱਤਾਂ ਦੀ ਬੇਕੱਫ਼ਣੀ ਲਾਸ਼ ਛੱਡ ਕੇ ਆਪਣੇ ਉਦੇਸ਼ਮਈ ਸਫ਼ਰ ਨੂੰ ਜਾਰੀ ਰੱਖਣ ਦਾ ਅਹਿਦ ਕਰੇ। ਇਸ ਦ੍ਰਿਸ਼ ਨੂੰ ਚਿਤਵ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਦੇ ਬਲਿਹਾਰੇ ਜਾਈਦਾ ਹੈ। ਕਾਸ਼! ਅਸੀਂ ਅਜੇਹੀ ਸੋਚ ਦਾ ਕਿਣਕਾ ਮਾਤਰ ਹਾਸਲ ਕਰ ਸਕੀਏ।

ਉਸ ਰਾਤ ਨੂੰ ਕੇਹਾ ਆਲਮ ਹੋਵੇਗਾ
ਜਦ ਗੁਰੂ ਗੋਬਿੰਦ ਸਿੰਘ ਨੇ ਮਾਛੀਵਾੜੇ ਨੂੰ ਤੁਰਨ ਲੱਗਿਆਂ
ਕੱਚੀ ਗੜੀ ਨੂੰ ਨਦਰਿ-ਨਿਹਾਲ ਕੀਤਾ ਹੋਵੇਗਾ
ਜਿਸਨੇ ਕੱਚੀ ਹੋ ਕੇ ਵੀ ਪੱਕੀ ਵਰਗਾ ਸਾਥ ਨਿਭਾਇਆ।
ਉਨ੍ਹਾਂ ਦੇ ਲਲਕਾਰੇ ਨਾਲ
ਹਵਾ ਤਾਂ ਹੁਲਾਸੀ ਗਈ ਹੋਵੇਗੀ
ਦਰਖ਼ਤਾਂ ਚੌਰ ਕੀਤਾ ਹੋਵੇਗਾ
ਪਰਿੰਦਿਆਂ ਸੋਹਲੇ ਗਾਏ ਹੋਣਗੇ
ਚਾਨਣੀ ਪੈਰੀਂ ਵਿੱਛੀ ਹੋਵੇਗੀ
ਅਤੇ ਨੰਗੇ ਪੈਰਾਂ ਦੀ ਛੋਹ ਨਾਲ
ਸਰੂਰਿਆ ਗਿਆ ਹੋਵੇਗਾ ਜੰਗ ਦਾ ਮੈਦਾਨ।

ਤੁੱਰਿਆ ਜਾਂਦਾ ਗੁਰ-ਬਾਬਾ
ਸਾਹਿਬਜ਼ਾਦਿਆਂ ਤੇ ਸਿੰਘਾਂ ਦੀਆਂ ਬੇਕੱਫ਼ਣੀਆਂ ਲਾਸ਼ਾਂ ਨਿਹਾਰਦਾ
ਹਿੱਕ ਤੇ ਲੱਗੇ ਫੱਟ ਦੇਖਦਾ
ਅਤੇ ਸੀਨੇ 'ਚ ਖੁੱਭੇ ਤੀਰ ਗਿਣਦਾ
ਲਾਡਲਿਆਂ ਦੇ ਚਿਹਰਿਆਂ 'ਚੋਂ
ਸ਼ਹਾਦਤ ਦਾ ਸ਼ੁਕਰਾਨਾ ਪੜ੍ਹਦਾ ਹੋਵੇਗਾ
ਤੇ ਫਿਰ ਅਸਮਾਨ ਵੱਲ ਦੇਖਿਆ ਹੋਵੇਗਾ
ਤਾਂ ਹੀ ਉਨ੍ਹਾਂ ਮਾਛੀਵਾੜੇ ਵਿਚ ਪਰਵਦਗਾਰ ਨੂੰ ਮੁਖ਼ਾਤਬ ਹੁੰਦਿਆਂ,
'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਉਚਾਰਿਆ ਸੀ।

ਗੁਰੂ ਜੀ ਨੂੰ ਤੁਰੇ ਜਾਂਦਿਆਂ ਦੇਖ ਕੇ
ਤਾਰੇ ਜ਼ਰੂਰ ਰਸ਼ਕ ਕਰਦੇ ਹੋਣਗੇ
ਕਿ
ਕੇਹਾ ਕਮਾਲ!
ਪੁੱਤ ਤੇ ਸਿੰਘ ਵਾਰ ਕੇ ਵੀ
ਚਿਹਰੇ ਤੇ ਜਲਾਲ।

ਉਨ੍ਹਾਂ ਦੀ ਪੈੜਚਾਲ ਦੀ ਰਾਗਣੀ 'ਚ
ਰਾਤ ਦੀ ਚੁੱਪ ਨੇ ਗੁਰ-ਉਸਤਤ ਦਾ ਗੀਤ ਗਾਇਆ ਹੋਵੇਗਾ
ਤੇ ਉਹ ਰਾਤ ਸਦੀਆਂ ਤੀਕ
ਖ਼ੁਦ ਨੂੰ ਵਡਿਆਉਂਦੀ ਰਹੇਗੀ
ਕਿ ਰਾਤ ਦੇ ਪਿੰਡੇ ਤੇ ਇਤਿਹਾਸ ਇੰਝ ਵੀ ਲਿਖਿਆ ਜਾਂਦਾ।

ਗੁਰੂ ਗੋਬਿੰਦ ਸਿੰਘ ਜੀ ਦੀ ਨੂਰੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਬਚਨਾਂ ਦਾ ਕੇਹਾ ਜਲਾਲ ਸੀ ਕਿ ਸਿੱਖਾਂ ਤੋਂ ਇਲਾਵਾ, ਵੱਡੀ ਗਿਣਤੀ ਵਿਚ ਮੁਸਲਮਾਨ ਅਤੇ ਹਿੰਦੂ ਵੀ ਉਨ੍ਹਾਂ ਦੇ ਅਨੁਆਈ ਸਨ। ਇਸਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਕਿ ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂ ਸ਼ਾਹ ਜਦ ਆਪਣੇ ਸ਼ਰਧਾਲੂਆਂ, ਪੁੱਤਰਾਂ ਅਤੇ ਭਰਾ ਨਾਲ ਗੁਰੂ ਜੀ ਦੀ ਮਦਦ ਲਈ ਸ਼ਾਮਲ ਹੋਇਆ ਤਾਂ ਉਸਦੇ ਬਹੁਤ ਸਾਰੇ ਸ਼ਰਧਾਲੂਆਂ ਸਮੇਤ ਦੋ ਪੁੱਤਰ ਅਤੇ ਭਰਾ ਇਸ ਜੰਗ ਵਿਚ ਸ਼ਹੀਦ ਹੋ ਗਏ ਤਾਂ ਪੀਰ ਬੁੱਧੂ ਸ਼ਾਹ ਨੇ ਅੱਲ੍ਹਾ ਦਾ ਸ਼ੁਕਗੁਜ਼ਾਰ ਕੀਤਾ ਕਿ ਉਹ ਗੁਰੂ ਜੀ ਦੇ ਕਿਸੇ ਕੰਮ ਤਾਂ ਆ ਸਕਿਆ। ਮੋਤੀ ਰਾਮ ਮਹਿਰਾ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਦੁੱਧ ਪਿਆਉਣ ਦਾ ਕੇਹਾ ਮੁੱਲ ਤਾਰਨਾ ਪਿਆ ਕਿ ਉਸਦਾ ਪਰਿਵਾਰ ਕੋਹਲੂ ਵਿਚ ਪੀੜਿਆ ਗਿਆ। ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰਿਆ। ਦੀਵਾਨ ਟੋਡਰ ਮੱਲ ਨੇ ਆਪਣੀ ਸਾਰੀ ਦੌਲਤ ਨਾਲ ਸਾਹਿਬਜ਼ਾਦਿਆਂ ਦੇ ਸੰਸਕਾਰ ਲਈ ਅੱਜ ਤੀਕ ਦੀ ਸਭ ਤੋਂ ਮਹਿੰਗੀ ਥਾਂ ਖਰੀਦੀ। ਗਨੀ ਖਾਂ ਤੇ ਨਬੀ ਖਾਂ ਨੇ ਆਪਣੇ ਘਰ ਵਿਚ ਗੁਰੂ ਜੀ ਨੂੰ ਜਵਾਈ ਬਣਾ ਕੇ ਮੁਗਲਾਂ ਵਲੋਂ ਲਈ ਤਲਾਸ਼ੀ ਤੋਂ ਬਚਾਇਆ ਅਤੇ ਫਿਰ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ, ਉਚ ਦਾ ਪੀਰ ਬਣਾ ਕੇ ਮੁਗਲ ਫੌਜ ਦੇ ਘੇਰੇ ਵਿਚੋਂ ਬਾਹਰ ਕੱਢਿਆ। ਪਰ ਕੁਝ ਕੁ ਸਿੱਖਾਂ ਦੇ ਮਨਾਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਪ੍ਰਤੀ ਨਫ਼ਰਤ ਦਰਅਸਲ ਗੁਰੂ ਜੀ ਦੀ ਅਵੱਗਿਆ ਹੈ। ਯਾਦ ਰੱਖਣਾ! ਕਦੇ ਵੀ ਸਾਰੇ ਲੋਕ ਇਕੋ ਜਿਹੇ ਨਹੀਂ ਹੁੰਦੇ ਅਤੇ ਕਿਸੇ ਇਕ ਵਿਅਕਤੀ ਕਰਕੇ ਸਾਰੀ ਕਮਿਊਨਿਟੀ ਨੂੰ ਨਫ਼ਰਤ ਕਰਨ ਦੀ ਬਜਾਏ, ਸਾਨੂੰ ਕੁਝ ਕੁ ਲੋਕਾਂ ਦੀਆਂ ਮਿਹਰਬਾਨੀਆਂ ਸਦਕਾ ਮੁਹੱਬਤ ਕਰਨ ਦਾ ਵੱਲ ਆਉਣਾ ਚਾਹੀਦਾ ਹੈ ਤਾਂ ਕਿ ਸਾਨੂੰ ਗੁਰੂ ਜੀ ਅੱਗੇ ਨਮੋਸ਼ੀ ਨਾ ਹੰਢਾਉਣੀ ਪਵੇ।

ਗੁਰੂ ਜੀ ਨੇ ਔਰੰਗਜੇਬ ਨਾਲ ਲੜਾਈਆਂ ਲੜੀਆਂ ਅਤੇ ਮੁਗਲਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਕਦੇ ਵੀ ਈਨ ਨਹੀਂ ਮੰਨੀਂ। ਜੰਗ ਦੇ ਮੈਦਾਨ ਵਿਚ ਤਾਂ ਭਾਵੇਂ ਉਨ੍ਹਾਂ ਦੀ ਹਾਰ ਹੋਈ ਪਰ ਉਹ ਮਾਨਸਿਕ ਪੱਧਰ 'ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਫਿਰ ਉਨ੍ਹਾਂ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਅਤੇ ਉਸਦੀਆਂ ਕਮੀਨਗੀਆਂ ਨੂੰ ਉਸਦੇ ਰੂਬਰੂ ਕੀਤਾ। ਇਸ ਜ਼ਫ਼ਰਨਾਮਾ ਰੂਪੀ ਚਿੱਠੀ ਦਾ ਕੇਹਾ ਕ੍ਰਿਸ਼ਮਾ ਸੀ ਕਿ ਔਰੰਗਜ਼ੇਬ ਦੇ ਮਨ ਵਿਚ ਗੁਰੂ ਜੀ ਨੂੰ ਮਿਲਣ ਦੀ ਇਛਾ ਪੈਦਾ ਹੋਈ ਤਾਂ ਕਿ ਉਹ ਆਪਣੇ ਪਾਪਾਂ ਦਾ ਪਸ਼ਚਾਤਾਪ ਕਰ ਸਕੇ। ਇਹ ਹੈ ਸ਼ਬਦਾਂ ਅਤੇ ਤਰਕ ਦੀ ਤਾਕਤ। ਪਰ ਅਸੀਂ ਸਿੱਖ ਕਲਮ ਅਤੇ ਤਰਕ ਤੋਂ ਬਹੁਤ ਦੂਰ ਹੋ ਗਏ ਹਾਂ। ਸਾਨੂੰ ਵਿਚਾਰਾਂ ਦੀ ਵੱਖਰਤਾ ਬਹੁਤ ਅੱਖਰਦੀ ਹੈ। ਵਿਵੇਕ ਅਤੇ ਤਰਕ ਦੀ ਘਾਟ ਹੈ ਕਿ ਅਸੀਂ ਕੁਰਬਾਨੀਆਂ ਦੇ ਕੇ ਅਤੇ ਕੌਮ ਦਾ ਬਹੁਤ ਨੁਕਸਾਨ ਕਰਵਾ ਕੇ ਕੁਝ ਵੀ ਪ੍ਰਾਪਤ ਨਹੀਂ ਸਕੇ। ਅਸੀਂ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਕੀ ਸਿਖਿਆ ਹੈ, ਜ਼ਰਾ ਸੋਚਣਾ?

ਸਭ ਤੋਂ ਮਹੱਤਵਪੂਰਨ ਹੈ ਗੁਰੂ ਜੀ ਦੀ ਸੋਚ ਦੀ ਨਿਰਮਾਣਤਾ ਕਿ ਜਦ ਉਹ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ ਅਤੇ ਭਾਈ ਮਨੀ ਸਿੰਘ ਕੋਲੋਂ ਤਲਵੰਡੀ ਸਾਬੋ ਵਿਖੇ ਪੰਜ ਹੱਥ-ਲਿਖਤ ਬੀੜਾਂ ਤਿਆਰ ਕਰਵਾਈਆਂ ਤਾਂ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਬਾਣੀ ਨੂੰ ਸ਼ਾਮਲ ਨਹੀਂ ਕੀਤਾ। ਉਨ੍ਹਾਂ ਦੀ ਸੋਚ ਹੋਵੇਗੀ ਕਿ ਉਹ ਆਪਣੇ ਪੁਰਖਿਆਂ ਦੇ ਬਰਾਬਰ ਨਹੀਂ ਹੋ ਸਕਦੇ। ਅਸੀਂ ਕੋਈ ਕਿਤਾਬ ਸੰਪਾਦਤ ਕਰਨੀ ਹੋਵੇ ਤਾਂ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਸਾਡੀ ਲਿਖਤ ਨੂੰ ਹੀ ਪ੍ਰਮੁੱਖਤਾ ਪ੍ਰਾਪਤ ਹੋਵੇ ਅਤੇ ਬਜ਼ੁਰਗਾਂ ਦਾ ਕੀ ਏ? ਆਪਣੇ ਪੁਰਖਿਆਂ ਦੀ ਕੀਰਤੀ ਦਾ ਅਦਬ ਕਰਨਾ ਤਾਂ ਕੋਈ ਗੁਰੂ ਜੀ ਕੋਲੋਂ ਸਿੱਖੇ।

ਗੁਰੂ ਜੀ ਨੇ ਜਦ ਗੁਰਗੱਦੀ ਨੂੰ ਪੂਰਨ ਰੂਪ ਵਿਚ ਖ਼ਤਮ ਕਰ ਕੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਦਿੱਤਾ ਤਾਂ ਇਹ ਸਿੱਖਾਂ 'ਤੇ ਸਭ ਤੋਂ ਵੱਡਾ ਪਰਉਪਕਾਰ ਸੀ। ਵਰਨਾ ਹੁਣ ਤੀਕ ਤਾਂ ਪਤਾ ਨਹੀਂ ਕਿੰਨੀਆਂ ਗੁਰ-ਗੱਦੀਆਂ ਹੋ ਜਾਣੀਆਂ ਸਨ ਅਤੇ ਹਰੇਕ ਨੇ ਆਪਣੇ ਆਪ ਨੂੰ ਸੱਚਾ ਗੁਰੂ ਕਹਿਲਾਉਣ ਲਈ ਦਮਗਜ਼ੇ ਮਾਰਨੇ ਸਨ। ਪਰ ਗੁਰੂ ਜੀ ਦੇ ਇਸ ਆਦੇਸ਼ ਦੇ ਬਾਵਜੂਦ ਵੀ ਸਿੱਖਾਂ ਦੇ ਪਤਾ ਨਹੀਂ ਕਿੰਨੇ ਡੇਰੇਦਾਰ ਖ਼ੁਦ ਨੂੰ ਗੁਰੂ ਅਖਵਾਉਂਦੇ ਨੇ। ਆਪਣੀਆਂ ਗੱਦੀਆਂ ਦਾ ਨਿੱਘ ਮਾਣਦੇ, ਆਧੁਨਿਕ ਸਹੂਲਤਾਂ ਮਾਣਦੇ, ਗੁਰੂ ਦੇ ਅਸਲੀ ਵਾਰਸ ਹੋਣ ਦਾ ਭਰਮ ਪਾਲੀ ਬੈਠੇ ਨੇ। ਦੁੱਖ ਇਸ ਗੱਲ ਦਾ ਹੈ ਕਿ ਇਹ ਪੜ੍ਹਦਿਆਂ ਸੁਣਦਿਆਂ ਕਿ 'ਗੁਰੂ ਮਾਨਿਓ ਗ੍ਰੰਥ' ਸਿੱਖ ਇਨ੍ਹਾਂ ਡੇਰੇਦਾਰਾਂ ਦੇ ਪਿੱਛਲੱਗ ਬਣੇ, ਸਿੱਖ ਧਰਮ ਅਤੇ ਇਸਦੀ ਫਿਲਾਸਫ਼ੀ ਨੂੰ ਖੋਰਾ ਲਾ ਰਹੇ ਹਨ। ਸਿੱਖ ਧਰਮ ਬਹੁਤ ਸਾਰੀਆਂ ਪ੍ਰੰਪਰਾਵਾਂ, ਟਕਸਾਲਾਂ ਜਾਂ ਉਦਾਸੀਆਂ ਵਿਚ ਵੰਡਿਆ ਹੋਇਆ ਹੈ। ਪਰ ਅਸੀਂ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਕਹਿਲਾਉਣ ਵਾਲਿਓ! ਕਦੇ ਕਦਾਈਂ ਆਪਣੇ ਆਪ ਨੂੰ ਪੁੱਛਣਾ ਕਿ ਅਸੀਂ ਕਿੰਨੇ ਕੁ ਸਿੱਖ ਹਾਂ? ਕੀ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿੱਖ ਕਹਿਲਾਉਣ ਦੇ ਹੱਕਦਾਰ ਹਾਂ? ਸਾਡਾ ਸੱਚ ਸਾਡੇ ਸਾਹਮਣੇ ਹੋਵੇਗਾ ਅਤੇ ਫਿਰ ਅਸੀਂ ਪੂਰਨ ਸਮਰਪਿਤਾ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਬਣਨ ਦੇ ਰਾਹ 'ਤੇ ਤੁਰਨ ਬਾਰੇ ਜ਼ਰੂਰ ਸੋਚਾਂਗੇ।

ਗੁਰੂ ਜੀ ਭਲੀ ਕਰਨ।

## ਪੰਜਾਬ ਵਸਦਾ ਗੁਰੂਆਂ ਦੇ ਨਾਓਂ 'ਤੇ - ਚੁਣੌਤੀਆਂ ਅਤੇ ਜ਼ਿੰਮੇਵਾਰੀਆਂ

***(ਪਿਛਲੇ ਸਫੇ ਦੀ ਬਾਕੀ)***

ਨਾਲ ਸਿਆਸਤ ਦਾ ਏਜੰਡਾ ਬਣਾਉਣਾ।

> ਕਿਸਾਨ, ਮਜ਼ਦੂਰ ਖੁਦਕਸ਼ੀ ਅਤੇ ਨਸ਼ਾ ਪੀੜਤ ਪਰਿਵਾਰਾਂ ਦੀ ਮਦਦ ਹਿੱਤ ਕੰਮ ਕਰਨਾ।

> ਪੰਜਾਬ ਛੱਡ ਕੇ ਜਾਣ ਲਈ ਕਾਹਲੀ ਨੌਜਵਾਨੀ ਨੂੰ ਉਮੀਦ ਦੇਣੀ, ਪੰਜਾਬ ਨੂੰ ਰਹਿਣਯੋਗ ਬਣਾਉਣ ਲਈ ਨੌਜਵਾਨਾਂ ਅੰਦਰ ਉਮੀਦ ਪੈਦਾ ਕਰਨਾ।

> ਤਾਕਤਾਂ ਦੇ ਕੇਂਦਰੀਕਰਨ ਖ਼ਿਲਾਫ਼ ਫੈਡਰਲਿਜ਼ਮ ਦੀ ਮੰਗ ਨੂੰ ਸਿਆਸਤ ਦੇ ਕੇਂਦਰ ਵਿਚ ਲੈ ਕੇ ਆਉਣਾ

> ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਤੋਂ ਬਾਅਦ ਦੇ ਲੋਕ ਹੁੰਗਾਰੇ ਨੂੰ ਅੱਗੇ ਵਧਾਉਂਦਿਆਂ ਵਿਕਾਸ ਅਤੇ ਅਮਨ ਸ਼ਾਂਤੀ ਲਈ ਸਰਹੱਦਾਂ ਨੂੰ ਖੋਲ੍ਹਣ ਦੀ ਮੰਗ ਕਰਨਾ।

> ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਹਰ ਖੇਤਰ ਵਿਚ ਸਵੈਮਾਣ ਨਾਲ ਕੰਮ ਕਰਨ ਦਾ ਮਾਹੌਲ ਪੈਦਾ ਕਰਨਾ।

> ਪਿੰਡਾਂ ਅੰਦਰਲੇ ਜਾਤ, ਲਿੰਗ, ਕਿੱਤੇ ਅਤੇ ਆਰਥਿਕਤਾ ਅਧਾਰਿਤ ਵਿਤਕਿਰਿਆਂ ਬਾਰੇ ਸੱਖਣੇ ਹੋ ਗਈਆਂ ਜਾਂ ਦਬਾ ਦਿੱਤੀਆਂ ਗਈਆਂ ਬਹਿਸਾਂ ਨੂੰ ਮੁੜ ਸੁਰਜੀਤ ਕਰਨਾ।

ਉਪਰ ਦੱਸੇ ਸਾਰੇ ਮੁਦਿਆਂ ਨੂੰ ਪੰਜਾਬ ਦੇ ਆਮ ਲੋਕਾਂ ਤਕ ਲੈ ਕੇ ਜਾਣ ਲਈ ਕਾਫਲੇ ਦੀ ਪਹਿਲੀ ਮੀਟਿੰਗ ਪ੍ਰੋ. ਮਨਜੀਤ ਸਿੰਘ (ਸਾਬਕਾ ਜਥੇਦਾਰ) ਦੀ ਪਹਿਲਕਦਮੀ 'ਤੇ ਅਨੰਦਪੁਰ ਸਾਹਿਬ ਹੋਈ। ਇਸ ਵਿਚਾਰ-ਵਟਾਂਦਰੇ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਅਮਰਜੀਤ ਸਿੰਘ ਗਰੇਵਾਲ, ਜਸਵੰਤ ਸਿੰਘ ਜ਼ਫ਼ਰ, ਡਾ. ਕੇਹਰ ਸਿੰਘ, ਜਸਪਾਲ ਸਿੰਘ ਸਿੱਧੂ, ਕੈਨੇਡਾ ਤੋਂ ਪਹੁੰਚੇ ਹੋਏ ਅਰਥਸ਼ਾਸਤਰੀ ਅਮਰਜੀਤ ਸਿੰਘ ਭੁੱਲਰ ਸਮੇਤ ਕੋਈ 20-25 ਪੰਜਾਬ ਦੇ ਹਿਤੈਸ਼ੀ ਚਿੰਤਕਾਂ ਨੇ ਆਪੋ-ਆਪਣੀ ਪਹੁੰਚ ਅਨੁਸਾਰ ਵਿਚਾਰ ਪੇਸ਼ ਕੀਤੇ।

ਸੂਤਧਾਰ ਦੀ ਭੂਮਿਕਾ ਉਘੇ ਪੱਤਰਕਾਰ ਹਮੀਰ ਸਿੰਘ ਵਲੋਂ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ ਕਾਫਲੇ ਦੀ ਦੂਸਰੀ ਮੀਟਿੰਗ ਜਸਪਾਲ ਸਿੰਘ ਸਿੱਧੂ, ਖੁਸ਼ਹਾਲ ਸਿੰਘ ਦੀ ਪਹਿਲਕਦਮੀ 'ਤੇ ਚੰਡੀਗੜ੍ਹ ਗੁਰਦੁਆਰਾ ਸਿੰਘ ਸਭਾ ਵਿਖੇ ਸੰਗਤੀ ਅਦਾਰੇ ਵਲੋਂ ਕਰਵਾਈ ਗਈ। ਇਸ ਵਿਚਾਰ-ਵਟਾਂਦਰੇ ਦੌਰਾਨ ਮਾਲਵਿੰਦਰ ਸਿੰਘ ਮਾਲੀ ਵਲੋਂ ਚਿੰਤਕਾਂ ਨੂੰ ਕਈ ਤਿੱਖੇ ਸਵਾਲ ਵੀ ਪੁਛੇ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਕਾਫਲੇ ਦੀ ਅਗਲੀ ਮੀਟਿੰਗ ਲੁਧਿਆਣੇ ਵਿਖੇ ਹੋਣ ਜਾ ਰਹੀ ਹੈ। ਸਵਾਲ ਇਹ ਹੈ ਕਿ ਅਜਿਹੀ ਕੋਸ਼ਿਸ਼ ਪੰਜਾਬ ਦੇ ਉਲਝੇ ਹੋਏ ਸਿਆਸੀ ਤਾਣੇ ਨੂੰ ਸੁਲਝਾ ਸਕੇਗੀ; ਅੰਧਕਾਰ ਵਿਚ ਕੋਈ ਸੂਹੀ ਕਿਰਨ ਬਿਖੇ ਸਕੇਗੀ? ਔਖਾ ਕੰਮ ਹੈ-ਪਰ ਆਸ ਤਾਂ ਰਖੀ ਜਾਣੀ ਹੀ ਚਾਹੀਦੀ ਹੈ।

# ਬਿਰਧ ਆਸ਼ਰਮਾਂ ਦੀ ਵਧ ਰਹੀ ਗਿਣਤੀ ਅਤੇ ਸਮਾਜਿਕ – ਆਰਥਿਕ ਨਿਘਾਰ

## ਬਜ਼ੁਰਗਾਂ ਦੀ ਨਿਰੰਤਰ ਵਧ ਰਹੀ ਵਸੋਂ ਦੇ ਮਸਲੇ

ਕੰਵਲਜੀਤ ਕੌਰ ਗਿੱਲ

ਪਿਛਲੀ 2011 ਦੀ ਜਨ-ਗਨਣਾ ਅਨੁਸਾਰ ਭਾਰਤ ਦੀ 8.6% ਆਬਾਦੀ 60 ਸਾਲਾਂ ਤੋਂ ਉੱਪਰ ਦੀ ਸੀ। ਕੁਝ ਕਾਰਨਾਂ ਕਰਕੇ 2021 ਵਿਚ ਮਰਦਮਸ਼ੁਮਾਰੀ ਦਾ ਕਾਰਜ ਨਹੀਂ ਹੋ ਸਕਿਆ। ਪਰ ਖੋਜ ਸੰਸਥਾਵਾਂ ਵੱਲੋਂ ਆਬਾਦੀ ਨਾਲ ਸਬੰਧਤ ਅਧਿਐਨ ਕਰਨੇ ਜਾਰੀ ਰਹੇ। 1950 ਵਿਆਂ ਦੇ ਮੁਕਾਬਲੇ ਸਿਹਤ ਸਹੂਲਤਾਂ ਤੇ ਸਿੱਖਿਆ ਪ੍ਰਤੀ ਜਾਗਰੂਕਤਾ ਵਧਣ ਕਾਰਨ ਆਬਾਦੀ ਦੀ ਉਮਰ ਸੰਰਚਨਾ ਵਿਚ ਗੁਣਾਤਮਿਕ ਤਬਦੀਲੀ ਆਈ ਹੈ। ਕੁਦਰਤੀ ਮੌਤ ਦਰ ਨਿਊਨਤਮ ਸਤਰ ਤਕ ਘਟ ਚੁੱਕੀ ਹੈ ਅਤੇ ਜਨਮ ਦਰ ਜਿਹੜੀ ਜਣਨ ਸਮਰੱਥਾ ਉਪਰ ਨਿਰਭਰ ਕਰਦੀ ਹੈ ਉਹ ਵੀ 3.25 ਤੋਂ ਘਟ ਕੇ 1.8 ਤਕ ਆ ਗਈ ਹੈ। ਅਰਥਾਤ, ਹਮ ਦੋ ਹਮਾਰੇ ਦੋ, ਤੋਂ ਵੀ ਘੱਟ। ਦੂਜੇ ਪਾਸੇ ਜੀਵਣ-ਕਾਲ ਦਾ ਸਮਾਂ 37-40 ਸਾਲਾਂ ਤੋਂ ਵਧ ਕੇ ਔਸਤਨ 67-75 ਸਾਲਾਂ ਦਾ ਹੋ ਗਿਆ ਹੈ। ਭਾਵ, ਕੁੱਲ ਆਬਾਦੀ ਵਿਚ ਵਡੇਰੀ ਉਮਰ ਦੇ ਲੋਕਾਂ ਦੀ ਗਿਣਤੀ ਵਧ ਗਈ ਹੈ ਅਤੇ ਇਸ ਵਿਚ ਹੋਰ ਵੀ ਵਾਧਾ ਹੋਣ ਦੀ ਸੰਭਾਵਨਾ ਹੈ। ਖੋਜ ਅੰਕੜੇ ਦੱਸਦੇ ਹਨ ਕਿ 60 ਸਾਲ ਅਤੇ ਇਸ ਤੋਂ ਵਡੇਰੀ ਉਮਰ ਦੀ ਆਬਾਦੀ ਦੀ ਦਹਾਕੇ ਵਾਰ ਵਾਧੇ ਦੀ ਦਰ 2001-11 ਵਿਚ 25.5% ਅਤੇ 2011-21 ਵਿਚ 35.8% ਸੀ। ਅਗਲੇ ਦਹਾਕੇ 2021-31 ਦੌਰਾਨ ਇਸ ਦੇ 40.5% ਤਕ ਵਧ ਜਾਣ ਦੀ ਸੰਭਾਵਨਾ ਹੈ। ਅਰਥਾਤ ਬਜ਼ੁਰਗਾਂ ਦੀ ਆਬਾਦੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਕੇਰਲਾ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਆਂਧਰਾ ਪ੍ਰਦੇਸ਼ ਤੋਂ ਇਲਾਵਾ ਉੜੀਸਾ, ਮਹਾਰਾਸ਼ਟਰ ਅਤੇ ਕਰਨਾਟਕਾ ਦੇ ਰਾਜਾਂ ਵਿਚ ਬਜ਼ੁਰਗਾਂ ਦੀ ਆਬਾਦੀ 11% ਤੋਂ ਵੀ ਵੱਧ ਹੈ। ਦਹਾਕੇ ਵਾਰ ਵਾਧੇ ਦੀ ਦਰ ਤੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ 2031 ਤਕ ਕੇਰਲਾ 20.9%, ਤਾਮਿਲਨਾਡੂ 18.2%, ਹਿਮਾਚਲ ਪ੍ਰਦੇਸ਼ 17.1% ਅਤੇ ਪੰਜਾਬ ਵਿਚ 16.2% ਬਜ਼ੁਰਗ ਹੋਣਗੇ। ਜਪਾਨ ਅਤੇ ਚੀਨ ਵਾਂਗ ਹੁਣ ਭਾਰਤ ਵੀ ਵਡੇਰੀ ਉਮਰ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਚੁੱਕਾ ਹੈ। ਆਬਾਦੀ ਦੇ ਇਸ ਬਦਲਦੇ ਰੁਝਾਨ ਨਾਲ ਕਈ ਪ੍ਰਕਾਰ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਨੌਜਵਾਨ ਮਾਪਿਆਂ, ਬੱਚਿਆਂ ਅਤੇ ਬਜ਼ੁਰਗਾਂ ਵਿਚਾਲੇ ਪੀੜ੍ਹੀ ਦਾ ਅੰਤਰ, ਸੰਯੁਕਤ ਪਰਿਵਾਰਾਂ ਦਾ ਟੁੱਟਣਾ, ਆਰਥਿਕ ਤੰਗੀ ਅਤੇ ਬੱਚਿਆਂ ਦੇ ਵਿਦੇਸ਼ਾਂ ਵੱਲ ਪਲਾਇਨ ਦੇ ਵਧ ਚੁੱਕੇ ਰੁਝਾਨ ਕਾਰਨ ਬਜ਼ੁਰਗ ਬਿਰਧ ਆਸ਼ਰਮਾਂ ਵਿਚ ਜਾ ਰਹੇ ਹਨ ਜਾਂ ਇਕੱਲਤਾ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਰਹੇ ਹਨ। ਇੱਕ ਪਾਸੇ ਬਿਰਧ ਆਸ਼ਰਮਾਂ ਅਤੇ ਬਿਰਧ ਘਰਾਂ ਦੀ ਗਿਣਤੀ ਵਧ ਰਹੀ ਹੈ ਤੇ ਦੂਜੇ ਪਾਸੇ ਆਰਥਿਕ ਵਿਕਾਸ ਦਾ ਢਿੰਡੋਰਾ ਵੀ ਪਿੱਟਿਆ ਜਾ ਰਿਹਾ ਹੈ। ਸਮਾਜਿਕ ਕਦਰਾਂ ਕੀਮਤਾਂ ਕਿਧਰ ਨੂੰ ਜਾ ਰਹੀਆਂ ਹਨ, ਤੇ ਵਿਕਾਸ ਵਿਚ ਕਿਹੜੇ ਲੋਕਾਂ ਦੀ ਸ਼ਮੂਲੀਅਤ ਹੈ, ਇਸ ਨੂੰ ਘੋਖਣ ਪਰਖਣ ਦੀ ਜ਼ਰੂਰਤ ਹੈ। ਇਸ ਸਥਿਤੀ ਨਾਲ ਸਹਿਮਤ ਹੋਣਾ ਪਵੇਗਾ ਕਿ ਨਿੱਤ ਤਬਦੀਲ ਹੋ ਰਹੇ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਵਰਤਾਰੇ ਦੌਰਾਨ ਬਜ਼ੁਰਗ ਪਹਿਲਾਂ ਵਾਂਗ ਜੱਦੀ ਪੁਸ਼ਤੀ ਘਰਾਂ ਵਿਚ ਹੀ ਬਾਕੀ ਜ਼ਿੰਦਗੀ ਨਹੀਂ ਗੁਜ਼ਾਰਨਗੇ। ਬਜ਼ੁਰਗਾਂ ਦੀਆਂ ਸਮੱਸਿਆਵਾਂ ਤੇ ਖਾਸ ਜ਼ਰੂਰਤਾਂ ਦੇ ਮੱਦੇਨਜ਼ਰ ਰੱਖਦੇ ਹੋਏ ਉਨ੍ਹਾਂ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਣਗੇ।

ਸਤੰਬਰ 2023 ਵਿਚ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ( ੂੰਫਓ ) ਨੇ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਾਇੰਸਜ਼ ( ੀਿਫਂ ) ਨਾਲ ਮਿਲ ਕੇ ਇੱਕ ਰਿਪੋਰਟ ਜਾਰੀ ਕੀਤੀ ਜਿਹੜੀ ਭਾਰਤ ਵਿਚ ਬਜ਼ੁਰਗਾਂ ਦੀ ਵਧ ਰਹੀ ਵਸੋਂ ਅਤੇ ਉਨ੍ਹਾਂ ਦੀਆਂ ਸਮੱਸਿਆਂਵਾਂ ਨਾਲ ਸਬੰਧਤ ਹੈ। ੂੰਫਓ ਨੇ ਇਹੋ ਜਿਹੀ ਰਿਪੋਰਟ ਪਹਿਲਾਂ ਟਾਟਾ ਟਰੱਸਟ ਸਮਾਰਥ ਨਾਲ 2020-21 ਵਿਚ ਵੀ ਜਾਰੀ ਕੀਤੀ ਸੀ। ਇਨ੍ਹਾਂ ਰਿਪੋਰਟਾਂ ਵਿਚ ਬਿਰਧ ਆਸ਼ਰਮਾਂ/ਘਰਾਂ ਦੀ ਮੌਜੂਦਾ ਸਥਿਤੀ ਅਤੇ ਉਨ੍ਹਾਂ ਵਿਚ ਸੁਧਾਰ ਕਰਨ ਲਈ ਨੁਕਤੇ ਸੁਝਾਏ ਗਏ ਹਨ। ਪ੍ਰੰਤੂ ਸਾਡਾ ਸਮਾਜ ਇਸ ਸਥਿਤੀ ਵਿਚ ਕਦੋਂ ਤੇ ਕਿਵੇਂ ਉਲਝ ਗਿਆ, ਇਸ ਬਾਰੇ ਕਿਸੇ ਰਿਪੋਰਟ ਨੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ।

ਉਮਰ ਦੇ ਇਕ ਖਾਸ ਪੜਾਅ 'ਤੇ ਪਹੁੰਚ ਕੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸੰਤੁਲਨ ਵਿਚ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਕੁਝ ਬਜ਼ੁਰਗ ਜਿਹੜੇ ਸਿਹਤ ਦੇ ਪੱਖੋਂ ਤੰਦਰੁਸਤ ਹਨ, ਪੜ੍ਹੇ ਲਿਖੇ ਹਨ ਅਤੇ ਸੇਵਾ-ਮੁਕਤ ਹੋਣ ਉਪਰੰਤ ਸਰਕਾਰੀ ਪੈਨਸ਼ਨ ਆਦਿ ਲੈ ਰਹੇ ਹਨ, ਉਹ ਆਪਣੀ ਸਾਂਭ-ਸੰਭਾਲ ਆਪ ਕਰ ਸਕਣ ਦੇ ਸਮਰੱਥ ਹੁੰਦੇ ਹਨ, ਅਤੇ ਆਪਣੇ ਬੱਚਿਆਂ ਨਾਲ ਜੱਦੀ ਪੁਸ਼ਤੀ ਘਰਾਂ ਵਿਚ ਰਹਿੰਦੇ ਹੋਏ ਇੱਜ਼ਤ ਮਾਣ ਵਾਲੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਇਹ ਬਜ਼ੁਰਗ ਬੱਚਿਆਂ ਅਤੇ ਨੌਜਵਾਨ ਮਾਪਿਆਂ ਦੀ ਕਈ ਪ੍ਰਕਾਰ ਨਾਲ ਮਦਦ ਵੀ ਕਰਦੇ ਹਨ। ਇੰਜ ਉਹ ਕਿਸੇ ਤਰ੍ਹਾਂ ਵੀ ਉਨ੍ਹਾਂ ਉਪਰ ਬੋਝ ਨਹੀਂ ਬਣਦੇ। ਪਰ ਇੱਥੇ ਬਜ਼ੁਰਗਾਂ ਨੂੰ ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਹੁਣ ਉਹ ਦਫ਼ਤਰੀ ਕੰਮ ਅਤੇ ਸਥਾਨ ਤੋਂ ਰਿਟਾਇਰ ਹੋ ਚੁੱਕੇ ਹਨ। ਘਰ ਵਿਚ ਉਹ ਅਫਸਰ ਪੁਣਾ ਨਹੀਂ ਚੱਲੇਗਾ। ਘੰਟੀ ਮਾਰਨ 'ਤੇ ਕਿਸੇ ਸੇਵਾਦਾਰ ਨੇ ਪਾਣੀ ਪੁੱਛਣ ਨਹੀਂ ਆਉਣਾ, ਜਿਥੋਂ ਤੱਕ ਹੋ ਸਕੇ ਆਪਣਾ ਕੰਮ ਆਪ ਹੀ ਕਰਨਾ ਹੈ। ਇਵੇਂ ਹੀ ਬੱਚਿਆਂ ਦੀ ਮਾਪਿਆਂ ਪ੍ਰਤੀ ਨੈਤਿਕ ਜ਼ਿੰਮੇਵਾਰੀ ਹੈ। ਜੇਕਰ ਉਹ ਬਿਮਾਰੀ ਜਾਂ ਕਿਸੇ ਹੋਰ ਕਾਰਨ ਤੁਹਾਡੇ ਉਪਰ ਨਿਰਭਰ ਕਰਦੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਬਣਦੀ ਤਵੱਜੋਂ ਨਹੀਂ ਦੇ ਸਕਦੇ ਤਾਂ ਉਨ੍ਹਾਂ ਲਈ ਕਿਸੇ ਨੂੰ ਕੰਮ 'ਤੇ ਰੱਖਿਆ ਜਾ ਸਕਦਾ ਹੈ ਜਿਹੜਾ ਤੁਹਾਡੀ ਗੈਰ ਹਾਜ਼ਰੀ ਵਿਚ ਉਨ੍ਹਾਂ ਨੂੰ ਦਵਾਈ ਤੇ ਗਰਮ ਭੋਜਨ ਆਦਿ ਮੁਹੱਈਆ ਕਰ ਸਕੇ। ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿਚ ਛੱਡਣ ਲਈ ਜਿਥੋਂ ਤੱਕ ਹੋ ਸਕੇ ਗੁਰੇਜ਼ ਕਰਨਾ ਚਾਹੀਦਾ ਹੈ। ਯਾਦ ਰਹੇ ਕਿ ਤੁਸੀਂ ਵੀ ਕਲ੍ਹ ਨੂੰ ਉਮਰ ਦੇ ਇਸ ਪੜਾਅ 'ਤੇ ਪਹੁੰਚਣਾ ਹੈ ਅਤੇ ਤੁਹਾਡੇ ਬੱਚੇ ਇਸ ਵਕਤ ਸਭ ਕੁੱਝ ਵੇਖ ਰਹੇ ਹਨ। ਇਹ ਹੁਣ ਤੁਹਾਡੇ ਉਪਰ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਕਿਵੇਂ ਦੀ ਸਿੱਖਿਆ ਦੇਣੀ ਹੈ। ਅਸਲ ਵਿਚ ਮੁਸ਼ਕਲ ਉਦੋਂ ਆਉਂਦੀ ਹੈ ਜਦੋਂ ਇਹ ਬਜ਼ੁਰਗ ਕਿਸੇ ਨਾ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਗਿਆਨ ਇੰਦਰੀਆਂ ਹੌਲੀ-ਹੌਲੀ ਕਮਜ਼ੋਰ ਹੋਣ ਲੱਗਦੀਆਂ ਹਨ। ਦੂਜੇ ਪਾਸੇ ਕਮਾਈ ਦਾ ਕੋਈ ਸਾਧਨ ਨਾ ਹੋਣ ਕਾਰਨ ਦਵਾਈ ਆਦਿ ਲਈ ਵੀ ਬੱਚਿਆਂ ਉੱਪਰ ਨਿਰਭਰ ਹੋਣਾ ਪੈਂਦਾ ਹੈ। ਉਸ ਹਾਲਤ ਵਿਚ ਨੌਜਵਾਨ ਮਾਪੇ ਉਨ੍ਹਾਂ ਨੂੰ ਬੋਝ ਸਮਝਣ ਲੱਗਦੇ ਹਨ। ਖ਼ਾਸ ਤੌਰ 'ਤੇ ਜਦੋਂ ਉਹ ਆਪ ਵੀ ਵਿਤੀ ਪੱਖ ਤੋਂ ਸੌਖੇ ਨਾ ਹੋਣ। ਨਤੀਜੇ ਵਜੋਂ ਮਾਪਿਆਂ ਪ੍ਰਤੀ ਜ਼ਿੰਮੇਵਾਰੀ ਵਧ ਜਾਣ ਕਾਰਨ ਉਹ ਆਪਣੇ ਕੰਮ ਵਲ ਪੂਰੀ ਤਵੱਜੋਂ ਨਹੀਂ ਦੇ ਸਕਦੇ। ਇਸ ਸਥਿਤੀ ਵਿਚ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿਚ ਭਰਤੀ ਕਰਵਾਉਣ ਉਪਰੰਤ ਉਹ ਆਪਣੇ ਆਪ ਨੂੰ ਸੁਰਖ਼ਰੂ ਹੋਇਆ ਮਹਿਸੂਸ ਕਰਦੇ ਹਨ।

ਅਸਲ ਵਿਚ ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ ਉਦਯੋਗੀਕਰਨ ਅਤੇ ਮਸ਼ੀਨੀਕਰਨ ਤੋਂ ਬਾਅਦ ਅੱਜ ਦੇ ਅਤਿ ਆਧੁਨਿਕ ਤਕਨੀਕੀ ਯੁੱਗ ਵਿਚ ਸ਼ਹਿਰੀਕਰਨ, ਪੱਛਮੀਕਰਨ ਅਤੇ ਮਾਈਗ੍ਰੇਸ਼ਨ ਦਾ ਰੁਝਾਨ ਵਧ ਰਿਹਾ ਹੈ। ਸਮੇਂ ਦੇ ਹਾਣੀ ਬਣਨ ਦੀ ਅੰਨ੍ਹੀ ਦੌੜ ਵਿਚ ਅਸੀਂ ਆਪਣੀਆਂ ਪੁਰਾਣੀਆਂ ਪ੍ਰੰਤੂ ਅਮੀਰ ਰਵਾਇਤਾਂ ਨੂੰ ਛੱਡ ਰਹੇ ਹਾਂ। ਆਮ ਤੌਰ 'ਤੇ ਪਿੰਡਾਂ ਵਿਚ ਬਹੁਤੇ ਸੰਯੁਕਤ ਪਰਿਵਾਰ ਹੁੰਦੇ ਸਨ। ਉਨ੍ਹਾਂ ਦੀ ਥਾਂ ਛੋਟੇ ਪਰਿਵਾਰਾਂ ਦੀਆਂ ਸੂਖਮ ਇਕਾਈਆਂ ਹੋਂਦ ਵਿਚ ਆ ਗਈਆਂ ਹਨ। ਹਰ ਕੋਈ ਆਪਣੀ ਨਿੱਜਤਾ, ਗੋਪਨੀਯਤਾ ਨੂੰ ਤਰਜੀਹ ਦਿੰਦਾ ਹੈ। ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਅਨੁਸਾਰ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿਚ ਛੱਡਣਾ ਨਮੋਸ਼ੀ ਵਾਲਾ ਅਤੇ ਅਤਿ ਨਿੰਦਣਯੋਗ ਕੰਮ ਸਮਝਿਆ ਜਾਂਦਾ ਸੀ ਅਤੇ ਕੋਈ ਟਾਂਵਾਂ ਵਿਰਲਾ ਹੀ ਇਹ ਕਦਮ ਚੁੱਕਦਾ ਸੀ। ਅਸਲ ਵਿਚ ਬਿਰਧ ਆਸ਼ਰਮਾਂ ਵਿਚ ਰਹਿਣਾ ਆਧੁਨਿਕ ਸੰਕਲਪ ਹੈ ਜਿਸ ਦੀ ਸ਼ੁਰੂਆਤ ਇਸ ਸੰਯੁਕਤ ਪਰਿਵਾਰਕ ਸਿਸਟਮ ਦੇ ਟੁੱਟਣ ਅਤੇ ਸ਼ਹਿਰੀਕਰਨ ਨਾਲ ਹੋਈ ਸਮਝੀ ਜਾਂਦੀ ਹੈ। ਬਜ਼ੁਰਗਾਂ ਦੁਆਰਾ ਕੀਤੇ ਜਾਂਦੇ ਖਾਸ ਕੰਮ ਹੁਣ ਮਸ਼ੀਨਾਂ ਦੁਆਰਾ ਹੋਣ ਲੱਗੇ ਹਨ। ਬਹੁਤ ਛੋਟੇ ਬੱਚਿਆਂ ਦੀ ਸੰਭਾਲ ਆਧੁਨਿਕ ਤੌਰ - ਤਰੀਕਿਆਂ ਨਾਲ ਕਰਵਾਉਣ ਹਿੱਤ ਉਨ੍ਹਾਂ ਨੂੰ ਪ੍ਰੀ- ਸਕੂਲ ਜਾਂ ਡੇ- ਕੇਅਰ ਵਿਚ ਦਾਖਲ ਕਰਵਾ ਦਿੱਤਾ ਜਾਂਦਾ ਹੈ। ਸੋ ਬਜ਼ੁਰਗਾਂ ਨੂੰ ਬੇਕਾਰ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਸ਼ਹਿਰਾਂ ਵਿਚ ਉਨ੍ਹਾਂ ਨੂੰ ਸੀਨੀਅਰ ਸਿਟੀਜ਼ਨ ਕਹਿਣ ਲੱਗੇ ਹਨ। ਕਈ ਵਾਰ ਕੰਮ-ਕਾਜੀ ਨੌਜਵਾਨ ਨਾ ਚਾਹੁੰਦੇ ਹੋਏ ਵੀ ਆਪਣੇ ਮਾਪਿਆਂ ਨੂੰ ਆਪਣੇ ਕੋਲ



ਨਹੀਂ ਰੱਖ ਸਕਦੇ, ਜਦੋਂ ਉਹ ਰੁਜ਼ਗਾਰ ਖਾਤਰ ਘਰ ਤੋਂ ਦੂਰ ਕਿਸੇ ਹੋਰ ਸ਼ਹਿਰ ਜਾਂ ਸੂਬੇ ਵਿਚ ਹੁੰਦੇ ਹਨ। ਵਿਦੇਸ਼ਾਂ ਵਿਚ ਜਾ ਕੇ ਬੱਚੇ ਆਪਣੇ ਕੰਮ ਕਾਜ ਦੇ ਨਾਲ ਨਾਲ ਘਰ ਬਾਰ ਵੀ ਉਥੇ ਹੀ ਬਣਾ ਕੇ ਰਹਿਣ ਲੱਗਦੇ ਹਨ ਅਤੇ ਮਾਪੇ ਪਿੱਛੇ ਇਕੱਲੇ ਰਹਿਣ ਲਈ ਮਜਬੂਰ ਹੋ ਜਾਂਦੇ ਹਨ। ਜਿਨ੍ਹਾਂ ਦੀ ਸਿਹਤ ਤੋਂ ਇਲਾਵਾ ਹੋਰ ਸਰੀਰਕ ਸੁਰੱਖਿਆ ਤੇ ਹਿਫਾਜ਼ਤ ਵੀ ਖਤਰੇ ਵਿਚ ਪੈ ਜਾਂਦੀ ਹੈ। ਦੂਜੇ ਪਾਸੇ ਜਿਹੜੇ ਬਜ਼ੁਰਗ ਆਪਣੇ ਬੱਚਿਆਂ ਕੋਲ ਰਹਿੰਦੇ ਹਨ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਮਾਨਸਿਕ ਤੇ ਭਾਵਨਾਤਮਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਨੂੰ ਤਾਂ ਕੁੱਟਮਾਰ ਵੀ ਸਹਿਣੀ ਪੈਂਦੀ ਹੈ। ਉਨ੍ਹਾਂ ਨੂੰ ਪੁਰਾਣੇ ਖਿਆਲਾਂ ਦੇ ਹੋਣ ਕਾਰਨ ਛੋਟੇ ਬੱਚਿਆਂ ਨਾਲ ਘੁਲਣ ਮਿਲਣ ਨਹੀਂ ਦਿੱਤਾ ਜਾਂਦਾ, ਸਮਰੱਥਾ ਤੋਂ ਵੱਧ ਨੌਕਰਾਂ ਵਾਂਗ ਕੰਮ ਕਰਵਾਇਆ ਜਾਂਦਾ ਹੈ ਤੇ ਘਰ ਵਿਚ ਫਾਲਤੂ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਜਿਸ ਨਾਲ ਉਹ ਮਨੋਵਿਗਿਆਨਿਕ ਤੌਰ ਤੇ ਬਹੁਤ ਹੀ ਨਕਾਰਾ ਮਹਿਸੂਸ ਕਰਨ ਲੱਗਦੇ ਹਨ। ਇਨ੍ਹਾਂ ਹਾਲਾਤਾਂ ਵਿਚ ਔਰਤਾਂ ਦੀ ਸਥਿਤੀ ਹੋਰ ਵੀ ਮਾੜੀ ਹੁੰਦੀ ਹੈ। ਮਰਦ ਪ੍ਰਧਾਨ ਸਮਾਜ ਵਿਚ ਰਹਿੰਦੇ ਹੋਏ ਉਹਨਾਂ ਕੋਲ ਕੋਈ ਜ਼ਮੀਨ ਜਾਇਦਾਦ ਵੀ ਨਹੀਂ ਹੁੰਦੀ। ਵਿਧਵਾ ਜਾਂ ਤਲਾਕਸ਼ੁਦਾ ਔਰਤ ਨੂੰ ਇਕੱਲਤਾ ਦਾ ਸੰਤਾਪ ਝਲਣਾ ਪੈਂਦਾ ਹੈ। ਨਵੀਂ ਤੇ ਪੁਰਾਣੀ ਪੀੜ੍ਹੀ ਦੀ ਜੀਵਨ ਸ਼ੈਲੀ ਵਿਚ ਅੰਤਰ ਹੋਣ ਕਾਰਨ ਬੱਚੇ ਵੀ ਉਹਨਾਂ ਕੋਲ ਬੈਠ ਕੇ ਗੱਲਬਾਤ ਕਰਨ ਦੀ ਥਾਂ ਆਪਣੇ ਸਮਾਰਟ ਫੋਨਾਂ ਤੇ ਲੱਗੇ ਰਹਿਣਾ ਪਸੰਦ ਕਰਦੇ ਹਨ। ਸਰੀਰਕ ਪੀੜਾ ਨਾਲੋਂ ਮਾਨਸਿਕ ਪੀੜਾ ਦਾ ਦਰਦ ਸਹਿਣਾ ਵਧੇਰੇ ਔਖਾ ਹੁੰਦਾ ਹੈ। ਇਸ ਸੂਰਤ ਵਿਚ ਉਹ ਬਜ਼ੁਰਗ ਆਪਣੇ ਘਰ ਨਾਲੋਂ ਬਿਰਧ ਆਸ਼ਰਮ ਵਿਚ ਰਹਿਣ ਨੂੰ ਹੀ ਤਰਜੀਹ ਦਿੰਦੇ ਹਨ। ਕਿਉਂਕਿ ਇਨ੍ਹਾਂ ਬਿਰਧ ਆਸ਼ਰਮਾਂ ਵਿਚ ਰਹਿਣ ਵਾਲੇ ਸਾਰੇ ਹੀ ਲਗਭਗ ਇੱਕੋ ਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਆਏ ਹੁੰਦੇ ਹਨ। ਦੂਜਾ ਇਥੇ ਉਹਨਾਂ ਨੂੰ ਜਰੂਰਤ ਅਨੁਸਾਰ ਭੋਜਨ ਤੇ ਦਵਾਈਆਂ ਆਦਿ ਵੀ ਮਿਲ ਜਾਂਦੀਆਂ ਹਨ। ਇਹੋ ਜਿਹੇ ਹਾਲਾਤਾਂ ਵਿਚ ਅਸੀਂ ਸੋਚਣ ਲਈ ਮਜਬੂਰ ਹੁੰਦੇ ਹਾਂ ਕਿ ਸਾਡੇ ਸੰਸਕਾਰ , ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਕਿੱਧਰ ਨੂੰ ਜਾ ਰਹੀਆਂ ਹਨ ? ਪੱਛਮੀਕਰਨ ਸਾਡੇ ਤੇ ਇੰਨੀ ਤੇਜ਼ੀ ਨਾਲ ਭਾਰੂ ਹੋ ਰਿਹਾ ਹੈ ਕਿ ਅਸੀਂ ਆਪਣੇ ਮਾਪਿਆਂ ਨੂੰ ਹੀ ਬੋਝ ਸਮਝਣ ਲੱਗੇ ਹਾਂ ? ਆਰਥਿਕ ਵਿਕਾਸ ਸਾਨੂੰ ਪਦਾਰਥਵਾਦ ਵੱਲ ਲਿਜਾ ਰਿਹਾ ਹੈ। ਜਿੱਥੇ ਨਿੱਜ ਤੇ ਨਿੱਜਤਾ ਹੀ ਭਾਰੂ ਹੈ। ਮਾਪੇ ਉਦੋਂ ਤੱਕ ਸਾਡੇ ਕੋਲ ਰਹਿ ਸਕਦੇ ਹਨ ਜਦੋਂ ਤੱਕ ਉਹ ਸਾਡੀ ਬੱਚੇ ਪਾਲਣ ਵਿਚ ਜਾਂ ਹੋਰ ਘਰ ਦੇ ਕੰਮ ਕਾਜ ਵਿਚ ਮਦਦ ਕਰ ਸਕਦੇ ਹਨ। ਉਸ ਤੋਂ ਬਾਅਦ ਉਹ ਸਾਡੀ ਤੇ ਬੱਚਿਆਂ ਦੀ ਜ਼ਿੰਦਗੀ ਵਿਚ ਦਖਲ ਅੰਦਾਜੀ ਕਰਦੇ ਮਹਿਸੂਸ ਹੋਣ ਲੱਗਦੇ ਹਨ।

ਬਜ਼ੁਰਗਾਂ ਨਾਲ ਸੰਬੰਧਿਤ ਸਮੱਸਿਆਵਾਂ ਭਾਵੇਂ ਸਮਾਜਿਕ ਤਾਣੇ ਬਾਣੇ ਦੇ ਟੁੱਟਣ ਕਾਰਨ ਹਨ ਜਾਂ ਆਰਥਿਕ ਤੰਗੀ ਕਾਰਨ, ਸਭ ਤੋਂ ਮਹੱਤਵਪੂਰਨ ਮੁੱਦਾ ਹੈ ,ਕਿਸੇ ਠੋਸ ਸਮਾਜਿਕ ਸੁਰੱਖਿਆ ਸਿਸਟਮ ਦਾ ਨਾ ਹੋਣਾ। ਅੱਜ ਬਜ਼ੁਰਗਾਂ ਦੀ ਦੇਖ ਰੇਖ ਤੇ ਸਾਂਭ ਸੰਭਾਲ ਦੀ ਚਰਚਾ ਚਿੰਤਕਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਸੈਮੀਨਾਰ ਜਾਂ ਮੀਟਿੰਗਾਂ ਆਦਿ ਵਿਚ ਹੋਣ ਲੱਗੀ ਹੈ। ਇਹੀ ਕਾਰਨ ਹੈ ਕਿ ਆਰਥਿਕ ਵਿਕਾਸ ਦੇ ਬਾਵਜੂਦ ਬਿਰਧ ਆਸ਼ਰਮ ਅਤੇ ਬਿਰਧ ਘਰ ਧੜਾ ਧੜ ਹੋਂਦ ਵਿਚ ਆ ਰਹੇ ਹਨ। ਸਰਕਾਰੀ ਤੇ ਗੈਰਸਰਸਾਰੀ ਸੰਸਥਾਵਾਂ ਨੇ ਇਸ ਪਾਸੇ ਗੌਰ ਕਰਨਾ ਸ਼ੁਰੂ ਕੀਤਾ ਹੈ। ਸਭ ਤੋਂ ਪਹਿਲਾਂ 1999 ਵਿਚ ਭਾਰਤ ਸਰਕਾਰ ਦੀ ਮਨਿਸਟਰੀ ਆਫ ਸੋਸ਼ਲ ਜਸਟਿਸ ਅਤੇ ਐਮਪਾਵਰਮੈਂਟ ਨੇ ਬਜ਼ੁਰਗਾਂ ਨਾਲ ਸੰਬੰਧਿਤ ਕੌਮੀ ਨੀਤੀ ਤਿਆਰ ਕੀਤੀ ਜਿਸ ਵਿਚ ਕਿਹਾ ਗਿਆ ਕਿ ਇਹ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। 2011 ਵਿਚ ਵੀ ਇਸੇ ਪ੍ਰਕਾਰ ਦਾ ਬਜ਼ੁਰਗਾਂ ਦੀ ਸਿਹਤ ਸੇਵਾਵਾਂ ਨਾਲ ਸਬੰਧਿਤ ਕੌਮੀ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿਚ ਖਾਸ ਜ਼ਿਕਰ ਕੀਤਾ ਗਿਆ ਕਿ ਬਜ਼ੁਰਗ ਘਰ ਵਿਚ ਹੀ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਰਹਿਣਗੇ। ਉਥੇ ਉਹਨਾਂ ਦੀ ਚੰਗੀ ਦੇਖਭਾਲ ਹੋ ਸਕਦੀ ਹੈ। ਇਵੇਂ ਹੀ 2020 ਵਿਚ ਵੀ ਕੌਮੀ ਨੀਤੀ ਬਣਾਈ ਗਈ ਹੈ ਜਿਸ ਵਿਚ ਬਜ਼ੁਰਗਾਂ ਨੂੰ ਵਿਤੀ ਸੁਰੱਖਿਆ ਪ੍ਰਦਾਨ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਪਰ ਇਸ ਨੀਤੀ ਤਹਿਤ ਜੋ ਬੁਢਾਪਾ ਪੈਨਸ਼ਨ ਦੇ ਰੂਪ ਵਿਚ ਉਹਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਉਹ ਜਰੂਰਤ ਨਾਲੋਂ ਬਹੁਤ ਹੀ ਘੱਟ ਹੈ। ਗ਼ਰੀਬ ਬਜ਼ੁਰਗਾਂ ਨੂੰ ਪੈਨਸ਼ਨ ਆਦਿ ਦੇਣ ਦੀ ਵਿਵਸਥਾ ਬਹੁਤ ਨਿਗੂਣੀ ਰਕਮ ਦੇ ਰੂਪ ਵਿਚ ਹੈ। 1000- 1500 ਰੁਪਏ ਨਾਲ ਮਹੀਨੇ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੀ ਨਹੀਂ ,ਅਸੰਭਵ ਵੀ ਹੈ। ਵਿਦੇਸ਼ਾਂ ਵਿਚ ਹਰੇਕ ਨਾਗਰਿਕ ਕੋਲ ਸਮਾਜਿਕ ਸੁਰੱਖਿਆ ਨੰਬਰ ਹੁੰਦਾ ਹੈ ਜਿਸ ਤਹਿਤ ਜਰੂਰਤ ਪੈਣ ਤੇ ਉਸ ਨੂੰ ਘੱਟੋ ਘੱਟ ਰਾਸ਼ੀ ਮੁੱਹਈਆ ਕੀਤੀ ਜਾਂਦੀ ਹੈ ਜਿਸ ਨਾਲ ਉਸ ਦਾ ਗੁੱਜ਼ਰ ਬਸਰ ਹੋ ਸਕੇ। ਭਾਰਤ ਵਿਚ ਇਹੋ ਜਿਹਾ ਸੋਸ਼ਲ ਸਿਕਿਉਰਟੀ ਸਿਸਟਮ ਨਹੀਂ ਹੈ। ਇਸ ਲਈ ਬਿਰਧ ਆਸ਼ਰਾਂ ਜਾਂ ਘਰਾਂ ਵਿਚ ਹੋਰ ਸੁਧਾਰ ਤੇ ਤਬਦੀਲੀਆਂ ਲਿਆਉਣ ਦੀ ਜਰੂਰਤ ਹੈ। ਕਿਉਂਕਿ ਜੇਕਰ ਬੱਚੇ ਦੇਸ਼ ਦਾ ਭਵਿੱਖ ਹਨ, ਨੌਜਵਾਨ ਵਰਤਮਾਨ ਤੇ ਮੁਲਕ ਦਾ ਸਰਮਾਇਆ ਹਨ, ਤਾਂ ਬਜ਼ੁਰਗ ਸਾਡੀਆਂ ਜੜ੍ਹਾਂ ਹਨ। ਜੀਵਨ ਭਰ ਦਾ ਕੌੜਾ ਮਿੱਠਾ ਤਜਰਬਾ ਉਹਨਾਂ ਕੋਲ ਹੈ ਜੋ ਸਾਨੂੰ ਵਿਰਸੇ ਵਿਚ ਮਿਲਦਾ ਹੈ। ਇਸ ਲਈ ਬਜ਼ੁਰਗਾਂ ਦੀ ਮਿਆਰੀ ਦੇਖਭਾਲ ਤੇ ਸਾਂਭ ਸੰਭਾਲ ਵਾਸਤੇ ਨਿਗਰ ਤੇ ਠੋਸ ਸੁਧਾਰਾਂ ਦੀ ਜਰੂਰਤ ਹੈ।

ਇਸ ਵੇਲੇ ਸਰਕਾਰੀ ਤੇ ਗੈਰ ਸਰਕਾਰੀ ਦੋਵਾਂ ਤਰਾਂ ਦੇ ਬਿਰਧ ਆਸ਼ਰਮ ਜਾਂ ਘਰ ਚੱਲ ਰਹੇ ਹਨ। ਇਨ੍ਹਾਂ ਨੂੰ ਸਹੀ ਢੰਗ ਨਾਲ ਚਲਾਉਣ ਲਈ ੂੰਫਓ ਨੇ ਜਿਹੜੀਆਂ ਹੋਰ ਸੰਸਥਾਵਾਂ ਨਾਲ ਮਿਲ ਕੇ ਅਧਿਐਨ ਕਰਵਾਏ ਹਨ ਉਨ੍ਹਾਂ ਨੇ ਸੁਝਾਅ ਦਿਤੇ ਹਨ ਕਿ –

ਇਨ੍ਹਾਂ ਬਿਰਧ ਘਰਾਂ ਦਾ ਸੰਰਚਨਾਤਮਕ ਢਾਂਚਾ ਠੀਕ ਹੋਵੇ ਅਤੇ ਲੋੜੀਂਦਾ ਸਾਜ਼ੋ ਸਮਾਨ ਉਪਲਬਧ ਹੋਵੇ। ਕਮਰਿਆਂ ਜਾਂ ਬਾਥਰੂਮਾਂ ਦੀ ਉਚਾਈ ਜਾਂ ਪਹੁੰਚ ਉਹਨਾਂ ਦੀ ਸਰੀਰਕ ਜਰੂਰਤ ਮੁਤਾਬਕ ਹੋਵੇ। ਦਿਨ ਰਾਤ ਦੀ ਸੁਰੱਖਿਆ ਅਤੇ ਹਿਫਾਜ਼ਤ ਦਾ ਸੁਚੱਜਾ ਪ੍ਰਬੰਧ ਹੋਵੇ। ਇਥੇ ਜ਼ਰੂਰਤ ਅਨੁਸਾਰ ਆਰਾਮ ਕਰਨ ਅਤੇ ਪੂਜਾ ਪਾਠ ਕਰਨ ਦੀ ਵਿਵਸਥਾ ਦਾ ਵੀ ਉਨਾਂ ਹੀ ਮਹੱਤਵ ਹੈ ਜਿਤਨਾ ਉਹਨਾਂ ਦੀ ਦਵਾ ਦਾਰੂ ਦਾ। ਉਹਨਾਂ ਨਾਲ ਆਦਰ ਸਤਿਕਾਰ ਨਾਲ ਬੋਲਿਆ ਜਾਵੇ ਤੇ ਮਾਣ -ਮਰਿਆਦਾ ਵਾਲੀ ਜ਼ਿੰਦਗੀ ਦਾ ਅਹਿਸਾਸ ਕਰਵਾਇਆ ਜਾਵੇ। ਇਸ ਤੋਂ ਇਲਾਵਾ ਸੁਚੱਜੀਆਂ ਤੇ ਮਿਆਰੀ ਪ੍ਰਸ਼ਾਸਨਕ ਤੇ ਪ੍ਰਬੰਧਕੀ ਸਹੂਲਤਾਂ ਨੂੰ ਯਕੀਨੀ ਬਣਾਉਣਾ ਵੀ ਜਰੂਰੀ ਹੈ। ਕੁਝ ਲੋਕ ਉਹਨਾਂ ਵਿਚ ਜਾ ਕੇ ਆਪਣੀਆਂ ਪਰਿਵਾਰਕ ਖੁਸ਼ੀਆਂ ਦੇ ਮੌਕੇ ਸਾਂਝੇ ਕਰਦੇ ਹਨ ਜਿਵੇਂ ਜਨਮ ਦਿਨ ,ਵਿਆਹ ਦੀ ਵਰ੍ਹੇਗੰਢ ਆਦਿ। ਕੁਝ ਸਕੂਲਾਂ ਵਾਲੇ ਆਪਣੇ ਬੱਚਿਆਂ ਨੂੰ ਬਿਰਧ ਆਸ਼ਰਾਂ ਵਿਚ ਲੈ ਕੇ ਜਾਂਦੇ ਹਨ। ਇਸ ਪ੍ਰਕਾਰ ਦੇ ਬਾਹਰੀ ਸੰਪਰਕ ਨਾਲ ਕੁਝ ਸਮੇਂ ਲਈ ਉਨ੍ਹਾਂ ਨੂੰ ਮਾਨਸਿਕ ਸਕੂਨ ਮਿਲਦਾ ਹੈ। ਪਰ ਅਸੀਂ ਦੇਖਦੇ ਹਾਂ ਕਿ ਆਮ ਤੌਰ ਤੇ ਇਨ੍ਹਾਂ ਆਸ਼ਰਮਾਂ ਵਿਚ ਸੁਰੱਖਿਆ ਪ੍ਰਬੰਧ ਨਾ ਮਾਤਰ ਹਨ ਸਾਫ ਸਫਾਈ ਦਾ ਵੀ ਉਨ੍ਹਾਂ ਧਿਆਨ ਨਹੀਂ ਰੱਖਿਆ ਜਾਂਦਾ। ਕਿਉਂਕਿ ਇਹ ਬਜ਼ੁਰਗ ਵੱਖ-ਵੱਖ ਪਿਛੋਕੜ ਤੋਂ ਹੁੰਦੇ ਹਨ ਪਰ ਸਭ ਨਾਲ ਇੱਕੋ ਜਿਹਾ ਹੀ ਵਰਤਾਓ ਕਰਨਾ ਪੈਂਦਾ ਹੈ ਜਾਂ ਵਰਤਾਓ ਕੀਤਾ ਜਾਂਦਾ ਹੈ। ਸਾਰਿਆਂ ਨੂੰ ਇੱਕੋ ਜਿਹਾ ਭੋਜਨ ਵਰਤਾਇਆ ਜਾਂਦਾ ਹੈ। ਨਿਜੀ ਸਹੂਲਤਾਂ ਜਾਂ ਜ਼ਰੂਰਤਾਂ ਇਸ ਪ੍ਰਕਾਰ ਨਾਲ ਨਜ਼ਰ ਅੰਦਾਜ਼ ਹੋ ਜਾਂਦੀਆਂ ਹਨ। ਸਭ ਤੋਂ ਵੱਧ ਮਹੱਤਵਪੂਰਨ ਗੱਲ ਹੈ ਕਿ ਬਜ਼ੁਰਗਾਂ ਨੂੰ ਸਾਂਭਣ ਦੀ ਖਾਸ ਪ੍ਰਕਾਰ ਦੀ ਟ੍ਰੇਨਿੰਗ ਕਿਸੇ ਵੀ ਸਟਾਫ ਮੈਂਬਰ ਕੋਲ ਨਹੀਂ ਹੁੰਦੀ। ਆਮ ਤੌਰ ਤੇ ਇਨ੍ਹਾਂ ਸੰਸਥਾਵਾਂ ਵਿਚ ਰਿਟਾਇਰਡ ਸ਼ਖ਼ਸੀਅਤਾਂ ਆਪਣੀਆਂ ਸੇਵਾਵਾਂ ਵਲੰਟੀਅਰ ਕਰਦੀਆਂ ਹਨ। ਫੰਡਾਂ ਦੀ ਘਾਟ ਹਮੇਸ਼ਾਂ ਹੀ ਰੜਕਦੀ ਰਹਿੰਦੀ ਹੈ। ਜਿਸ ਨਾਲ ਪ੍ਰਬੰਧਕ ਸਾਰਾ ਕੁੱਝ ਜਾਣਦੇ ਹੋਏ ਵੀ ਇਹ ਸੇਵਾਵਾਂ ਦੇਣ ਦੇ ਅਸਮਰੱਥ ਹਨ। ਵਿਕਸਿਤ ਦੇਸ਼ਾਂ ਵਿਚ ਬਿਰਧ ਘਰਾਂ ਵਿਚ ਸਭ ਤਰ੍ਹਾਂ ਦੀਆਂ ਸਹੂਲਤਾਂ ਪਹਿਲਤਾ ਦੇ ਆਧਾਰ 'ਤੇ ਦਿਤੀਆਂ ਜਾਂਦੀਆਂ ਹਨ।

ਇਸ ਲਈ ਜ਼ਰੂਰੀ ਹੈ ਕਿ, ਪਹਿਲਾਂ ਤਾਂ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ ਕਿ ਬਜ਼ੁਰਗਾਂ ਨੂੰ ਆਪਣੇ ਨਾਲ ਘਰਾਂ ਵਿਚ ਹੀ ਰਖਿਆ ਜਾਵੇ। ਦੂਜੇ ਜਿਥੇ ਕਿਤੇ ਵੀ ਬਿਰਧ ਆਸ਼ਰਮ ਜਾਂ ਘਰ ਹਨ ਉਹਨਾਂ ਨੂੰ ਲੋੜੀਂਦੇ ਫੰਡ ਸਰਕਾਰੀ ਤੌਰ ਤੇ ਮੁਹੱਈਆ ਕੀਤੇ ਜਾਣ। ਕੇਰਲਾ ਅਤੇ ਤਾਮਿਲਨਾਡੂ ਵਿਚ ਇਨ੍ਹਾਂ ਬਿਰਧ ਆਸ਼ਰਮਾਂ ਦੀ ਹਾਲਤ ਬਾਕੀ ਰਾਜਾਂ ਨਾਲੋਂ ਚੰਗੀ ਹੈ। ਪੰਜਾਬ ਵਿਚ ਦੋਰਾਹਾ ਵਿਖੇ ਬਿਰਧ ਘਰ ਵਧੀਆ ਤਰੀਕੇ ਨਾਲ ਚਲ ਰਿਹਾ ਹੈ ਜਿਥੇ ਬਜ਼ੁਰਗ ਵੀ ਮੁਕਾਬਲਤਨ ਚੰਗੇ ਪਿਛੋਕੜ ਤੋਂ ਹਨ ਅਤੇ ਪ੍ਰਬੰਧਕੀ ਸਟਾਫ ਵੀ ਆਧੁਨਿਕ ਸਹੂਲਤਾਂ ਪ੍ਰਤੀ ਸੁਚੇਤ ਹੈ। ਗੈਰ ਸਰਕਾਰੀ ਸੰਸਥਾਵਾਂ ਦੇ ਨਾਲ ਨਾਲ ਉਦਯੋਗਿਕ ਘਰਾਣਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਕਮਾਈ ਦਾ ਘੱਟੋ ਘਟ 10% ਕਾਰਪੋਰੇਟ ਸੋਸ਼ਲ ਜ਼ਿਮੇਵਾਰੀ ਦੇ ਤੌਰ ਤੇ ਇਨ੍ਹਾਂ ਆਸ਼ਰਮਾਂ ਦੇ ਰੱਖ ਰਖਾਵ ਅਤੇ ਸੁਧਾਰ ਲਈ ਖਰਚ ਕਰਨ। ਇਸ ਤੋਂ ਇਲਾਵਾ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਚਲ ਰਹੇ ਸੋਸ਼ਲ ਵਰਕ ਦੇ ਮਹਿਕਮਿਆਂ ਨੂੰ ਵੀ ਇਸ ਪਾਸੇ ਗੌਰ ਕਰਨ ਦੀ ਜ਼ਰੂਰਤ ਹੈ ਕਿ ਉਹ ਬਜ਼ੁਰਗਾਂ ਦੀ ਦੇਖ ਭਾਲ ਜਾਂ ਸੇਵਾ ਸੰਭਾਲ ਨਾਲ ਜੁੜੇ ਕੋਰਸ ਬੱਚਿਆਂ ਨੂੰ ਕਰਵਾਉਣ, ਪ੍ਰੈਕਟੀਕਲ ਟ੍ਰੇਨਿੰਗ ਦੇਣ ਤਾਂ ਕਿ ਉਨ੍ਹਾਂ ਬੱਚਿਆਂ ਨੂੰ ਇਨ੍ਹਾਂ ਬਿਰਧ ਆਸ਼ਰਮਾਂ/ਘਰਾਂ/ ਸੰਸਥਾਵਾਂ ਵਿਚ ਕੰਮ ਤੇ ਲਾਇਆ ਜਾ ਸਕੇ। ਰੋਜ਼ਾਨਾ ਜ਼ਿੰਦਗੀ ਦਾ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਵਾਸਤੇ ਇਨ੍ਹਾਂ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ, ਪ੍ਰਬੰਧਕਾਂ ਦੁਆਰਾ ਕੀਤੇ ਕੰਮ ਕਾਜ ਦੀ ਸਾਲਾਨਾ ਰਿਪੋਰਟ ਤਿਆਰ ਕੀਤੀ ਜਾਵੇ ਅਤੇ ਵੇਲੇ ਕੁਵੇਲੇ ਚੈਕਿੰਗ ਕੀਤੀ ਜਾਣੀ ਚਾਹੀਦੀ ਹੈ। ਰੈਗੂਲਰ ਤੌਰ ਤੇ ਡਾਕਟਰ ਅਤੇ ਨਰਸ ਦੀ ਫੇਰੀ ਵੀ ਜ਼ਰੂਰੀ ਹੈ। ਇਸ ਲਈ ਕੇਵਲ ਦਾਨ ਪੁੰਨ ਜਾਂ ਇਧਰੋਂ ਓਧਰੋਂ ਆਉਂਦੀ ਵਿਤੀ ਸਹਾਇਤਾ ਉਪਰ ਨਿਰਭਰ ਨਹੀਂ ਕੀਤਾ ਜਾ ਸਕਦਾ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਬਚਨ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਉਤੇ ਪਹਿਰਾ ਦਿੰਦਿਆਂ 'ਚਾਰ ਮੂਏ ਤੋ ਕਿਆ ਹੂਆ ਜੀਵਿਤ ਕਈ ਹਜਾਰ॥' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ ਕਲਗੀਧਰ ਪਾਤਸ਼ਾਹ ਦਸਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ



ਅਮਰੀਕ ਸਿੰਘ ਸ਼ਿਕਾਗੋ



ਪਰਮਵੀਰ ਸਿੰਘ, ਸ਼ਿਕਾਗੋ



ਮਨਜਿੰਦਰ ਸਿੰਘ, ਸ਼ਿਕਾਗੋ

**Amar Carpets Inc.**
2423 W Devon Ave. Chicago IL 60659
Ph: 773-508-5253, 773-507-8043
Fax: 773-508-5249

**Best Flooring & Carpet Ltd**
2761 W. Algonquin Rd., Algonquin, IL 60102
Paramvir Singh, Ph: 773-956-0718
bestflooring13@gmail.com

ਵਲੋਂ: ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਸਮੁੱਚਾ ਅਮਰ ਕਾਰਪੈਟਸ ਪਰਿਵਾਰ

# ਭਾਰਤ ਨੈਤਿਕ ਪੱਖੋਂ ਦਿਸ਼ਾਹੀਣ ਹੋ ਗਿਆ...

***ਤੀਜਾ ਪੀ. ਗੋਵਿੰਦਾ ਪਿਲੇ ਯਾਦਗਾਰੀ ਇਨਾਮ ਇਸ ਸਾਲ ਉਘੀ ਲਿਖਾਰੀ ਅਤੇ ਕਾਰਕੁਨ ਅਰੁੰਧਤੀ ਰਾਏ ਨੂੰ ਦਿੱਤਾ ਗਿਆ ਹੈ। 13 ਦਸੰਬਰ 2023 ਨੂੰ ਤਿਰੂਵਨੰਤਪੁਰਮ (ਕੇਰਲ) ਵਿਚ ਕਰਵਾਏ ਸਮਾਗਮ ਦੌਰਾਨ ਇਹ ਇਨਾਮ ਲੈਂਦੇ ਵਕਤ ਅਰੁੰਧਤੀ ਰਾਏ ਨੇ ਜੋ ਭਾਸ਼ਣ ਦਿੱਤਾ, ਉਹ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਮੈਨੂੰ ਪੀ. ਗੋਵਿੰਦਾ ਪਿਲੇ ਦੇ ਨਾਮ 'ਤੇ ਇਹ ਸਨਮਾਨ ਦੇਣ ਲਈ ਧੰਨਵਾਦ ਜੋ ਕੇਰਲ ਤੋਂ ਮਾਰਕਸਵਾਦੀ ਸਿਧਾਂਤ ਦੇ ਸਭ ਤੋਂ ਅਸਾਧਾਰਨ ਵਿਦਵਾਨਾਂ 'ਚੋਂ ਇਕ ਸਨ। ਇਸ ਲਈ ਵੀ ਧੰਨਵਾਦ ਕਿ ਤੁਸੀਂ ਮੈਨੂੰ ਇਹ ਸਨਮਾਨ ਦੇਣ ਲਈ ਐੱਨ. ਰਾਮ ਨੂੰ ਕਿਹਾ। ਮੈਂ ਜਾਣਦੀ ਹਾਂ ਕਿ ਇਹ ਸਨਮਾਨ ਪਿਛਲੇ ਸਾਲ ਉਸ ਨੂੰ ਮਿਲਿਆ ਸੀ ਪਰ ਕਈ ਮਾਇਨਿਆਂ 'ਚ ਮੇਰੇ ਇਸ ਸਨਮਾਨ 'ਚ ਵੀ ਉਸ ਦਾ ਹਿੱਸਾ ਹੈ। 1998 'ਚ 'ਫਰੰਟਲਾਈਨ' ਦੇ ਸੰਪਾਦਕ ਦੇ ਰੂਪ 'ਚ ਅਤੇ 'ਆਊਟਲੁੱਕ' ਦੇ ਸੰਪਾਦਕ ਵਿਨੋਦ ਮਹਿਤਾ ਦੇ ਨਾਲ ਉਸ ਨੇ ਮੇਰਾ ਪਹਿਲਾ ਸਿਆਸੀ ਲੇਖ 'ਦਿ ਐਂਡ ਆਫ ਇਮੈਜੀਨੇਸ਼ਨ' ਪ੍ਰਕਾਸ਼ਿਤ ਕੀਤਾ ਸੀ ਜੋ ਭਾਰਤ ਦੇ ਪਰਮਾਣੂ ਤਜਰਬਿਆਂ ਬਾਰੇ ਸੀ।



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਸ ਤੋਂ ਬਾਅਦ ਕਈ ਸਾਲਾਂ ਤੱਕ ਉਹ ਮੇਰੀਆਂ ਲਿਖਤਾਂ ਛਾਪਦੇ ਰਹੇ। ਉਨ੍ਹਾਂ ਦੇ ਨਿਧੜਕ ਸੰਪਾਦਕ ਹੋਣ ਨੇ ਹੀ ਮੈਨੂੰ ਅਜਿਹੀ ਲੇਖਕ ਬਣਨ ਦਾ ਭਰੋਸਾ ਦਿੱਤਾ ਜੋ ਮੈਂ ਅੱਜ ਹਾਂ।

ਮੈਂ ਭਾਰਤ ਵਿਚ ਆਜ਼ਾਦ ਪ੍ਰੈੱਸ ਦੇ ਅੰਤ ਬਾਰੇ ਭਾਸ਼ਣ ਨਹੀਂ ਦੇ ਰਹੀ, ਅਸੀਂ ਸਾਰੇ ਇਸ ਬਾਰੇ ਜਾਣਦੇ ਹਾਂ। ਨਾ ਹੀ ਮੈਂ ਇਸ ਬਾਰੇ ਬੋਲਣਾ ਹੈ ਕਿ ਉਨ੍ਹਾਂ ਸਾਰੀਆਂ ਸੰਸਥਾਵਾਂ ਦਾ ਕੀ ਹਸ਼ਰ ਹੋਇਆ ਜੋ ਸਾਡੇ ਲੋਕਤੰਤਰ ਨੂੰ ਚਲਾਉਣ ਅਤੇ ਇਸ ਨੂੰ ਸਹੀ ਰਾਹ 'ਤੇ ਚੱਲਦਾ ਰੱਖਣ ਲਈ ਬਣਾਈਆਂ ਸਨ। ਵੀਹ ਸਾਲਾਂ ਤੋਂ ਮੈਂ ਇਹੀ ਕਰ ਰਹੀ ਹਾਂ ਅਤੇ ਮੈਨੂੰ ਯਕੀਨ ਹੈ ਕਿ ਇੱਥੇ ਮੌਜੂਦ ਤੁਸੀਂ ਸਾਰੇ ਮੇਰੇ ਨਜ਼ਰੀਏ ਤੋਂ ਜਾਣੂ ਹੋ।

ਉੱਤਰੀ ਭਾਰਤ ਤੋਂ ਕੇਰਲ ਆਉਣ ਤੋਂ ਬਾਅਦ ਜਾਂ ਤਕਰੀਬਨ ਕਿਸੇ ਵੀ ਦੱਖਣੀ ਰਾਜ 'ਚ ਆ ਕੇ ਮੈਂ ਸਕੂਨ ਵੀ ਮਹਿਸੂਸ ਕਰਦੀ ਹਾਂ ਤੇ ਬੇਚੈਨੀ ਵੀ। ਉੱਤਰ 'ਚ ਰਹਿਣ ਵਾਲੇ ਸਾਡੇ 'ਚੋਂ ਅਨੇਕਾਂ ਲੋਕਾਂ ਨੂੰ ਰੋਜ਼ਮੱਰਾ ਜ਼ਿੰਦਗੀ 'ਚ ਜਿਸ ਦਹਿਸ਼ਤ ਸੰਗ ਜਿਊਣਾ ਪੈ ਰਿਹਾ ਹੈ, ਇੱਥੇ ਆ ਕੇ ਲੱਗਦਾ ਹੈ ਕਿ ਮੈਂ ਉਸ ਤੋਂ ਕਿੰਨੀ ਦੂਰ ਆ ਗਈ ਹਾਂ। ਉਂਝ, ਹਕੀਕਤ ਇਹ ਹੈ ਕਿ ਅਸੀਂ ਜਿੰਨਾ ਸੋਚ ਰਹੇ ਹਾਂ, ਇਹ ਓਨਾ ਦੂਰ ਹੈ ਨਹੀਂ। ਜੇ ਮੌਜੂਦਾ ਹਕੂਮਤ ਅਗਲੇ ਸਾਲ ਮੁੜ ਸੱਤਾ 'ਚ ਆਉਂਦੀ ਹੈ ਤਾਂ 2026 'ਚ ਸੀਮਾ ਤੈਅ ਕਰਨ ਦੀ ਕਾਰਵਾਈ ਤਹਿਤ ਇਹ ਸੰਭਵ ਹੈ ਕਿ ਸੰਸਦ ਵਿਚ ਅਸੀਂ ਜਿੰਨੇ ਐੱਮ.ਪੀ. ਹੁਣ ਭੇਜਦੇ ਹਾਂ, ਉਨ੍ਹਾਂ ਦੀ ਗਿਣਤੀ ਘਟ ਕੇ ਪੂਰੇ ਦੱਖਣੀ ਭਾਰਤ ਦੀ ਤਾਕਤ ਖੋਹ ਲਈ ਜਾਵੇ। ਸਾਨੂੰ ਸਿਰਫ਼ ਸੀਮਾ ਤੈਅ ਕਰਨ ਦਾ ਖ਼ਤਰਾ ਹੀ ਦਰਪੇਸ਼ ਨਹੀਂ, ਸਾਡੇ ਵੰਨ-ਸਵੰਨਤਾ ਵਾਲੇ ਮੁਲਕ ਦੀ ਰੀੜ੍ਹ ਫੈਡਰਲਿਜ਼ਮ ਵੀ ਖ਼ਤਰੇ 'ਚ ਹੈ।

ਜਿਸ ਤਰ੍ਹਾਂ ਕੇਂਦਰ ਸਰਕਾਰ ਬੇਲਗਾਮ ਤਾਕਤ ਆਪਣੇ ਹੱਥ ਹੇਠ ਕਰ ਰਹੀ ਹੈ, ਉਸ ਵਿਚ ਸਾਨੂੰ ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਰਾਜ ਵਾਲੇ ਸੂਬਿਆਂ ਦੇ ਹਿੱਸੇ ਲਈ ਲੇਲ੍ਹੜੀਆਂ ਕੱਢਣੀਆਂ ਪੈ ਰਹੀਆਂ ਹਨ। ਫੈਡਰਲਿਜ਼ਮ ਨੂੰ ਵੱਜੀ ਸਭ ਤੋਂ ਤਾਜ਼ਾ ਸੱਟ ਸੁਪਰੀਮ ਕੋਰਟ ਦਾ ਫ਼ੈਸਲਾ ਹੈ ਜਿਸ ਵਿਚ ਅਦਾਲਤ ਨੇ ਸੰਵਿਧਾਨ ਦੀ ਧਾਰਾ 370 ਦੇ ਖਾਤਮੇ ਨੂੰ ਸਹੀ ਦੱਸਦੇ ਹੋਏ ਮਨਜ਼ੂਰੀ ਦੇ ਦਿੱਤੀ ਹੈ। ਇਸ ਧਾਰਾ 'ਚ ਜੰਮੂ ਕਸ਼ਮੀਰ ਨੂੰ ਅਰਧ-ਖ਼ੁਦਮੁਖਤਾਰ ਦਰਜਾ ਦਿੱਤਾ ਗਿਆ ਸੀ। ਭਾਰਤ ਵਿਚ ਵਿਸ਼ੇਸ਼ ਦਰਜਾ ਰੱਖਣ ਵਾਲਾ ਇਹ ਇਕੱਲਾ ਰਾਜ ਨਹੀਂ। ਇਹ ਕਲਪਨਾ ਕਰਨਾ ਗੰਭੀਰ ਗ਼ਲਤੀ ਹੋਵੇਗੀ ਕਿ ਇਸ ਫ਼ੈਸਲੇ ਦਾ ਸਬੰਧ ਸਿਰਫ਼ ਕਸ਼ਮੀਰ ਨਾਲ ਹੈ। ਇਸ ਦਾ ਅਸਰ ਸਾਡੀ ਰਾਜਸੀ ਵਿਵਸਥਾ ਦੇ ਬੁਨਿਆਦੀ ਢਾਂਚੇ ਤੱਕ ਜਾਂਦਾ ਹੈ।

ਅੱਜ ਮੈਂ ਐਸੀ ਚੀਜ਼ ਦੀ ਗੱਲ ਕਰਨਾ ਚਾਹੁੰਦੀ ਹਾਂ ਜੋ ਕਿਤੇ ਜ਼ਿਆਦਾ ਫੌਰੀ ਅਤੇ ਜ਼ਰੂਰੀ ਹੈ। ਸਾਡੇ ਮੁਲਕ ਨੇ ਆਪਣੀ ਨੈਤਿਕ ਦਿਸ਼ਾ ਗੁਆ ਦਿੱਤੀ ਹੈ। ਸਭ ਤੋਂ ਘਿਨਾਉਣੇ ਜੁਰਮ, ਸਮੂਹਿਕ ਕਤਲੇਆਮ (ਜੈਨੋਸਾਈਡ) ਅਤੇ ਨਸਲੀ ਸਫ਼ਾਏ (ਐਥਨਿਕ ਕਲੈਨਜ਼ਿੰਗ) ਦੇ ਸਭ ਤੋਂ ਖ਼ੌਫ਼ਨਾਕ ਐਲਾਨਾਂ ਦੀਆਂ ਤਾਰੀਫ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਰਾਜਨੀਤਕ ਇਨਾਮ ਦਿੱਤੇ ਜਾ ਰਹੇ ਹਨ। ਸਾਰੀ ਦੀ ਸਾਰੀ ਦੌਲਤ ਜਿੱਥੇ ਕੁਝ ਕੁ ਹੱਥਾਂ 'ਚ ਸਿਮਟ ਰਹੀ ਹੈ, ਉੱਥੇ ਗ਼ਰੀਬਾਂ ਨੂੰ ਕੁਝ ਬੁਰਕੀਆਂ ਸੁੱਟ ਕੇ ਹੀ ਉਹੀ ਤਾਕਤਾਂ ਸੱਤਾ ਹਾਸਲ ਕਰਨ 'ਚ ਕਾਮਯਾਬ ਹੋ ਰਹੀਆਂ ਹਨ ਜੋ ਗ਼ਰੀਬ ਅਵਾਮ ਦੀ ਬਦਹਾਲੀ ਨੂੰ ਹੋਰ ਵਧਾ ਰਹੀਆਂ ਹਨ।

ਸਾਡੇ ਸਮਿਆਂ ਦੀ ਸਭ ਤੋਂ ਹੈਰਾਨ ਕਰਨ ਵਾਲੀ ਉਲਝਣ ਇਹ ਹੈ- ਇੰਝ ਜਾਪਦਾ ਹੈ ਕਿ ਸਾਰੀ ਦੁਨੀਆ 'ਚ ਲੋਕ ਖ਼ੁਦ ਨੂੰ ਹੋਰ ਵੀ ਨਿਤਾਣੇ ਅਤੇ ਵਾਂਝੇ ਬਣਾਉਣ ਲਈ ਵੋਟਾਂ ਪਾ ਰਹੇ ਹਨ। ਉਨ੍ਹਾਂ ਕੋਲ ਜੋ ਜਾਣਕਾਰੀ ਹੈ, ਉਸੇ ਦੇ ਆਧਾਰ 'ਤੇ ਵੋਟ ਪਾਉਂਦੇ ਹਨ। ਇਹ ਜਾਣਕਾਰੀ ਕੀ ਹੈ ਅਤੇ ਉਸ ਉੱਪਰ ਕਿਸ ਦਾ ਕੰਟਰੋਲ ਹੈ, ਇਹ ਆਧੁਨਿਕ ਦੁਨੀਆ ਦਾ ਮਿੱਠਾ ਮੁਹਰਾ ਹੈ। ਜਿਨ੍ਹਾਂ ਲੋਕਾਂ ਦਾ ਤਕਨੀਕ ਉੱਪਰ ਕਬਜ਼ਾ ਹੈ, ਉਸੇ ਦਾ ਦੁਨੀਆ ਉੱਪਰ ਕਬਜ਼ਾ ਹੈ ਪਰ ਆਖ਼ਿਰਕਾਰ ਮੈਂ ਮੰਨਦੀ ਹਾਂ ਕਿ ਅਵਾਮ ਉੱਪਰ ਕਬਜ਼ਾ ਨਹੀਂ ਕੀਤਾ ਜਾ ਸਕਦਾ ਅਤੇ ਉਹ ਕਬਜ਼ੇ 'ਚ ਨਹੀਂ ਕੀਤੇ ਜਾ ਸਕਣਗੇ। ਮੈਂ ਮੰਨਦੀ ਹਾਂ ਕਿ ਨਵੀਂ ਪੀੜ੍ਹੀ ਬਗ਼ਾਵਤ 'ਚ ਉੱਠ ਖੜ੍ਹੀ ਹੋਵੇਗੀ। ਇਨਕਲਾਬ ਆਵੇਗਾ ਸਗੋਂ ਇਨਕਲਾਬ ਆਉਣਗੇ, ਬਹੁਤ ਸਾਰੇ ਇਨਕਲਾਬ।

ਮੈਂ ਕਿਹਾ ਹੈ ਕਿ ਮੁਲਕ ਦੇ ਰੂਪ 'ਚ ਅਸੀਂ ਆਪਣੀ ਨੈਤਿਕ ਦਿਸ਼ਾ ਗੁਆ ਚੁੱਕੇ ਹਾਂ। ਸਾਰੀ ਦੁਨੀਆ 'ਚ ਲੱਖਾਂ ਯਹੂਦੀ, ਮੁਸਲਮਾਨ, ਇਸਾਈ, ਹਿੰਦੂ, ਕਮਿਊਨਿਸਟ, ਸੰਦੇਹਵਾਦੀ ਲੋਕ ਸੜਕਾਂ ਉੱਪਰ ਉੱਤਰੇ ਹੋਏ ਹਨ, ਗਾਜ਼ਾ ਉੱਪਰ ਤੁਰੰਤ ਹਮਲਾ ਬੰਦ ਕਰਨ ਦੀ ਮੰਗ ਕਰ ਰਹੇ ਹਨ ਪਰ ਸਾਡੇ ਮੁਲਕ ਦੀਆਂ ਸੜਕਾਂ ਅੱਜ ਖ਼ਾਮੋਸ਼ ਹਨ। ਇਹ ਸਾਡਾ ਉਹੀ ਮੁਲਕ ਜੋ ਕਦੇ ਗ਼ੁਲਾਮ, ਬਸਤੀਆਂ ਬਣਾਏ ਗ਼ੁਲਾਮਾਂ ਦਾ ਸੱਚਾ ਦੋਸਤ ਹੁੰਦਾ ਸੀ, ਜੋ ਫਲਸਤੀਨ ਦਾ ਸੱਚਾ ਦੋਸਤ ਹੁੰਦਾ ਸੀ। ਜਿਨ੍ਹਾਂ ਸੜਕਾਂ ਉੱਪਰ ਕਦੇ ਲੱਖਾਂ ਲੋਕਾਂ ਦੇ ਜਲੂਸ ਨਿੱਕਲਦੇ ਹੁੰਦੇ ਸਨ, ਉਹੀ ਸੜਕਾਂ ਅੱਜ ਖ਼ਾਮੋਸ਼ ਹਨ। ਕੁਝ ਕੁ ਨੂੰ ਛੱਡ ਕੇ ਸਾਡੇ ਜ਼ਿਆਦਾਤਰ ਲੇਖਕ ਅਤੇ ਬੁੱਧੀਜੀਵੀ ਵੀ ਖ਼ਾਮੋਸ਼ ਹਨ। ਕਿੰਨਾ ਸ਼ਰਮਨਾਕ ਹੈ; ਤੇ ਦੂਰਅੰਦੇਸ਼ੀ ਨਾ ਹੋਣ ਦਾ ਕੈਸਾ ਅਫ਼ਸੋਸਨਾਕ ਮੁਜ਼ਾਹਰਾ ਹੈ।

ਜਦੋਂ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਸਾਡੇ ਲੋਕਤੰਤਰ ਦੇ ਢਾਂਚੇ ਨੂੰ ਸਿਲਸਿਲੇਵਾਰ ਤਰੀਕੇ ਨਾਲ ਤਬਾਹ ਕੀਤਾ ਜਾ ਰਿਹਾ ਹੈ ਅਤੇ ਅਸਾਧਾਰਨ ਵੰਨ-ਸਵੰਨਤਾ ਵਾਲੇ ਸਾਡੇ ਵਤਨ ਉੱਪਰ ਝੂਠਾ, ਸਭ ਨੂੰ ਇੱਕੋ ਰੱਸੇ ਨੂੜ ਦੇਣ ਵਾਲਾ ਸੰਕੀਰਨ ਰਾਸ਼ਟਰਵਾਦ ਥੋਪਿਆ ਜਾ ਰਿਹਾ ਹੈ ਤਾਂ ਘੱਟੋ-ਘੱਟ ਜੋ ਲੋਕ ਖ਼ੁਦ ਨੂੰ ਬੁੱਧੀਜੀਵੀ ਕਹਿੰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਮੁਲਕ 'ਚ ਵੀ ਤਬਾਹੀ ਦਾ ਵਿਸਫੋਟ ਹੋ ਸਕਦਾ ਹੈ।

ਜੇ ਅਸੀਂ ਇਜ਼ਰਾਈਲ ਵੱਲੋਂ ਫ਼ਲਸਤੀਨੀਆਂ ਦੇ ਕੀਤੇ ਜਾ ਰਹੇ ਖੁੱਲ੍ਹੇਆਮ ਕਤਲੇਆਮ ਉੱਪਰ ਕੁਝ ਨਹੀਂ ਬੋਲਦੇ, ਜਦਕਿ ਇਹ ਲਾਈਵਸਟ੍ਰੀਮ ਹੋ ਕੇ ਸਾਡੀਆਂ ਨਿੱਜੀ ਜ਼ਿੰਦਗੀਆਂ ਦੇ ਸਭ ਤੋਂ ਅੰਦਰਲੇ ਕੋਨਿਆਂ ਤੱਕ ਪਹੁੰਚ ਰਿਹਾ ਹੈ ਤਾਂ ਅਸੀਂ ਇਸ ਕਤਲੇਆਮ ਵਿਚ ਭਾਈਵਾਲ ਬਣ ਜਾਂਦੇ ਹਾਂ। ਕੀ ਸਾਡੇ ਅੰਦਰਲਾ ਕੁਝ ਨੈਤਿਕ ਹਮੇਸ਼ਾ ਲਈ ਬਦਲ ਜਾਵੇਗਾ। ਜਦੋਂ ਘਰਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ, ਸਕੂਲਾਂ, ਯੂਨੀਵਰਸਿਟੀਆਂ, ਪੁਰਾਲੇਖ ਇਮਾਰਤਾਂ ਉੱਪਰ ਬੰਬ ਸੁੱਟੇ ਜਾ ਰਹੇ ਹਨ, ਦਸ ਲੱਖ ਤੋਂ ਵਧੇਰੇ ਲੋਕ ਬੇਘਰ ਹੋ ਚੁੱਕੇ ਹਨ ਅਤੇ ਮਲਬੇ ਦੇ ਹੇਠੋਂ ਬੱਚਿਆਂ ਦੀਆਂ ਲਾਸ਼ਾਂ ਨਿੱਕਲ ਰਹੀਆਂ ਹਨ ਤਾਂ ਕੀ ਅਸੀਂ ਬਸ ਚੁੱਪ-ਚਾਪ ਬੈਠੇ ਦੇਖਦੇ ਰਹਾਂਗੇ? ਗਾਜ਼ਾ ਦੀਆਂ ਸਰਹੱਦਾਂ ਸੀਲ ਹਨ, ਲੋਕ ਕਿਤੇ ਜਾ ਨਹੀਂ ਸਕਦੇ। ਉਨ੍ਹਾਂ ਕੋਲ ਲੁਕਣ ਲਈ ਕੋਈ ਜਗ੍ਹਾ ਨਹੀਂ ਹੈ, ਖਾਣ ਲਈ ਖਾਣਾ ਨਹੀਂ ਹੈ, ਪੀਣ ਲਈ ਪਾਣੀ ਨਹੀਂ ਹੈ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਅੱਧੀ ਤੋਂ ਜ਼ਿਆਦਾ ਆਬਾਦੀ ਭੁੱਖਮਰੀ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਦੇ ਬਾਵਜੂਦ ਉਨ੍ਹਾਂ ਉੱਪਰ ਲਗਾਤਾਰ ਬੰਬ ਸੁੱਟੇ ਜਾ ਰਹੇ ਹਨ। ਕੀ ਅਸੀਂ ਇਸ ਨੂੰ ਚੁੱਪ-ਚਾਪ ਦੇਖਦੇ ਰਹਾਂਗੇ ਕਿ ਇਕ ਪੂਰੇ ਦੇ ਪੂਰੇ ਅਵਾਮ ਨੂੰ ਇਸ ਕਦਰ ਮਨੁੱਖ ਤੋਂ ਵੀ ਨੀਵਾਂ ਬਣਾ ਦਿੱਤਾ ਜਾਵੇ ਕਿ ਉਨ੍ਹਾਂ ਦਾ ਸਫ਼ਾਇਆ ਬੇਮਾਇਨਾ, ਮਾਮੂਲੀ ਗੱਲ ਬਣ ਜਾਵੇ?



ਫਲਸਤੀਨੀਆਂ ਨੂੰ ਮਨੁੱਖ ਨਾ ਸਮਝਣ ਦੀ ਸ਼ੁਰੂਆਤ ਬੈਂਜਾਮਿਨ ਨੇਤਨਯਾਹੂ (ਇਜ਼ਰਾਈਲ ਦਾ ਪ੍ਰਧਾਨ ਮੰਤਰੀ) ਅਤੇ ਉਸ ਦੀ ਮੰਡਲੀ ਨਾਲ ਨਹੀਂ ਸੀ ਹੋਈ। ਇਸ ਦੀ ਸ਼ੁਰੂਆਤ ਤਾਂ ਦਹਾਕੇ ਪਹਿਲਾਂ ਹੋ ਗਈ ਸੀ।

11 ਸਤੰਬਰ 2001 ਦੀ ਪਹਿਲੀ ਬਰਸੀ 'ਤੇ 2002 'ਚ ਮੈਂ ਸੰਯੁਕਤ ਰਾਸ਼ਟਰ 'ਚ ਭਾਸ਼ਣ ਦਿੱਤਾ ਸੀ ਜਿਸ ਦਾ ਨਾਮ ਸੀ 'ਕਮ ਸੈਪਟੈਂਬਰ'। ਇਸ ਵਿਚ ਮੈਂ ਉਨ੍ਹਾਂ ਹੋਰ ਬਰਸੀਆਂ ਬਾਬਤ ਗੱਲ ਕੀਤੀ ਸੀ ਜੋ 11 ਸਤੰਬਰ ਦੇ ਦਿਨ ਹੀ ਆਉਂਦੀਆਂ ਹਨ। ਇਸੇ ਤਰੀਕ ਨੂੰ 1973 'ਚ ਚਿੱਲੀ ਦੇ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਦਾ ਸੀ.ਆਈ.ਏ. ਦੀ ਹਮਾਇਤ ਨਾਲ ਤਖ਼ਤਾ ਪਲਟਾਇਆ ਗਿਆ ਸੀ; ਤੇ ਫਿਰ ਇਸੇ ਤਰੀਕ ਨੂੰ 1990 'ਚ ਤਤਕਾਲੀ ਅਮਰੀਕਨ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਸੀਨੀਅਰ ਨੇ ਅਮਰੀਕਨ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਇਰਾਕ ਵਿਰੁੱਧ ਯੁੱਧ ਦੇ ਸਰਕਾਰੀ ਫ਼ੈਸਲੇ ਦਾ ਐਲਾਨ ਕੀਤਾ ਸੀ; ਤੇ ਫਿਰ ਮੈਂ ਫਲਸਤੀਨ ਦੇ ਬਾਰੇ ਗੱਲ ਕੀਤੀ ਸੀ। ਮੈਂ ਉਹ ਹਿੱਸਾ ਤੁਹਾਨੂੰ ਪੜ੍ਹ ਕੇ ਸੁਣਾਉਂਦੀ ਹਾਂ, ਤੇ ਤੁਸੀਂ ਦੇਖੋਗੇ ਕਿ ਜੇ ਮੈਂ ਤੁਹਾਨੂੰ ਇਹ ਨਾ ਦੱਸਿਆ ਹੁੰਦਾ ਕਿ ਇਹ 21 ਸਾਲ ਪਹਿਲਾਂ ਲਿਖਿਆ ਗਿਆ ਸੀ ਤਾਂ ਤੁਹਾਨੂੰ ਲੱਗਦਾ ਕਿ ਇਹ ਅੱਜ ਦੇ ਬਾਰੇ ਹੈ।

'11 ਸਤੰਬਰ ਦੀ ਤ੍ਰਾਸਦਿਕ ਗੂੰਜ ਮੱਧ-ਪੂਰਬ ਵਿਚ ਵੀ ਮਿਲਦੀ ਹੈ। 11 ਸਤੰਬਰ 1922 ਨੂੰ ਅਰਬ ਲੋਕਾਂ ਦੀ ਨਾਰਾਜ਼ਗੀ ਨੂੰ ਅਣਡਿੱਠ ਕਰਦੇ ਹੋਏ ਬਰਤਾਨਵੀ ਸਰਕਾਰ ਨੇ ਫਲਸਤੀਨ ਵਿਚ ਫ਼ਰਮਾਨ ਦਾ ਐਲਾਨ ਕੀਤਾ। ਇਹ 1917 ਦੇ ਬਾਲਫੋਰ ਐਲਾਨ ਦਾ ਇਕ ਅਗਲਾ ਕਦਮ ਸੀ ਜਿਸ ਨੂੰ ਬਰਤਾਨਵੀ ਸਾਮਰਾਜ ਨੇ ਉਦੋਂ ਜਾਰੀ ਕੀਤਾ ਸੀ ਜਦੋਂ ਗਾਜ਼ਾ ਦੀਆਂ ਸਰਹੱਦਾਂ ਉੱਪਰ ਉਸ ਦੀ ਫ਼ੌਜ ਤਾਇਨਾਤ ਸੀ। ਬਾਲਫੋਰ ਐਲਾਨ ਨੇ ਯੂਰਪੀ ਜਾਇਨਿਸਟਾਂ ਨਾਲ ਯਹੂਦੀ ਲੋਕਾਂ ਲਈ ਰਾਸ਼ਟਰ ਦਾ ਵਾਅਦਾ ਕੀਤਾ ਸੀ (ਉਸ ਸਮੇਂ ਸਾਮਰਾਜ ਜਿਸ ਦਾ ਸੂਰਜ ਕਦੇ ਨਹੀਂ ਸੀ ਡੁੱਬਦਾ, ਲੋਕਾਂ ਦੇ ਵਤਨ ਖੋਹਣ ਅਤੇ ਵੰਡਣ ਲਈ ਆਜ਼ਾਦ ਸੀ, ਜਿਵੇਂ ਸਕੂਲ ਵਿਚ ਕਈ ਡਾਢੇ ਬੱਚੇ ਗੋਲੀਆਂ ਵੰਡਦੇ ਹਨ)। ਸਾਮਰਾਜਾਂ ਨੇ ਕਿੰਨੀ ਬੇਪ੍ਰਵਾਹੀ ਨਾਲ ਪ੍ਰਾਚੀਨ ਸੱਭਿਅਤਾਵਾਂ ਦੀ ਵੱਢ-ਟੁੱਕ ਕੀਤੀ ਹੈ। ਫਲਸਤੀਨ ਤੇ ਕਸ਼ਮੀਰ ਬਰਤਾਨੀਆ ਦੇ ਦਿੱਤੇ ਡੂੰਘੇ, ਲਹੂ ਲਿੱਬੜੇ ਜ਼ਖ਼ਮ ਹਨ ਜੋ ਉਸ ਨੇ ਆਧੁਨਿਕ ਦੁਨੀਆ ਨੂੰ ਦਿੱਤੇ ਹਨ। ਅੱਜ ਦੋਵੇਂ ਹੀ ਤਿੱਖੇ ਕੌਮਾਂਤਰੀ ਟਕਰਾਵਾਂ ਦਾ ਕੇਂਦਰ ਹਨ।'

'ਲਓ ਸੁਣੋ 1937 'ਚ ਵਿੰਸਟਨ ਚਰਚਿਲ ਨੇ ਫਲਸਤੀਨੀ ਅਵਾਮ ਦੇ ਬਾਰੇ ਕੀ ਕਿਹਾ ਸੀ, "ਮੈਂ ਇਸ ਨਾਲ ਸਹਿਮਤ ਨਹੀਂ ਹਾਂ ਕਿ ਇਕ ਖੁਰਲੀ 'ਚ ਰਹਿਣ ਵਾਲੇ ਕੁੱਤੇ ਦਾ ਉਸ ਖੁਰਲੀ ਉੱਪਰ ਅੰਤਿਮ ਅਧਿਕਾਰ ਹੁੰਦਾ ਹੈ, ਚਾਹੇ ਉਹ ਉਸ 'ਚ ਬਹੁਤ ਲੰਮੇ ਸਮੇਂ ਤੱਕ ਕਿਉਂ ਨਾ ਰਹਿ ਰਿਹਾ ਹੋਵੇ। ਮੈਂ ਉਸ ਅਧਿਕਾਰ ਨੂੰ ਨਹੀਂ ਮੰਨਦਾ। ਮਿਸਾਲ ਲਈ, ਮੈਂ ਇਹ ਨਹੀਂ ਮੰਨਦਾ ਕਿ ਅਮਰੀਕਾ ਦੇ ਰੈੱਡ ਇੰਡੀਅਨ ਜਾਂ ਆਸਟਰੇਲੀਆ ਦੇ ਕਾਲੇ ਲੋਕਾਂ ਨਾਲ ਕੋਈ ਬਹੁਤ ਬੁਰਾ ਵਰਤਾਓ ਹੋਇਆ ਹੈ। ਮੈਂ ਇਹ ਨਹੀਂ ਮੰਨਦਾ ਕਿ ਇਸ ਨਾਲ ਇਨ੍ਹਾਂ ਲੋਕਾਂ ਉੱਪਰ ਕੋਈ ਜ਼ੁਲਮ ਹੋਇਆ ਹੈ ਕਿ ਇਕ ਸ਼ਕਤੀਸ਼ਾਲੀ ਨਸਲ, ਉੱਚੇ ਪੱਧਰ ਦੀ ਇਕ ਨਸਲ ਨੇ, ਕਹਿ ਸਕਦੇ ਹਾਂ ਕਿ ਸੰਸਾਰਕ ਰੂਪ 'ਚ ਇਕ ਵਧੇਰੇ ਬੁੱਧੀਮਾਨ ਨਸਲ ਨੇ, ਆ ਕੇ ਉਨ੍ਹਾਂ ਦੀ ਜਗ੍ਹਾ ਨੂੰ ਕਬਜ਼ੇ 'ਚ ਲੈ ਲਿਆ।' ਫਲਸਤੀਨੀਆਂ ਬਾਰੇ ਇਜ਼ਰਾਇਲੀ ਰਾਜ ਦਾ ਰਵੱਈਆ ਇੱਥੋਂ ਹੀ ਜਨਮ ਲੈਂਦਾ ਹੈ। 1969 'ਚ ਇਜ਼ਰਾਇਲੀ ਪ੍ਰਧਾਨ ਮੰਤਰੀ ਗੋਲਡਾ ਮਾਇਰ ਨੇ ਕਿਹਾ, 'ਫਲਸਤੀਨੀਆਂ ਦੀ ਕੋਈ ਹੋਂਦ ਨਹੀਂ ਹੈ।' ਉਸ ਤੋਂ ਬਾਅਦ ਬਣੇ ਪ੍ਰਧਾਨ ਮੰਤਰੀ ਲੇਵੀ ਏਸ਼ਾਲ ਨੇ ਕਿਹਾ, 'ਫਲਸਤੀਨੀ ਕੀ ਹੁੰਦੇ ਹਨ? ਜਦੋਂ ਮੈਂ ਇੱਥੇ (ਫਲਸਤੀਨ) ਆਇਆ, ਇੱਥੇ ਢਾਈ ਲੱਖ ਗੈਰ-ਯਹੂਦੀ ਸਨ, ਜ਼ਿਆਦਾਤਰ ਅਰਬ ਅਤੇ ਬੇਦੂਇਨ ਲੋਕ। ਇਹ ਮਾਰੂਥਲ ਸੀ, ਪਿਛੜੇ ਹੋਏ ਖੇਤਰ ਤੋਂ ਵੀ ਭੈੜਾ। ਕੁਝ ਵੀ ਨਹੀਂ ਸੀ।' ਪ੍ਰਧਾਨ ਮੰਤਰੀ ਮੇਨਾਕੇਮ ਬੇਗੀਨ ਨੇ ਫਲਸਤੀਨੀਆਂ ਨੂੰ 'ਦੋ ਪੈਰਾਂ ਵਾਲੇ ਜਾਨਵਰ' ਕਿਹਾ ਸੀ। ਪ੍ਰਧਾਨ ਮੰਤਰੀ ਯਿਤਜ਼ਾਕ ਸ਼ਾਮਿਰ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਸੀ ਜਿਨ੍ਹਾਂ ਨੂੰ ਕੁਚਲਿਆ ਜਾ ਸਕਦਾ ਹੈ। ਇਹ ਮੁਲਕ ਦੇ ਹੁਕਮਰਾਨਾਂ ਦੀ ਜ਼ੁਬਾਨ ਹੈ, ਆਮ ਲੋਕਾਈ ਦੇ ਸ਼ਬਦ ਨਹੀਂ।'

ਇਸ ਤਰ੍ਹਾਂ ਬਿਨਾਂ ਵਤਨ ਵਾਲੀ ਅਵਾਮ ਲਈ ਬਿਨਾਂ ਅਵਾਮ ਵਾਲੇ ਇਕ ਵਤਨ ਦੀ ਖ਼ੌਫ਼ਨਾਕ ਮਿੱਥ ਸ਼ੁਰੂ ਹੋਈ।

'1947 'ਚ ਸੰਯੁਕਤ ਰਾਸ਼ਟਰ ਨੇ ਰਸਮੀ ਰੂਪ 'ਚ ਫਲਸਤੀਨ ਦੀ ਵੰਡ ਕੀਤੀ ਅਤੇ ਫਲਸਤੀਨੀ ਜ਼ਮੀਨ ਦਾ 55ਫ਼ੀ ਸਦੀ ਹਿੱਸਾ ਜਾਇਨਿਸਟਾਂ ਦੇ ਹਵਾਲੇ ਕਰ ਦਿੱਤਾ ਪਰ ਇਕ ਸਾਲ ਦੇ ਅੰਦਰ ਉਹ 76 ਫ਼ੀਸਦੀ ਫਲਸਤੀਨ ਉੱਪਰ ਕਬਜ਼ਾ ਕਰ ਚੁੱਕੇ ਸਨ। 14 ਮਈ 1948 ਨੂੰ ਇਜ਼ਰਾਈਲ ਦੀ ਸਥਾਪਨਾ ਹੋਈ। ਐਲਾਨ ਦੇ ਕੁਝ ਮਿੰਟਾਂ ਦੇ ਅੰਦਰ ਸੰਯੁਕਤ ਰਾਸ਼ਟਰ ਨੇ ਇਸ ਨੂੰ ਮਾਨਤਾ ਦੇ ਦਿੱਤੀ। ਜਾਰਡਨ ਨੇ ਪੱਛਮੀ ਕੰਢੇ ਉੱਪਰ ਕਬਜ਼ਾ ਕਰ ਲਿਆ। ਗਾਜ਼ਾ ਪੱਟੀ ਮਿਸਰ ਦੀ ਫ਼ੌਜ ਦੇ ਕੰਟਰੋਲ 'ਚ ਆ ਗਈ ਅਤੇ ਫਲਸਤੀਨ ਦੀ ਰਸਮੀ ਹੋਂਦ ਖ਼ਤਮ ਹੋ ਗਈ, ਸਿਵਾਇ ਉਨ੍ਹਾਂ ਲੱਖਾਂ ਫਲਸਤੀਨੀ ਅਵਾਮ ਦੇ ਦਿਲੋ-ਦਿਮਾਗ ਦੇ ਜੋ ਹੁਣ ਉੱਜੜ ਕੇ ਸ਼ਰਨਾਰਥੀ ਬਣ ਚੁੱਕੇ ਸਨ। 1967 'ਚ ਇਜ਼ਰਾਈਲ ਨੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਉੱਪਰ ਵੀ ਕਬਜ਼ਾ ਕਰ ਲਿਆ। ਦਹਾਕਿਆਂ ਤੱਕ ਬਗ਼ਾਵਤਾਂ, ਯੁੱਧ ਅਤੇ ਇੰਤਫ਼ਾਦਾ ਹੁੰਦੇ ਰਹੇ ਹਨ। ਦਹਿ-ਹਜ਼ਾਰ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ। ਸਮਝੌਤਿਆਂ ਅਤੇ ਇਕਰਾਰਨਾਮਿਆਂ ਉੱਪਰ ਦਸਤਖ਼ਤ ਕੀਤੇ ਗਏ ਹਨ। ਯੁੱਧਬੰਦੀ ਦੇ ਐਲਾਨ ਹੋਏ ਅਤੇ ਉਨ੍ਹਾਂ ਦਾ ਉਲੰਘਣ ਹੋਇਆ ਪਰ ਖ਼ੂਨ-ਖ਼ਰਾਬਾ ਖ਼ਤਮ ਨਹੀਂ ਹੁੰਦਾ।

ਫਲਸਤੀਨ ਉੱਪਰ ਹੁਣ ਵੀ ਗ਼ੈਰ-ਕਾਨੂੰਨੀ ਕਬਜ਼ਾ ਜਾਰੀ ਹੈ। ਇਸ ਦੇ ਲੋਕ ਅਮਾਨਵੀ ਹਾਲਾਤ 'ਚ ਜਿਊਂਦੇ ਹਨ। ਉਹ ਨਸਲੀ ਭੇਦਭਾਵ 'ਤੇ ਆਧਾਰਿਤ ਘਿਰੇ ਹੋਏ ਇਲਾਕਿਆਂ ਵਾਲੇ, ਇਕ ਤਰ੍ਹਾਂ ਦੇ ਬਾਂਟੁਸਤਾਨਾਂ 'ਚ ਰਹਿੰਦੇ ਹਨ ਜਿੱਥੇ ਉਨ੍ਹਾਂ ਉੱਪਰ ਸਮੂਹਿਕ ਸਜ਼ਾਵਾਂ ਥੋਪੀਆਂ ਜਾਂਦੀਆਂ ਹਨ, ਜਿੱਥੇ ਕਰਫ਼ਿਊ ਕਦੇ ਖ਼ਤਮ ਨਹੀਂ ਹੁੰਦਾ, ਜਿੱਥੇ ਨਿੱਤ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾਂਦਾ ਹੈ, ਬੇਰਹਿਮ ਕਾਰਵਾਈਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਨਹੀਂ ਜਾਣਦੇ ਕਿ ਕਦੋਂ ਉਨ੍ਹਾਂ ਦੇ ਘਰ ਢਾਹ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ, ਕਦੋਂ ਉਨ੍ਹਾਂ ਦੇ ਵਡਮੁੱਲੇ ਰੁਖ਼ ਵੱਢ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਜਾਣਗੀਆਂ, ਕਦੋਂ ਉਨ੍ਹਾਂ ਨੂੰ ਖਾਣਾ ਅਤੇ ਦਵਾਈਆਂ ਖ਼ਰੀਦਣ ਲਈ ਬਾਜ਼ਾਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ, ਤੇ ਕਦੋਂ ਨਹੀਂ ਦਿੱਤੀ ਜਾਵੇਗੀ। ਉਹ ਬਿਨਾਂ ਕਿਸੇ ਸਨਮਾਨ ਦੇ ਜਿਊਂਦੇ ਹਨ, ਤੇ ਬਿਨਾਂ ਕਿਸੇ ਉਮੀਦ ਦੇ। ਆਪਣੀ ਜ਼ਮੀਨ ਉੱਪਰ, ਆਪਣੀ ਸੁਰੱਖਿਆ ਉੱਪਰ, ਆਪਣੀ ਆਵਾਜਾਈ ਉੱਪਰ, ਆਪਣੇ ਸੰਚਾਰ, ਆਪਣੀ ਪਾਣੀ ਦੀ ਸਪਲਾਈ ਉੱਪਰ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਹੈ।

ਫਿਰ ਜਦੋਂ ਸਮਝੌਤਿਆਂ ਉੱਪਰ ਦਸਤਖ਼ਤ ਕੀਤੇ ਜਾਂਦੇ ਹਨ, ਤੇ 'ਖ਼ੁਦਮੁਖਤਾਰੀ' ਅਤੇ 'ਰਾਜ ਦਾ ਦਰਜਾ' ਵਰਗੇ ਸ਼ਬਦਾਂ ਦੇ ਝੰਡੇ ਲਹਿਰਾਏ ਜਾਂਦੇ ਹਨ, ਉਦੋਂ ਇਹ ਸਵਾਲ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ: ਕਿਸ ਤਰ੍ਹਾਂ ਦੀ ਖ਼ੁਦਮੁਖਤਾਰੀ? ਕਿਸ ਤਰ੍ਹਾਂ ਦਾ ਰਾਜ? ਕਿਸ ਤਰ੍ਹਾਂ ਦੇ ਅਧਿਕਾਰ ਇਸ ਦੇ ਨਾਗਰਿਕਾਂ ਕੋਲ ਹੋਣਗੇ? ਜੋ ਨੌਜਵਾਨ ਫਲਸਤੀਨੀ ਆਪਣੇ ਗੁੱਸੇ ਉੱਪਰ ਕਾਬੂ ਨਹੀਂ ਰੱਖ ਸਕਦੇ, ਉਹ ਖ਼ੁਦ ਨੂੰ ਮਨੁੱਖੀ ਬੰਬਾਂ 'ਚ ਬਦਲ ਦਿੰਦੇ ਹਨ ਅਤੇ ਇਜ਼ਰਾਈਲ ਦੀਆਂ ਸੜਕਾਂ ਤੇ ਗਲੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਹ ਖ਼ੁਦ ਨੂੰ ਫੀਤਾ-ਫੀਤਾ ਕਰ ਲੈਂਦੇ ਹਨ, ਆਮ ਲੋਕਾਂ ਦੀਆਂ ਜਾਨਾਂ ਲੈਂਦੇ ਹਨ, ਉਨ੍ਹਾਂ ਦੀ ਰੋਜ਼ਮੱਰਾ ਜ਼ਿੰਦਗੀ ਵਿਚ ਦਹਿਸ਼ਤ ਭਰ ਦਿੰਦੇ ਹਨ, ਤੇ ਆਖ਼ਿਰਕਾਰ ਦੋਹਾਂ ਸਮਾਜਾਂ ਦੇ ਸੰਦੇਹਾਂ ਅਤੇ ਇਕ ਦੂਜੇ ਦੇ ਪ੍ਰਤੀ ਆਪਸੀ ਨਫ਼ਰਤ ਨੂੰ ਹੀ ਮਜ਼ਬੂਤ ਕਰਦੇ ਹਨ। ਹਰ ਬੰਬ ਧਮਾਕਾ ਬੇਰਹਿਮ ਮੋੜਵੇਂ ਹਮਲੇ ਨੂੰ ਸੱਦਾ ਦਿੰਦਾ ਹੈ, ਫਲਸਤੀਨੀ ਅਵਾਮ ਦੀਆਂ ਮੁਸ਼ਕਿਲਾਂ ਨੂੰ ਹੋਰ ਵਧਾਉਂਦਾ ਹੈ ਪਰ ਫਿਰ ਸਚਾਈ ਇਹ ਹੈ ਕਿ ਆਤਮ-ਘਾਤੀ ਬੰਬ ਹਮਲੇ ਵਿਅਕਤੀਗਤ ਮਾਯੂਸੀ ਦੀ ਕਾਰਵਾਈ ਹੁੰਦੇ ਹਨ, ਇਹ ਕੋਈ ਇਨਕਲਾਬੀ ਕਦਮ ਨਹੀਂ। ਫਲਸਤੀਨੀ ਹਮਲੇ ਇਜ਼ਰਾਇਲੀ ਨਾਗਰਿਕਾਂ 'ਚ ਦਹਿਸ਼ਤ ਜ਼ਰੂਰ ਪਾਉਂਦੇ ਹਨ ਪਰ ਉਹ ਫਲਸਤੀਨੀ ਇਲਾਕੇ 'ਚ ਇਜ਼ਰਾਇਲੀ ਸਰਕਾਰ ਦੀ ਰੋਜ਼ਮੱਰਾ ਦਖ਼ਲਅੰਦਾਜ਼ੀ ਲਈ ਸਟੀਕ ਬਹਾਨਾ ਬਣ ਜਾਂਦੇ ਹਨ। ਉਹ ਪੁਰਾਣੇ ਜ਼ਮਾਨੇ ਦੇ, ਉਨੀਵੀਂ ਸਦੀ ਦੇ ਬਸਤੀਵਾਦ ਦਾ ਸਟੀਕ ਬਹਾਨਾ ਬਣ ਜਾਂਦੇ ਹਨ ਜਿਸ ਨੂੰ 21ਵੀਂ ਸਦੀ ਦੇ ਨਵੇਂ ਜ਼ਮਾਨੇ ਦੇ 'ਯੁੱਧ' ਦਾ ਜਾਮਾ ਪਹਿਨਾ ਦਿੱਤਾ ਗਿਆ ਹੈ। ਇਜ਼ਰਾਈਲ ਦਾ ਸਭ ਤੋਂ ਕੱਟੜ ਰਾਜਨੀਤਕ ਅਤੇ ਫ਼ੌਜੀ ਸਹਿਯੋਗੀ ਅਮਰੀਕਾ ਹੈ ਅਤੇ ਹਮੇਸ਼ਾ ਤੋਂ ਰਿਹਾ ਹੈ।

'ਅਮਰੀਕੀ ਸਰਕਾਰ ਨੇ ਇਜ਼ਰਾਈਲ ਨਾਲ ਮਿਲ ਕੇ ਸੰਯੁਕਤ ਰਾਸ਼ਟਰ ਦੇ ਹਰ ਉਸ ਮਤੇ ਨੂੰ ਰੋਕਿਆ ਹੈ ਜਿਸ ਵਿਚ ਇਸ ਟਕਰਾਅ ਦੇ ਸ਼ਾਂਤਮਈ, ਨਿਆਂਕਾਰੀ ਹੱਲ ਦੀ ਮੰਗ ਕੀਤੀ ਜਾਂਦੀ ਹੈ। ਇਸ ਨੇ ਇਜ਼ਰਾਈਲ ਦੇ ਤਕਰੀਬਨ ਹਰ ਯੁੱਧ ਦੀ ਹਮਾਇਤ ਕੀਤੀ ਹੈ। ਜਦੋਂ ਇਜ਼ਰਾਈਲ ਫਲਸਤੀਨ ਉੱਪਰ ਹਮਲਾ ਕਰਦਾ ਹੈ ਤਾਂ ਫਲਸਤੀਨੀ ਘਰਾਂ ਨੂੰ ਜੋ ਮਿਜ਼ਾਇਲਾਂ ਤਬਾਹ ਕਰਦੀਆਂ ਹਨ, ਉਹ ਅਮਰੀਕੀ ਹੁੰਦੀਆਂ ਹਨ; ਤੇ ਹਰ ਸਾਲ ਇਜ਼ਰਾਈਲ ਕਈ ਅਰਬ ਡਾਲਰ ਰਕਮ ਅਮਰੀਕਾ ਤੋਂ ਹਾਸਲ ਕਰਦਾ ਹੈ ਜੋ ਇੱਥੋਂ ਦੇ ਟੈਕਸ ਭਰਨ ਵਾਲਿਆਂ ਦਾ ਪੈਸਾ ਹੈ।'

ਅੱਜ ਨਾਗਰਿਕ ਆਬਾਦੀ ਉੱਪਰ ਇਜ਼ਰਾਈਲ ਜੋ ਬੰਬ ਵਰਸਾ ਰਿਹਾ ਹੈ, ਉਸ ਉੱਪਰ ਅਮਰੀਕਾ ਦਾ ਨਾਮ ਲਿਖਿਆ ਹੈ। ਹਰ ਟੈਂਕ ਉੱਪਰ। ਹਰ ਗੋਲੀ ਉੱਪਰ ਅਮਰੀਕਾ ਦਾ ਨਾਮ ਹੈ। ਇਹ ਸਭ ਕੁਝ ਨਾ ਵਾਪਰਦਾ ਜੇ ਅਮਰੀਕਾ ਧੁਰ ਦਿਲੋਂ ਇਸ ਦੀ ਹਮਾਇਤ ਨਾ ਕਰ ਰਿਹਾ ਹੁੰਦਾ। 8 ਦਸੰਬਰ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੀ ਮੀਟਿੰਗ ਵਿਚ ਜੋ ਕੁਝ ਹੋਇਆ, ਉਹ ਅਸੀਂ ਸਾਰਿਆਂ ਨੇ

***(ਬਾਕੀ ਅਗਲੇ ਸਫੇ 'ਤੇ)***

ਦੇਖਿਆ ਜਦੋਂ 13 ਮੈਂਬਰ ਮੁਲਕਾਂ ਨੇ ਯੁੱਧਬੰਦੀ ਦੇ ਹੱਕ 'ਚ ਵੋਟ ਪਾਈ ਅਤੇ ਅਮਰੀਕਾ ਨੇ ਇਸ ਦੇ ਖ਼ਿਲਾਫ਼ ਵੋਟ ਪਾਈ। ਉਸ ਵੀਡੀਓ ਨੂੰ ਦੇਖਣਾ ਪ੍ਰੇਸ਼ਾਨ ਕਰਨ ਵਾਲਾ ਸੀ ਜਿਸ ਵਿਚ ਅਮਰੀਕੀ ਉਪ ਰਾਜਦੂਤ ਜੋ ਸਿਆਹਫ਼ਾਮ ਅਮਰੀਕਨ ਹੈ, ਦਾ ਹੱਥ ਮਤੇ ਉੱਪਰ ਵੀਟੋ ਲਈ ਉੱਠਿਆ। ਸਾਡੇ ਜ਼ਿਹਨ ਉੱਪਰ ਇਸ ਦੇ ਨਿਸ਼ਾਨ ਹਮੇਸ਼ਾ ਰਹਿਣਗੇ। ਕੁਝ ਗੁੱਸੇ 'ਚ ਆਏ ਲੋਕਾਂ ਨੇ ਸੋਸ਼ਲ ਮੀਡੀਆ ਉੱਪਰ ਕੁੜੱਤਣ 'ਚ ਇਸ ਨੂੰ ਇੰਟਰ-ਸੈਕਸ਼ਨਲ ਸਾਮਰਾਜਵਾਦ ਕਿਹਾ ਹੈ।

ਨੌਕਰਸ਼ਾਹ ਕਾਰਵਾਈਆਂ ਦੇਖੀਏ ਤਾਂ ਇੰਝ ਲੱਗਦਾ ਹੈ ਕਿ ਅਮਰੀਕਾ ਦਾ ਕਹਿਣਾ ਹੈ: ਆਪਣਾ ਮਕਸਦ ਪੂਰਾ ਕਰੋ ਪਰ ਰਹਿਮਦਿਲੀ ਨਾਲ।

'ਇਸ ਤ੍ਰਾਸਦਿਕ ਟਕਰਾਅ ਤੋਂ ਸਾਨੂੰ ਕੀ ਸਬਕ ਸਿੱਖਣੇ ਚਾਹੀਦੇ ਹਨ? ਜਿਨ੍ਹਾਂ ਯਹੂਦੀਆਂ ਨੇ ਖ਼ੁਦ ਇੰਨੀ ਕਰੂਰਤਾ ਝੱਲੀ ਹੈ (ਸ਼ਾਇਦ ਇਤਿਹਾਸ ਵਿਚ ਕਿਸੇ ਵੀ ਅਵਾਮ ਤੋਂ ਸਭ ਤੋਂ ਜ਼ਿਆਦਾ), ਉਨ੍ਹਾਂ ਲਈ ਕੀ ਉਨ੍ਹਾਂ ਲੋਕਾਂ ਦੇ ਜੋਖ਼ਮ ਅਤੇ ਖ਼ਵਾਇਸ਼ਾਂ ਨੂੰ ਸਮਝ ਸਕਣਾ ਸੱਚਮੁੱਚ ਅਸੰਭਵ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਉਜਾੜਿਆ ਹੋਇਆ ਹੈ? ਕੀ ਭਿਆਨਕ ਤਕਲੀਫ਼ਾਂ ਹਮੇਸ਼ਾ ਬੇਰਹਿਮੀ ਨੂੰ ਜਨਮ ਦਿੰਦੀਆਂ ਹਨ? ਇਨਸਾਨੀਅਤ ਦੇ ਲਈ ਇਸ ਤੋਂ ਕਿਹੋ ਜਿਹੀ ਉਮੀਦ ਪੈਦਾ ਹੁੰਦੀ ਹੈ? ਜਿੱਤ ਦੇ ਮੌਕੇ 'ਤੇ ਫਲਸਤੀਨੀ ਲੋਕ ਕਿਵੇਂ ਵਰਤਾਓ ਕਰਨਗੇ? ਜਦੋਂ ਰਾਜ ਤੋਂ ਵਾਂਝਾ ਰਾਸ਼ਟਰ ਰਾਜ ਬਣੇਗਾ, ਉਦੋਂ ਉਹ ਕਿਸ ਕਿਸਮ ਦਾ ਰਾਜ ਹੋਵੇਗਾ? ਇਸ ਦੇ ਪਰਚਮ ਦੇ ਸਾਏ 'ਚ ਕਿਸ ਤਰ੍ਹਾਂ ਦੇ ਖ਼ੌਫ਼ ਨੂੰ ਅੰਜਾਮ ਦਿੱਤਾ ਜਾਵੇਗਾ? ਕੀ ਸਾਨੂੰ ਅਲੱਗ ਰਾਜ ਦੇ ਲਈ ਲੜਨਾ ਚਾਹੀਦਾ ਹੈ, ਜਾਂ ਫਿਰ ਸਾਨੂੰ ਹਰ ਇਕ ਲਈ ਆਜ਼ਾਦੀ ਅਤੇ ਸਨਮਾਨ ਨਾਲ ਭਰੀ ਜ਼ਿੰਦਗੀ ਦੇ ਅਧਿਕਾਰ ਦੇ ਲਈ ਲੜਨਾ ਚਾਹੀਦਾ ਹੈ, ਚਾਹੇ ਕਿਸੇ ਦੀ ਨਸਲੀ ਪਛਾਣ ਜਾਂ ਧਰਮ ਕੁਝ ਵੀ ਹੋਵੇ?

'ਫਲਸਤੀਨ ਕਿਸੇ ਸਮੇਂ ਮੱਧ ਪੂਰਬ 'ਚ ਧਰਮਨਿਰਪੇਖਤਾ ਦਾ ਮੋਰਚਾ ਸੀ ਪਰ ਅੱਜ ਉਸੇ ਜਗ੍ਹਾ ਉੱਪਰ ਹਮਾਸ ਕਮਜ਼ੋਰ, ਅਲੋਕਤੰਤਰੀ, ਹਰ ਤਰ੍ਹਾਂ ਦੇ ਭ੍ਰਿਸ਼ਟ ਪਰ ਕਥਿਤ ਰੂਪ 'ਚ ਅਸੰਕੀਰਨ ਪੀ.ਐੱਲ.ਓ. ਦੀ ਜਗ੍ਹਾ ਲੈਂਦਾ ਜਾ ਰਿਹਾ ਹੈ ਜੋ ਖੁੱਲ੍ਹੇਆਮ ਸੰਕੀਰਨ ਵਿਚਾਰਧਾਰਾ ਅਤੇ ਇਸਲਾਮ ਦੇ ਨਾਮ 'ਤੇ ਲੜਨ ਦਾ ਦਾਅਵਾ ਕਰਦਾ ਹੈ। ਉਨ੍ਹਾਂ ਦਾ ਐਲਾਨਨਾਮਾ ਕਹਿੰਦਾ ਹੈ: 'ਅਸੀਂ ਇਸ ਦੇ ਸਿਪਾਹੀ ਹੋਵਾਂਗੇ ਅਤੇ ਇਸ ਦੀ ਅੱਗ ਲਈ ਲੱਕੜੀ ਜੋ ਦੁਸ਼ਮਣਾਂ ਨੂੰ ਸਾੜ ਕੇ ਰਾਖ਼ ਕਰ ਦੇਵੇਗੀ'। ਦੁਨੀਆ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਤਮ-ਘਾਤੀ ਬੰਬਾਰਾਂ ਦੀ ਨਿੰਦਾ ਕਰਨ ਪਰ ਕੀ ਅਸੀਂ ਉਸ ਲੰਮੇ ਸਫ਼ਰ ਨੂੰ ਅਣਡਿੱਠ ਕਰ ਸਕਦੇ ਹਾਂ ਜਿਸ ਵਿਚੋਂ ਹੋ ਕੇ ਉਹ ਇਸ ਮੁਕਾਮ 'ਤੇ ਪਹੁੰਚੇ ਹਨ? 11 ਸਤੰਬਰ 1922 ਤੋਂ 11 ਸਤੰਬਰ 2002 ਤੱਕ - ਯੁੱਧ ਨੂੰ ਜਾਰੀ ਰੱਖਣ ਲਈ 80 ਸਾਲ ਬਹੁਤ ਲੰਮਾ ਸਮਾਂ ਹੁੰਦਾ ਹੈ। ਕੀ ਦੁਨੀਆ ਫਲਸਤੀਨ ਦੀ ਅਵਾਮ ਨੂੰ ਕੋਈ ਸਲਾਹ ਦੇ ਸਕਦੀ ਹੈ? ਕੀ ਉਨ੍ਹਾਂ ਨੂੰ ਬਸ ਗੋਲਡਾ ਮਾਇਰ ਦੀ ਸਲਾਹ ਮੰਨ ਲੈਣੀ ਚਾਹੀਦੀ ਹੈ, ਤੇ ਸੱਚਮੁੱਚ ਇਸ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਣੀ ਹੋਂਦ ਮਿਟਾ ਲੈਣ?'

ਫਲਸਤੀਨੀਆਂ ਨੂੰ ਮਿਟਾ ਦੇਣ, ਉਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦਾ ਵਿਚਾਰ ਇਜ਼ਰਾਇਲੀ ਰਾਜਨੀਤਕ ਹੁਕਮਰਾਨ ਅਤੇ ਫ਼ੌਜੀ ਅਧਿਕਾਰੀ ਸਾਫ਼-ਸਾਫ਼ ਕਹਿ ਰਹੇ ਹਨ। 'ਨਸਲਕੁਸ਼ੀ ਰੋਕਣ 'ਚ ਨਾਕਾਮੀ ਲਈ' - ਜੋ ਆਪਣੇ ਆਪ 'ਚ ਹੀ ਜੁਰਮ ਹੈ - ਬਾਇਡੇਨ ਪ੍ਰਸ਼ਾਸਨ ਖ਼ਿਲਾਫ਼ ਮੁਕੱਦਮਾ ਦਾਇਰ ਕਰਨ ਵਾਲੇ ਅਮਰੀਕਨ ਵਕੀਲ ਦਾ ਕਹਿਣਾ ਹੈ ਕਿ ਨਸਲੀ ਕਤਲੇਆਮ ਦਾ ਇਰਾਦਾ ਇਸ ਤਰ੍ਹਾਂ ਸਾਫ਼-ਸਾਫ਼ ਅਤੇ ਜਨਤਕ ਤੌਰ 'ਤੇ ਕਹਿਣ ਦੇ ਮਾਮਲੇ ਬਹੁਤ ਦੁਰਲੱਭ ਹਨ। ਇਕ ਵਾਰ ਇਹ ਮਕਸਦ ਹਾਸਲ ਕਰ ਲੈਣ ਤੋਂ ਬਾਅਦ ਸ਼ਾਇਦ ਇਨ੍ਹਾਂ ਹੁਕਮਰਾਨਾਂ ਦਾ ਇਰਾਦਾ ਇਹ ਹੋਵੇ ਕਿ ਅਜਿਹੇ ਮਿਊਜ਼ੀਅਮ ਬਣਾਏ ਜਾਣ ਜਿਨ੍ਹਾਂ ਵਿਚ ਫਲਸਤੀਨੀ ਸੰਸਕ੍ਰਿਤੀ ਅਤੇ ਦਸਤਕਾਰੀਆਂ ਦੀ ਨੁਮਾਇਸ਼ ਹੋਵੇ। ਅਸਲੀ ਫਲਸਤੀਨੀ ਖਾਣਾ ਪਰੋਸਣ ਵਾਲੇ ਰੇਸਤਰਾਂ ਹੋਣ। ਸ਼ਾਇਦ ਨਵੀਂ ਗਾਜ਼ਾ ਬੰਦਰਗਾਹ ਉੱਪਰ ਇਸ ਗੱਲ ਨੂੰ ਲੈ ਕੇ ਲਾਈਟ ਐਂਡ ਸਾਊਂਡ ਸ਼ੋਅ ਵੀ ਹੋਵੇ ਕਿ ਪੁਰਾਣਾ ਗਾਜ਼ਾ ਕਿੰਨਾ ਰੰਗੀਨ ਹੁੰਦਾ ਸੀ। ਸੰਭਵ ਹੈ ਕਿ ਇਹ ਬੰਦਰਗਾਹ ਬੇਨ ਗੁਰੀਅਨ ਨਹਿਰ ਪ੍ਰੋਜੈਕਟ ਦੇ ਮੁਹਾਣੇ 'ਤੇ ਬਣਾਈ ਜਾਵੇ ਜਿਸ ਨੂੰ ਸਵੇਜ਼ ਨਹਿਰ ਦੇ ਪੈਮਾਨੇ 'ਤੇ ਬਣਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਸਮੁੰਦਰ 'ਚ ਖੁਦਾਈ ਦੇ ਠੇਕਿਆਂ ਉੱਪਰ ਦਸਤਖ਼ਤ ਕੀਤੇ ਜਾ ਰਹੇ ਹਨ।

ਵੀਹ ਸਾਲ ਪਹਿਲਾਂ, ਜਦੋਂ ਨਿਊ ਮੈਕਸੀਕੋ ਵਿਚ ਮੈਂ 'ਕਮ ਸੈਪਟੈਂਬਰ' ਭਾਸ਼ਣ ਦਿੱਤਾ ਸੀ ਤਾਂ ਅਮਰੀਕਾ ਵਿਚ ਫਲਸਤੀਨ ਨੂੰ ਲੈ ਕੇ ਇਕ ਤਰ੍ਹਾਂ ਦੀ ਖ਼ਾਮੋਸ਼ੀ ਦਾ ਆਲਮ ਸੀ। ਜੋ ਲੋਕ ਇਸ ਬਾਰੇ ਬੋਲਦੇ ਸਨ, ਉਨ੍ਹਾਂ ਨੂੰ ਇਸ ਦਾ ਭਾਰੀ ਮੁੱਲ ਤਾਰਨਾ ਪੈਂਦਾ ਸੀ। ਅੱਜ ਨੌਜਵਾਨ ਸੜਕਾਂ ਉੱਪਰ ਹਨ। ਮੋਹਰੀ ਮੁਹਾਜ਼ 'ਤੇ ਉਨ੍ਹਾਂ ਦੀ ਰਾਹਨੁਮਾਈ ਯਹੂਦੀ ਅਤੇ ਫਲਸਤੀਨੀ ਕਰ ਰਹੇ ਹਨ ਜੋ ਆਪਣੀ ਸਰਕਾਰ, ਅਮਰੀਕਾ ਦੀ ਸਰਕਾਰ ਦੀਆਂ ਕਰਤੂਤਾਂ ਨੂੰ ਲੈ ਕੇ ਗੁੱਸੇ 'ਚ ਹਨ। ਯੂਨੀਵਰਸਿਟੀਆਂ 'ਚ ਉਥਲ-ਪੁਥਲ ਹੈ। ਸਭ ਤੋਂ ਕੁਲੀਨ ਕੈਂਪਸਾਂ 'ਚ ਵੀ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਸਰਮਾਏਦਾਰੀ ਤੇਜ਼ੀ ਨਾਲ ਅੱਗੇ ਆ ਰਹੀ ਹੈ। ਫੰਡ ਦਾਤੇ ਫੰਡ ਰੋਕ ਦੇਣ ਦੀ ਧਮਕੀ ਦੇ ਰਹੇ ਹਨ, ਤੇ ਇਸ ਤਰ੍ਹਾਂ ਇਸ ਗੱਲ ਦਾ ਫ਼ੈਸਲਾ ਕਰ ਰਹੇ ਹਨ ਕਿ ਅਮਰੀਕੀ ਵਿਦਿਆਰਥੀ ਕੀ ਕਰ ਸਕਦੇ ਹਨ ਅਤੇ ਕੀ ਨਹੀਂ, ਤੇ ਉਨ੍ਹਾਂ ਨੂੰ ਕਿਵੇਂ ਸੋਚਣਾ ਚਾਹੀਦਾ ਹੈ ਤੇ ਕਿਵੇਂ ਨਹੀਂ ਸੋਚਣਾ ਚਾਹੀਦਾ। ਇਹ ਅਖਾਉਤੀ ਉਦਾਰਵਾਦੀ ਸਿੱਖਿਆ ਦੇ ਬੁਨਿਆਦੀ ਅਸੂਲਾਂ ਦੀ ਭਾਵਨਾ ਉੱਪਰ ਹੀ ਹਮਲਾ ਹੈ।

ਉੱਤਰ-ਬਸਤੀਵਾਦ, ਬਹੁ-ਸੰਸਕ੍ਰਿਤੀਵਾਦ, ਕੌਮਾਂਤਰੀ ਕਾਨੂੰਨ, ਜਨੇਵਾ ਕਨਵੈਨਸ਼ਨ, ਮਨੁੱਖੀ ਅਧਿਕਾਰਾਂ ਦੇ ਸਰਵਵਿਆਪਕ ਐਲਾਨਨਾਮੇ ਦੇ ਦਿਖਾਵੇ ਦਾ ਅੰਤ ਹੋ ਚੁੱਕਾ ਹੈ। ਬੋਲਣ ਦੀ ਆਜ਼ਾਦੀ ਜਾਂ ਜਨਤਕ ਨੈਤਿਕਤਾ ਦਾ ਦਿਖਾਵਾ ਵੀ ਖ਼ਤਮ ਹੋ ਚੁੱਕਾ ਹੈ। ਕੌਮਾਂਤਰੀ ਵਕੀਲ ਅਤੇ ਵਿਦਵਾਨ ਜਿਸ ਨੂੰ ਸਾਰੀਆਂ ਕਸੌਟੀਆਂ ਉੱਪਰ ਨਸਲੀ ਕਤਲੇਆਮ ਕਹਿ ਰਹੇ ਹਨ, ਉਹ 'ਯੁੱਧ' ਜਾਰੀ ਹੈ ਜਿਸ ਵਿਚ ਜੁਰਮ ਕਰਨ ਵਾਲੇ ਮੁਜਰਿਮ ਖ਼ੁਦ ਨੂੰ ਪੀੜਤ ਦੱਸ ਰਹੇ ਹਨ, ਨਸਲਪ੍ਰਸਤ ਰਾਜ ਚਲਾਉਣ ਵਾਲੇ ਬਸਤੀਵਾਦੀ ਜਾਬਰਾਂ ਦੇ ਕਿਰਦਾਰ 'ਚ ਹਨ। ਅਮਰੀਕਾ 'ਚ ਇਸ ਉੱਪਰ ਸਵਾਲ ਉਠਾਉਣ ਦਾ ਮਤਲਬ ਹੋਵੇਗਾ ਐਂਟੀ-ਸੈਮੇਟਿਕ ਹੋਣ ਦਾ ਇਲਜ਼ਾਮ ਲੱਗਣਾ। ਚਾਹੇ ਸਵਾਲ ਕਰਨ ਵਾਲੇ ਲੋਕ ਖ਼ੁਦ ਯਹੂਦੀ ਹੀ ਕਿਉਂ ਨਾ ਹੋਣ। ਤੁਹਾਡੇ ਹੋਸ਼ ਉੱਡ ਜਾਣਗੇ। ਇੱਥੋਂ ਤੱਕ ਕਿ ਇਜ਼ਰਾਈਲ ਵੀ ਉਸ ਤਰ੍ਹਾਂ ਆਵਾਜ਼ਾਂ ਨੂੰ ਨਹੀਂ ਕੁਚਲਦਾ ਜਿੰਨਾ ਅਮਰੀਕਾ ਕੁਚਲਦਾ ਹੈ ਜਿੱਥੇ ਗਿਡੀਅਨ ਲੇਵੀ ਵਰਗੇ ਅਸਹਿਮਤ ਇਜ਼ਰਾਇਲੀ ਨਾਗਰਿਕ ਇਜ਼ਰਾਇਲੀ ਕਾਰਵਾਈਆਂ ਦੇ ਸਭ ਤੋਂ ਜਾਣਕਾਰ ਅਤੇ ਸਭ ਤੋਂ ਤਿੱਖੇ ਆਲੋਚਕ ਹਨ (ਹਾਲਾਂਕਿ ਹਾਲਾਤ ਉੱਥੇ ਵੀ ਤੇਜ਼ੀ ਨਾਲ ਬਦਲ ਰਹੇ ਹਨ)। ਅਮਰੀਕਾ 'ਚ ਤਾਂ ਇੰਤਫ਼ਾਦਾ ਦੀ ਗੱਲ ਕਰਨ ਨੂੰ ਯਹੂਦੀਆਂ ਦੇ ਨਸਲੀ ਕਤਲੇਆਮ ਦਾ ਹੋਕਾ ਮੰਨ ਲਿਆ ਜਾਂਦਾ ਹੈ ਜਦਕਿ ਇੰਤਫ਼ਾਦਾ ਦਾ ਮਤਲਬ ਹੈ ਬਗ਼ਾਵਤ, ਟਾਕਰਾ ਜੋ ਫਲਸਤੀਨ ਦੇ ਮਾਮਲੇ 'ਚ ਨਸਲੀ ਕਤਲੇਆਮ ਦਾ ਵਿਰੋਧ ਹੈ। ਇਸ ਦਾ ਮਤਲਬ ਹੈ ਆਪਣੀ ਹੋਂਦ ਮਿਟਾ ਦੇਣ ਦਾ ਵਿਰੋਧ। ਇੰਝ ਲੱਗਦਾ ਹੈ ਕਿ ਫਲਸਤੀਨੀ ਲੋਕਾਂ ਕੋਲ ਨੈਤਿਕ ਰੂਪ 'ਚ ਕਰਨ ਲਈ ਸਿਰਫ਼ ਇਕ ਹੀ ਕੰਮ ਹੈ - ਕਿ ਉਹ ਮਰ ਜਾਣ। ਸਾਡੇ ਸਾਰਿਆਂ ਦੇ ਸਾਹਮਣੇ ਕਾਨੂੰਨੀ ਰੂਪ 'ਚ ਇਕ ਹੀ ਰਾਹ ਹੈ - ਕਿ ਅਸੀਂ ਉਨ੍ਹਾਂ ਨੂੰ ਮਰਦੇ ਹੋਏ ਦੇਖੀਏ; ਤੇ ਚੁੱਪ ਰਹੀਏ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਅਸੀਂ ਆਪਣੀ ਸਕਾਲਰਸ਼ਿੱਪ, ਗ੍ਰਾਂਟ, ਲੈਕਚਰ ਫੀਸ ਅਤੇ ਆਪਣੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾ ਲਵਾਂਗੇ।

11 ਸਤੰਬਰ ਤੋਂ ਬਾਅਦ ਅਮਰੀਕਾ ਦੇ ਦਹਿਸ਼ਤਵਾਦ ਵਿਰੁੱਧ ਯੁੱਧ ਨੇ ਦੁਨੀਆ ਭਰ ਦੀਆਂ ਹਕੂਮਤਾਂ ਨੂੰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਦੇਣ ਦਾ ਅਤੇ ਜਟਿਲ, ਹਮਲਾਵਰ ਨਿਗਰਾਨੀ ਵਿਵਸਥਾ ਕਾਇਮ ਕਰਨ ਦਾ ਬਹਾਨਾ ਦੇ ਦਿੱਤਾ। ਇਹ ਅਜਿਹੀ ਵਿਵਸਥਾ ਹੈ ਜਿਸ ਵਿਚ ਸਾਡੀਆਂ ਸਰਕਾਰਾਂ ਸਾਡੇ ਬਾਰੇ ਹਰ ਚੀਜ਼ ਜਾਣਦੀਆਂ ਹਨ ਅਤੇ ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਜਾਣਦੇ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਮੈਕਾਰਥੀਵਾਦ ਦੀ ਛੱਤਰੀ ਥੱਲੇ ਪੂਰੀ ਦੁਨੀਆ ਦੇ ਮੁਲਕਾਂ 'ਚ ਖ਼ੌਫ਼ਨਾਕ ਚੀਜ਼ਾਂ ਜਨਮ ਲੈਣਗੀਆਂ ਅਤੇ ਪ੍ਰਫੁੱਲਤ ਹੋਣਗੀਆਂ। ਬੇਸ਼ੱਕ ਸਾਡੇ ਆਪਣੇ ਮੁਲਕ 'ਚ ਇਹ ਕਈ ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ ਪਰ ਜੇ ਅਸੀਂ ਇਸ ਦੇ ਖ਼ਿਲਾਫ਼ ਆਵਾਜ਼ ਨਹੀਂ ਉਠਾਵਾਂਗੇ ਤਾਂ ਇਹ ਹੋਰ ਤੇਜ਼ ਹੋਵੇਗਾ ਅਤੇ ਸਾਨੂੰ ਸਾਰਿਆਂ ਨੂੰ ਹੜ੍ਹਾ ਕੇ ਲੈ ਜਾਵੇਗਾ।

ਹਾਲ ਹੀ ਵਿਚ ਖ਼ਬਰ ਆਈ ਹੈ ਕਿ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਜੋ ਕਿਸੇ ਸਮੇਂ ਭਾਰਤ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿਚੋਂ ਇਕ ਸੀ, ਨੇ ਵਿਦਿਆਰਥੀਆਂ ਦੇ ਆਚਰਨ ਨੂੰ ਲੈ ਕੇ ਨਿਯਮ ਜਾਰੀ ਕੀਤੇ ਹਨ। ਉਨ੍ਹਾਂ ਨਿਯਮਾਂ ਤਹਿਤ ਧਰਨਾ ਲਾਉਣ ਜਾਂ ਭੁੱਖ ਹੜਤਾਲ ਕਰਨ ਵਾਲੇ ਹਰ ਵਿਦਿਆਰਥੀ ਨੂੰ ਵੀਹ ਹਜ਼ਾਰ ਰੁਪਏ ਜੁਰਮਾਨਾ ਲਗਾਇਆ ਜਾਵੇਗਾ। 'ਰਾਸ਼ਟਰ ਵਿਰੋਧੀ ਨਾਅਰੇ' ਲਗਾਉਣ ਵਾਲੇ ਨੂੰ 10000 ਰੁਪਏ ਜੁਰਮਾਨਾ। ਅਜੇ ਇਸ ਦੀ ਕੋਈ ਸੂਚੀ ਨਹੀਂ ਹੈ ਕਿ ਇਹ ਨਾਅਰੇ ਕੀ ਹਨ - ਪਰ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਦੇ ਨਸਲੀ ਕਤਲੇਆਮ ਅਤੇ ਸਫ਼ਾਏ ਦੀ ਮੰਗ ਕਰਨ ਵਾਲੇ ਨਾਅਰੇ ਇਸ ਸੂਚੀ ਦਾ ਹਿੱਸਾ ਨਹੀਂ ਹੋਣਗੇ; ਭਾਵ, ਫਲਸਤੀਨ ਦੀ ਲੜਾਈ ਸਾਡੀ ਲੜਾਈ ਵੀ ਹੈ।

ਕਹਿਣ ਲਈ ਜੋ ਬਚਿਆ ਹੈ, ਉਸ ਨੂੰ ਸਾਫ਼-ਸਾਫ਼ ਕਹਿਣਾ ਅਤੇ ਦੁਹਰਾਉਣਾ ਜ਼ਰੂਰੀ ਹੈ।

ਪੱਛਮੀ ਕੰਢੇ ਉੱਪਰ ਇਜ਼ਰਾਈਲ ਦਾ ਕਬਜ਼ਾ ਅਤੇ ਗਾਜ਼ਾ ਦੀ ਘੇਰਾਬੰਦੀ ਮਨੁੱਖਤਾ ਵਿਰੁੱਧ ਜੁਰਮ ਹੈ। ਇਸ ਕਬਜ਼ੇ ਨੂੰ ਮਦਦ ਦੇਣ ਵਾਲੇ ਅਮਰੀਕਾ ਅਤੇ ਹੋਰ ਮੁਲਕ ਇਸ ਜੁਰਮ ਦੇ ਭਾਈਵਾਲ ਹਨ। ਅੱਜ ਅਸੀਂ ਜਿਹੜੀ ਦਹਿਸ਼ਤ ਦੇਖ ਰਹੇ ਹਾਂ, ਹਮਾਸ ਅਤੇ ਇਜ਼ਰਾਈਲ ਵੱਲੋਂ ਨਾਗਰਿਕਾਂ ਦਾ ਘਿਨਾਉਣਾ ਕਤਲੇਆਮ, ਉਹ ਇਸੇ ਘੇਰਾਬੰਦੀ ਅਤੇ ਕਬਜ਼ੇ ਦਾ ਨਤੀਜਾ ਹਨ।

ਚਾਹੇ ਦੋਹਾਂ ਹੀ ਧਿਰਾਂ ਵੱਲੋਂ ਕੀਤੀ ਜਾਣ ਵਾਲੀ ਕਰੂਰਤਾ ਦਾ ਕਿਹੋ ਜਿਹਾ ਵੀ ਬਿਓਰਾ ਦਿੱਤਾ ਜਾਵੇ, ਉਨ੍ਹਾਂ ਦੀਆਂ ਜ਼ਿਆਦਤੀਆਂ ਦੀ ਕਿੰਨੀ ਵੀ ਨਿੰਦਾ ਕੀਤੀ ਜਾਵੇ, ਉਨ੍ਹਾਂ ਦੇ ਜ਼ੁਲਮ ਬਰਾਬਰ ਹੋਣ ਦਾ ਚਾਹੇ ਕਿੰਨਾ ਵੀ ਝੂਠ ਘੜਿਆ ਜਾਵੇ, ਉਹ ਸਾਨੂੰ ਕਿਸੇ ਹੱਲ 'ਤੇ ਨਹੀਂ ਪਹੁੰਚਾ ਸਕਦੇ।

ਇਸ ਭਿਆਨਕਤਾ ਨੂੰ ਜਨਮ ਦੇਣ ਵਾਲੀ ਚੀਜ਼ ਹੈ ਕਬਜ਼ਾ। ਕਬਜ਼ਾ ਹੀ ਉਹ ਚੀਜ਼ ਹੈ ਜੋ ਜੁਰਮ ਕਰਨ ਵਾਲਿਆਂ ਅਤੇ ਉਸ ਜੁਰਮ ਦਾ ਨਿਸ਼ਾਨਾ ਬਣਨ ਵਾਲਿਆਂ, ਦੋਹਾਂ ਉੱਪਰ ਹਿੰਸਾ ਕਰ ਰਹੀ ਹੈ। ਇਸ ਦੇ ਸ਼ਿਕਾਰ ਬਣਨ ਵਾਲੇ ਮਰ ਰਹੇ ਹਨ; ਤੇ ਇਸ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਨੂੰ ਹੁਣ ਆਪਣੇ ਜੁਰਮ ਦੇ ਨਾਲ ਜਿਊਣਾ ਪਵੇਗਾ; ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਵੀ।

ਇਸ ਦਾ ਹੱਲ ਕਿਸੇ ਫ਼ੌਜੀ ਕਾਰਵਾਈ ਨਾਲ ਨਹੀਂ ਨਿੱਕਲ ਸਕਦਾ। ਇਹ ਸਿਰਫ਼ ਰਾਜਨੀਤਕ ਹੱਲ ਹੀ ਹੋ ਸਕਦਾ ਹੈ ਜਿਸ ਵਿਚ ਇਜ਼ਰਾਇਲੀਆਂ ਅਤੇ ਫਲਸਤੀਨੀਆਂ ਦੋਹਾਂ ਨੂੰ ਹੀ ਇਕੱਠੇ ਜਾਂ ਇਕ ਦੂਜੇ ਦੇ ਨਾਲ-ਨਾਲ ਰਹਿਣਾ ਪਵੇਗਾ। ਸਨਮਾਨ ਨਾਲ ਅਤੇ ਬਰਾਬਰ ਅਧਿਕਾਰਾਂ ਨਾਲ। ਇਸ ਵਿਚ ਦੁਨੀਆ ਨੂੰ ਦਖ਼ਲ ਦੇਣਾ ਜ਼ਰੂਰੀ ਹੈ। ਇਸ ਕਬਜ਼ੇ ਦਾ ਅੰਤ ਜ਼ਰੂਰੀ ਹੈ। ਇਹ ਜ਼ਰੂਰੀ ਹੈ ਕਿ ਫਲਸਤੀਨੀਆਂ ਨੂੰ ਸੱਚਮੁੱਚ ਮੁਲਕ ਮਿਲੇ; ਅਤੇ ਇਹ ਜ਼ਰੂਰੀ ਹੈ ਕਿ ਫਲਸਤੀਨੀ ਸ਼ਰਨਾਰਥੀਆਂ ਨੂੰ ਵਾਪਸ ਪਰਤਣ ਦਾ ਹੱਕ ਮਿਲੇ।

ਜੇ ਨਹੀਂ ਤਾਂ ਪੱਛਮੀ ਸੱਭਿਅਤਾ ਦੀ ਨੈਤਿਕ ਇਮਾਰਤ ਢਹਿ-ਢੇਰੀ ਹੋ ਜਾਵੇਗੀ। ਅਸੀਂ ਜਾਣਦੇ ਹਾਂ ਕਿ ਇਹ ਹਮੇਸ਼ਾ ਹੀ ਦੋ-ਮੂੰਹੀਂ ਰਹੀ ਹੈ ਪਰ ਉਸ ਵਿਚ ਵੀ ਇਕ ਤਰ੍ਹਾਂ ਦੀ ਪਨਾਹ ਮਿਲਦੀ ਸੀ। ਉਹ ਪਨਾਹ ਸਾਡੀਆਂ ਅੱਖਾਂ ਦੇ ਸਾਹਮਣੇ ਖ਼ਤਮ ਹੋ ਰਹੀ ਹੈ।

ਇਸ ਲਈ ਫਲਸਤੀਨ ਅਤੇ ਇਜ਼ਰਾਈਲ ਖ਼ਾਤਰ ਜੋ ਜ਼ਿੰਦਾ ਹਨ, ਉਨ੍ਹਾਂ ਦੀ ਖ਼ਾਤਰ, ਅਤੇ ਜੋ ਮਾਰੇ ਗਏ, ਉਨ੍ਹਾਂ ਦੇ ਨਾਮ 'ਤੇ, ਹਮਾਸ ਵੱਲੋਂ ਬੰਦੀ ਬਣਾਏ ਲੋਕਾਂ ਦੀ ਖ਼ਾਤਰ, ਤੇ ਇਜ਼ਰਾਇਲੀ ਜੇਲ੍ਹਾਂ 'ਚ ਬੰਦ ਫਲਸਤੀਨੀਆਂ ਦੀ ਖ਼ਾਤਰ, ਸਾਰੀ ਇਨਸਾਨੀਅਤ ਦੀ ਖ਼ਾਤਰ, ਇਸ ਕਤਲੇਆਮ ਨੂੰ ਤੁਰੰਤ ਰੋਕੋ।

ਇਹ ਸਨਮਾਨ ਦੇਣ ਵਾਸਤੇ ਮੇਰੀ ਚੋਣ ਕਰਨ ਲਈ ਤੁਹਾਡਾ ਇਕ ਵਾਰ ਫਿਰ ਧੰਨਵਾਦ। ਇਸ ਸਨਮਾਨ ਨਾਲ ਦਿੱਤੇ ਜਾਣ ਵਾਲੇ 3 ਲੱਖ ਰੁਪਏ ਲਈ ਵੀ ਤੁਹਾਡਾ ਧੰਨਵਾਦ। ਇਹ ਮੇਰੇ ਕੋਲ ਨਹੀਂ ਰਹਿਣਗੇ। ਇਹ ਉਨ੍ਹਾਂ ਕਾਰਕੁਨਾਂ ਅਤੇ ਪੱਤਰਕਾਰਾਂ ਦੇ ਕੰਮ ਆਉਣਗੇ ਜੋ ਭਾਰੀ ਮੁੱਲ ਤਾਰਦੇ ਹੋਏ ਵੀ ਵਿਰੋਧ 'ਚ ਡਟੇ ਹੋਏ ਹਨ।



*ਗਾਜ਼ਾ ਵਿਚ ਵਿਲਕ ਰਹੇ ਬੱਚੇ।*

***ਜੇ ਅਸੀਂ ਫ਼ਲਸਤੀਨੀਆਂ ਦੇ ਕਤਲੇਆਮ ਉੱਪਰ ਕੁਝ ਨਹੀਂ ਬੋਲਦੇ, ਤਾਂ ਅਸੀਂ ਇਸ ਕਤਲੇਆਮ ਵਿਚ ਭਾਈਵਾਲ ਬਣ ਜਾਂਦੇ ਹਾਂ। ਕੀ ਸਾਡੇ ਅੰਦਰਲਾ ਕੁਝ ਨੈਤਿਕ ਹਮੇਸ਼ਾ ਲਈ ਬਦਲ ਜਾਵੇਗਾ। ਜਦੋਂ ਘਰਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ, ਸਕੂਲਾਂ, ਯੂਨੀਵਰਸਿਟੀਆਂ, ਪੁਰਾਲੇਖ ਇਮਾਰਤਾਂ ਉੱਪਰ ਬੰਬ ਸੁੱਟੇ ਜਾ ਰਹੇ ਹਨ, ਦਸ ਲੱਖ ਤੋਂ ਵਧੇਰੇ ਲੋਕ ਬੇਘਰ ਹੋ ਚੁੱਕੇ ਹਨ ਅਤੇ ਮਲਬੇ ਦੇ ਹੇਠੋਂ ਬੱਚਿਆਂ ਦੀਆਂ ਲਾਸ਼ਾਂ ਨਿੱਕਲ ਰਹੀਆਂ ਹਨ ਤਾਂ ਕੀ ਅਸੀਂ ਬਸ ਚੁੱਪ-ਚਾਪ ਬੈਠੇ ਦੇਖਦੇ ਰਹਾਂਗੇ?***

# ਅਨਪੜ੍ਹ ਤਾਇਆ ਹਰੀਆ

**ਪ੍ਰਿੰਸੀਪਲ ਵਿਜੈ ਕੁਮਾਰ**
**ਫੋਨ: +91-98726-27136**

ਅਸੀਂ ਸਾਰੇ ਭੈਣ ਭਰਾ ਜਦੋਂ ਇੱਕਠੇ ਹੁੰਦੇ ਹਾਂ, ਹਰੀਏ ਚਾਚੇ ਦੀ ਚਰਚਾ ਜ਼ਰੂਰ ਛਿੜਦੀ ਹੈ। ਉਸ ਦੀ ਸ਼ਖ਼ਸੀਅਤ ਗੁਣਾਂ ਅਤੇ ਔਗੁਣਾਂ ਦਾ ਸੁਮੇਲ ਸੀ। ਪਿੰਡ ਵਿਚ ਉਸ ਦੀ ਦੁਕਾਨ ਸਾਡੀ ਦੁਕਾਨ ਦੇ ਸਾਹਮਣੇ ਸੀ। ਦਿਨ ਵਿਚ ਚਾਰ ਪੰਜ ਵਾਰ ਉਸ ਦੀ ਦੁਕਾਨ 'ਤੇ ਕੁਝ ਨਾ ਕੁਝ ਲੈਣ ਲਈ ਅਸੀਂ ਜਾਂਦੇ ਰਹਿੰਦੇ ਸਾਂ। ਉਹ ਕੋਰਾ ਅਨਪੜ੍ਹ ਸੀ ਪਰ ਉਸ ਦਾ ਹਿਸਾਬ ਕਿਤਾਬ ਪੜ੍ਹਿਆਂ ਲਿਖਿਆਂ ਨੂੰ ਵੀ ਮਾਤ ਪਾਉਂਦਾ ਸੀ। ਸਾਨੂੰ ਬਹੁਤ ਸਮੇਂ ਬਾਅਦ ਪਤਾ ਲੱਗਾ ਕਿ ਉਹ ਤਾਂ ਕਦੇ ਸਕੂਲ ਵੀ ਨਹੀਂ ਗਿਆ ਸੀ। ਜ਼ਿਆਦਾ ਸ਼ਰਾਬ ਪੀਣਾ ਉਸ ਦੀ ਭੈੜੀ ਆਦਤ ਸੀ, ਸ਼ਾਇਦ ਇਸੇ ਲਈ ਉਸ ਦਾ ਵਿਆਹ ਨਹੀਂ ਸੀ ਹੋ ਸਕਿਆ। ਉਂਝ, ਉਹ ਕਦੇ ਕਿਸੇ ਨਾਲ ਲੜਿਆ ਝਗੜਿਆ ਨਹੀਂ ਸੀ। ਉਸ ਦਾ ਇੱਕ ਭਰਾ ਕਰਿਆਨੇ ਦੀ ਕਿਸੇ ਦੁਕਾਨ 'ਤੇ ਕੰਮ ਕਰਦਾ ਸੀ; ਦੂਜਾ ਛੋਟੀ ਜਿਹੀ ਦੁਕਾਨ ਕਰਦਾ ਸੀ। ਕਰਿਆਨੇ ਦੀ ਦੁਕਾਨ 'ਤੇ ਕੰਮ ਕਰਨ ਵਾਲਾ ਭਰਾ ਵੀ ਸ਼ਰਾਬ ਪੀਣ ਦਾ ਆਦੀ ਸੀ, ਉਸ ਦੀ ਆਰਥਿਕ ਹਾਲਤ ਗੁਜ਼ਾਰੇ ਜੋਗੀ ਹੀ ਸੀ। ਤਿੰਨੇ ਭਰਾ ਅੱਡ ਅੱਡ ਰਹਿੰਦੇ ਸਨ; ਹਰੀਆ ਚਾਚਾ ਆਪਣੀ ਮਾਂ ਨਾਲ ਰਹਿੰਦਾ ਸੀ। ਭਰਾਵਾਂ ਵਿਚਕਾਰ ਮਿਲਵਰਤਣ ਤਾਂ ਦੂਰ, ਆਪਸੀ ਬੋਲਚਾਲ ਵੀ ਘੱਟ ਵੱਧ ਹੀ ਸੀ।

ਹਰੀਏ ਚਾਚੇ ਦੀ ਦੁਕਾਨ 'ਤੇ ਨੰਦੂ ਨਾਂ ਦਾ ਨੌਕਰ ਸੀ ਜਿਸ ਨੂੰ ਅਸੀਂ ਬਚਪਨ ਤੋਂ ਉਸ ਦੁਕਾਨ 'ਤੇ ਕੰਮ ਕਰਦਿਆਂ ਦੇਖਦੇ ਹੁੰਦੇ ਸਾਂ। ਅਸੀਂ ਉਸ ਨੂੰ ਹਰੀਏ ਚਾਚੇ ਦਾ ਭਰਾ ਹੀ ਸਮਝਦੇ ਰਹੇ। ਸਾਨੂੰ ਉਸ ਦੇ ਨੌਕਰ ਹੋਣ ਦਾ ਉਦੋਂ ਪਤਾ ਲੱਗਾ ਜਦੋਂ ਉਹ ਉਸ ਦੀ ਦੁਕਾਨ ਛੱਡ ਕੇ ਘਰ ਬੈਠ ਗਿਆ ਸੀ। ਨੰਦੂ ਜਦੋਂ ਵੀ ਹਰੀਏ ਚਾਚੇ ਨੂੰ ਤਨਖਾਹ ਵਧਾਉਣ ਲਈ ਕਹਿੰਦਾ, ਉਹ ਇੱਕੋ ਗੱਲ ਕਹਿੰਦਾ, "ਭਾਈ ਨੰਦੂ, ਇਸ ਤੋਂ ਵੱਧ ਤਨਖਾਹ ਦੇਣ ਦੀ ਮੇਰੀ ਹਿੰਮਤ ਨਹੀਂ, ਜੇ ਤੈਨੂੰ ਹੋਰ ਕੋਈ ਇਸ ਤੋਂ ਵੱਧ ਤਨਖਾਹ ਦਿੰਦਾ, ਤਾਂ ਉੱਥੇ ਚਲਾ ਜਾ।" ਨੰਦੂ ਇੱਕ ਦੋ ਦਿਨ ਮੂੰਹ ਮੋਟਾ ਰੱਖਦਾ; ਜਿਸ ਦਿਨ ਉਸ ਦਾ ਗੁੱਸਾ ਉੱਤਰ ਜਾਂਦਾ, ਉਹ ਮੁੜ ਦੁਕਾਨ 'ਤੇ ਆ ਬਹਿੰਦਾ।

ਅਸਲ ਵਿਚ ਹਰੀਏ ਚਾਚੇ ਨੇ ਦੁਕਾਨ ਇੱਕ ਤਰ੍ਹਾਂ ਨਾਲ ਨੰਦੂ ਦੇ ਹਵਾਲੇ ਹੀ ਕੀਤੀ ਹੋਈ ਸੀ; ਆਪ ਤਾਂ ਉਹ ਘੱਟ ਵੱਧ ਹੀ ਦੁਕਾਨ 'ਤੇ ਬਹਿੰਦਾ ਸੀ। ਉਹ ਉੱਨੀ ਕਰੇ ਜਾਂ ਇੱਕੀ, ਚਾਚਾ ਕਦੇ ਨਹੀਂ ਸੀ ਪੁੱਛਦਾ। ਨੰਦੂ ਸਿਰੇ ਦਾ ਇਮਾਨਦਾਰ ਸੀ। ਨਾਲੇ ਚਾਚਾ ਤਨਖਾਹ ਤੋਂ ਇਲਾਵਾ ਵੀ ਉਸ ਨੂੰ ਰਸਦ ਪਾਣੀ ਦੇ ਦਿੰਦਾ ਸੀ। ਇੱਕ ਵਾਰ ਨੰਦੂ ਕਈ ਦਿਨਾਂ ਤੋਂ ਚਾਚੇ ਦੀ ਦੁਕਾਨ 'ਤੇ ਨਾ ਆਇਆ। ਚਾਚੇ ਨੂੰ ਸ਼ੱਕ ਪਿਆ ਕਿ ਉਹ ਕਿਤੇ ਹੋਰ ਨੌਕਰੀ ਲੱਗ ਗਿਆ ਹੈ; ਤੇ ਫਿਰ ਇੱਕ ਦਿਨ ਚਾਚਾ ਨੰਦੂ ਦੇ ਘਰ ਜਾ ਪਹੁੰਚਿਆ। ਉਹਨੇ ਕਿਸੇ ਦੁਕਾਨ 'ਤੇ ਨੌਕਰੀ ਤਾਂ ਨਹੀਂ ਕੀਤੀ ਸੀ ਪਰ ਉਹ ਕੁਝ ਹੋਰ ਕਰਨ ਦੀ ਜ਼ਰੂਰ ਸੋਚ ਰਿਹਾ ਸੀ। ਪੁੱਛਣ 'ਤੇ ਕਹਿੰਦਾ, "ਲਾਲਾ ਜੀ, ਬੱਚੇ ਛੋਟੇ ਸਨ ਤਾਂ ਸਰੀ ਜਾਂਦਾ ਸੀ। ਹੁਣ ਪੁੱਤ ਨੇ ਪੋਲੀਟੈਕਨੀਕਲ ਕਾਲਜ ਵਿਚ ਦਾਖਲਾ ਲੈਣਾ। ਦਾਖਲਾ ਤਾਂ ਚਲੋ ਕਿਸੇ ਨਾ ਕਿਸੇ ਤਰੀਕੇ ਕਰਵਾ ਦਿਆਂਗਾ ਪਰ ਅਗਲੇ ਖਰਚੇ ਦੇ ਪ੍ਰਬੰਧ ਲਈ ਮੈਨੂੰ ਕੁਝ ਹੋਰ ਕਰਨਾ ਪੈਣਾ। ਤੁਹਾਡੀ ਨੌਕਰੀ ਨਾਲ ਨਹੀਂ ਸਰਨਾ ਹੁਣ।" ਚਾਚੇ ਨੇ ਨੰਦੂ ਨੂੰ ਜੋ ਜਵਾਬ ਦਿੱਤਾ, ਉਸ ਨੇ ਨੰਦੂ ਦੀਆਂ ਅੱਖਾਂ 'ਚ ਹੰਝੂ ਲਿਆ ਦਿੱਤੇ। ਚਾਚੇ ਨੇ ਕਿਹਾ ਸੀ, "ਨੰਦੂ ਭਾਈ, ਜ਼ਿੰਦਗੀ 'ਚ ਨਾ ਤੂੰ ਪੜ੍ਹ ਸਕਿਆ, ਨਾ ਈ ਮੈਂ। ਮੈਨੂੰ ਤਾਂ ਪੜ੍ਹਾਈ ਦੀ ਕੀਮਤ ਹੀ ਹੁਣ ਸਮਝ ਆਈ ਆ। ਮੈਂ ਨਾ ਧੀ ਵਿਆਹੁਣੀ, ਨਾ ਨੂੰਹ ਤੋਰਨੀ। ਜੇ ਮੇਰੀ ਕਮਾਈ ਨਾਲ ਕੋਈ ਬੱਚਾ ਪੜ੍ਹ ਜਾਵੇ ਤਾਂ ਇਸ ਤੋਂ ਵੱਧ ਨੇਕ ਕੰਮ ਕਿਹੜਾ ਹੋ ਸਕਦਾ? ਮੇਰਾ ਅਗਲਾ ਜਨਮ ਵੀ ਸੁਧਰ ਜਾਊ। ਆਹ ਚੁੱਕ ਪੈਸੇ, ਤੂੰ ਮੁੰਡੇ ਨੂੰ ਦਾਖਲ ਕਰਾ ਕੇ ਆ। ਰਹੀ ਪੜ੍ਹਾਈ ਦੇ ਖਰਚੇ ਦੀ ਗੱਲ, ਉਹ ਮੇਰੀ ਜ਼ਿੰਮੇਵਾਰੀ।"

ਨੰਦੂ ਦੇ ਪੁੱਤਰ ਦੀ ਪੜ੍ਹਾਈ ਦਾ ਅਜੇ ਇੱਕ ਸਾਲ ਹੀ ਗੁਜ਼ਰਿਆ ਸੀ, ਨੰਦੂ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ। ਮੰਜੇ ਨਾਲ ਲੱਗਣ ਕਾਰਨ ਦੁਕਾਨ 'ਤੇ ਜਾਣਾ ਬੰਦ ਹੋ ਗਿਆ। ਨੰਦੂ ਦੇ ਪਰਿਵਾਰ ਨੂੰ ਲੱਗਣ ਲੱਗਾ ਕਿ ਹੁਣ ਮੁੰਡੇ ਦੀ ਪੜ੍ਹਾਈ ਛੁੱਟ ਜਾਣੀ ਹੈ ਪਰ ਚਾਚਾ ਆਪਣੇ ਵਾਅਦੇ ਤੋਂ ਪਿੱਛੇ ਨਹੀਂ ਹਟਿਆ। ਉਹਨੇ ਮੁੰਡੇ ਦੀ ਪੜ੍ਹਾਈ ਹੀ ਪੂਰੀ ਨਹੀਂ ਕਰਵਾਈ ਸਗੋਂ ਨੰਦੂ ਦੀ ਬਿਮਾਰੀ 'ਤੇ ਵੀ ਪੂਰਾ ਖਰਚਾ ਕੀਤਾ। ਵਕਫ਼ੇ ਬਾਅਦ ਨੰਦੂ ਵੀ ਤੰਦਰੁਸਤ ਹੋ ਕੇ ਚਾਚੇ ਦੀ ਦੁਕਾਨ 'ਤੇ ਕੰਮ ਕਰਨ ਲੱਗ ਪਿਆ। ਮੁੰਡਾ ਪੜ੍ਹਾਈ ਪੂਰੀ ਕਰ ਕੇ ਨੌਕਰੀ 'ਤੇ ਵੀ ਲੱਗ ਗਿਆ।

ਚਾਚੇ ਦਾ ਜਿਹੜਾ ਭਰਾ ਕਰਿਆਨੇ ਦੀ ਦੁਕਾਨ 'ਤੇ ਕੰਮ ਕਰਦਾ ਸੀ, ਉਸ ਦੀ ਆਰਥਿਕ ਹਾਲਤ ਵੀ ਬਹੁਤੀ ਚੰਗੀ ਨਹੀਂ ਸੀ। ਉਸ ਦੀ ਸਭ ਤੋਂ ਵੱਡੀ ਕੁੜੀ ਪੜ੍ਹਨ ਵਿਚ ਕਾਫੀ ਹੁਸ਼ਿਆਰ ਸੀ। ਉਸ ਨੇ ਉਸ ਨੂੰ ਔਖੇ ਸੌਖੇ ਕਾਲਜ ਵਿਚ ਬੀ.ਐੱਸ.ਈ. ਤਾਂ ਕਰਾ ਦਿੱਤੀ ਪਰ ਕੁੜੀ ਹੁਣ ਐੱਮ.ਐੱਸ.ਸੀ. ਲਈ ਯੂਨੀਵਰਸਿਟੀ ਪੜ੍ਹਨਾ ਚਾਹੁੰਦੀ ਸੀ ਅਤੇ ਉੱਥੇ ਹੋਸਟਲ ਵਿਚ ਰਹਿਣਾ ਪੈਣਾ ਸੀ। ਉਸ ਦਾ ਪਿਓ ਉਸ ਨੂੰ ਪੱਤਰ ਵਿਹਾਰ ਰਾਹੀਂ ਕਿਸੇ ਹੋਰ ਵਿਸ਼ੇ ਵਿਚ ਐੱਮ.ਏ. ਕਰਨ ਦੀ ਸਲਾਹ ਦੇ ਰਿਹਾ ਸੀ। ਕੁੜੀ ਦੇ ਜ਼ਿੱਦ ਕਰਨ 'ਤੇ ਪਿਓ ਬੈਂਕ ਤੋਂ ਕਰਜ਼ਾ ਲੈਣ ਦੀ ਸਲਾਹ ਬਣਾ ਰਿਹਾ ਸੀ। ਚਾਚੇ ਨੂੰ ਕਹਿਣ ਦੀ ਹਿੰਮਤ ਨਾ ਪਵੇ ਕਿਉਂਕਿ ਚਾਚੇ ਦੀਆਂ ਦੋਹਾਂ ਭਰਜਾਈਆਂ ਨੇ ਤਾਂ ਉਸ ਨੂੰ ਕਦੇ ਰੋਟੀ ਲਈ ਵੀ ਨਹੀਂ ਸੀ ਪੁੱਛਿਆ। ਜਦੋਂ ਇਹ ਗੱਲ ਚਾਚੇ ਦੇ ਕੰਨੀਂ ਪਈ ਉਸ ਨੇ ਆਪਣੀ ਭਰਜਾਈ ਨੂੰ ਬੁਲਾ ਕੇ ਕਿਹਾ, "ਅਸੀਂ ਤਿੰਨੇ ਭਰਾ ਤਾਂ ਪੜ੍ਹ ਨਹੀਂ ਸਕੇ, ਜਿਹੜੇ ਬੱਚੇ ਪੜ੍ਹਨਾ ਚਾਹੁੰਦੇ, ਉਨ੍ਹਾਂ ਨੂੰ ਅਸੀਂ ਰੋਕ ਰਹੇ ਹਾਂ। ਸਾਡੇ ਘਰ 'ਚੋਂ ਪਹਿਲੀ ਕੁੜੀ ਯੂਨੀਵਰਸਿਟੀ ਜਾ ਰਹੀ ਹੈ, ਮੈਂ ਵੀ ਤਾਂ ਇਹਦਾ ਕੁਝ ਲੱਗਦਾਂ। ਤੁਸੀਂ ਕੁੜੀ ਨੂੰ ਪੜ੍ਹਨ ਭੇਜੋ, ਸਾਰਾ ਖਰਚਾ ਮੈਂ ਦਿਆਂਗਾ।" ਚਾਚੇ ਦੀਆਂ ਗੱਲਾਂ ਸੁਣ ਕੇ ਉਸ ਦੀ ਭਰਜਾਈ ਆਪਣੀਆਂ ਅੱਖਾਂ 'ਚ ਹੰਝੂ ਭਰਨ ਤੋਂ ਸਿਵਾਇ ਕੁਝ ਵੀ ਨਾ ਬੋਲ ਸਕੀ। ਕੁੜੀ ਨੇ ਵੀ ਮਿਹਨਤ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਯੂਨੀਵਰਸਿਟੀ 'ਚੋਂ ਅਵਲ ਰਹੀ। ਫਿਰ ਅਧਿਆਪਕਾਂ ਦੇ ਕਹਿਣ 'ਤੇ ਐੱਮਫਿਲ ਵੀ ਕਰ ਲਈ। ਯੂਨੀਵਰਸਿਟੀ 'ਚੋਂ ਨਿਕਲਦਿਆਂ ਹੀ ਕਾਲਜ ਵਿਚ ਨੌਕਰੀ ਮਿਲ ਗਈ। ਅਫਸਰ ਮੁੰਡੇ ਨਾਲ ਵਿਆਹੀ ਗਈ। ਕੁੜੀ ਵਿਆਹ ਤੋਂ ਬਾਅਦ ਆਪਣੇ ਮਾਂ ਬਾਪ ਕੋਲ ਘੱਟ, ਆਪਣੇ ਚਾਚੇ ਕੋਲ ਜ਼ਿਆਦਾ ਰਹਿੰਦੀ ਸੀ।

ਫਿਰ ਇੱਕ ਦਿਨ ਚਾਚਾ ਇਸ ਦੁਨੀਆ ਤੋਂ ਤੁਰ ਗਿਆ। ਉਸ ਦੀ ਦੁਕਾਨ ਬੰਦ ਹੋ ਗਈ। ਨੰਦੂ ਨੇ ਮੁੜ ਕਿਸੇ ਦੁਕਾਨ 'ਤੇ ਨੌਕਰੀ ਨਹੀਂ ਕੀਤੀ।

# ਕੈਨੇਡਾ ਦੇ ਅਰਥਚਾਰੇ 'ਤੇ ਮੰਦੀ ਦਾ ਪਰਛਾਵਾਂ



ਨਵਾਂ ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਲਈ ਫ਼ੈਸਲਾਕੁਨ ਸਾਬਿਤ ਹੋਵੇਗਾ। ਮੰਡੀ ਖੋਜ ਅਤੇ ਵਿਸ਼ਲੇਸ਼ਣ ਦੀ ਕੰਪਨੀ 'ਲੀਗਰ' ਦੇ ਸਰਵੇਖਣ (10-12 ਨਵੰਬਰ) ਤੋਂ ਪਤਾ ਲੱਗਦਾ ਹੈ ਕਿ ਲਿਬਰਲ ਸਰਕਾਰ ਨੇ ਸਸਤੇ ਘਰ ਤਿਆਰ ਕਰ ਕੇ ਮੁਹੱਈਆ ਕਰਾਉਣ ਦੇ ਸੰਕਟ ਅਤੇ



ਵਧਦੀ ਮਹਿੰਗਾਈ ਨਾਲ ਜਿਸ ਢੰਗ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ, ਉਸ ਤੋਂ ਵੋਟਰਾਂ ਅੰਦਰ ਖ਼ਾਸੀ ਨਾਰਾਜ਼ਗੀ ਹੈ। ਜੇ

**ਅਮਰਜੀਤ ਭੁੱਲਰ**
**ਫੋਨ: 77884-64609**

ਸਰਕਾਰ ਅਰਥਚਾਰੇ ਨੂੰ ਮੰਦੀ ਦੇ ਦੌਰ ਵਿਚ ਧੱਕੇ ਬਗ਼ੈਰ ਵਧਦੀ ਮਹਿੰਗਾਈ ਨੂੰ ਠੱਲ੍ਹ ਪਾਉਣ ਅਤੇ ਸਸਤੇ ਮਕਾਨ ਬਣਾਉਣ ਲਈ ਕਾਰਗਰ ਨੀਤੀਆਂ ਨੂੰ ਅਮਲ ਵਿਚ ਲਿਆਉਣ ਵਿਚ ਸਫ਼ਲ ਹੋ ਗਈ ਤਾਂ 2025 ਦੀਆਂ ਆਮ ਚੋਣਾਂ ਵਿਚ ਇਸ ਦੇ ਜਿੱਤਣ ਦੇ ਆਸਾਰ ਰੌਸ਼ਨ ਹੋ ਜਾਣਗੇ।

2022 ਵਿਚ ਖਪਤਕਾਰ ਕੀਮਤ ਸੂਚਕ ਅੰਕ ਵਿਚ ਸਾਲਾਨਾ ਵਾਧਾ 6.8% ਹੋ ਗਿਆ ਸੀ ਜੋ ਪਿਛਲੇ ਚਾਲੀ ਸਾਲਾਂ ਦੇ ਉੱਚਤਮ ਮੁਕਾਮ 'ਤੇ ਹੈ ਪਰ ਇਸ ਤੋਂ ਬਾਅਦ ਇਸ ਵਿਚ ਕਮੀ ਆਉਣ ਲੱਗ ਪਈ ਸੀ। ਜਨਵਰੀ 2023 ਵਿਚ ਮਹਿੰਗਾਈ ਦਰ 5.9%, ਅਪਰੈਲ ਵਿਚ 4.4% ਅਤੇ ਜੂਨ ਵਿਚ 2.8% ਸੀ। ਇਸ ਤੋਂ ਬਾਅਦ ਜੁਲਾਈ ਵਿਚ ਇਹ 3.3%, ਅਗਸਤ ਵਿਚ 4% ਹੋ ਗਈ ਅਤੇ ਸਤੰਬਰ ਵਿਚ ਮੁੜ 3.8 ਅਤੇ ਅਕਤੂਬਰ ਵਿਚ 3.1% 'ਤੇ ਆ ਗਈ ਸੀ।

ਮਹਿੰਗਾਈ ਦਰ ਵਿਚ ਇਸ ਗ਼ੈਰ-ਮਾਮੂਲੀ ਇਜ਼ਾਫ਼ੇ ਲਈ ਚਾਰ ਮੁੱਖ ਕਾਰਕ ਜ਼ਿੰਮੇਵਾਰ ਹਨ ਜਿਨ੍ਹਾਂ 'ਚ ਆਲਮੀ ਸਪਲਾਈ ਚੇਨ ਵਿਚ ਵਿਘਨ, ਕੋਵਿਡ-19 ਦੀ ਮਹਾਮਾਰੀ ਦੇ ਅਰਸੇ ਦੌਰਾਨ ਰੁਕੀ ਹੋਈ ਮੰਗ ਵਿਚ ਯਕਦਮ ਆਰਜ਼ੀ ਵਾਧਾ, ਰੂਸ-ਯੂਕਰੇਨ ਜੰਗ ਅਤੇ ਕਾਰਪੋਰੇਟ ਫਰਮਾਂ ਦੀ ਮੁਨਾਫ਼ਾਖੋਰੀ ਸ਼ਾਮਲ ਹਨ। ਮਹਿੰਗਾਈ ਦਰ ਵਿਚ ਵਾਧੇ ਕਰ ਕੇ ਨੀਤੀ ਸਫ਼ਾਂ ਵਿਚ ਸਹਿਮ ਫੈਲਿਆ ਹੋਇਆ ਹੈ। ਬੈਂਕ ਆਫ ਕੈਨੇਡਾ ਪਿਛਲੇ ਦੋ ਸਾਲਾਂ ਵਿਚ ਮਹਿੰਗਾਈ ਦਰ ਨੂੰ ਠੱਲ੍ਹ ਪਾਉਣ ਦੇ ਨਾਂ 'ਤੇ ਵਿਆਜ ਦਰਾਂ ਵਿਚ ਦਸ ਦਫ਼ਾ ਇਜ਼ਾਫ਼ਾ ਕਰ ਚੁੱਕਿਆ ਹੈ। ਕੋਵਿਡ-19 ਦੀ ਆਮਦ ਵੇਲੇ ਮਹਿੰਗਾਈ ਦਰ 0.25% ਰਹਿ ਗਈ ਸੀ ਅਤੇ ਜੁਲਾਈ 2022 ਵਿਚ 2.5, ਦਸੰਬਰ 2022 ਵਿਚ 4.5 ਤੇ ਜੁਲਾਈ 2023 ਵਿਚ 5% ਹੋ ਗਈ ਸੀ। ਇਸ ਤੋਂ ਬਾਅਦ ਵਾਧਾ ਰੁਕ ਗਿਆ; ਬੈਂਕ ਦੇ ਗਵਰਨਰ ਦਾ ਕਹਿਣਾ ਹੈ ਕਿ ਜੇ ਲੋੜ ਪਈ ਤਾਂ ਵਿਆਜ ਦਰਾਂ 'ਚ ਵਾਧਾ ਕੀਤਾ ਜਾ ਸਕਦਾ।

ਮਹਿੰਗਾਈ ਦਰ ਵਿਚ ਵਾਧੇ ਲਈ ਮੁੱਖ ਤੌਰ 'ਤੇ ਹੋਮ ਲੋਨ ਵਿਆਜ ਦਰ (ਮਾਰਗੇਜ ਵਿਆਜ ਦਰ) ਅਤੇ ਕਿਰਾਏ, ਖਾਧ ਖੁਰਾਕ, ਗੈਸੋਲੀਨ ਅਤੇ ਬਿਜਲੀ ਦੀਆਂ ਕੀਮਤਾਂ ਵਿਚ ਵਾਧਾ ਜ਼ਿੰਮੇਵਾਰ ਹੈ। ਸਤੰਬਰ 2022 ਤੋਂ ਸਤੰਬਰ 2023 ਤੱਕ ਹੋਮ ਲੋਨ ਵਿਆਜ ਦਰ ਦਾ ਮਹਿੰਗਾਈ ਵਾਧੇ ਵਿਚ ਯੋਗਦਾਨ 30.6% ਰਿਹਾ ਹੈ। ਇਸੇ ਤਰ੍ਹਾਂ ਘਰਾਂ ਦਾ ਕਿਰਾਏ, ਖਾਣੇ ਦਾਣੇ, ਗੈਸੋਲੀਨ ਅਤੇ ਬਿਜਲੀ ਦੀਆਂ ਕੀਮਤਾਂ ਦਾ ਯੋਗਦਾਨ ਕ੍ਰਮਵਾਰ 7.3, 6.1, 7.5 ਅਤੇ 11.1% ਰਿਹਾ ਹੈ।

ਵਧਦੀ ਮਹਿੰਗਾਈ ਦਰ ਨੇ ਖਪਤਕਾਰਾਂ ਦਾ ਕਚੂਮਰ ਕੱਢ ਦਿੱਤਾ ਹੈ। ਘਰਾਂ ਦੇ ਕਰਜ਼ਿਆਂ ਦੀਆਂ ਕਿਸ਼ਤਾਂ ਅਸਮਾਨੀ ਚੜ੍ਹ ਗਈਆਂ ਹਨ। ਫੂਡ ਬੈਂਕਾਂ ਉਪਰ ਖੁਰਾਕ ਲਈ ਨਿਰਭਰ ਘੱਟ ਆਮਦਨ ਵਾਲੇ ਲੋਕਾਂ ਦਾ ਦਬਾਅ ਬਹੁਤ ਵਧ ਗਿਆ ਹੈ। ਘਰ ਮਾਲਕਾਂ ਦਾ ਵੱਡਾ ਤਬਕਾ ਮਾਰਗੇਜ ਅਤੇ ਨਾਨ-ਮਾਰਗੇਜ ਕਰਜ਼ਿਆਂ ਦੇ ਬੋਝ ਹੇਠ ਦਬ ਗਿਆ ਹੈ। ਇਸ ਤੋਂ ਇਲਾਵਾ ਪੈਨਸ਼ਨਰਾਂ ਦੇ ਵੀ ਮੰਦੜੇ ਹਾਲ ਹਨ ਜਿਨ੍ਹਾਂ ਤੋਂ ਬੁਢਾਪਾ ਪੈਨਸ਼ਨ ਨਾਲ ਆਪਣੇ ਦੋ ਵੇਲਿਆਂ ਦੀ ਰੋਟੀ ਦਾ ਜੁਗਾੜ ਨਹੀਂ ਹੋ ਰਿਹਾ। ਨਵੇਂ ਆਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਵੀ ਬਹੁਤ ਜ਼ਿਆਦਾ ਦਿੱਕਤਾਂ ਝੱਲਣੀਆਂ ਪੈ ਰਹੀਆਂ ਹਨ। ਵਿਆਜ ਦਰਾਂ ਵਿਚ ਵਾਧਾ ਹੋਣ ਨਾਲ ਕੈਨੇਡਾ ਵਿਚ ਮਕਾਨ ਉਸਾਰੀ ਦਾ ਸੰਕਟ ਕਈ ਗੁਣਾ ਵਧ ਗਿਆ ਹੈ। ਨੀਤੀਘਾੜਿਆਂ ਨੂੰ ਆਸ ਸੀ ਕਿ ਵਿਆਜ ਦਰਾਂ ਵਿਚ ਵਾਧੇ ਨਾਲ ਘਰਾਂ ਦੀਆਂ ਵਧ ਰਹੀਆਂ ਕੀਮਤਾਂ ਦੇ ਗੁਬਾਰੇ ਦੀ ਹਵਾ ਨਿਕਲ ਜਾਵੇਗੀ। ਘਰਾਂ ਦੀਆਂ ਕੀਮਤਾਂ ਕੁਝ ਹੱਦ ਤਕ ਘਟੀਆਂ ਵੀ ਹਨ ਪਰ ਵਿਆਜ ਦਰਾਂ ਵਿਚ ਵਾਧੇ ਅਤੇ ਮਾਰਗੇਜ ਦੀ ਮਨਜ਼ੂਰੀ ਲਈ ਸ਼ਰਤਾਂ ਸਖ਼ਤ ਕਰਨ ਨਾਲ ਘੱਟ ਆਮਦਨ ਵਾਲੇ ਅਤੇ ਪਹਿਲਾ ਘਰ ਖਰੀਦਣ ਵਾਲੇ ਲੋਕੀਂ ਬਾਜ਼ਾਰ ਤੋਂ ਬਾਹਰ ਹੋ ਗਏ ਹਨ। ਘਰਾਂ ਦੀ ਮੰਗ ਬਹੁਤ ਘਟ ਗਈ ਹੈ ਅਤੇ ਬਿਲਡਰਾਂ ਨੇ ਨਵੇਂ ਨਿਰਮਾਣ ਪ੍ਰੋਜੈਕਟ ਰੋਕ ਦਿੱਤੇ ਹਨ ਜਿਸ ਨਾਲ ਸਪਲਾਈ ਘੱਟ ਹੋ ਗਈ ਹੈ। ਕੈਨੇਡਾ ਮਾਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਨੇ ਧਿਆਨ ਦਿਵਾਇਆ ਹੈ ਕਿ 2023 ਵਿਚ 14 ਲੱਖ ਪਰਿਵਾਰਾਂ ਕੋਲ ਮਿਆਰੀ ਘਰਾਂ ਤੱਕ ਰਸਾਈ ਨਹੀਂ ਸੀ। ਇਸ ਦਾ ਅਨੁਮਾਨ ਹੈ ਕਿ 22 ਲੱਖ ਘਰਾਂ ਦੇ ਚਲੰਤ ਆਧਾਰ ਤੋਂ 2030 ਤੱਕ 34.5 ਲੱਖ ਵਾਧੂ ਘਰਾਂ ਦੇ ਨਿਰਮਾਣ ਦੀ ਲੋੜ ਪਵੇਗੀ।

ਘਰਾਂ ਦੀਆਂ ਕੀਮਤਾਂ ਕਾਬੂ ਹੇਠ ਰੱਖਣ ਲਈ ਪੂਰਤੀ ਅਤੇ ਮੰਗ ਵਿਚਕਾਰ ਪਾੜੇ ਨੂੰ ਪੂਰਨ ਵਾਸਤੇ ਦੀਰਘਕਾਲੀ ਯੋਜਨਾ ਦੀ ਲੋੜ ਹੈ। ਇਸ ਮੰਤਵ ਲਈ ਗ਼ੈਰ ਮੰਡੀ ਮਕਾਨ ਉਸਾਰੀ ਜਿਵੇਂ ਸਹਿਕਾਰੀ, ਮੁਨਾਫ਼ਾ ਰਹਿਤ ਅਤੇ ਸਰਕਾਰੀ ਮਕਾਨ ਉਸਾਰੀ ਖੇਤਰ ਵਿਚ ਚੋਖੇ ਅਤੇ ਬੱਝਵੇਂ ਸਰਕਾਰੀ ਨਿਵੇਸ਼ ਦੀ ਲੋੜ ਹੈ। ਰੈਂਟਲ ਵੈੱਬਸਾਈਟਾਂ 'ਤੇ ਮਹਾਨਗਰਾਂ ਵਿਚ ਕਿਰਾਏ 'ਤੇ ਚਾੜ੍ਹਨ ਲਈ ਇਕਹਿਰੀਆਂ ਇਕਾਈਆਂ ਵਿਚ ਹੀ ਜ਼ਿਆਦਾ ਦਿਲਚਸਪੀ ਦੇਖਣ ਨੂੰ ਮਿਲੀ ਹੈ।

ਕੈਨੇਡਾ ਵਿਚ ਬੇਰੁਜ਼ਗਾਰੀ ਦੀ ਦਰ ਇਤਿਹਾਸਕ ਤੌਰ 'ਤੇ ਨੀਵੀਂ ਰਹੀ ਹੈ ਪਰ ਹੁਣ ਇਸ ਵਿਚ ਵਾਧਾ ਹੋ ਰਿਹਾ ਹੈ। ਇਸ ਵੇਲੇ ਬੇਰੁਜ਼ਗਾਰੀ ਦੀ ਦਰ 5.8% ਹੈ ਜੋ ਪਿਛਲੇ ਸਾਲ 5.1 ਸੀ। ਧਰਵਾਸ ਦੀ ਇਹ ਹੈ ਕਿ ਇਹ 8.06 ਦੀ ਇਤਿਹਾਸਕ ਔਸਤ ਨਾਲੋਂ ਹੇਠਾਂ ਹੈ। ਹਾਲੀਆ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਜੇ ਅਰਥਚਾਰੇ ਵਿਚ ਮੰਦੀ ਦਾ ਰੁਝਾਨ ਜਾਰੀ ਰਹਿੰਦਾ ਹੈ ਤਾਂ ਬੇਰੁਜ਼ਗਾਰੀ ਦੀ ਦਰ ਵਿਚ ਵਾਧਾ ਹੋ ਸਕਦਾ ਹੈ। ਇਸ ਨਾਲ ਘੱਟ ਉਜਰਤ ਵਾਲੇ ਕੰਮ ਧੰਦਿਆਂ ਉੱਪਰ ਅਸਰ ਪੈ ਸਕਦਾ ਹੈ।

ਕੈਨੇਡਾ 'ਚ ਆਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਵਿਚ 2014 ਤੋਂ ਵਾਧਾ ਹੋ ਰਿਹਾ ਹੈ ਜਦੋਂ ਲਿਬਰਲ ਪਾਰਟੀ ਸੱਤਾ ਵਿਚ ਆਈ ਸੀ। ਕੌਮਾਂਤਰੀ ਵਿਦਿਆਰਥੀਆਂ ਨੇ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਵਿਚ 22 ਅਰਬ ਡਾਲਰ ਤੋਂ ਵੱਧ ਯੋਗਦਾਨ ਪਾਇਆ ਹੈ ਅਤੇ ਕਰੀਬ ਦੋ ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਹਨ। ਪਿਛਲੇ ਕੁਝ ਸਮੇਂ ਤੋਂ ਕੈਨੇਡਾ ਨੇ ਆਵਾਸ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਦੇ ਸਬੰਧ ਵਿਚ ਨੇਮ ਸਖ਼ਤ ਕਰਨੇ ਸ਼ੁਰੂ ਕੀਤੇ ਹਨ ਪਰ ਤੱਥ ਇਹ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਉਦਾਰ ਆਵਾਸ ਪ੍ਰਣਾਲੀ ਕਰ ਕੇ ਪਿਛਲੀਆਂ ਤਿੰਨ ਚੋਣਾਂ ਵਿਚ ਉਹ ਆਵਾਸੀ ਵੋਟਰਾਂ ਲਈ ਪਹਿਲੀ ਪਸੰਦ ਬਣੇ ਹੋਏ ਹਨ। ਹੁਣ ਸਵਾਲ ਪੈਦਾ ਹੋ ਗਿਆ ਹੈ ਕਿ ਉਹ ਆਪਣੇ ਇਸ ਵੋਟ ਬੈਂਕ ਨੂੰ ਬਰਕਰਾਰ ਰੱਖ ਸਕਣਗੇ?

ਟਰੂਡੋ ਸਰਕਾਰ ਨੇ ਜਿਸ ਤਰ੍ਹਾਂ ਕੋਵਿਡ ਸੰਕਟ ਦਾ ਸਾਹਮਣਾ ਕੀਤਾ ਸੀ ਅਤੇ ਤਣਾਅ ਦੇ ਦਿਨਾਂ ਵਿਚ ਜਿਵੇਂ ਅਰਬਾਂ ਡਾਲਰ ਖਰਚ ਕੇ ਦੇਸ਼ਵਾਸੀਆਂ ਦੀ ਮਦਦ ਕੀਤੀ ਸੀ, ਉਸ ਦੀ ਬਹੁਤ ਸ਼ਲਾਘਾ ਹੋਈ ਸੀ। ਕੈਨੇਡਾ ਦਾ ਅਰਥਚਾਰਾ ਕੋਵਿਡ ਦੀ ਸੱਟ ਤੋਂ ਬਾਅਦ ਤੇਜ਼ੀ ਨਾਲ ਉੱਭਰ ਆਇਆ ਸੀ। 2021 ਅਤੇ 2022 ਵਿਚ ਕੈਨੇਡਾ ਦੀ ਹਕੀਕੀ ਜੀਡੀਪੀ ਵਿਚ ਕ੍ਰਮਵਾਰ 5.01 ਅਤੇ 3.44% ਦਰ ਨਾਲ ਵਾਧਾ ਹੋਇਆ ਸੀ ਪਰ ਇਸ ਨਾਲ ਮਹਿੰਗਾਈ ਦਰ ਵਿਚ ਵਾਧਾ ਹੋਣ ਕਰ ਕੇ ਸਰਕਾਰ ਦੀ ਖੇਡ ਖਰਾਬ ਹੋ ਗਈ। ਅਰਥ ਸ਼ਾਸਤਰੀਆਂ ਨੇ ਆਖਿਆ ਸੀ ਕਿ ਅਰਥਚਾਰੇ ਦੇ 'ਓਵਰਹੀਟ' ਹੋਣ ਕਰ ਕੇ ਮਹਿੰਗਾਈ ਦਰ ਦਾ ਦਬਾਅ ਵਧ ਗਿਆ ਹੈ। ਜੇ ਮਹਿੰਗਾਈ ਦਰ ਉੱਚੀ ਰਹਿੰਦੀ ਹੈ ਤਾਂ ਇਹ ਕੋਈ ਸ਼ੁਭ ਸੰਕੇਤ ਨਹੀਂ ਹੋਵੇਗਾ। ਨੀਤੀਘਾੜੇ ਅਕਸਰ ਕਹਿੰਦੇ ਹਨ ਕਿ 'ਮੰਦੀ ਬੁਰੀ ਚੀਜ਼ ਹੁੰਦੀ ਹੈ ਪਰ ਬਹੁਤ ਜ਼ਿਆਦਾ ਮਹਿੰਗਾਈ ਇਸ ਤੋਂ ਵੀ ਬੁਰੀ ਹੁੰਦੀ ਹੈ।' ਇਸ ਲਈ ਉਨ੍ਹਾਂ ਨੂੰ ਵਿਆਜ ਦਰਾਂ ਜਿਹੇ ਮਾਲੀ ਨੀਤੀ ਔਜ਼ਾਰਾਂ ਦੀ ਲੋੜ ਪੈਂਦੀ ਹੈ ਤਾਂ ਕਿ ਮਹਿੰਗਾਈ ਦਰ ਨੂੰ ਵਾਪਸ 2-3% ਦੀ ਰੇਂਜ ਅੰਦਰ ਲਿਆਂਦਾ ਜਾ ਸਕੇ। ਅੰਤਿਮ ਟੀਚਾ ਮਹਿੰਗਾਈ ਦਰ ਨੂੰ 2% ਤੋਂ ਹੇਠਾਂ ਲਿਆਉਣਾ ਹੈ।

ਹੁਣ ਭਾਵੇਂ ਅਰਥਚਾਰੇ ਅਤੇ ਮਹਿੰਗਾਈ ਦਰ ਵਿਚ ਨਰਮਾਈ ਆ ਚੁੱਕੀ ਹੈ ਪਰ ਨੀਤੀਘਾੜਿਆਂ ਦਾ ਖ਼ਿਆਲ ਹੈ ਕਿ ਇਸ ਵਿਚ ਮੁੜ ਉਭਾਰ ਆ ਸਕਦਾ ਹੈ। ਇਸ ਲਈ ਸਰਕਾਰ ਸੋਚੀਂ ਪਈ ਹੋਈ ਹੈ। ਜੇ ਮਹਿੰਗਾਈ ਦਰ ਨੂੰ ਜਾਰੀ ਰਹਿਣ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਵੋਟਰ ਨਾਰਾਜ਼ ਹੋ ਜਾਣਗੇ; ਜੇ ਮਹਿੰਗਾਈ ਦਰ ਨੂੰ ਹੋਰ ਹੇਠਾਂ ਲਿਆਉਣ ਲਈ ਸਖ਼ਤ ਨੀਤੀਆਂ ਅਪਣਾਈਆਂ ਜਾਂਦੀਆਂ ਹਨ ਤਾਂ ਇਸ ਨਾਲ ਅਰਥਚਾਰਾ ਮੰਦੀ ਦੇ ਦੌਰ ਵਿਚ ਜਾ ਸਕਦਾ ਹੈ ਜਿਸ ਕਰ ਕੇ ਬੇਰੁਜ਼ਗਾਰੀ ਹੋਰ ਵਧ ਸਕਦੀ ਹੈ।

ਮੰਦੀ ਦੇ ਸੰਕੇਤ ਪਹਿਲਾਂ ਹੀ ਆਉਣ ਲੱਗ ਪਏ ਹਨ। 2023 ਦੀ ਪਹਿਲੀ ਤਿਮਾਹੀ ਵਿਚ ਵਿਕਾਸ ਦਰ 0.6%, ਦੂਜੀ ਤਿਮਾਹੀ ਵਿਚ 0.3% ਅਤੇ ਤੀਜੀ 'ਚ -0.3% ਰਹੀ ਹੈ। ਜੇ ਲਗਾਤਾਰ ਦੋ ਤਿਮਾਹੀਆਂ ਦੌਰਾਨ ਨਾਂਹਮੁਖੀ ਰੁਝਾਨ ਰਹਿੰਦਾ ਹੈ ਤਾਂ ਤਕਨੀਕੀ ਤੌਰ 'ਤੇ ਇਹ ਮੰਦੀ ਗਿਣੀ ਜਾਂਦੀ ਹੈ। ਇਸ ਲਈ ਜੇ ਚੌਥੀ ਤਿਮਾਹੀ ਵਿਚ ਵੀ ਵਿਕਾਸ ਦਰ ਨਾਂਹਮੁਖੀ ਰਹੀ ਤਾਂ ਕੈਨੇਡੀਅਨ ਅਰਥਚਾਰਾ ਮੰਦੀ ਦੀ ਜ਼ੱਦ ਵਿਚ ਆ ਜਾਵੇਗਾ। ਟੀਡੀ ਬੈਂਕ ਦੇ ਆਰਥਿਕ ਮਾਹਿਰਾਂ ਮੁਤਾਬਿਕ ਜੇ ਅਜਿਹਾ ਹੋਇਆ ਤਾਂ ਰੁਜ਼ਗਾਰ ਦੀ ਦਰ ਵਿਚ 3.7% ਕਮੀ ਆ ਜਾਵੇਗੀ; ਭਾਵ, 4.5 ਲੱਖ ਨੌਕਰੀਆਂ ਘਟ ਜਾਣਗੀਆਂ।

ਕੁੱਲ ਮਿਲਾ ਕੇ ਅਰਥਚਾਰੇ ਉਪਰ ਉੱਚ ਮਹਿੰਗਾਈ ਦਰ (ਖ਼ਾਸਕਰ ਖੁਰਾਕ, ਰਿਹਾਇਸ਼ ਤੇ ਗੈਸ ਦੀਆਂ ਉੱਚੀਆਂ ਕੀਮਤਾਂ), ਘਰ ਨਿਰਮਾਣ ਸੰਕਟ, ਘਰਾਂ ਲਈ ਮਾਰਗੇਜ ਤੇ ਨਾਨ-ਮਾਰਗੇਜ ਕਰਜ਼ਿਆਂ 'ਚ ਵਾਧੇ, ਉੱਚੀਆਂ ਵਿਆਜ ਦਰਾਂ ਅਤੇ ਮੰਦੀ ਦੇ ਆਸਾਰ ਦਾ ਖ਼ਤਰਾ ਮੰਡਰਾ ਰਿਹਾ ਹੈ। ਟਰੂਡੋ ਇਸ ਵੇਲੇ ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕਰੈਟਿਕ ਪਾਰਟੀ (ਐੱਨ.ਡੀ.ਪੀ.) ਦੀ ਹਮਾਇਤ ਨਾਲ ਘੱਟਗਿਣਤੀ ਸਰਕਾਰ ਚਲਾ ਰਹੇ ਹਨ। ਜੇ ਟਰੂਡੋ 2025 ਦੀਆਂ ਚੋਣਾਂ ਵਿਚ ਕਿਵੇਂ ਨਾ ਕਿਵੇਂ ਜਿੱਤ ਗਏ ਤਾਂ ਜਗਮੀਤ ਸਿੰਘ ਇਕ ਵਾਰ ਫਿਰ 'ਕਿੰਗਮੇਕਰ' ਦੀ ਭੂਮਿਕਾ ਨਿਭਾਉਣਗੇ।

# ਸੰਸਾਰ ਸਿਆਸਤ ਦੇ ਨਵੇਂ ਆਰਥਿਕ ਮੁਹਾਜ਼

ਨਵੀਂ ਸਦੀ ਦੇ ਸ਼ੁਰੂ ਵਿਚ ਅਜਿਹੀ ਦੀਰਘਕਾਲੀ ਪੇਸ਼ੀਨਗੋਈ ਕੀਤੀ ਗਈ ਸੀ ਜਿਸ ਵੱਲ ਪੂਰੀ ਦੁਨੀਆ ਦੀ ਤਵੱਜੋ ਗਈ ਸੀ; ਤੇ ਪਿਛਲੇ ਹਫ਼ਤੇ ਦੇ ਇਕ ਚੁਥਾਈ ਸਦੀ ਦੇ ਵਿਸ਼ੇ ਸੰਗ ਤੁਰਦਿਆਂ, ਉਸ (ਪੇਸ਼ੀਨਗੋਈ) ਵੱਲ ਪਿਛਾਂਹ ਮੁੜ ਕੇ ਦੇਖਣਾ ਸਿੱਖਿਆਦਾਇਕ ਸਾਬਿਤ

**ਟੀ.ਐੱਨ. ਨੈਨਾਨ**

ਹੋ ਸਕਦਾ ਹੈ। ਕਈ ਲੋਕ ਇਸ ਪੇਸ਼ੀਨਗੋਈ ਨੂੰ ਮਸ਼ਹੂਰ ਕਰਾਰ ਦਿੰਦੇ ਹਨ; ਬਹੁਤ ਸਾਰੇ ਇਸ ਨੂੰ ਬਦਨਾਮ ਵੀ ਕਹਿੰਦੇ ਹਨ।

ਗੋਲਡਮੈਨ ਸੈਕਸ ਨੇ ਇਹ ਪੇਸ਼ੀਨਗੋਈ ਕੀਤੀ ਸੀ ਕਿ ਬਰਿਕਸ ਦੇ ਚਾਰ ਉਭਰਦੇ ਹੋਏ ਅਰਥਚਾਰੇ (ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ) ਪਹਿਲਾਂ ਦੁਨੀਆ ਦੇ ਛੇ ਸਭ ਤੋਂ ਵੱਡੇ ਅਰਥਚਾਰਿਆਂ ਅਮਰੀਕਾ, ਜਪਾਨ, ਜਰਮਨੀ, ਯੂ.ਕੇ., ਫਰਾਂਸ ਅਤੇ ਇਟਲੀ (ਜੀ6) ਦੇ ਹਾਣ ਦੇ ਬਣ ਜਾਣਗੇ ਅਤੇ ਫਿਰ ਇਕ ਸਮੇਂ 'ਤੇ ਇਨ੍ਹਾਂ ਨੂੰ ਪਛਾੜ ਦੇਣਗੇ। ਤਬਦੀਲੀ ਦੀ ਵਡੇਰੀ ਦਿਸ਼ਾ ਦੇ ਲਿਹਾਜ ਨਾਲ ਇਸ ਤੋਂ ਕੁਝ ਵੱਖਰੇ ਤੌਰ 'ਤੇ ਦੇਖਿਆ ਜਾਵੇ ਤਾਂ ਇਹ ਪੇਸ਼ੀਨਗੋਈ ਸਹੀ ਸਾਬਿਤ ਹੋਈ ਹੈ।

ਗੋਲਡਮੈਨ ਨੇ ਕਿਹਾ ਸੀ ਕਿ ਵਿਆਪਕ ਪੱਧਰ 'ਤੇ ਬਰਿਕਸ ਅਰਥਚਾਰੇ ਇਸ ਵੇਲੇ ਜੀ6 ਅਰਥਚਾਰਿਆਂ ਦੇ ਸੱਤਵੇਂ ਹਿੱਸੇ ਦੇ ਪੱਧਰ ਤੋਂ ਵਿਕਾਸ ਕਰਦੇ ਹੋਏ 2025 ਤੱਕ ਇਨ੍ਹਾਂ ਦੇ ਅੱਧ ਵਿਚ ਪਹੁੰਚ ਜਾਣਗੇ। ਹੈਰਾਨੀ ਦੀ ਗੱਲ ਇਹ ਸੀ ਕਿ ਬਰਿਕਸ ਦੇਸ਼ਾਂ ਨੇ ਇਹ ਟੀਚਾ ਪੂਰਾ ਇਕ ਦਹਾਕਾ ਪਹਿਲਾਂ, ਭਾਵ 2015 ਵਿਚ ਹੀ ਹਾਸਲ ਕਰ ਲਿਆ ਸੀ ਪਰ ਉਸ ਤੋਂ ਬਾਅਦ ਬਦਲਾਓ ਦੀ ਰਫ਼ਤਾਰ ਮੱਠੀ ਬਣੀ ਹੋਈ ਹੈ। ਅਨੁਮਾਨ ਇਹ ਹੈ ਕਿ 2025 ਤੱਕ ਬਰਿਕਸ ਜੀ6 ਦੇਸ਼ਾਂ ਦੇ ਕੁੱਲ ਆਰਥਿਕ ਆਕਾਰ ਦੇ 60 ਫ਼ੀਸਦ ਦੇ ਬਰਾਬਰ ਆ ਜਾਣਗੇ। ਅਨੁਮਾਨ ਲਾਇਆ ਗਿਆ ਸੀ ਕਿ ਬਰਿਕਸ ਦੇਸ਼, ਕਰੰਸੀ ਦੇ ਮੁੱਲ ਵਾਧੇ ਜ਼ਰੀਏ ਜੀ6 ਦੇਸ਼ਾਂ ਦੇ ਹਾਣ ਦੇ ਹੋਣ ਦੇ ਪੈਂਡੇ ਦਾ ਵੱਡਾ ਹਿੱਸਾ ਤੈਅ ਕਰ ਲੈਣਗੇ ਪਰ ਅਜਿਹਾ ਵਾਪਰ ਨਹੀਂ ਸਕਿਆ। ਫਿਰ ਵੀ ਬਰਿਕਸ ਨੇ ਪੇਸ਼ੀਨਗੋਈ ਨਾਲੋਂ ਜ਼ਿਆਦਾ ਕਾਰਕਰਦਗੀ ਦਾ ਮੁਜ਼ਾਹਰਾ ਕੀਤਾ ਹੈ।

ਇਹ ਕਾਰਕਰਦਗੀ ਵਡੇਰੇ ਤੌਰ 'ਤੇ ਚੀਨ ਦੇ ਜ਼ਬਰਦਸਤ ਰਿਕਾਰਡ ਸਦਕਾ ਸਾਹਮਣੇ ਆ ਸਕੀ ਹੈ; ਬ੍ਰਾਜ਼ੀਲ ਤੇ ਰੂਸ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ। ਰੂਸ ਬਾਰੇ ਅਨੁਮਾਨ ਸੀ ਕਿ ਹੁਣ ਤੱਕ ਇਹ ਇਟਲੀ ਨੂੰ ਪਛਾੜ ਕੇ ਫਰਾਂਸ ਦੇ ਬਰਾਬਰ ਆ ਜਾਣਾ ਚਾਹੀਦਾ ਸੀ ਪਰ ਜਿਵੇਂ ਵਾਪਰਿਆ ਹੈ, ਰੂਸ ਹਾਲੇ ਵੀ ਦੋਵਾਂ ਤੋਂ ਕਾਫ਼ੀ ਪਿੱਛੇ ਚੱਲ ਰਿਹਾ ਹੈ ਤੇ ਇਹੀ ਹਾਲ ਬ੍ਰਾਜ਼ੀਲ ਦਾ ਹੈ। ਬਰਿਕਸ 'ਚੋਂ ਭਾਰਤ ਹੀ ਇਕਮਾਤਰ ਮੈਂਬਰ ਹੈ ਜਿਸ ਨੇ ਪੇਸ਼ੀਨਗੋਈ ਦੇ ਆਸ ਪਾਸ ਕਾਰਗੁਜ਼ਾਰੀ ਦਿਖਾਈ ਹੈ। ਸੰਨ 2000 ਵਿਚ ਇਸ ਦੇ ਅਰਥਚਾਰੇ ਦਾ ਆਕਾਰ ਜੀ6 ਅਰਥਚਾਰਿਆਂ ਦਾ 2.4% ਹਿੱਸੇ ਦੇ ਬਰਾਬਰ ਸੀ ਅਤੇ ਅਨੁਮਾਨ ਲਾਇਆ ਗਿਆ ਸੀ ਕਿ 2023 ਤੱਕ ਇਹ 8.5% ਹੋ ਜਾਵੇਗਾ। ਹਕੀਕੀ ਕਾਰਗੁਜ਼ਾਰੀ ਦੇ ਹਿਸਾਬ ਨਾਲ ਇਸ ਦਾ ਹਿੱਸਾ 8.4% ਤੱਕ ਪਹੁੰਚ ਗਿਆ ਸੀ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਇਕ ਚੁਥਾਈ ਸਦੀ ਬਰਿਕਸ ਦੀ ਸਦੀ ਘੱਟ ਪਰ ਚੀਨ ਤੇ ਭਾਰਤ ਦੀ ਸਦੀ ਜ਼ਿਆਦਾ ਸਾਬਿਤ ਹੋਈ ਹੈ।

ਦਿਲਚਸਪ ਗੱਲ ਇਹ ਹੈ ਕਿ ਭਾਰਤ ਦੀ ਵਿਕਾਸ ਦਰ 2025 ਤੱਕ ਚੀਨ ਦੀ ਆਰਥਿਕ ਵਿਕਾਸ ਦਰ ਤੋਂ ਜ਼ਿਆਦਾ ਹੋਣ ਅਤੇ ਇਸ ਤੋਂ ਬਾਅਦ ਇਸ ਦੇ ਅੱਗੇ ਨਿਕਲ ਜਾਣ ਦਾ ਅਨੁਮਾਨ ਹੈ।

ਗੋਲਡਮੈਨ ਨੇ ਬਰਿਕਸ ਅਰਥਚਾਰਿਆਂ ਦੀ ਕਾਰਕਰਦਗੀ ਲਈ ਸਹਾਇਕ ਹੋਣ ਵਾਲੇ ਚਾਰ ਕਾਰਕਾਂ ਦੀ ਨਿਸ਼ਾਨਦੇਹੀ ਕੀਤੀ ਹੈ: ਮੈਕਰੋ ਜਾਂ ਵਿਆਪਕ ਆਰਥਿਕ ਸਥਿਰਤਾ, ਵਪਾਰ ਅਤੇ ਨਿਵੇਸ਼ ਲਈ ਖੁੱਲ੍ਹਾਪਣ, ਮਜ਼ਬੂਤ ਸੰਸਥਾਵਾਂ ਅਤੇ ਮਿਆਰੀ ਸਿੱਖਿਆ। ਇਨ੍ਹਾਂ ਕਾਰਕਾਂ 'ਚੋਂ ਭਾਰਤ ਨੇ ਨਾ ਕੇਵਲ ਆਰਥਿਕ ਸਗੋਂ ਸਿਆਸੀ ਸਥਿਰਤਾ ਵੀ ਮੁਹੱਈਆ ਕਰਵਾਈ ਹੈ; ਦੁਨੀਆ ਦੇ ਹੋਰਨਾਂ ਦੇਸ਼ਾਂ ਪ੍ਰਤੀ ਖੁੱਲ੍ਹੇਪਣ ਵਿਚ ਸੁਧਾਰ ਕੀਤਾ ਹੈ (ਕੁਝ ਕੁ ਹਾਲੀਆ ਪਿਛਾਂਹਕਦਮੀਆਂ ਨੂੰ ਛੱਡ ਕੇ); ਆਪਣੀਆਂ ਆਰਥਿਕ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਹੈ ਜਦਕਿ ਸਿਆਸੀ ਸੰਸਥਾਵਾਂ ਦੀ ਮਜ਼ਬੂਤੀ ਨੂੰ ਕੁਝ ਹੱਦ ਤੱਕ ਖੋਰਾ ਲੱਗਿਆ ਹੈ; ਤੇ ਉਚੇਰੀ ਸਿੱਖਿਆ ਵਿਚ ਸੁਧਾਰ ਆਇਆ ਹੈ ਤੇ ਨਾਲ ਹੀ ਸਾਖਰਤਾ ਪੱਧਰ ਵੀ ਉੱਚੇ ਉੱਠੇ ਹਨ ਭਾਵੇਂ ਦੋ ਪੱਖਾਂ ਵਿਚ ਹਾਲੇ ਵੀ ਬਹੁਤ ਜ਼ਿਆਦਾ ਸੁਧਾਰ ਦੀ ਗੁੰਜਾਇਸ਼ ਹੈ।

ਇਨ੍ਹਾਂ ਮੁਹਾਜ਼ਾਂ 'ਤੇ ਨਾ ਬ੍ਰਾਜ਼ੀਲ ਤੇ ਨਾ ਹੀ ਰੂਸ ਲੰਮੇ ਚੌੜੇ ਦਾਅਵੇ ਕਰ ਸਕਦਾ ਹੈ; ਚੀਨ ਨੇ ਆਪਣੇ ਅੰਦਾਜ਼ ਵਿਚ ਪੇਸ਼ਕਦਮੀ ਕੀਤੀ ਹੈ। ਬਿਨਾਂ ਸ਼ੱਕ, ਭਾਰਤ ਅਜੇ ਵੀ ਇਸ ਕਲੱਬ ਦਾ ਸਭ ਤੋਂ ਵੱਧ ਗ਼ਰੀਬ ਮੈਂਬਰ ਬਣਿਆ ਹੋਇਆ ਹੈ ਪਰ ਗੋਲਡਮੈਨ ਦੀ ਦਲੀਲ ਹੈ ਕਿ ਇਸ ਦੇ ਵਿਕਾਸ ਦੀ ਦੀਰਘਕਾਲੀ ਸੰਭਾਵਨਾ ਸਭ ਤੋਂ ਵੱਧ ਹੈ।

ਜਿੱਥੋਂ ਤੱਕ ਸਦੀ ਦੀ ਦੂਜੀ ਤਿਮਾਹੀ ਮੁਤੱਲਕ ਪੇਸ਼ੀਨਗੋਈ ਦਾ ਸਵਾਲ ਹੈ ਤਾਂ ਇਹੀ ਵਡੇਰੇ ਰੂਪ ਵਿਚ ਇਹੋ ਜਿਹੀ ਹੀ ਰਹਿਣ ਦੀ ਆਸ ਹੈ ਜਿਸ ਵਿਚ ਭਾਰਤ ਦੀ ਪ੍ਰਮੁੱਖਤਾ ਵਧਣ ਦੇ ਆਸਾਰ ਹਨ। ਰੂਸ ਨੇ ਪਾਬੰਦੀਆਂ ਦੇ ਫੌਰੀ ਅਸਰ ਨੂੰ ਬਰਦਾਸ਼ਤ ਕਰ ਲਿਆ ਹੈ ਪਰ ਇਸ ਦੇ ਉਤਪਾਦ ਅਹਿਮ ਮੰਡੀਆਂ ਤੋਂ ਵਿਰਵੇ ਹੋ ਗਏ ਹਨ ਅਤੇ ਤਕਨਾਲੋਜੀ ਨਾ ਮਿਲਣ ਕਰ ਕੇ ਲੰਮੇ ਦਾਅ ਤੋਂ ਇਸ ਨੂੰ ਖਮਿਆਜ਼ਾ ਭੁਗਤਣਾ ਪਵੇਗਾ। ਬ੍ਰਾਜ਼ੀਲ ਵਿਚ ਕਦੇ ਵਿਕਾਸ ਦੇ ਰਾਹ 'ਤੇ ਪੈਣ ਅਤੇ ਕਦੇ ਖੜੋਤ ਦਾ ਸ਼ਿਕਾਰ ਬਣਨ ਦਾ ਲੰਮਾ ਇਤਿਹਾਸ ਰਿਹਾ ਹੈ। ਚੀਨ ਹੌਲੀ ਹੌਲੀ ਪੁਖ਼ਤਗੀ ਵੱਲ ਵਧ ਰਿਹਾ ਹੈ ਅਤੇ ਇਸ ਦੀ ਰਫ਼ਤਾਰ ਮੱਠੀ ਪੈ ਰਹੀ ਹੈ ਪਰ ਇਸ ਦੇ ਬਾਵਜੂਦ ਆਲਮੀ ਅਰਥਚਾਰੇ ਨਾਲੋਂ ਇਸ ਦੀ ਵਿਕਾਸ ਦਰ ਜ਼ਿਆਦਾ ਤੇਜ਼ ਰਹਿਣ ਦੇ ਆਸਾਰ ਹਨ। ਇਨ੍ਹਾਂ ਚਾਰੋਂ ਦੇਸ਼ਾਂ 'ਚੋਂ ਭਾਰਤ ਦੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਬਣੇ ਰਹਿਣ ਦੀ ਸੰਭਾਵਨਾ ਹੈ।

# ਦੁੱਲੇ ਭੱਟੀ ਦੀ ਨਾਬਰੀ ਅਤੇ ਲੋਹੜੀ ਦਾ ਤਿਓਹਾਰ

ਜ਼ਾਲਮ ਹਾਕਮਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਵਾਲੇ ਬਹਾਦਰ ਲੋਕਾਂ ਨੂੰ ਇਤਿਹਾਸਕਾਰਾਂ ਨੇ ਚੰਗੀ ਪਹਿਚਾਣ ਨਹੀਂ ਦਿੱਤੀ। ਦੁੱਲੇ ਨੂੰ ਚੋਰ-ਉਚੱਕਾ, ਡਾਕੂ, ਮਾਰ-ਖੋਰ, ਧਾੜਵੀ ਬਣਾ ਦਿੱਤਾ। ਕੀ ਕਾਰਨ ਉਹ ਅੱਜ ਵੀ ਲੋਕ-ਚੇਤਿਆਂ ਵਿਚ ਜਿਉਂਦਾ ਹੈ। ਕਿਉਂਕਿ ਉਹ ਹੱਕ-ਸੱਚ ਦਾ ਪਹਿਰੇਦਾਰ ਸੀ। ਉਸ ਨੇ ਇਕ ਧੀ ਸੁੰਦਰੀ ਦੀ ਇੱਜਤ ਨਹੀਂ ਸੀ ਬਚਾਈ, ਸਗੋਂ ਲੱਖਾਂ ਹੋਰਨਾਂ ਦੇ ਮਾਣ ਰੱਖਣ ਦਾ ਵੱਲ ਵੀ ਸਿਖਾਇਆ।

ਮੈਂ ਵੱਡ ਕੇ ਕਾਈਆ ਸਰਕੜਾਂ, ਲਾਂਬੂ ਲਾਉਂ ਲਾਹੌਰ
ਜਿਨ੍ਹਾਂ ਪਿਉ ਦਾਦੇ ਨੂੰ ਮਾਰਿਆ, ਰਾਹੇ ਪਾਉਂ ਪਿਸ਼ੌਰ।

ਤੇ ਉਸ ਅਣਖੀਲੇ ਪੰਜਾਬ ਦੇ ਜਾਏ ਦਾ ਨਾਮ ਸੀ ਦੁੱਲਾ ਭੱਟੀ। ਸੋਕਿਆਂ-ਔੜਾਂ ਦੇ ਸਤਾਏ ਰਾਜਪੂਤ ਕਬੀਲੇ ਨੂੰ ਕਰੀਬ ਸੱਤ ਸਦੀਆਂ ਪਹਿਲਾਂ ਰਾਜਸਥਾਨ ਦੇ ਜੈਸਲਮੇਰ ਤੋਂ ਪੰਜਾਬ ਅੰਦਰ

**ਧਰਮ ਸਿੰਘ ਗੋਰਾਇਆ**
**ਫੋਨ: 301-653-7029**

ਝਨਾਂ ਦੇ ਕੰਢੇ ਲਿਆ ਬਿਠਾਇਆ।

ਸਾਂਦਲਬਾਰ ਦੇ ਇਲਾਕੇ ਦੀ ਅਹਿਲਕਾਰੀ ਸੇਹੂ ਹੰਜਰਾਂ ਕੋਲ ਸੀ। ਸੇਹੂ ਹੰਜਰਾ ਨੂੰ ਵੀ ਚੰਗੇ ਖੜ੍ਹਕੇ-ਦੜ੍ਹਕੇ ਵਾਲੇ ਲੋਕਾਂ ਦੀ ਲੋੜ ਸੀ ਜਿਸ ਦੀ ਵਜ੍ਹਾ ਕਰਕੇ ਜੰਗਜੂ-ਲੜਾਕੇ-ਮਾਰਖੋਰ ਰਾਜਪੂਤਾਂ ਦਾ ਪੱਕਾ ਮੁਕਾਮ ਹੋ ਗਿਆ। ਇਨ੍ਹਾਂ ਨੇ ਚਾਰ-ਚੁਫੇਰੇ ਕਬਜੇ ਕਰ ਲਏ ਅਤੇ 2-2 ਸਦੀਆਂ ਬਾਅਦ ਮਾਲਕੀਆਂ ਵੀ ਬਣਾ ਲਈਆਂ। ਆਪਸ ਵਿਚ ਹੱਦਾਂ ਬਣਾ ਕੇ ਛੋਟੀਆਂ-ਛੋਟੀਆਂ ਰਿਆਸਤਾਂ ਤਹਿ ਕਰ ਲਈਆਂ।

ਜੇਕਰ ਇਨ੍ਹਾਂ ਦੀ ਪੀੜ੍ਹੀ ਦੀ ਦਰਜਾ-ਬੰਦੀ ਕਰੀਏ ਤਾਂ ਕੁਝ ਇਸ ਤਰ੍ਹਾਂ ਚਲਦਾ ਹੈ। ਭੱਟੀ-ਗੱਜਪਤ-ਹੰਸਰਾਜ-ਤੰਨੋ-ਉਦੇ-ਲਾਖੜਾਂ-ਚੂੜ-ਘਿੰਗ-ਨੱਥੋ-ਬਿਜਲੀ ਖ਼ਾਂ-ਫ਼ਰੀਦ ਖ਼ਾਂ-ਦੁੱਲਾ ਭੱਟੀ।

ਮੰਗੋਲੀਆਂ ਤੋਂ ਚਲੇ ਆਏ ਮੰਗੋਲਾਂ ਵਿਚੋਂ ਚੰਗੇਜ ਖਾਂ ਤੇ ਚੰਗੇਜ ਤੋਂ ਚੁਗੱਤੇ ਰਾਜ ਦੀ ਬਹੁਤ ਲੰਬੀ ਦਾਸਤਾਨ ਹੈ ਜੋ SILK Road ਨਾਲ ਵੀ ਆ ਜੁੜਦੀ ਹੈ। ਇਨ੍ਹਾਂ ਦੀ ਪੰਜਾਬ ਨਾਲ ਸਾਂਝ ਦੀ ਗੱਲ 1221 ਤੋਂ ਤੁਰਦੀ ਹੋਈ ਅਖੀਰ ਬਹਾਦਰ ਸ਼ਾਹ ਦੂਜੇ ਭਾਵ 1857 ਵਿਚ ਆ ਕੇ ਮੁੱਕਦੀ ਹੈ। ਇਨ੍ਹਾਂ 636 ਸਾਲਾਂ ਦੇ ਇਤਿਹਾਸ ਵਿਚ ਬਹੁਤ ਵੱਡੀਆਂ ਘਟਨਾਵਾਂ ਪਲਪਦੀਆਂ ਰਹੀਆਂ ਪਰ ਜੋ ਘਟਨਾ ਸਾਂਦਲਬਾਰ ਦੀ ਜੂਹ ਅੰਦਰ ਵਾਪਰੀ ਉਸ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ।

ਹੁਣ ਤੱਕ ਬਿਜਲੀ ਖ਼ਾਂ ਵੀ ਆਪਣੇ ਇਲਾਕੇ ਦਾ ਖੁਦਮੁਖਤਾਰ ਬਣ ਚੁੱਕਾ ਸੀ। ਆਗਰਾ, ਫਤਿਹਪੁਰ ਸ਼ੀਕਰੀ, ਦਿੱਲੀ, ਲਾਹੌਰ ਤੋਂ ਕਾਬਲ, ਕੰਧਾਰ, ਤੁਰਕਸਤਾਨ, ਇਰਾਨ ਜਾਣ ਆਉਣ ਲਈ ਇਕ ਰਸਤਾ ਪਿੰਡੀ-ਭੱਟੀਆ ਵਿਚੋਂ ਵੀ ਗੁਜ਼ਰਦਾ ਸੀ। ਕੁਦਰਤ ਏਸ ਇਲਾਕੇ ਉਪਰ ਬੜੀ ਮਿਹਰਬਾਨ ਸੀ।

ਹਰੀਆਂ-ਭਰੀਆਂ ਫ਼ਸਲਾਂ, ਖੁੱਲੀਆਂ ਚਾਰਗਾਹਾਂ, ਜੰਗਲੀ ਜਾਨਵਰਾਂ ਦਾ ਸ਼ਿਕਾਰ, ਮਰਦਾਂ-ਔਰਤਾਂ ਦੇ ਹੁਸਨ ਦੀ ਕਮਾਲ। ਵਿਉਪਾਰੀਆਂ-ਸੁਦਾਗਰਾਂ ਦੀ ਆਵਾਜਾਈ, ਮੁਗ਼ਲ ਫ਼ੌਜਾਂ ਦਾ ਆਉਣਾ-ਜਾਣਾ ਅਤੇ ਇੰਝ ਫੱਸਲਾਂ ਦਾ ਉਜਾੜਾ, ਲੋਕਾਂ ਦੇ ਘਰਾਂ ਵਿਚੋਂ ਧੱਕੇ ਨਾਲ ਆਨਾਜ ਚੱਕ ਲੈਣਾ, ਬਹੂ-ਬੇਟੀਆਂ ਨੂੰ ਤੰਗ ਪਰੇਸ਼ਾਨ ਕਰਨਾ ਆਮ ਦਾ ਵਰਤਾਰਾ ਬਣ ਗਿਆ।

ਬਿਜਲੀ ਖ਼ਾਂ ਨੇ ਆਪਣੀ ਪਰਜਾ ਨਾਲ ਅਹਿਦ ਕੀਤਾ ਕਿ ਕੋਈ ਜ਼ਮੀਨੀ ਮਾਲੀਆ ਲਾਹੌਰ ਨਹੀਂ ਜਾਵੇਗਾ। ਜਿੰਨਾ ਕਿਸੇ ਕੋਲੋਂ ਸਰਦਾ-ਬਣਦਾ ਹੋਵੇ ਉਹ ਸਾਡੀ ਬਣਾਈ ਸਭਾ ਕੋਲ ਦੇ ਜਾਇਆ ਕਰੇ, ਅਸੀਂ ਤੁਹਾਡੇ ਟੱਬਰਾਂ ਅਤੇ ਮਾਲ-ਡੰਗਰ ਦੀ ਹਿਫਾਜਤ ਕਰਾਂਗੇ। ਇਕੱਠਾ ਹੋਇਆ ਪੈਸਾ-ਧੇਲਾ-ਆਨਾਜ ਬਿਜਲੀ ਖ਼ਾਂ ਆਪਣੇ ਬਣਾਏ ਲੜਾਕੂ ਨੌਜਵਾਨ ਟੋਲੇ ਵਿਚ ਤਕਸੀਮ ਕਰ ਦੇਂਦਾ। ਉਸਦਾ ਪੁੱਤਰ ਫਰੀਦ ਖ਼ਾਂ ਉਸ ਤੋਂ ਵੀ ਜ਼ਿਆਦਾ ਚੇਤੰਨ ਹੋ ਚੁੱਕਾ ਸੀ। ਇੰਝ 'State within the state ਦੀ ਕਸ਼-ਮ-ਕਸ਼ ਕਿੰਨਾ ਕੁ ਚਿਰ ਚੱਲਦੀ ਰਹਿੰਦੀ। ਹਕੂਮਤ ਮੁਗ਼ਲ-ਚੁਗੱਤਿਆਂ ਦੀ ਹੋਵੇ ਤੇ ਮੁੱਠੀ ਭਰ ਸਾਂਦਲਬਾਰੀਏ ਇਨ੍ਹਾਂ ਦੇ ਕਾਬੂ ਵਿਚ ਕਿੰਝ ਨਾ ਆਵਣ। ਪਹਿਲਾਂ ਇਨ੍ਹਾਂ ਨੂੰ ਲਾਲਚ ਦੇਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਪੰਜਾਬ ਦੀ ਮਿੱਟੀ ਤੇ ਝਨਾਂ ਦੇ ਤਾਰੂ ਮੁਗ਼ਲਾਂ ਦੀ ਤੱਕੜੀ ਨਾ ਚੜ੍ਹੇ। ਕਿਧਰੇ ਅੱਜ ਵਰਗੇ ਹੁੰਦੇ ਘਰਾਂ ਦੇ ਘਰ ਭਰ ਲੈਂਦੇ ਤੇ ਫਿਰ ਵੀ ਭੁੱਖੇ ਦੇ ਭੁੱਖੇ ਜਿਵੇਂ ਧੋਬੀ ਦਾ...। ਪਰ ਇੰਝ ਨਹੀਂ ਸੀ ਹੋਣਾ। ਅਜੇ ਇਤਿਹਾਸ ਦੇ ਖਾਲੀ ਵਰਕੇ ਫੜ-ਫੜਾਅ ਰਹੇ ਸਨ।

ਪਿਉ-ਦਾਦੇ ਦੇ ਤੁਰ ਜਾਣ ਮਗਰੋਂ ਕਰੀਬ ਚਾਰ ਮਹੀਨੇ ਬਾਅਦ ਦਰਿਆ ਝਨਾਂ ਵਿਚੋਂ ਇਕ ਕਿਲਕਾਰੀ ਦੀ ਆਵਾਜ਼ ਨੇ ਸਭ ਨੂੰ ਹੈਰਾਨ ਕਰ ਦਿੱਤਾ ਜਦੋਂ ਬਦਰ ਵਿਖੇ ਮਾਈ ਲੱਧੀ ਨੇ ਬੇੜੀ ਰਾਹੀਂ ਦਰਿਆ ਪਾਰ ਕਰਦਿਆਂ ਦੁੱਲੇ ਨੂੰ ਜਨਮ ਦਿੱਤਾ। ਲੱਧੀ ਨੇ ਝਨਾਂ ਦੇ ਵੱਗਦੇ ਤੇਜ ਪਾਣੀ ਵਿਚ ਤਲਵਾਰ ਡੋਬ ਕੇ ਦੁੱਲੇ ਨੂੰ ਗੁੜ੍ਹਤੀ ਦਿੱਤੀ। ਏਸ ਦੀ ਗਵਾਹੀ ਅੱਜ ਵੀ ਪਿੰਡੀ-ਭੱਟੀਆਂ ਵਾਲੇ ਆਪਣੇ ਫਰਜੰਦਾਂ ਰਾਹੀਂ ਸਹੀ ਪੁਗਾਉਂਦੇ ਹਨ।

ਪਿੰਡ ਬਦਰ ਨਹੀਂ ਰਿਹਾ ਪਰ ਉਸ ਦੀ ਥਾਂ ਪਿੰਡ ਚੂਚਕ ਸੋਹਣਾ ਵੱਸਦਾ ਰੱਸਦਾ ਹੈ। ਪੰਜਾਬ ਦੀ ਮਿੱਟੀ ਦਾ ਜਾਇਆ, ਬੇਖ਼ੌਫ਼, ਦਿਲਦਾਰ, ਸੁਭਾਅ ਦਾ ਅੜੀਅਲ ਆਮ ਪੁਰਾਣੇ ਜ਼ਮਾਨਿਆਂ ਦੇ ਰੀਤੀ-ਰਿਵਾਜ਼ਾਂ ਨਾਲ ਯਾਰਾਂ-ਦੋਸਤਾਂ ਦੀਆਂ ਮਿੱਤਰ-ਮੰਡਲੀਆਂ ਵਿਚ ਜਵਾਨ ਹੋਇਆ। ਖੁਲ੍ਹਾ ਖਾਣ-ਪੀਣ, ਤੀਰ-ਅੰਦਾਜ਼ੀ, ਘੋੜੀਆਂ ਦੀ ਸੁਵਾਰੀ, ਝਨਾਂ ਤੋਂ ਰਾਵੀ ਤੱਕ ਦੀਆਂ ਜੂਹਾਂ, ਜਿਥੇ ਲੜਦੇ-ਭਿੜਦੇ, ਰੁੱਸਦੇ ਫਿਰ ਮੰਨਦੇ ਜਿਵੇਂ ਆਉਣ ਵਾਲੇ ਸਮੇਂ ਦੇ ਹਾਣੀ ਬਣ ਖਲੋਵਣ।


ਪੰਡਤ ਕਹਿੰਦਾ ਚੰਗੇ ਕੰਮ ਕਰੋ ਲੋਕ ਯਾਦ ਕਰਨਗੇ, ਮਸ਼ਹੂਰ ਹੋ ਜਾਵੋਗੇ। ਪੰਡਤਾਂ ਛੇਤੀ ਮਸ਼ਹੂਰ ਕਿੰਝ? ਕਹਿੰਦਾ ਮਾੜੇ ਕੰਮੀ ਅਗਲੇ ਦਿਨ ਮਦਰੱਸੇ ਜਾ ਕੇ ਮੌਲਵੀ ਕੁਟ ਦੇਣਾ। ਦੁੱਲੇ ਨੂੰ ਮੌਲਵੀ ਦੇ ਮੂੰਹੋਂ ਮੁਗ਼ਲਾਂ ਦੀ ਤਾਰੀਫ਼ ਚੰਗੀ ਨਾ ਲੱਗੀ। ਚਾਰ ਚੁਫ਼ੇਰੇ ਦੁੱਲਾ-ਦੁੱਲਾ ਹੋ ਉੱਠਿਆ।

ਹੁਣ ਤੱਕ ਮਾਈ ਲੱਧੀ ਤੋਂ ਸਭ ਜਾਣ ਚੁੱਕਾ ਸੀ। ਹਵੇਲੀ ਅੰਦਰ ਬੰਦ ਪਏ ਦਰਵਾਜ਼ੇ ਖੁੱਲ੍ਹ ਚੁੱਕੇ ਸਨ। ਅੰਦਰ ਪਏ ਹਥਿਆਰਾਂ ਨੂੰ ਸਾਣਾਂ ਤੇ ਚਾੜ ਆਪਣੇ ਹੱਥਾਂ ਵਿਚ ਲੈ ਚੁੱਕੇ ਸਨ। ਹੱਥਾਂ ਵਿਚ ਗੁਲੇਲੇ ਨਹੀਂ ਤੀਰ-ਕਮਾਨ, ਹੱਥੇ ਤਲਵਾਰਾਂ ਸਨ। ਠਹਿਰੀ ਹੋਈ ਨਾਬਰੀ ਨੂੰ ਨਵੇਂ ਸਿਰਿਓਂ ਲੀਹ ਤੇ ਲਿਆਂਦਾ ਗਿਆ।

ਮੁਗ਼ਲਾਂ ਦੇ ਰਾਹ ਰੋਕੇ ਜਾਣ ਲੱਗੇ। ਲਗਾਨ ਲਾਹੌਰ ਨਹੀਂ ਪਿੰਡੀ-ਭੱਟੀਆ ਆਉਣ ਲੱਗਾ। ਆਪਣੇ ਨਾਨਕੇ ਪਿੰਡ ਚੰਨਿਓਟ ਤੋਂ ਸ਼ੁਰੂ ਆਤ ਕੀਤੀ। ਮੁਗ਼ਲ ਹਕੂਮਤ ਦੇ ਜਾਗੀਰਦਾਰ ਹੱਥ-ਠੋਕਿਆਂ ਨੂੰ ਲੁਟਿਆ ਗਿਆ। ਲੋਕਾਂ ਦੇ ਫੈਸਲੇ ਪਿੰਡੀ ਭੱਟੀਆ ਹੋਣ ਲੱਗੇ।

ਅਲੀ ਸੁਦਾਗਰ ਦੇ ਚੰਗੀ ਨਸਲ ਦੇ 5 ਸੌ ਘੋੜੇ ਜੋ ਕੰਧਾਰ ਤੋਂ ਲਾਹੌਰ ਜਾ ਰਹੇ ਸਨ ਖੋਹ ਲਏ। ਬਲਖ-ਬੁਖਾਰੇ ਤੋਂ ਮੇਦਾ ਖੱਤਰੀ ਦੀਆਂ ਖੱਚਰਾਂ ਉਪਰ ਭਰੀਆਂ ਛੱਟਾਂ ਖੋਹ ਕੇ ਚਾਰ-ਚੁਫੇਰੇ ਦੇ ਗਰੀਬਾਂ ਵਿਚ ਵੰਡ ਦਿੱਤੀਆਂ। ਸਾਂਦਲਬਾਰ ਅੰਦਰ ਮੁਗ਼ਲਾਂ ਦੀਆਂ ਫ਼ੌਜੀ ਟੁਕੜੀਆਂ ਨਾਲ ਆਮ ਕਿਸਾਨਾਂ ਦੇ ਪੁੱਤਰ, ਲੁਹਾਰ-ਤਰਖਾਣ, ਸੇਪੀ, ਮਰਾਸੀ, ਮੁਜਾਰੇ ਟੱਕਰਾ ਲੈ ਰਹੇ ਸਨ।

ਦੁੱਲਾ ਭੱਟੀ ਦੀ ਮੁਗ਼ਲਾਂ ਨਾਲ ਲੜਾਈ ਹੁਣ ਨਿੱਜ ਦੀ ਨਹੀਂ




ਸੀ ਰਹਿ ਗਈ। ਇਹ ਲੋਕ ਲਹਿਰ ਦਾ ਰੂਪ ਧਾਰ ਚੁੱਕੀ ਸੀ। ਆਤੀਜ਼ਜ ਅਹਿਸਨ ਨੇ ਏਸ ਲੋਕ ਲਹਿਰ ਨੂੰ ਆਪਣੀ 'ਸਿੱਧ-ਸਾਗਰ' ਵਿਚ 'ਕਿਸਾਨ ਅੰਦੋਲਨ' ਲਿਖਿਆ ਹੈ। ਵੱਖ-ਵੱਖ ਰੂਪ ਧਾਰਦਾ ਇਹ ਅੰਦੋਲਨ ਕਦੇ ਬੰਦਾ ਸਿੰਘ ਬਹਾਦਰ ਦੀ ਜ਼ਮੀਨ ਹੱਲ ਵਾਹਿਕ ਦੀ, ਕਦੇ ਰਾਇ ਅਹਿਮਦ ਖ਼ਰਲ ਦੀ ਜੰਗ, ਕਦੇ 1948-52 ਤੇਜਾ ਸਿੰਘ ਸੁਤੰਤਰ ਦੀ ਪੈਪਸੂ ਲਹਿਰ ਤੇ ਕਦੇ ਤਿਲੰਗਾਨਾ ਦਾ ਕਿਸਾਨੀ ਘੋਲ।

ਜਾਗੀਰਦਾਰੀ ਕਲਚਰ ਉਤੇ ਉਦੋ ਤਿੱਖੀ ਚੋਟ ਮਾਰੀ ਜਦ ਸਾਂਦਲਬਾਰ ਅੰਦਰ ਮੁਫ਼ਤ ਕੰਮ ਕਰਾਉਣ ਭਾਵ 'ਬੇਗਾਰ' ਨੂੰ ਖਤਮ ਕੀਤਾ। ਇਕ ਹਿੰਦੂ ਮੂਲਚੰਦ ਪਿੰਡ ਕੋਟ ਨੱਕਾਂ ਤੋਂ ਜਿਸ ਦੀ ਖੂਬਸੂਰਤ ਲੜਕੀ ਸੁੰਦਰ-ਮੁੰਦਰੀ ਨੂੰ ਆਪਣੀ ਧੀ ਬਣਾ ਕੇ ਹਿੰਦੂ ਪਰਿਵਾਰ ਵਿਚ ਵਿਆਹਇਆ ਅਤੇ ਧੱਕੇਸ਼ਾਹੀ ਕਰਦੇ ਜਗੀਰਦਾਰ ਨੂੰ ਸਜ਼ਾ ਦਿੱਤੀ। ਫਿਰ 'ਸੁੰਦਰ-ਮੁੰਦਰੀਏ ਤੇਰਾ ਕੌਣ ਵਿਚਾਰਾ' ਉਹ ਦੁੱਲਾ ਭੱਟੀ ਸੀ। ਲੋਹੜੀ ਤੇ ਇਹ ਗੀਤ ਰੱਜ ਕੇ ਗਾਇਆ ਜਾਂਦਾ ਹੈ ਤੇ ਉਹ ਹੈ:

ਸੁੰਦਰ-ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ਕਰ ਆਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ
ਚਾਚੇ ਚੂਰੀ ਕੁੱਟੀ, ਹੋ
ਜ਼ਿਮੀਂਦਾਰਾਂ ਲੁੱਟੀ, ਹੋ
ਜ਼ਿਮੀਂਦਾਰ ਸਦਾਏ, ਹੋ
ਗਿਣ ਗਿਣ ਪੋਲੇ ਲਾਏ, ਹੋ

ਹਿੰਦੋਸਤਾਨ ਤੇ ਅਕਬਰ 33 ਸਾਲਾਂ ਤੋਂ ਕਦੇ ਆਗਰਾ, ਕਦੇ ਫਤਿਹੇਪੁਰ ਸ਼ੀਕਰੀ ਤੇ ਕਦੇ ਹੀ ਲਾਹੌਰ ਆਉਂਦਾ ਸੀ। ਲਾਹੌਰ ਦੇ ਨੱਕ ਹੇਠ ਦੁੱਲਾ ਭੱਟੀ ਅਤੇ ਉਸ ਦੇ ਜੁਝਾਰੂ ਯੋਧਿਆਂ ਵੱਲੋਂ ਚਲਾਈ ਬਗ਼ਾਵਤ ਦੀ ਅੱਗ ਦੇ ਸੇਕ ਨੇ ਅਕਬਰ ਨੂੰ, ਫਤਿਹਪੁਰ ਸ਼ੀਕਰੀ ਤੋਂ ਲਾਹੌਰ ਲੈ ਆਂਦਾ। ਪੰਜਾਬ ਦੀ ਗਵਰਨਰੀ ਸ਼ਮਸਉਦ-ਦੀਨ ਦੇ ਹੱਥਾਂ ਵਿਚ ਸੀ।

ਜ਼ਮੀਨੀ ਲਗਾਨ ਦਾ ਲਾਹੌਰ ਨਾ ਪਹੁੰਚਣਾ, ਹਕੂਮਤ ਨਾਲ ਸਿੱਧੀ ਟੱਕਰਬਾਜੀ, ਜਗੀਰਦਾਰਾਂ ਵੱਲੋਂ ਸ਼ਾਹੀ ਕਿਲ੍ਹੇ ਅੰਦਰ ਪਿੰਡੀ-ਭੱਟੀਆਂ ਵਿਰੁੱਧ ਸ਼ਿਕਾਇਤਾਂ। ਅਖ਼ੀਰ ਹਕੂਮਤ ਨੇ ਫੈਸਲਾ ਕੀਤਾ ਜਿਵੇਂ ਵੀ ਹੋਵੇ ਇਨ੍ਹਾਂ ਨਾਬਰਾ ਨੂੰ ਫੜੋ, ਮਾਰੋ ਕਿਸੇ ਤਰ੍ਹਾਂ ਬਗ਼ਾਵਤ ਕੁਚਲੋ। ਮਿਰਜ਼ਾ ਨਿਜਾਮੂਦੀਨ ਨੂੰ ਕਈ ਹਜ਼ਾਰ ਹਥਿਆਰਬੰਦ ਫ਼ੌਜ ਨਾਲ ਪਿੰਡੀ ਭੱਟੀਆਂ ਤੋਰਿਆ ਗਿਆ। ਤਿੰਨ ਦਿਨ ਲੜਾਈ ਹੁੰਦੀ ਰਹੀ। ਜਦ ਦੁੱਲਾ ਭੱਟੀ ਨਿਜ਼ਾਮੂਦੀਨ ਦਾ ਸਿਰ ਕਲਮ ਕਰਨ ਲੱਗਦਾ ਉਹ ਮਾਈ ਲੱਧੀ ਨੂੰ ਵਾਸਤਾ ਪਾਉਂਦਾ। ਜਾਨ ਬਖਸੀ ਲਈ। ਮਾਈ ਲੱਧੀ ਨੇ ਰਾਜਪੂਤ ਰਿਵਾਇਤ ਨਿਭਾਈ ਪਰ ਪੁੱਤ ਨੂੰ ਲਾਹੌਰ ਦੇ ਰਾਹੇ ਪਾ ਦਿੱਤਾ। ਪੈਰੀਂ ਪਿਆ ਤੇ ਵਾਰ ਨਹੀਂ ਕਰਦੇ। ਨਿਜਾਮੂਦੀਨ ਚਾਲ ਖੇਡ ਚੁੱਕਾ ਸੀ। ਲਾਹੌਰ ਦਰਬਾਰ ਵਿਚ ਦੁੱਲਾ ਭੱਟੀ ਨੂੰ ਬਾਗ਼ੀ ਕਰਾਰ ਦੇ ਕੇ ਫ਼ਾਂਸੀ ਦਾ ਹੁਕਮ ਸੁਣਾ ਦਿੱਤਾ ਗਿਆ।

26 ਮਾਰਚ 1589 ਨੂੰ ਜਦ ਦੁੱਲਾ ਭੱਟੀ ਨੂੰ ਸ਼ਾਹੀ ਕਿਲ੍ਹੇ ਤੋਂ ਕੋਤਵਾਲ ਮਲਿਕ ਅਲੀ ਨੌਂ-ਲੱਖਾ ਬਾਜ਼ਾਰ ਲਿਜਾ ਰਿਹਾ ਤਾਂ ਅਚਾਨਕ ਆਪਣੇ ਰੰਗ ਵਿਚ ਝੂਮਦਾ ਸ਼ਾਹ ਹੁਸੈਨ ਆ ਦਸਤਕ ਦੇਂਦਾ। ਮਲਿਕ ਮਾੜੇ ਵਤੀਰੇ ਤੋਂ ਸ਼ਾਹ-ਹੁਸੈਨ ਉਸ ਨੂੰ ਬੱਦ-ਦੁਆ ਵੀ ਦਿੰਦਾ ਅਤੇ ਫਿਰ ਕੁਝ ਬੋਲ:

"ਯਾ ਦਿਲਬਰ ਯਾ ਮਰ ਕੇ ਪਿਆਰਾ
ਦੁੱਲੇ ਦੇ ਲਾਲ ਲਬਾਂ ਦੇ ਲਾਰੇ
ਸੂਲੀ ਪਰ ਚੜ੍ਹ ਲੈ ਹੁਲਾਰੇ
ਆਣ ਮਿਲਾਸੀ ਦਿਲਬਰ ਯਾਰਾ
ਯਾ ਦਿਲਬਰ ਯਾ ਸਰ ਕਰ ਪਿਆਰਾ"।

ਦੁੱਲਾ ਭੱਟੀ ਇਤਿਹਾਸ ਵਿਚ ਵੱਖਰੀ ਥਾਂ ਬਣਾ ਗਿਆ। ਲੋਕ ਅੱਜ ਵੀ ਉਸ ਨੂੰ ਆਪਣੇ ਦਿਲਾਂ ਵਿਚ ਵਿਸਾਈ ਬੈਠੇ ਹਨ।

ਦੁੱਲਾ ਨਾਮ ਹੈ ਹੱਕ-ਸੱਚ ਲਈ ਲੜਨ ਦਾ।

ਦੁੱਲਾ ਨਾਮ ਹੈ ਹਾਰੇ ਥੱਕੇ ਟੁੱਟੇ ਲੋਕਾਂ ਅੰਦਰ ਨਵਾਂ ਜਜਬਾ ਦੇਣ ਦਾ।

ਦੁੱਲਾ ਨਾਮ ਹੈ ਭ੍ਰਿਸ਼ਟ ਸਿੱਸਟਮ ਵਿਰੁੱਧ ਖੜ ਜਾਣ ਦਾ
ਦੁੱਲੇ ਕਦੇ ਨਹੀਂ ਮਰਦੇ ਉਹ ਅੱਜ ਵੀ ਜਿਉਂਦੇ ਹਨ।

ਮੈਨੂੰ ਬਹੁਤ ਫ਼ਖਰ ਮਹਿਸੂਸ ਹੁੰਦਾ ਹੈ ਕਿ ਮੇਰੀ ਕਿਤਾਬ-ਅਣਖ਼ੀਲਾ ਧਰਤੀ ਪੁੱਤਰ-ਦੁੱਲਾ ਭੱਟੀ ਨੂੰ ਜਦੋਂ ਆਸ਼ਫ ਰਜ਼ਾ ਹੁਰਾਂ ਵੱਲੋਂ ਸ਼ਾਹ ਮੁੱਖੀ ਵਿਚ ਲਾਹੌਰ ਤੋਂ ਛਾਪ ਕੇ ਮੇਰੇ ਪਿਆਰੇ ਲਹਿੰਦੇ ਪੰਜਾਬੀਆਂ ਦੇ ਸਪੁਰਦ ਕੀਤਾ ਤਾਂ ਲਹਿੰਦੇ ਪੰਜਾਬ ਅੰਦਰ ਲੋਹੜੀ ਨੂੰ ਬੜੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਇਹ ਤਮੰਨਾ ਆਉਣ ਵਾਲੇ ਵਕਤਾਂ ਵਿਚ ਜਾਗਦੀ ਰਵੇ।

# ਰੋਜ਼ਾਨਾ ਦੇਸ਼ ਸੇਵਕ ਦੇ 28 ਸਾਲ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪਹਿਲੀ ਜਨਵਰੀ ਵਾਲੇ ਦਿਨ ਬਾਬਾ ਸੋਹਣ ਸਿੰਘ ਭਕਨਾ ਦਾ ਚੰਡੀਗੜ੍ਹ ਵਿਚ ਪੰਜਾਬੀ ਸਮਾਚਾਰ ਪੱਤਰ 'ਦੇਸ਼ ਸੇਵਕ' ਦੇ ਦਫ਼ਤਰ ਵਿਚ ਅਠਾਈਵਾਂ ਜਨਮ ਦਿਨ ਮਨਾਇਆ ਗਿਆ। ਮੇਰੀ ਸਿਹਤ ਨੇ ਮੈਨੂੰ ਹਾਜ਼ਰ ਹੋਣ ਦੀ ਇਜਾਜ਼ਤ ਨਹੀਂ ਦਿੱਤੀ। ਪਰ ਮੀਡੀਆ ਵਿਚ ਪ੍ਰਕਾਸ਼ਤ ਖਬਰਾਂ ਤੇ ਤਸਵੀਰਾਂ ਨੇ ਮੈਨੂੰ 28 ਸਾਲ ਪਹਿਲਾਂ ਵਾਲੇ ਉਹ ਦਿਨ ਚੇਤੇ ਕਰਵਾ ਦਿੱਤੇ ਜਦੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਮੈਨੂੰ ਭਕਨਾ ਭਵਨ ਵਿਚ ਬਿਠਾ ਕੇ ਇਸ ਪਰਚੇ ਦੀ ਸੰਪਾਦਕੀ ਸੌਂਪੀ ਸੀ।

ਸੰਪਾਦਕ ਦੀ ਜ਼ਿੰਮੇਵਾਰੀ ਤਾਂ ਮੈਂ ਇਸ ਤੋਂ ਇੱਕ ਦਹਾਕਾ ਪਹਿਲਾਂ 'ਪੰਜਾਬੀ ਟ੍ਰਿਬਿਊਨ' ਵਿਚ ਵੀ ਨਿਭਾ ਚੁੱਕਿਆ ਸਾਂ ਪਰ ਏਥੇ ਵਾਲਾ ਚਾਅ ਵੱਖਰਾ ਸੀ। ਪੰਜਾਬੀ ਟ੍ਰਿਬਿਊਨ ਨੂੰ ਲੋੜੀਂਦਾ ਰੂਪ ਬਰਜਿੰਦਰ ਸਿੰਘ ਹਮਦਰਦ ਨੇ ਦਿੱਤਾ ਸੀ ਏਥੇ ਇਹ ਕੰਮ ਮੈਂ ਕਰਨਾ ਸੀ। ਕੰਮ ਕਰਨ ਵਾਲੇ ਅਮਲੇ ਦੀ ਚੋਣ ਸਮੇਤ। ਕਾਮਰੇਡ ਸੁਰਜੀਤ ਨੂੰ ਮੇਰਾ ਮਿੱਤਰ ਰਘਬੀਰ ਸਿੰਘ ਸਿਰਜਣਾ ਜਾਣਦਾ ਸੀ ਜਿਸਨੇ ਮੇਰਾ ਨਾਂ ਸੁਰਜੀਤ ਨੂੰ ਸੁਝਾਇਆ ਸੀ। ਮੈਂ ਆਪਣੇ ਪੱਤਰਕਾਰਤਾ ਦੇ ਜਾਣੂ ਗੰਢ ਲਏ। ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਯੂਨਵਰਸਿਟੀ ਪਟਿਆਲਾ ਵਿਚ ਮੇਰੇ ਵਿਦਿਆਰਥੀ ਰਹਿ ਚੁੱਕੇ ਸਨ। ਤਿੰਨ ਚਾਰ ਨੂੰ ਮੈਂ ਆਪਣੇ ਘਰ ਹੀ ਠਹਿਰਾ ਲਿਆ ਤੇ ਉਹ ਮੇਰੇ ਨਾਲ ਮੇਰੀ ਗੱਡੀ ਵਿਚ ਹੀ ਭਕਨਾ ਭਵਨ ਜਾਂਦੇ ਆਉਂਦੇ ਰਹੇ।

ਮੇਰੇ ਮਨ ਵਿਚ ਆਪਣੇ ਵਿਦਿਆਰਥੀਆਂ ਦੀ ਚਾਹਨਾ ਪੂਰੀ ਕਰਨਾ ਵੀ ਸੀ ਤੇ ਰਘਬੀਰ ਸਿੰਘ ਦਾ ਵਿਸ਼ਵਾਸ ਪਾਲਣਾ ਵੀ। ਵਿਸ਼ਵਾਸ ਇਹ ਕਿ ਇਸ ਤੋਂ ਪਹਿਲਾਂ ਵੀ ਨਵੇਂ ਕੰਮਾਂ ਨੂੰ ਹੱਥ ਪਾ ਕੇ ਸਫਲ ਹੋ ਚੁੱਕਿਆ ਸਾਂ। ਪੰਜਾਬ ਰੈੱਡਕਰਾਸ ਦੀ ਸੈਕਟਰੀ ਤੇ ਪੰਜਾਬੀ ਯੂਨੀਵਰਸਿਟੀ ਦੀ ਪ੍ਰੋਫੈਸਰੀ ਸਮੇਤ ਪਰ ਇਹ ਕੰਮ ਵੱਖਰਾ ਤੇ ਉੱਤਮ ਸੀ। ਇਸ ਵਿਚ ਮੇਰਾ ਹੱਥ ਵਟਾਉਣ ਵਾਲੇ ਯਾਦਾਸ਼ਤ ਤੇ ਤੇਜ਼ਤਰਾਰੀ ਦੇ ਕਰਮਵਾਰ ਮੁਜੱਸਮੇ ਕਾਮਰੇਡ ਹਰਕੰਵਲ ਸਿੰਘ ਤੇ ਸੱਤ ਸਮੁੰਦਰ ਪਾਰੋਂ ਆਇਆ ਨੌਜਵਾਨ ਗੁਰਦਰਸ਼ਨ ਬੀਕਾ ਸਨ। ਸਭਨਾਂ ਦੀ ਸੋਚ ਤੇ ਦ੍ਰਿਸ਼ਟੀ ਸਾਂਝੀ ਸੀ ਤੇ ਮੰਜ਼ਿਲ ਵੀ।

ਸਮਾਗਮ ਵਿਚ ਕੇਰਲ ਦੇ ਸਾਬਕਾ ਕੈਬਨਿਟ ਮੰਤਰੀ ਤੇ ਸੀ ਪੀ ਆਈ (ਐਮ) ਏਨੀ ਦੂਰੋਂ ਪਹੁੰਚ ਕੇ ਪਰਚੇ ਦੀ 'ਨਿੱਗਰ ਸੋਚ ਤੇ ਨਿਡਰ ਆਵਾਜ਼ ਦਾ ਸਮਰਥਨ ਕਰਨਾ ਮੇਰੇ ਵੇਲੇ ਦੀਆਂ ਨੀਹਾਂ ਉੱਤੇ ਮੋਹਰ ਸੀ। ਮੈਂ ਉਦੋਂ ਵਾਲੀ ਦੇਸ਼ ਸੇਵਕ ਡਾਇਰੀ ਨੂੰ ਅੱਜ ਤਕ ਸਾਂਭ ਰੱਖਿਆ ਹੈ। ਵੱਡੀ ਗੱਲ ਇਹ ਕਿ ਹੁਣ ਵਾਲਾ 'ਦੇਸ਼ ਸੇਵਕ' ਵੀ ਮੈਨੂੰ ਬਿਨਾ ਨਾਗਾ ਮਿਲ ਰਿਹਾ ਹੈ ਤੇ ਪਾਸਲਾ ਟੀਮ ਵਲੋਂ ਜਾਰੀ ਕੀਤਾ ਮਾਸਕ ਰਸਾਲਾ 'ਸੰਗਰਾਮੀ ਲਹਿਰ' ਵੀ।

ਚੰਗਾ ਹੋਵੇ ਜੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਖੱਬੀ ਸੋਚ ਨੂੰ ਪਰਨਾਏ ਤੇ ਸਸ਼ਕਤ ਕਾਡਰ ਨਾਲ ਹੱਥ ਮਿਲਾ ਕੇ ਅਜਿਹੇ ਨਤੀਜੇ ਕੱਢੇ ਜਿਨ੍ਹਾਂ ਦੇ ਅਧੀਨ ਭਾਰਤ ਦਾ ਹਰ ਵਸਨੀਕ ਧਾਰਮਿਕ ਤੇ ਵੰਡ ਪਾਊ ਕੱਟੜਤਾ ਤਿਆਗ ਕੇ ਚੰਗੇਰਾ ਮਾਹੌਲ ਸਿਰਜ ਸਕੇ। ਅਜੋਕੇ ਕੇਰਲ ਵਰਗੀਆਂ ਵਿਦਿਅਕ ਤੇ ਸਿਹਤ ਸਹੂਲਤਾਂ ਵਾਲਾ।

**ਪੜ੍ਹਨ ਸੁਣਨ ਦਾ ਕੱਚ ਸੱਚ**

ਸਕੂਲ ਵਿਚ ਪੜ੍ਹਦਿਆਂ ਜਦੋਂ ਕਿਸੇ ਪੁਸਤਕ ਵਿਚ ਕੋਈ ਨਵੀਂ ਗੱਲ ਪੜ੍ਹਨੀ ਤਾਂ ਘਰ ਆ ਕੇ ਆਪਣੀ ਮਾਂ ਨਾਲ ਸਾਂਝੀ ਕਰਨੀ। ਉਸਨੂੰ ਯਕੀਨ ਨਾ ਆਉਣਾ ਤਾਂ ਦੱਸਣਾ ਪੈਣਾ ਕਿ ਮੈਂ ਇਹ ਗੱਲ ਪੁਸਤਕ ਵਿਚ ਪੜ੍ਹੀ ਹੈ। ਮਾਂ ਨੇ ਚੁੱਪ ਕਰ ਜਾਣਾ। ਇਹ ਵੀ ਮੰਨ ਲੈਣਾ ਕਿ ਧਰਤੀ ਗੋਲ ਹੈ।

ਕਾਲਜ ਦੀ ਪੜ੍ਹਾਈ ਮੁੱਕੀ ਤਾਂ ਮੈਂ ਪਿੰਡ ਛੱਡ ਕੇ ਰੋਜ਼ੀ ਰੋਟੀ ਵੀ ਭਾਲ ਵਿਚ ਆਪਣੇ ਮਾਮਿਆਂ ਕੋਲ ਦਿੱਲੀ ਚਲਾ ਗਿਆ। ਉੱਥੇ ਉਨ੍ਹਾਂ ਦਾ ਟੈਕਸੀਆਂ ਦਾ ਕਾਰੋਬਾਰ ਸੀ। ਚਾਂਦਨੀ ਚੌਂਕ ਦੀ ਪਲੀਅਰ ਗਾਰਡਨ ਵਿਚ ਪੈਂਦੇ ਛਾਪਕਾਂ ਪ੍ਰਕਾਸ਼ਕਾਂ ਨਾਲ ਬੈਠਣਾ ਉਠਣਾ ਵੀ ਛੇਤੀ ਹੀ ਮੈਨੂੰ ਦਰਿਆ ਗੰਜ ਤੋਂ ਛਪਦੇ ਦੋ ਸਾਹਿਤਕ ਪਰਚਿਆਂ ਦੇ ਸੰਪਾਦਕੀ ਅਮਲੇ ਵਿਚ ਕੰਮ ਮਿਲ ਗਿਆ। ਕਵਿਤਾ ਕਹਾਣੀਆਂ ਲਿਖਣ ਵਾਲੇ ਆਪਣੀ ਰਚਨਾ ਦੇਣ ਮੇਰੇ ਦਫਤਰ ਆਉਂਦੇ ਤਾਂ ਆਪਣੇ ਬਾਰੇ ਗੱਲਾਂ ਵੀ ਕਰਦੇ। ਮੈਂ ਲਿਖਣ ਲਿਖਾਣ ਦੀ ਦੁਨੀਆਂ ਪੁਸਤਕਾਂ ਤੇ ਪੈਂਫਲਿਟਾਂ ਦਾ ਅਨੁਵਾਦ ਕਰਦਾ ਤੇ ਡਾਕ ਰਾਹੀਂ ਛੋਟੇ ਭੈਣ ਭਰਾਵਾਂ ਲਈ ਪਿੰਡ ਵੀ ਭੇਜ ਦਿੰਦਾ।

ਇੱਕ ਵਾਰੀ ਪਿੰਡ ਗਿਆ ਤਾਂ ਕਿਸੇ ਗਲੋਂ ਮਾਂ ਨਾਲ ਤਕਰਾਰ ਹੋ ਗਿਆ। ਉਹ ਮੰਨਣ ਵਿਚ ਨਾ ਆਵੇ ਤਾਂ ਮੈਂ ਆਪਣਾ ਆਖਰੀ ਹਥਿਆਰ ਵਰਤਿਆ, "ਪੁਸਤਕ ਵਿਚ ਛਪਿਆ ਹੋਇਐ, ਦਿਖਾਵਾਂ?" ਮਾਂ ਏਨੀ ਪੜ੍ਹੀ ਹੋਈ ਤਾਂ ਨਹੀਂ ਸੀ, ਪਰ ਸਿਆਣੀ ਸੀ। ਚੁੱਲ੍ਹੇ ਉੱਤੇ ਪੱਕਦੀ ਸਬਜ਼ੀ ਵਿਚ ਕੜਛੀ ਫੇਰਦਿਆਂ ਬੋਲੀ, "ਕਿਸੇ ਤੇਰੇ ਵਰਗੇ ਨੇ ਲਿਖ ਦਿੱਤਾ ਹੋਣੈ।"

ਮੈਂ ਆਪਣੀ ਮਾਂ ਦਾ ਇਹ ਉੱਤਰ ਉਨ੍ਹਾਂ ਨੂੰ ਵੀ ਸੁਣਾਉਂਦਾ ਹਾਂ ਜਿਹੜੇ ਮੈਨੂੰ ਆਪਣੀਆਂ ਛਪੀਆਂ ਪੁਸਤਕਾਂ ਦੇਣ ਆਏ ਮੇਰੇ ਕੋਲੋਂ ਆਸ ਕਰਦੇ ਹਨ ਕਿ ਮੈਂ ਕੋਈ ਟਿੱਪਣੀ ਕਰਾਂਗਾ। ਜਿਉਂ ਜਿਉਂ ਵੱਡਾ ਹੁੰਦਾ ਜਾਂਦਾ ਹਾਂ ਪੁਸਤਕਾਂ ਦੇ ਪਾਰਸਲ ਵੀ ਵਧਦੇ ਜਾਂਦੇ ਹਨ। ਕੋਰੀਅਰ ਵਾਲੇ ਘੰਟੀਆਂ ਵਜਾ ਕੇ ਆਰਾਮ ਵਿਚ ਵਿਘਨ ਪਾਉਂਦੇ ਹਨ ਤੇ ਘਰ ਆ ਕੇ ਪੁਸਤਕਾਂ ਦੇਣ ਵਾਲੇ ਦੋ-ਚਾਰ ਘੰਟੇ ਪਹਿਲਾਂ ਹੀ ਫੋਨ ਖੜਕਾ ਦਿੰਦੇ ਹਨ। ਮਹੀਨੇ ਦੇ ਅੰਤ ਤਕ ਪੁਸਤਕਾਂ ਦਾ ਢੇਰ ਲੱਗ ਜਾਂਦਾ ਹੈ। ਜਿਲਦ ਵਾਲੀਆਂ ਪੁਸਤਕਾਂ ਨੂੰ ਰੱਦੀ ਵਾਲੇ ਵੀ ਹੱਥ ਨਹੀਂ ਪਾਉਂਦੇ। ਪਹਿਲੀਆਂ ਵਿਚ ਮਿਲਣ ਆਏ ਲੇਖਕ ਗੱਲਾਂ ਬਾਤਾਂ ਨਾਲ ਮਨ ਪਰਚਾ ਜਾਂਦੇ ਸਨ।

ਹੁਣ ਉਨ੍ਹਾਂ ਦੇ ਹੱਥ ਵਿਚ ਵੀ ਮੋਬਾਈਲ ਹੁੰਦਾ ਹੈ ਜਿਸਦੇ ਢਿੱਡ ਵਿਚ ਸਾਹ ਲੈ ਰਿਹਾ ਗੂਗਲ ਬਾਬਾ ਸਵਾਲਾਂ ਦੇ ਉੱਤਰ ਦੇਣ ਲਈ ਤਿਆਰ ਬਰ ਤਿਆਰ ਰਹਿੰਦਾ ਹੈ। ਪੁਸਤਕਾਂ ਤੇ ਰਸਾਲਿਆਂ ਦੇ ਪੰਨੇ ਫਰੋਲਣ ਦੀ ਲੋੜ ਹੀ ਨਹੀਂ। ਆਪਣੇ ਬਚਪਨ ਵਿਚ ਅਸੀਂ ਚੁਬਾਰੇ ਉੱਤੇ ਚੜ੍ਹ ਕੇ ਉਸ ਡਾਕੀਏ ਦਾ ਰਾਹ ਤੱਕਦੇ ਥੱਕ ਜਾਂਦੇ ਸਾਂ ਜਿਸਨੇ 'ਪ੍ਰੀਤ ਲੜੀ', 'ਫੁਲਵਾੜੀ', 'ਲੋਕ ਸਾਹਿਤ' ਜਾਂ 'ਪੰਜ ਦਰਿਆ' ਲੈ ਕੇ ਆਉਣਾ ਹੁੰਦਾ ਸੀ।

ਪੁਸਤਕਾਂ ਲਿਖਣ ਵਾਲਿਆਂ ਵਿਚ ਅਧਿਆਪਕ ਸਭ ਤੋਂ ਅੱਗੇ ਹਨ। ਸੇਵਾ ਮੁਕਤ ਹੁੰਦੇ ਸਾਰ ਸਵੈ-ਜੀਵਨੀ ਲਿਖ ਦਿੰਦੇ ਹਨ। ਸਮਝਦੇ ਹਨ ਕਿ ਉਨ੍ਹਾਂ ਦਾ ਜੀਵਨ ਸਭ ਤੋਂ ਵੱਖਰਾ ਸੀ। ਕੌਣ, ਕਿਸਨੂੰ ਪੜ੍ਹੇ। ਲਿਖਣ ਵਾਲੇ ਮੇਰੀ ਮਾਂ ਦੇ ਕਹਿਣ ਵਾਂਗ ਮੇਰੇ ਵਰਗੇ ਹਨ। ਮੈਂ ਆਪਣੀ ਸਵਰਗਵਾਸੀ ਮਾਂ ਵਰਗਾ!!

**ਅੰਤਿਕਾ**

—ਪ੍ਰਕਾਸ਼ ਕੌਰ ਸੰਧੂ—
ਤਵੀਲ ਸਫਰ ਹੈ, ਯਾਦੇ ਰਾਹ ਕੁੱਛ ਸਾਥ ਲੇ ਚਲੇਂ
ਕੁੱਛ ਪੁਰ ਸਕੂਨ ਯਾਦੇਂ ਕੁੱਛ ਖਵਾਬ ਲੇ ਚਲੇਂ

# ਸ਼ਹੀਦ ਭਗਤ ਸਿੰਘ ਹੁਰਾਂ ਦਾ ਪ੍ਰੇਰਨਾ ਸ੍ਰੋਤ – ਭਾਈ ਮੇਵਾ ਸਿੰਘ ਲੋਪੋਕੇ

***ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਆਪਣੇ ਵਕਤਾਂ ਦੌਰਾਨ ਸਿਆਸਤ ਦੇ ਖੇਤਰ ਵਿਚ ਜੋ ਭੂਮਿਕਾ ਨਿਭਾਈ, ਉਸ ਦੀ ਗੂੰਜ ਅਤੇ ਅਸਰ ਸਾਨੂੰ ਅੱਜ ਵੀ ਗਾਹੇ-ਬਗਾਹੇ ਸੁਣ/ਦਿਸ ਪੈਂਦੇ ਹਨ। ਬਾਅਦ ਦੀਆਂ ਜੁਝਾਰੂ ਮੁਹਿੰਮਾਂ ਲਈ ਇਹ ਨੌਜਵਾਨ ਸਦਾ ਪ੍ਰੇਰਨਾ ਦਾ ਸਰੋਤ ਬਣਦੇ ਰਹੇ ਹਨ। ਇਨ੍ਹਾਂ ਨੌਜਵਾਨਾਂ, ਖਾਸ ਕਰ ਕੇ ਭਗਤ ਸਿੰਘ ਦੇ ਪ੍ਰੇਰਨਾ ਸਰੋਤਾਂ ਬਾਰੇ ਚਰਚਾ ਵੀ ਅਕਸਰ ਚਲਦੀ ਰਹਿੰਦੀ ਹੈ। ਭਗਤ ਸਿੰਘ ਦੇ ਅਜਿਹੇ ਪ੍ਰੇਰਨਾ ਸਰੋਤਾਂ ਵਿਚੋਂ ਇਕ, ਮੇਵਾ ਸਿੰਘ ਲੋਪੋਕੇ ਬਾਰੇ ਬੜੀ ਦਿਲਚਸਪ ਵਾਰਤਾ ਉਘੇ ਲੇਖਕ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਲੇਖ ਵਿਚ ਬਿਆਨ ਕੀਤੀ ਹੈ।***

11 ਜਨਵਰੀ 1915 ਵਿਚ ਕੈਨੇਡਾ ਵਿੱਚ ਫਾਂਸੀ ਲੱਗਣ ਵਾਲੇ ਪਹਿਲੇ 'ਗਦਰੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਬਾਰੇ ਮੇਰੀ ਪੁਸਤਕ 'ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ' ਦੇ ਛਪਣ ਤੱਕ ਮੈਨੂੰ ਭਗਤ ਸਿੰਘ ਦਾ ਲੇਖ ਨਹੀਂ ਸੀ ਮਿਲਿਆ, ਪਰ ਬਾਅਦ ਵਿਚ ਪ੍ਰੋ ਮਲਵਿੰਦਰ ਸਿੰਘ ਵੜੈਚ ਹੁਰਾਂ ਨੇ ਮੈਨੂੰ ਇਹ ਲੇਖ ਭੇਜ ਦਿੱਤਾ ਤੇ ਮੇਰੇ ਕਥਨ ਦੀ ਪੁਸ਼ਟੀ ਹੋ ਗਈ ਕਿ ਭਾਈ ਮੇਵਾ ਸਿੰਘ, ਸ਼ਹੀਦ ਭਗਤ ਸਿੰਘ ਦਾ ਪ੍ਰੇਰਨਾ ਸਰੋਤ ਸੀ। ਹੁਣ ਗੱਲ ਥੋੜ੍ਹੀ ਕੁ ਖੋਲ੍ਹ ਕੇ ਕਰਦੇ ਹਾਂ।

ਸਾਡੇ ਇਨਕਲਾਬੀ ਇਤਿਹਾਸ ਵਿਚ ਭਾਈ ਮੇਵਾ ਸਿੰਘ ਦੀ ਇਕ ਹੋਰ ਇਤਿਹਾਸਕ ਪਹਿਲ-ਕਦਮੀ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ। ਇਹ ਭਾਈ ਮੇਵਾ ਸਿੰਘ ਹੀ ਸੀ, ਜਿਸਨੇ ਆਪਣਾ ਕੇਸ ਲੜਨ ਲਈ ਕੋਈ ਵਕੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ (ਜੋ ਭਗਤ ਸਿੰਘ ਹੁਰਾਂ ਵੀ ਕੀਤਾ)। ਭਾਈਚਾਰੇ ਵੱਲੋਂ ਬਹੁਤ ਦਬਾਅ ਪੈਣ ਤੋਂ ਬਾਅਦ ਹੀ, ਉਸਨੇ ਬੜਾ ਹਿਚਕਚਾਉਂਦਿਆਂ ਵਕੀਲ ਕਰਨਾ ਪ੍ਰਵਾਨ ਕੀਤਾ ਸੀ ਅਤੇ ਉਹ ਵੀ ਆਪਣੀਆਂ ਸ਼ਰਤਾਂ 'ਤੇ। ਭਾਈ ਮੇਵਾ ਸਿੰਘ ਦੀ ਇੱਛਾ ਸੀ ਕਿ ਵਕੀਲ ਵੱਲੋਂ ਉਹਦੇ ਬਚਾਓ ਲਈ ਕੋਈ ਯਤਨ ਨਹੀਂ ਕੀਤਾ ਜਾਵੇਗਾ; ਨਾ ਹੀ ਉਹਨੂੰ ਬੇਕਸੂਰ ਸਾਬਤ ਕਰਨ ਲਈ, ਉਹਦੇ ਹੱਕ ਵਿਚ, ਕੋਈ ਗਵਾਹ ਭੁਗਤਾਇਆ ਜਾਵੇਗਾ। ਉਹਦੇ ਵਕੀਲ ਵੱਲੋਂ ਸਰਕਾਰੀ ਵਕੀਲ ਨਾਲ ਸਵਾਲ-ਜਵਾਬ ਕਰਨ-ਕਰਾਉਣ ਦੀ ਕੋਈ ਕਵਾਇਦ ਵੀ ਨਹੀਂ ਕੀਤੀ ਜਾਵੇਗੀ। ਉਸਦਾ ਮੱਤ ਸੀ ਕਿ ਉਹ ਆਪਣੇ ਦੋਸ਼ ਨੂੰ ਸਵੀਕਾਰ ਕਰਦਾ ਹੈ ਅਤੇ ਆਪਣੇ ਕੀਤੇ ਦਾ ਉਹਨੂੰ ਕੋਈ ਪਛਤਾਵਾ ਨਹੀਂ, ਸਗੋਂ ਮਾਣ ਹੈ। ਆਪਣੇ ਕੀਤੇ ਕਰਮ ਦੀ ਉਚਿੱਤਤਾ ਦੇ ਪ੍ਰਗਟਾਵੇ ਲਈ ਉਹ ਖ਼ੁਦ ਸਪਸ਼ਟੀਕਰਨ ਦੇਵੇਗਾ। ਇਸ ਸੰਬੰਧੀ ਉਸਨੇ ਆਪਣਾ ਪੱਖ ਖ਼ੁਦ ਪੰਜਾਬੀ ਵਿਚ ਲਿਖ ਕੇ ਤਿਆਰ ਕਰ ਲਿਆ ਸੀ। ਵਕੀਲ ਦੀ ਸਹਾਇਤਾ ਕੇਵਲ ਇਸ ਲਈ ਪ੍ਰਾਪਤ ਕੀਤੀ ਗਈ ਕਿ ਉਹ ਉਸਦੇ ਪੰਜਾਬੀ ਵਿਚ ਲਿਖੇ ਬਿਆਨ ਨੂੰ ਅਨੁਵਾਦ ਕਰਵਾ ਕੇ ਅਦਾਲਤ ਵਿਚ ਪੇਸ ਕਰੇਗਾ। ਉਹਦੇ ਵਕੀਲ ਮਿਸਟਰ ਵੁੱਡ ਨੇ ਅਜਿਹਾ ਹੀ ਕੀਤਾ।

ਭਾਈ ਮੇਵਾ ਸਿੰਘ ਦਾ ਇਹ ਬਿਆਨ ਬੜਾ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ, ਜਿਸਦਾ ਅਧਿਅਨ ਭਾਈ ਮੇਵਾ ਸਿੰਘ ਦੀ ਸ਼ਖ਼ਸੀਅਤ, ਸੋਚ ਅਤੇ ਅਮਲ ਦੇ ਪਿਛੋਕੜ ਦੀ ਨਿਸ਼ਾਨਦੇਹੀ ਕਰਦਾ ਹੈ। ਬਿਆਨ ਵਿਚ ਉਹਦੇ ਅੰਦਰਲੇ ਦਰਦ ਨੂੰ ਵੀ ਜ਼ਬਾਨ ਮਿਲਦੀ ਹੈ; ਭਾਰਤੀ ਭਾਈਚਾਰੇ ਵੱਲੋਂ ਵੈਨਕੂਵਰ ਤੇ ਬ੍ਰਿਟਿਸ਼ ਕੋਲੰਬੀਆ ਵਿਚ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ ਵਿਚ ਦੇਸ਼ ਭਗਤਾਂ ਦੇ ਯੋਗਦਾਨ ਵੱਲ ਵੀ ਸੰਕੇਤ ਹਨ ਤੇ ਸਰਕਾਰ ਵੱਲੋਂ ਕੀਤੇ ਜ਼ੁਲਮ ਤੇ ਵਧੀਕੀਆਂ ਨੂੰ ਵੀ ਨਜ਼ਰ ਗੋਚਰੇ ਲਿਆਂਦਾ ਗਿਆ ਹੈ; ਭਾਰਤੀ ਇਨਕਲਾਬੀਆਂ ਵੱਲੋਂ ਆਰੰਭੀ ਲੜਾਈ ਵਿਚ ਸਰਕਾਰੀ ਧਿਰ ਦਾ ਸਾਥ ਦੇਣ ਵਾਲੀਆਂ ਭਾਰਤੀ ਭਾਈਚਾਰੇ ਦੀਆਂ ਕਾਲੀਆਂ ਭੇਡਾਂ ਬੇਲਾ ਸਿੰਘ, ਬਾਬੂ ਸਿੰਘ ਜਿਹੇ ਗ਼ਦਾਰਾਂ ਦੇ ਕਿਰਦਾਰ ਦੀ ਨਕਾਬ-ਕੁਸ਼ਾਈ ਹੋਈ ਹੈ; ਆਪਣੇ ਦੇਸ਼-ਭਗਤ ਭਰਾਵਾਂ ਭਾਈ ਭਾਗ ਸਿੰਘ ਤੇ ਬਦਨ ਸਿੰਘ ਦੇ ਕਤਲ ਤੋਂ ਮਨ ਵਿਚ ਪੈਦਾ ਹੋਇਆ ਰੋਹ ਤੇ ਰੰਜ ਵੀ ਬੋਲਦਾ ਹੈ; ਹਾਪਕਿਨਸਨ ਦੇ ਕਤਲ ਦਾ ਕਾਰਨ ਵੀ ਸਪੱਸ਼ਟ ਹੁੰਦਾ ਹੈ; ਵਰਤਮਾਨ ਹਾਲਾਤ ਤੇ ਸਿੱਖ-ਇਤਿਹਾਸ ਤੋਂ ਮਿਲੀ ਇਨਕਲਾਬੀ ਪ੍ਰੇਰਨਾ ਦਾ ਸਬੂਤ ਵੀ ਮਿਲਦਾ ਹੈ। ਇਸ ਤੋਂ ਇਲਾਵਾ ਇਹ ਬਿਆਨ ਕਨੇਡੀਅਨ ਇਨਸਾਫ਼ ਦਾ ਪੋਲ ਵੀ ਉਘਾੜਦਾ ਹੈ। ਇਸ ਬਿਆਨ ਵਿਚ ਭਾਈ ਮੇਵਾ ਸਿੰਘ ਦੇ ਨਿੱਜ ਦੀਆਂ ਕਈ ਪਰਤਾਂ ਵੀ ਖੁੱਲ੍ਹਦੀਆਂ ਹਨ। ਉਹ ਧਰਮੀ ਬੰਦਾ ਹੈ, ਇਨਸਾਨੀਅਤ ਨੂੰ ਪਿਆਰਨ ਵਾਲਾ ਹੈ; ਨਿਮਰ ਤੇ ਸਹਿਣਸ਼ੀਲ ਹੈ। ਸੱਚਾ ਸਿੱਖ ਹੋਣ ਦੇ ਨਾਤੇ ਕਿਸੇ ਨਾਲ ਵੀ ਨਿੱਜੀ ਦੁਸ਼ਮਣੀ ਪਾਲਣ ਦਾ ਵਿਸ਼ਵਾਸੀ ਨਹੀਂ। ਹਾਪਕਿਨਸਨ ਨਾਲ ਵੀ ਉਸਨੂੰ ਨਿੱਜੀ ਦੁਸ਼ਮਣੀ ਨਹੀਂ। ਸਿੱਖੀ ਸਿਧਾਂਤ ਉਸ ਲਈ ਮਾਰਗ-ਦਰਸ਼ਨ ਕਰਦਾ ਹੈ ਅਤੇ ਉਹ ਕੇਵਲ ਆਪਣੇ ਦੁਖ-ਸੁਖ ਤੱਕ ਸੀਮਤ ਨਾ ਰਹਿ ਕੇ ਆਪਣੇ ਭਾਈਚਾਰੇ ਦੇ ਦੁਖ-ਸੁਖ ਨਾਲ ਨਾਤਾ ਜੋੜਦਾ ਹੈ ਤੇ 'ਜਬੈ ਬਾਣ ਲਾਗੇ, ਤਬੈ ਰੋਸ ਜਾਗੇ' ਦੇ ਕਥਨ 'ਤੇ ਅਮਲ ਕਰਦਿਆਂ ਮੌਕਾ ਆਉਣ 'ਤੇ ਸਿਰ ਛੰਡ ਕੇ ਸਵੈਮਾਣ ਨਾਲ ਮੌਤ ਦੇ ਸਨਮੁੱਖ ਬੇਝਿਕ ਤੇ ਬੇਖ਼ੌਫ਼ ਹੋ ਕੇ ਖੜੇ ਹੋ ਜਾਣ ਦੇ ਅਸੀਮ ਹੌਸਲੇ ਦਾ ਮੁਜਾਹਰਾ ਕਰਦਾ ਹੈ। ਇਹੋ ਕੰਮ ਬਾਅਦ ਵਿਚ ਭਗਤ ਸਿੰਘ ਹੁਰਾਂ ਕੀਤਾ।

ਅਸੀਂ ਵੇਖਿਆ ਹੈ ਕਿ ਆਪਣੇ ਬਿਆਨ ਰਾਹੀਂ ਭਾਈ ਮੇਵਾ ਸਿੰਘ ਆਪਣੇ ਕਾਰਜ ਦੀ ਉਚਿੱਤਤਾ ਠਹਿਰਾਉਣ ਲਈ ਆਪਣੇ ਵਿਚਾਰਧਾਰਕ ਪੈਂਤੜੇ ਨੂੰ ਪੇਸ਼ ਕਰਦਾ ਹੈ। ਸਰਕਾਰੀ ਪੈਂਤੜੇ ਤੋਂ ਤਾਂ ਪ੍ਰੈਸ ਵਿਚ ਉਸਨੂੰ 'ਕਾਤਲ' ਅਤੇ 'ਕ੍ਰਿਮੀਨਲ' ਕਹਿ ਕੇ ਭੰਡਿਆ ਜਾ ਰਿਹਾ ਸੀ। ਉਸਦੇ ਕਰਮ ਦਾ ਵਿਚਾਰਧਾਰਕ ਪੱਖ ਲੋਕਾਂ ਦੀਆ ਨਜ਼ਰਾਂ ਤੋਂ ਓਹਲੇ ਸੀ। ਇਸ ਪੱਖ ਨੂੰ ਦਲੀਲ ਪੂਰਨ ਢੰਗ ਨਾਲ ਉਹ ਆਮ ਜਨਤਾ ਦੇ ਸਾਹਮਣੇ ਲਿਆਉਣਾ ਚਾਹੁੰਦਾ ਸੀ। ਉਸਨੇ ਸੋਚ ਲਿਆ ਸੀ ਕਿ ਜੇ ਉਹ ਆਪਣਾ ਪੱਖ ਅਦਾਲਤ ਵਿਚ ਲਿਖ ਕੇ ਪੇਸ਼ ਕਰੇਗਾ ਤਾਂ ਜ਼ਰੂਰ ਇਸਦਾ ਲੋਕਾਂ ਵਿਚ ਜ਼ਿਕਰ-ਜ਼ਕਾਰ ਹੋਵੇਗਾ। ਲੋਕ ਜਾਣ ਸਕਣਗੇ ਕਿ ਹਾਪਕਿਨਸਨ ਦਾ ਕਤਲ ਕਿਸੇ ਨਿੱਜੀ ਦੁਸ਼ਮਣੀ ਦਾ ਨਤੀਜਾ ਨਹੀਂ, ਸਗੋਂ ਸਮੂਹ ਭਾਰਤੀ ਭਾਈਚਾਰੇ ਦੀਆਂ ਦੇਸ਼-ਭਗਤਕ ਅਕਾਂਖਿਆਵਾਂ ਦਾ ਪਰਤੌ ਸੀ। ਹੋਰ ਤਾਂ ਹੋਰ ਆਉਣ ਵਾਲੀਆਂ ਨਸਲਾਂ ਦੇ ਜਾਨਣ ਲਈ, ਇਹ ਬਿਆਨ ਅਦਾਲਤੀ ਰੀਕਾਰਡ ਵਿਚ ਇਤਿਹਾਸਕ ਦਸਤਾਵੇਜ਼ ਵਾਂਗ ਸੰਭਾਲ ਲਿਆ ਜਾਵੇਗਾ। ਇਸ ਪ੍ਰਕਾਰ ਆਪਣਾ ਬਚਾਓ ਨਾ ਕਰ ਕੇ ਜਦੋਂ ਉਹ ਆਪਣਾ ਵਿਚਾਰਧਾਰਕ ਪੈਂਤੜਾ ਪੇਸ਼ ਕਰਨ ਲਈ ਲਿਖਤੀ ਬਿਆਨ ਦੇ ਰਿਹਾ ਸੀ ਤਾਂ ਅਦਾਲਤ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦਾ ਵਾਹਨ ਬਣਾ ਰਿਹਾ ਸੀ। ਮੇਵਾ ਸਿੰਘ ਦੀ ਸ਼ਹਾਦਤ ਤੋਂ ਪੰਦਰਾਂ-ਸੋਲਾਂ ਸਾਲ ਪਿੱਛੋਂ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਅਦਾਲਤ ਨੂੰ ਕੁਝ ਏਸੇ ਅੰਦਾਜ਼ ਵਿਚ ਆਪਣੇ ਵਿਚਾਰਾਂ ਦਾ ਮਾਧਿਅਮ ਬਨਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਸੀ।


ਅਸੀਂ ਇਹ ਚੰਗੀ ਤਾਂ ਤਰ੍ਹਾਂ ਜਾਣਦੇ ਹਾਂ ਕਿ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਬੜੇ ਸੁਚੇਤ ਹੋ ਕੇ ਦਿੱਲੀ ਦੇ ਅਸੈਂਬਲੀ ਹਾਲ ਵਿਚ ਉਸ ਵੇਲੇ ਬੰਬ ਸੁੱਟਿਆ ਸੀ ਜਦੋਂ ਦੋ ਲੋਕ-ਵਿਰੋਧੀ ਬਿੱਲਾਂ, ਪਬਲਿਕ ਸੇਫਟੀ ਬਿਲ ਤੇ ਟਰੇਡ ਡਿਸਪਿਊਟ ਬਿੱਲ ਨੂੰ, ਅਸੈਂਬਲੀ ਵੱਲੋਂ ਬਹੁਮਤ ਨਾਲ ਰੱਦ ਕਰ ਦਿੱਤੇ ਜਾਣ ਦੇ ਬਾਵਜੂਦ ਵਾਇਸਰਾਏ ਉਸ ਦਿਨ ਮਨਜ਼ੂਰੀ ਦੇਣ ਵਾਲਾ ਸੀ। ਇਹ ਸਰਾਸਰ ਬੇਇਨਸਾਫ਼ੀ ਸੀ ਤੇ ਕਿਸੇ ਤਰ੍ਹਾਂ ਵੀ ਨਿਆਂ ਦੇ ਤਕਾਜ਼ੇ 'ਤੇ ਪੂਰੀ ਨਹੀਂ ਸੀ ਉਤਰਦੀ। ਜੇ ਬਰਤਾਨਵੀ ਸਰਕਾਰ ਨੇ ਆਪਣੇ ਪ੍ਰਛਾਵੇਂ ਅਧੀਨ ਚੱਲ ਰਹੀ ਤੇ ਬਣਾਈ ਗਈ ਅਸੈਂਬਲੀ ਦੇ ਮੈਂਬਰਾਂ ਦੀ ਵੀ ਸੁਣਨੀ ਨਹੀਂ ਤਾਂ ਉਨ੍ਹਾਂ ਦੇ ਕੰਨਾਂ ਵਿਚ ਰੋਸ ਦੀ ਇਹ ਆਵਾਜ਼ ਪਹੁੰਚਾਉਣੀ ਲਾਜ਼ਮੀ ਸੀ। ਬੰਬ ਸੁੱਟਣ ਤੋਂ ਕੁਝ ਸਮਾਂ ਪਹਿਲਾਂ ਦਵਾਰਕਾ ਦਾਸ ਲਾਇਬ੍ਰੇਰੀ ਲਾਹੌਰ ਵਿਚ ਲਾਇਬ੍ਰੇਰੀਅਨ ਦੀ ਸੇਵਾ ਨਿਭਾਅ ਰਹੇ ਭਗਤ ਸਿੰਘ ਦੇ ਮਿੱਤਰ ਰਾਜਾ ਰਾਮ ਸ਼ਾਸਤਰੀ ਨੇ ਇੱਕ ਨਵੀਂ ਪੁਸਤਕ ਪੜ੍ਹਨ ਲਈ ਭਗਤ ਸਿੰਘ ਨੂੰ ਦਿੱਤੀ ਜਿਸਦਾ ਇੱਕ ਅਧਿਆਇ ਪੜ੍ਹ ਕੇ ਤਾਂ ਭਗਤ ਸਿੰਘ ਖੁਸ਼ੀ 'ਚ ਉੱਛਲ ਪਿਆ ਸੀ। ਇਸ ਪੁਸਤਕ ਦਾ ਨਾਂ ਸੀ, 'ਅਨਾਰਕਿਜ਼ਮ ਐਂਡ ਅਦਰ ਐਸੇਜ਼'।

ਉਸ ਪੁਸਤਕ ਵਿਚ ਇਕ ਵਿਸ਼ੇਸ਼ ਅਧਿਆਇ ਸੀ ਜਿਸਦਾ ਨਾਂ ਸੀ 'ਸਾਈਕੋਲੋਜੀ ਆਫ਼ ਵਾਇਲੈਂਸ' (ਹਿੰਸਾ ਦਾ ਮਨੋਵਿਗਿਆਨ)। ਇਸ ਅਧਿਆਇ ਵਿੱਚ ਫਰਾਂਸ ਦੇ ਅਰਾਜਕਤਾਵਾਦੀ ਨੌਜਵਾਨ ਵੇਲਾਂ ਦਾ ਬਿਆਨ ਸੀ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਟਰੇਡ ਯੂਨੀਅਨਾਂ ਦੇ ਸੰਗਠਨ, ਭਾਸ਼ਣਾਂ ਅਤੇ ਸ਼ਾਂਤਮਈ ਪ੍ਰਦਰਸ਼ਨਾਂ ਦਾ ਪੂੰਜੀਵਾਦੀ ਸ਼ਾਸਕਾਂ ਤੇ ਅਸਰ ਨਹੀਂ ਹੋਇਆ ਤਾਂ ਮੈਂ ਸੋਚਿਆ ਕਿ ਅਸੈਂਬਲੀ ਵਿੱਚ ਬੰਬ ਸੁੱਟ ਕੇ ਬੋਲੇ ਕੰਨਾਂ ਨੂੰ ਭਵਿੱਖ ਦੀ ਖ਼ੂਨੀ ਕ੍ਰਾਂਤੀ ਬਾਰੇ ਸਾਵਧਾਨ ਕੀਤਾ ਜਾਵੇ। ਭਗਤ ਸਿੰਘ ਦੇ ਅਸੈਂਬਲੀ ਵਿੱਚ ਬੰਬ ਸੁੱਟ ਕੇ ਬਿਆਨ ਦੇਣ ਪਿੱਛੇ ਪ੍ਰੇਰਕ ਸ਼ਕਤੀ ਇਹੋ ਬਿਆਨ ਸੀ।

ਸਾਫ਼ ਜ਼ਾਹਿਰ ਹੈ ਭਗਤ ਸਿੰਘ ਹੁਰਾਂ ਨੇ ਅਜਿਹੀ ਸਰਕਾਰ ਦੇ 'ਬੋਲਿਆਂ ਕੰਨਾਂ ਤੱਕ ਆਵਾਜ਼ ਪਹੁੰਚਾਉਣ' ਲਈ ਬੰਬ ਸੁੱਟ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਇਸ ਵਾਸਤੇ ਪੇਸ਼ ਕੀਤਾ ਸੀ ਕਿ ਅਜਿਹਾ ਕਰਕੇ ਉਹ ਅਦਾਲਤ ਨੂੰ ਆਪਣੇ ਵਿਚਾਰਾਂ ਨੂੰ ਪ੍ਰਚਾਰਨ ਦਾ ਮਾਧਿਅਮ ਬਨਾਉਣਗੇ। ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਦਾਲਤ ਨੂੰ ਮਾਧਿਅਮ ਵਜੋਂ ਭਰਪੂਰ ਰੂਪ ਵਿਚ ਵਰਤਿਆ ਵੀ।

ਅਦਾਲਤ ਵਿਚ ਦਿੱਤੇ ਆਪਣੇ ਬਿਆਨਾਂ ਰਾਹੀਂ ਭਗਤ ਸਿੰਘ ਹੁਰਾਂ ਆਪਣੇ ਨਜ਼ਰੀਏ ਤੇ ਵਿਚਾਰਧਾਰਾ ਨੂੰ ਜਗਤ ਦੇ ਸਾਹਮਣੇ ਰੱਖਿਆ। ਪ੍ਰੈਸ ਨੇ ਉਨ੍ਹਾਂ ਦੇ ਦਿੱਤੇ ਬਿਆਨਾਂ ਨੂੰ ਲੋਕਾਂ ਦੀ ਨਜ਼ਰ ਵਿਚ ਲਿਆਂਦਾ। ਭਗਤ ਸਿੰਘ ਹੁਰਾਂ ਬੰਬ ਸੁੱਟਣ ਤੋਂ ਪਹਿਲਾਂ ਚੰਗੀ ਤਰ੍ਹਾਂ ਜਾਣ ਅਤੇ ਸੋਚ ਲਿਆ ਸੀ ਕਿ ਇਸ ਐਕਸ਼ਨ ਉਪਰੰਤ ਜਦੋਂ ਉਨ੍ਹਾਂ ਨੂੰ ਫੜ ਕੇ ਮੁਕੱਦਮਾ ਚਲਾਇਆ ਜਾਵੇਗਾ ਤਾਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲਣੀ ਨਿਸਚਿਤ ਹੈ। ਇਸਦੇ ਬਾਵਜੂਦ ਉਹ ਸਮਝਦੇ ਸਨ ਕਿ ਇਹ ਐਕਸ਼ਨ ਜ਼ਰੂਰੀ ਹੈ। ਅਦਾਲਤ ਰਾਹੀਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੀ ਵਿਆਪਕ ਜਾਣਕਾਰੀ ਜਨਤਾ ਤੱਕ ਪੁੱਜੀ। ਇਸ ਲਹਿਰ ਦੇ ਐਕਸ਼ਨਾਂ ਬਾਰੇ ਪਰਚਾਰੇ ਗਏ ਸਰਕਾਰੀ ਪੱਖ ਅਨੁਸਾਰ ਤਾਂ ਭਗਤ ਸਿੰਘ ਤੇ ਉਸਦੇ ਸਾਥੀ ਪਾਗਲ, ਡਾਕੂ ਜਾਂ ਚੋਰ ਬਣਾ ਕੇ ਪੇਸ਼ ਕੀਤੇ ਗਏ ਸਨ। ਹੁਣ ਅਦਾਲਤ ਵਿਚ ਦਿੱਤੇ ਬਿਆਨਾਂ ਰਾਹੀਂ ਉਨ੍ਹਾਂ ਕੇਵਲ ਇਹ ਹੀ ਸਾਬਤ ਨਾ ਕੀਤਾ ਕਿ ਉਹ ਪਾਗਲ, ਗੁੰਡੇ, ਚੋਰ, ਅਰਾਜਕਤਾਵਾਦੀ ਜਾਂ ਆਤੰਕਵਾਦੀ ਨਹੀਂ, ਸਗੋਂ ਇਹ ਵੀ ਪਰਮਾਣਿਤ ਕੀਤਾ ਕਿ ਉਹ ਅਸਲ ਰੂਪ ਵਿਚ ਅਜਿਹੇ ਇਨਕਲਾਬੀ ਹਨ ਜੋ ਨਾ ਸਿਰਫ਼ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਹਨ ਸਗੋਂ ਉਨ੍ਹਾਂ ਦੀ ਮਨਸ਼ਾ ਸਮਾਜਵਾਦੀ ਸਮਾਜ ਦੀ ਸਥਾਪਨਾ ਕਰਨਾ ਵੀ ਹੈ। ਅਦਾਲਤ ਵਿਚ ਦਿੱਤੇ ਬਿਆਨਾਂ ਸਦਕਾ ਹੀ ਭਗਤ ਸਿੰਘ ਹੁਰਾਂ ਦਾ ਮਕਸਦ ਜੱਗ-ਜ਼ਾਹਿਰ ਹੋਇਆ ਤੇ ਭਗਤ ਸਿੰਘ ਹਿੰਸਕ ਆਤੰਕਵਾਦੀ ਦੀ ਥਾਂ ਇਨਕਲਾਬੀ ਨਾਇਕ ਬਣ ਕੇ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਗਿਆ।






ਪਰ ਇਹ ਭਾਈ ਮੇਵਾ ਸਿੰਘ ਹੀ ਸੀ ਜਿਸਨੇ ਸਾਡੇ ਇਨਕਲਾਬੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਇਸ ਜੁਗਤ ਦੀ ਸੁਚੇਤ ਤੌਰ 'ਤੇ ਵਰਤੋਂ ਕੀਤੀ। ਭਗਤ ਸਿੰਘ ਨੂੰ ਵੀ ਪਤਾ ਸੀ ਕਿ ਉਹਦੀ ਗ੍ਰਿਫ਼ਤਾਰੀ ਦਾ ਅੰਤਮ ਸਿੱਟਾ ਉਹਦੀ ਮੌਤ ਵਿਚ ਹੀ ਨਿਕਲਣਾ ਹੈ, ਤਦ ਵੀ ਉਸਨੇ ਆਪਣੇ ਆਪ ਨੂੰ ਸੁਚੇਤ ਕੁਰਬਾਨੀ ਦੇ ਰਾਹ ਤੋਰ ਲਿਆ। ਪਰ ਭਾਈ ਮੇਵਾ ਸਿੰਘ ਸੁਚੇਤ ਕੁਰਬਾਨੀ ਦੇ ਪੱਖੋਂ ਵੀ ਤਤਕਾਲੀ ਇਨਕਲਾਬੀ ਇਤਿਹਾਸ ਵਿਚ ਆਪਣੇ ਭਾਈਚਾਰੇ ਵਿਚ ਭਗਤ ਸਿੰਘ ਦਾ ਪਹਿਲ-ਪਲੱਕੜਾ ਵਡੇਰਾ ਸੀ। ਆਪਣੇ ਬਿਆਨ ਵਿਚ ਭਾਈ ਮੇਵਾ ਸਿੰਘ ਨੇ ਇਹ ਵੀ ਕਿਹਾ ਸੀ ਕਿ "ਇਨ੍ਹਾਂ ਲੋਕਾਂ ਨੇ ਸਾਨੂੰ ਬੇਇੱਜ਼ਤ ਕੀਤਾ ਹੈ। ਇਹ ਸੋਚਦੇ ਨੇ ਕਿ ਸਿੱਖ ਕੁਝ ਵੀ ਨਹੀਂ। ਸਾਨੂੰ ਜ਼ਲੀਲ ਕੀਤਾ ਗਿਆ ਹੈ। ਸਾਡੀ ਗੱਲ ਸੁਣਨ ਵਾਲ਼ਾ ਇੱਥੇ ਕੋਈ ਜੱਜ ਨਹੀਂ। ਇਹ ਚਾਰ ਬੰਦੇ ਹੀ ਸਭ ਕੁਝ ਹਨ। ਬੇਲਾ ਸਿੰਘ, ਬਾਬੂ ਸਿੰਘ, ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਆਪਣੇ ਆਪ ਨੂੰ ਰੱਬ ਸਮਝਦੇ ਹਨ। ਸਰਕਾਰ ਸਿਰਫ਼ ਹਾਪਕਿਨਸਨ ਦੀ ਸੁਣਦੀ ਹੈ। ਏਥੇ ਹਾਪਕਿਨਸਨ ਤੇ ਉਹਦੇ ਚਾਟੜਿਆਂ ਦੀ ਸੁਣੀ ਜਾਦੀ ਹੈ, 'ਸਾਡੀ ਨਹੀਂ'।'

ਜਦੋਂ ਭਗਤ ਸਿੰਘ ਹੁਰਾਂ ਅਸੈਂਬਲੀ ਵਿਚ ਬੰਬ ਸੁੱਟਿਆ ਤਾਂ ਉਦੋਂ ਭਾਰਤ ਵਿਚਲੀ ਬਰਤਾਨਵੀ ਸਰਕਾਰ ਭਾਰਤੀ ਲੋਕਾਂ ਦੀ ਆਵਾਜ਼ ਸੁਣਨੋਂ ਇਨਕਾਰੀ ਸੀ ਤੇ ਜਦੋਂ ਭਾਈ ਮੇਵਾ ਸਿੰਘ ਨੇ ਹਾਪਕਿਨਸਨ ਦਾ ਕਤਲ ਕੀਤਾ ਤਾਂ ਉਦੋਂ ਕਨੇਡਾ ਦੀ ਸਰਕਾਰ ਵੀ ਕਨੇਡਾ ਵਿਚ ਵੱਸਦੇ ਭਾਰਤੀ ਭਾਈਚਾਰੇ ਦੀ ਆਵਾਜ਼ ਸੁਣਨੋਂ ਇਨਕਾਰੀ ਸੀ। ਉਸ ਵੱਲੋਂ ਹਾਪਕਿਨਸਨ ਦਾ ਕੀਤਾ ਕਤਲ ਵੀ 'ਬੋਲੇ ਕੰਨਾਂ' ਤੱਕ ਆਵਾਜ਼ ਪਹੁੰਚਾਉਣ ਦਾ ਹੀਲਾ ਹੀ ਸੀ। ਸਥਾਪਤ ਵਿਵਸਥਾ ਦੇ 'ਬੋਲੇ ਕੰਨਾਂ' ਤੱਕ ਆਵਾਜ਼ ਪਹੁੰਚਾਉਣ ਪੱਖੋਂ ਭਾਈ ਮੇਵਾ ਸਿੰਘ, ਭਗਤ ਸਿੰਘ ਹੁਰਾਂ ਤੋਂ ਵੀ ਪਹਿਲਾਂ ਪਹਿਲਕਦਮੀ ਕਰਦਾ ਨਜ਼ਰ ਆਉਂਦਾ ਹੈ।

ਭਗਤ ਸਿੰਘ ਹੁਰਾਂ ਨੂੰ ਬਰਤਾਨਵੀ ਪੁਲਿਸ ਅਤੇ ਨਿਆਂ-ਪ੍ਰਣਾਲੀ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ ਸੀ। ਆਪਣੇ ਇਸ ਮੱਤ ਦਾ ਪ੍ਰਗਟਾਵਾ ਉਨ੍ਹਾਂ ਵੱਲੋਂ ਅਕਸਰ ਹੀ ਆਪਣੇ ਬਿਆਨਾਂ ਵਿਚ ਕੀਤਾ ਜਾਂਦਾ ਰਿਹਾ। ਐਨ ਇੰਜ ਹੀ ਉਨ੍ਹਾਂ ਦੇ ਵਡੇਰੇ ਭਾਈ ਮੇਵਾ ਸਿੰਘ ਨੇ ਅਦਾਲਤ ਵਿਚ ਦਿੱਤੇ ਇਤਿਹਾਸਕ ਬਿਆਨ ਵਿਚ ਕਨੇਡੀਅਨ ਸਰਕਾਰ ਦੀ ਨਿਆਂ-ਪ੍ਰਣਾਲੀ ਨੂੰ ਬੇਨਕਾਬ ਕਰ ਦਿੱਤਾ। ਉਸਦੇ ਸ਼ਬਦਾਂ ਵੱਲ ਵੇਖੀਏ, "ਜਦੋਂ ਵੀ ਮੌਕਾ ਮਿਲਦਾ ਹੈ ਤਾਂ ਪੁਲਿਸ ਸਾਡੇ ਨਾਲ ਧੱਕਾ ਤੇ ਬੇਇਨਸਾਫ਼ੀ ਕਰਨ ਲਈ ਤਤਪਰ ਤੇ ਤਿਆਰ ਰਹਿੰਦੀ ਹੈ। ਜਦੋਂ ਸਾਡੇ ਕੇਸ ਅਦਾਲਤ ਵਿਚ ਜਾਂਦੇ ਹਨ ਤਾਂ ਜੱਜਾਂ ਨੇ ਸਾਡੇ ਵਿਰੁੱਧ ਦੇਣ ਵਾਲੇ ਫ਼ੈਸਲੇ ਪਹਿਲਾਂ ਹੀ ਤਿਆਰ ਕਰ ਕੇ ਰੱਖੇ ਹੁੰਦੇ ਹਨ। ਇਹ ਕੈਸਾ ਨਿਆਂ ਹੈ ਕਿ ਫ਼ੈਸਲਾ ਸਦਾ ਪੁਲਿਸ ਦੇ ਘੜੇ ਕੇਸ ਦੇ ਹੱਕ ਵਿਚ ਹੁੰਦਾ ਹੈ! ਜਦੋਂ ਜੱਜਾਂ ਦੇ ਮਨਾਂ ਵਿਚ ਪਹਿਲਾਂ ਹੀ ਖੋਟ ਹੋਵੇ ਤਾਂ ਕਿਸੇ ਪ੍ਰਕਾਰ ਦੇ ਨਿਆਂ ਦੀ ਆਸ ਨਹੀਂ ਰੱਖੀ ਜਾ ਸਕਦੀ। ਜੇ ਪੁਲਿਸ ਅਤੇ ਪ੍ਰਬੰਧਕੀ ਢਾਂਚਾ ਸਾਡੇ ਖ਼ਿਲਾਫ਼ ਬੇਨਿਆਈਂ ਕਰਨ ਲਈ ਆਪਸ ਇੱਕ-ਜੁੱਟ ਹੋ ਜਾਣ ਤਾਂ ਕਿਸੇ ਨੂੰ ਤਾਂ ਇਸ ਬੇਨਿਆਈਂ ਵਿਰੁੱਧ ਉਠਣਾ ਪੈਣਾ ਸੀ। ਤੇ ਮੈਂ ਉੱਠ ਖਲੋਤਾ ਹਾਂ। ਮੈਂ ਅਨਿਆਂ ਦੀ ਇਸ ਦੀਵਾਰ ਨੂੰ ਧੱਕਾ ਮਾਰ ਕੇ ਢਾਹੁਣ ਲਈ ਹੌਂਸਲਾ ਕੀਤਾ ਹੈ। ਤੁਸੀਂ ਮੈਨੂੰ ਫਾਹੇ ਲਾ ਸਕਦੇ ਹੋ। ਇਸ ਤੋਂ ਵੱਧ ਹੋਰ ਕਰ ਵੀ ਕੀ ਸਕਦੇ ਹੋ?"

ਭਾਈ ਮੇਵਾ ਸਿੰਘ ਦਾ ਇਤਿਹਾਸਕ ਬਿਆਨ ਅਦਾਲਤੀ ਕਾਰਵਾਈ ਦਾ ਹਿੱਸਾ ਬਣ ਕੇ ਜਨਤਾ ਤੱਕ ਪਹੁੰਚ ਗਿਆ। ਕੀ ਭਗਤ ਸਿੰਘ ਹੁਰਾਂ ਭਾਈ ਮੇਵਾ ਸਿੰਘ ਦੇ ਬਿਆਨ ਤੋਂ ਵੀ ਕੋਈ ਪ੍ਰੇਰਨਾ ਲਈ ਸੀ ਜਾਂ ਨਹੀਂ, ਭਾਵੇਂ ਭਗਤ ਸਿੰਘ ਨੇ ਸਿੱਧੇ ਤੌਰ 'ਤੇ ਨਹੀਂ ਮੰਨਿਆ ਪਰ ਇਸ ਦਾ ਅਨੁਮਾਨ ਜ਼ਰੂਰ ਹੈ ਕਿ ਭਗਤ ਸਿੰਘ ਨੂੰ ਜ਼ਰੂਰ ਭਾਈ ਮੇਵਾ ਸਿੰਘ ਦੀ ਸ਼ਹਾਦਤ ਅਤੇ ਦਿੱਤੇ ਬਿਆਨ ਦਾ ਇਲਮ ਹੋਵੇਗਾ। ਮੇਵਾ ਸਿੰਘ ਵੱਲੋਂ ਆਪਣੇ ਵਿਚਾਰਧਾਰਕ ਪੈਂਤੜੇ ਨੂੰ ਪੇਸ਼ ਕਰਨ ਲਈ ਅਦਾਲਤ ਨੂੰ ਮਾਧਿਅਮ ਬਣਾ ਕੇ ਵਰਤਣ ਬਾਰੇ ਵੀ ਭਗਤ ਸਿੰਘ ਨੂੰ ਜ਼ਰੂਰ ਗਿਆਨ ਹੋਵੇਗਾ। ਇਹ ਅਨੁਮਾਨ ਲਾਏ ਜਾਣ ਦੀ ਗੁੰਜਾਇਸ਼ ਇਸ ਕਰ ਕੇ ਵੀ ਹੈ ਕਿ ਚੰਗਾ ਤੇ ਸੁਚੇਤ ਪਾਠਕ ਹੋਣ ਨਾਤੇ ਭਗਤ ਸਿੰਘ ਭਾਰਤ ਅਤੇ ਪੰਜਾਬ ਦੇ ਇਨਕਲਾਬੀ ਇਤਿਹਾਸ ਦਾ ਚੰਗੀ ਤਰ੍ਹਾਂ ਜਾਣੂੰ ਸੀ। ਕੂਕਾ-ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ ਅਤੇ ਗ਼ਦਰ ਪਾਰਟੀ ਲਹਿਰ ਦੇ ਇਤਿਹਾਸ ਬਾਰੇ ਤਾਂ ਉਸਦੀਆਂ ਲਿਖੀਆਂ ਲਿਖਤਾਂ ਵੀ ਮਿਲਦੀਆਂ ਹਨ। ਗ਼ਦਰ ਪਾਰਟੀ ਦੇ ਦੂਜੇ ਸਕੱਤਰ ਭਾਈ ਸੰਤੋਖ ਸਿੰਘ ਨੇ ਭਾਰਤ ਆ ਕੇ ਮਾਸਿਕ ਪੱਤਰ 'ਕਿਰਤੀ' ਸ਼ੁਰੂ ਕੀਤਾ ਤਾਂ ਭਗਤ ਸਿੰਘ 'ਕਿਰਤੀ' ਵਿਚ ਲੇਖ ਵੀ ਲਿਖਦਾ ਰਿਹਾ। ਭਾਈ ਸੰਤੋਖ ਸਿੰਘ ਵਰਗੇ ਲਹਿਰ ਦੇ ਆਗੂ ਗ਼ਦਰੀਆਂ ਦੇ ਸੰਗ-ਸਾਥ ਵਿਚ ਵਿਚਰਨ ਕਰ ਕੇ ਅਤੇ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਪਰਚੇ ਦਾ ਲੇਖਕ ਹੋਣ ਕਰ ਕੇ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਭਗਤ ਸਿੰਘ ਗ਼ਦਰ ਲਹਿਰ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ ਤੇ ਉਹਨੂੰ ਭਾਈ ਮੇਵਾ ਸਿੰਘ ਦੀ ਸ਼ਹਾਦਤ ਅਤੇ ਉਸ ਵੱਲੋਂ ਦਿੱਤੇ ਇਤਿਹਾਸਕ ਬਿਆਨ ਬਾਰੇ ਨਿਸਚੈ ਹੀ ਪਤਾ ਸੀ। ਇਸ ਪ੍ਰਸੰਗ ਵਿਚ ਭਾਈ ਮੇਵਾ ਸਿੰਘ ਬਾਰੇ ਲਿਖਿਆ ਆਰਟੀਕਲ ਇਸ ਲਿਖਤ ਤੋਂ ਬਾਅਦ ਦਿੱਤਾ ਗਿਆ ਹੈ ਤੇ ਜੋ ਇਹ ਪੁਸ਼ਟ ਕਰਨ ਲਈ ਵੱਡਾ ਸਬੂਤ ਹੈ ਕਿ ਭਾਵੇਂ ਅਸੈਂਬਲੀ ਵਿਚ ਬੰਬ ਸੁੱਟ ਕੇ ਸਰਕਾਰ ਦੇ ਬੋਲੇ ਕੰਨਾਂ ਵਿਚ ਆਵਾਜ਼ ਪਹੁੰਚਾਉਣ ਦੀ ਪ੍ਰੇਰਨਾ ਦਾ ਪਿਛੋਕੜ, ਭਗਤ ਸਿੰਘ, ਫ਼ਰਾਂਸ ਦੇ ਇਨਕਲਾਬੀ 'ਵੇਲਾਂ' ਦੇ ਐਕਸ਼ਨ ਤੇ ਕਥਨ ਨਾਲ ਜੋੜਦਾ ਹੈ ਤਦ ਵੀ ਕਿਹਾ ਜਾ ਸਕਦਾ ਹੈ ਕਿ ਅਚੇਤ-ਸੁਚੇਤ ਭਗਤ ਸਿੰਘ ਦੇ ਮਨ ਵਿਚ ਭਾਈ ਮੇਵਾ ਸਿੰਘ ਦੀ ਸ਼ਹਾਦਤ ਅਤੇ ਅਦਾਲਤ ਵਿਚ ਦਿੱਤੇ ਬਿਆਨ ਦੀ ਲੁਕਵੀਂ ਜਾਂ ਜ਼ਾਹਿਰਾ ਪ੍ਰੇਰਨਾ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਇੰਜ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਇਤਹਾਸ ਵਿਚ ਸਥਾਪਤ ਵਿਵਸਥਾ ਦੀ ਨਿਆਇ-ਪ੍ਰਣਾਲੀ ਦੇ ਪੋਲ ਨੂੰ ਉਜਾਗਰ ਕਰਨ, ਅਦਾਲਤ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਮਾਧਿਅਮ ਬਣਾ ਕੇ ਵਰਤਣ, ਸਥਾਪਤ ਵਿਵਸਥਾ ਦੇ 'ਬੋਲੇ ਕੰਨਾਂ' ਵਿਚ ਆਵਾਜ਼ ਪਹੁੰਚਾਉਣ ਲਈ 'ਧਮਾਕਾਖੇਜ਼' ਐਕਸ਼ਨ ਕਰਨ ਅਤੇ ਮੌਤ ਨੂੰ ਬੇਖ਼ੌਫ਼ ਹੋ ਕੇ ਵਾਰਨ ਵਿਚ ਭਾਈ ਮੇਵਾ ਸਿੰਘ ਪਹਿਲਾ ਸ਼ਹੀਦ ਸੂਰਮਾ ਹੈ। ਭਗਤ ਸਿੰਘ ਤੇ ਉਸਦੇ ਸਾਥੀ ਤਾਂ ਪੜ੍ਹੇ-ਲਿਖੇ ਸਨ ਅਤੇ ਉਨ੍ਹਾਂ ਨੇ ਭਾਰਤ ਅਤੇ ਸੰਸਾਰ ਦੇ ਇਨਕਲਾਬੀ ਇਤਿਹਾਸ ਨੂੰ ਪੜ੍ਹਿਆ-ਵਾਚਿਆ ਹੋਇਆ ਸੀ। ਉਨ੍ਹਾਂ ਦੀ ਸੋਚਣੀ ਪਿੱਛੇ ਪ੍ਰਾਪਤ ਅਕਾਦਿਮਕ ਗਿਆਨ ਦੀ ਰੌਸ਼ਨੀ ਕਾਰਜਸ਼ੀਲ ਸੀ। ਪਰ ਭਾਈ ਮੇਵਾ ਸਿੰਘ ਨੇ ਤਾਂ ਕੋਈ ਬਹੁਤੀ ਅਕਾਦਮਿਕ ਵਿਦਿਆ ਵੀ ਨਹੀਂ ਸੀ ਪ੍ਰਾਪਤ ਕੀਤੀ ਹੋਈ। ਉਹ ਤਾਂ ਕੇਵਲ ਗੁਰਮੁਖੀ ਹੀ ਪੜ੍ਹ-ਲਿਖ ਸਕਦਾ ਸੀ। ਪਰ ਹੈਰਾਨੀ ਤੇ ਖ਼ੁਸ਼ੀ ਦੀ ਗੱਲ ਹੈ ਕਿ ਉਸਨੇ ਅਜਿਹਾ ਬਿਆਨ ਇਸ ਅੰਦਾਜ਼ ਵਿਚ ਦੇਣਾ ਸੋਚ ਕੇ ਅਤੇ ਫਿਰ ਉਸਨੂੰ ਏਨੇ ਸੰਗਠਿਤ ਰੂਪ ਵਿਚ ਲਿਖ ਕੇ ਆਪਣੀ ਬੌਧਿਕ ਸਮਰੱਥਾ ਦਾ ਅਜਿਹਾ ਪ੍ਰਦਰਸ਼ਨ ਕੀਤਾ ਹੈ ਕਿ ਉਹਦੀ ਇਸ ਕਾਮਲ ਯੋਗਤਾ ਨੂੰ ਵੀ ਸਹਿਜੇ ਹੀ ਪ੍ਰਣਾਮ ਕਰਨ ਨੂੰ ਜੀਅ ਕਰਦਾ ਹੈ। ਇਹ ਕਾਰਜ ਉਹਦੇ ਗਹਿ-ਗੱਚ ਅਨੁਭਵ ਵਿਚੋਂ ਨਿਕਲੀ ਸਿਆਣਪ ਦਾ ਪ੍ਰਤੀਕ ਹੈ।

ਨਿਸਚੈ ਹੀ ਭਾਈ ਮੇਵਾ ਸਿੰਘ ਕਈ ਪੱਖਾਂ ਤੋਂ ਇਤਿਹਾਸਕ ਪਹਿਲ-ਕਦਮੀਆਂ ਕਰਨ ਵਾਲਾ, ਭਾਰਤ ਦੇ ਇਨਕਲਾਬੀ ਇਤਿਹਾਸ ਦਾ ਮਾਣਯੋਗ ਸ਼ਹੀਦ ਹੈ।

ਹੇਠਾਂ ਸ਼ਹੀਦ ਭਗਤ ਸਿੰਘ ਦਾ ਭਾਈ ਮੇਵਾ ਸਿੰਘ ਬਾਰੇ ਲਿਖਿਆ ਆਰਟੀਕਲ ਪੜ੍ਹ ਕੇ ਵੇਖ ਸਕਦੇ ਹੋ ਕਿ ਦੋਵਾਂ ਦੇ ਸੋਚਣ ਤੇ ਐਕਸ਼ਨ ਕਰਨ ਵਿਚ ਕਿੰਨੀ ਸਮਾਨਤਾ ਸੀ।

**ਸ਼੍ਰੀ ਮੇਵਾ ਸਿੰਘ**

ਮੁਸੀਬਤਾਂ ਦੇ ਵਿਹੜੇ ਵਿੱਚ ਕਲਾਬਾਜ਼ੀਆਂ ਲਾਉਂਦੇ ਜਿਨ੍ਹਾਂ ਲੋਕਾਂ ਨੇ ਸਦਾ ਹੀ ਪਿੱਛੇ ਰਹਿ ਕੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਸ ਲਈ ਨਹੀਂ ਕਿ ਉਹ ਡਰਦੇ ਸੀ ਬਲਕਿ ਇਸ ਲਈ ਕਿ ਅੱਗੇ ਵਧ ਕੇ ਵਾਹ! ਵਾਹ! ਖੱਟਣ ਦੀ ਇੱਛਾ ਹੀ ਕਦੀ ਉਨ੍ਹਾਂ ਦੇ ਮਨ ਵਿੱਚ ਪੈਦਾ ਨਹੀਂ ਹੋਈ। ਅਜਿਹੇ ਲੋਕਾਂ ਬਾਰੇ ਬਾਲਪਨ ਤੋਂ ਹੀ ਜੇ ਨਜ਼ੂਮੀ ਇਹ ਦੱਸ ਦਿਆ ਕਰਨ ਕਿ ਉਹ ਕਿਸੇ ਦਿਨ ਕ੍ਰਾਂਤੀ ਦੀ ਵੇਦੀ ਦਾ ਪਤੰਗਾ ਬਣ ਕੇ ਸਭ ਕੁਝ ਵਾਰ ਦੇਣਗੇ, ਜਾਂ ਇੱਕ ਦਿਨ ਮਸਤੀ ਵਿਚ ਆ ਕੇ ਇਹ ਕਹਿ ਕੇ, "ਆ ਮੌਤੇ! ਪੰਜਾ ਲੜਾਈਏ", ਨੱਚਦੇ-ਟੱਪਦੇ ਫਾਂਸੀ ਦੇ ਤਖ਼ਤੇ 'ਤੇ ਜਾ ਖੜੇ ਹੋਣਗੇ, ਤਾਂ ਸ਼ਾਇਦ ਇਨ੍ਹਾਂ ਲੋਕਾਂ ਦਾ ਜੀਵਨ ਬਿਰਤਾਂਤ ਪੂਰੇ ਇਨਸਾਫ਼ ਨਾਲ ਲਿਖਿਆ ਜਾ ਸਕੇ। ਪਰ ਉਹ ਤਾਂ ਸੰਸਾਰ ਦੇ ਪਤਾ ਨਹੀਂ ਕਿਸ ਕੋਨੇ ਵਿਚੋਂ ਆ ਕੇ ਅਚਾਨਕ ਮਨੁੱਖ ਸਮਾਜ ਲਈ ਆਪਣਾ ਸਭ ਕੁਝ ਵਾਰ ਕੇ ਚੱਲਦੇ ਵੀ ਬਣੇ। ਲੋਕਾਂ ਨੇ ਉਸ ਦਿਨ ਉਨ੍ਹਾਂ ਵੱਲ ਹੈਰਾਨੀ ਨਾਲ ਤੱਕਿਆ, ਭਗਤੀ ਤੇ ਸ਼ਰਧਾ ਦੇ ਫੁੱਲ ਵੀ ਚੜ੍ਹਾਏ। ਪਰ ਫੇਰ ਵੀ ਕਿਸੇ ਨੇ ਉਨ੍ਹਾਂ ਦੇ ਕ੍ਰਾਂਤੀਕਾਰੀ ਜੀਵਨ ਦੀਆਂ ਦੋ-ਚਾਰ ਘਟਨਾਵਾਂ ਵੀ ਇਕੱਠੀਆਂ ਕਰ ਕੇ ਪ੍ਰਕਾਸ਼ਿਤ ਕਰਨ ਦੀ ਖੇਚਲ ਨਹੀਂ ਕੀਤੀ। ਅੱਜ ਜੇ ਕਿਸੇ ਅਜਿਹੇ ਕ੍ਰਾਂਤੀਕਾਰੀ ਆਦਰਸ਼ਵਾਦੀ ਦਾ ਜੀਵਨ-ਬਿਰਤਾਂਤ ਲਿਖਣ ਬੈਠੀਏ ਤਾਂ ਲਿਖ ਹੀ ਕੀ ਸਕਦੇ ਹਾਂ।

*(ਬਾਕੀ ਅਗਲੇ ਸਫੇ 'ਤੇ)*

# ਨਾਨਕਸ਼ਾਹੀ ਕੈਲੰਡਰ ਦੀ ਅਹਿਮੀਅਤ ਅਤੇ ਤਰਕਹੀਣ ਵਿਰੋਧ

ਨਾਨਕਸ਼ਾਹੀ ਕੈਲੰਡਰ ਦਾ ਮਸਲਾ ਗੁਰੂ-ਦਰਬਾਰ ਨੂੰ ਜਾਂਦੇ ਗਾਡੀ ਰਾਹ ਵਾਂਗ ਸਿੱਧਾ ਤੇ ਸਰਲ ਹੈ। ਰੌਲ-ਘਚੋਲੇ ਵਿਚੋਂ ਲਾਹਾ ਲੈਣ ਲਈ ਏਸ ਨੂੰ 'ਬ੍ਰਹਮਗਿਆਨੀ' ਪੁਜਾਰੀ ਜਮਾਤ ਅਤੇ 'ਰਾਜ ਨਹੀਂ ਸੇਵਾ' ਵਾਲੇ ਸਿਆਸਤਦਾਨਾਂ ਨੇ ਅਜਿਹਾ ਉਲਝਾਇਆ ਹੈ ਕਿ ਆਮ ਆਦਮੀ ਸਦਾ ਲਈ ਭੰਬਲਭੂਸੇ ਵਿਚ ਪਿਆ ਰਹੇ।

ਕਰਤਾ ਪੁਰਖ ਨੇ ਸ੍ਰਿਸ਼ਟੀ ਸਾਜਣ ਦੇ ਨਾਲ ਹੀ ਸੂਰਜ ਅਤੇ ਚੰਦਰਮਾ ਆਧਾਰਤ ਦੋ ਕੈਲੰਡਰ ਆਪਣੀ ਰਚਨਾ ਦੀ ਕੰਧ ਉਤੇ ਟੰਗ ਦਿੱਤੇ। ਧਰਤੀ

ਗੁਰਤੇਜ ਸਿੰਘ

ਸੂਰਜ ਦਾ ਇੱਕ ਗੇੜਾ ਤਕਰੀਬਨ 365 ਦਿਨਾਂ ਵਿਚ ਮੁਕੰਮਲ ਕਰਦੀ ਹੈ ਅਤੇ ਇਹ ਇੱਕ ਸਾਲ ਦਾ ਸਮਾਂ ਬਣਿਆ ਜਿਸ ਨੂੰ ਮਹੀਨਿਆਂ, ਹਫ਼ਤਿਆਂ ਵਿਚ ਤਕਸੀਮ ਕਰ ਕੇ ਆਮ ਲੋਕਾਂ ਦੇ ਵਰਤਣਯੋਗ ਕੈਲੰਡਰ ਬਣਾ ਲਿਆ ਗਿਆ। ਚੰਦਰਮਾ ਤਕਰੀਬਨ 28 ਦਿਨਾਂ ਵਿਚ ਧਰਤੀ ਦੁਆਲੇ ਇੱਕ ਚੱਕਰ ਲਗਾਉਂਦਾ ਹੈ। ਏਸ ਨੂੰ ਇੱਕ ਮਹੀਨਾ ਤਸੱਵਰ ਕਰ ਕੇ ਵਰਤਣ ਦੀ ਰੀਤ ਵੀ ਪ੍ਰਚੱਲਤ ਹੋ ਗਈ। ਕਿਉਂਕਿ ਧਰਤੀ ਦੇ ਮੁਕੰਮਲ ਭ੍ਰਮਣ ਨਾਲ ਰੁੱਤਾਂ ਦੇ ਗੇੜ ਜੁੜੇ ਸਨ, ਅਸਲ ਕੈਲੰਡਰ ਦਾ ਰੁਤਬਾ ਸੂਰਜੀ ਕੈਲੰਡਰ ਨੂੰ ਹੀ ਮਿਲਿਆ। ਚੰਦ ਉੱਤੇ ਟੇਕ ਵਾਲੇ ਕੈਲੰਡਰ ਨੂੰ ਹਰ ਸਾਲ ਸੋਧਣ ਦੀ ਲੋੜ ਨੇ ਮਨੁੱਖੀ ਮਨਾਂ ਉੱਤੇ ਧਾੜੇ ਮਾਰ ਕੇ ਪੰਡਤਾਈ ਦਾ ਰੋਅਬ ਸਥਾਪਤ ਕਰਨ ਵਾਲੀ ਇੱਕ ਜਮਾਤ ਪੈਦਾ ਕਰ ਦਿੱਤੀ, ਜਿਨ੍ਹਾਂ ਦੀ ਅਗਵਾਈ ਸ਼ਾਤਰ ਬ੍ਰਾਹਮਣ ਜਮਾਤ ਹੱਥ ਆਈ। ਇਸ ਮਖੱਟੂ ਜਮਾਤ ਨੇ ਏਸ ਪ੍ਰਕਿਰਿਆ ਨੂੰ ਆਪਣੀ ਰੋਜ਼ੀ-ਰੋਟੀ ਅਤੇ ਐਸ਼ ਦਾ ਸਾਧਨ ਬਣਾ ਲਿਆ।

ਕ੍ਰੀਮੀਆ ਜੰਗ (1863) ਤੋਂ ਬਾਅਦ ਸਿੱਖ ਪ੍ਰਵਾਸ ਕਰਨ ਲੱਗ ਪਏ ਅਤੇ ਅੱਜ ਤਕਰੀਬਨ 60 ਮੁਲਕਾਂ ਵਿਚ ਵੱਸ ਕੇ ਹਰ ਸਮਾਜ ਦੇ ਵਿਕਾਸ ਵਿਚ ਆਪਣੀ ਨਿਗੂਣੀ ਗਿਣਤੀ ਤੋਂ ਵੱਧ ਹਿੱਸਾ ਪਾਉਣ ਲੱਗੇ। ਹਰ ਸਮਾਜ ਵਿਚ ਚਾਹ ਜਾਗੀ ਕਿ ਇਨ੍ਹਾਂ ਮਿਹਨਤੀ ਲੋਕਾਂ ਦੇ ਦਿਨ-ਦਿਹਾੜੇ ਵੀ ਮਨਾਏ ਜਾਣ। ਕਈ ਮੁਲਕਾਂ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਜਨਮ-ਦਿਨਾਂ ਉੱਤੇ ਸਰਕਾਰੀ ਛੁੱਟੀ ਆਦਿ ਕਰਨ ਦਾ ਮਨ ਬਣਾਇਆ। ਉਨ੍ਹਾਂ ਦੇ ਕੈਲੰਡਰ ਦੋ-ਦੋ ਸਾਲ ਪਹਿਲਾਂ ਤਿਆਰ ਹੋ ਜਾਂਦੇ ਹਨ। ਗੁਰੂ-ਪ੍ਰਕਾਸ਼ ਦੀਆਂ ਤਰੀਕਾਂ ਦੀ ਪੁੱਛ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਪੁੱਜੀ ਤਾਂ ਉਨ੍ਹਾਂ ਬਜ਼ਾਰ ਮਾਈ ਸੇਵਾਂ ਦੇ ਜੰਤਰੀ ਛਾਪਣ ਵਾਲਿਆਂ ਵੱਲ ਉਂਗਲ ਕਰ ਦਿੱਤੀ। ਉਨ੍ਹਾਂ ਆਖਿਆ ਕਿ ਭਾਟੜੇ ਦਿਵਾਲੀ 'ਤੇ ਆਉਣਗੇ ਅਤੇ ਫੇਰ ਜੰਤਰੀਆਂ ਤਿਆਰ ਹੋਣਗੀਆਂ। ਇਹ ਜੁਆਬ ਮਸਲਾ ਹੱਲ ਨਹੀਂ ਸੀ ਕਰਦਾ। ਪ੍ਰਵਾਸੀ ਮਨਾਂ ਵਿਚ ਆਪੇ ਹੱਲ ਕਰਨ ਦੀ ਪ੍ਰਬਲ ਇੱਛਾ ਨੇ ਜਨਮ ਲਿਆ।

ਏਸ ਵੰਗਾਰ ਨੂੰ ਪਾਲ ਸਿੰਘ ਪੁਰੇਵਾਲ ਨੇ ਕਬੂਲਿਆ। ਇਤਿਹਾਸਕਾਰਾਂ ਦੀ ਇੱਕ ਕਮੇਟੀ ਓਸ ਦੀ ਮਦਦ ਲਈ ਬਣੀ। ਇੱਕ-ਇੱਕ ਕਰ ਕੇ ਗੁਰਪੁਰਬਾਂ, ਗੁਰ-ਇਤਿਹਾਸ, ਸਿੱਖ ਇਤਿਹਾਸ ਆਦਿ ਦੀਆਂ ਤਰੀਕਾਂ ਮੂਲ ਸੋਮਿਆਂ ਤੋਂ, ਜੋ ਕਿ ਬਿਕ੍ਰਮੀ ਸੰਮਤ ਅਨੁਸਾਰ ਹਨ, ਲੱਭੀਆਂ ਗਈਆਂ। ਇਹ ਜਾਣਨ ਦਾ ਨਿਰਣਾ ਕੀਤਾ ਗਿਆ ਕਿ ਘਟਨਾ ਵਾਲੇ ਸਾਲ ਇਹ ਘਟਨਾਵਾਂ ਸੂਰਜੀ ਕੈਲੰਡਰ ਮੁਤਾਬਕ ਕਿਸ ਤਾਰੀਖ ਨੂੰ ਘਟੀਆਂ ਸਨ। ਕਈਆਂ ਦੇ ਅਕੱਟ ਸਬੂਤ ਸਨ ਜਿਵੇਂ ਕਿ ਗੁਰੂ ਅਮਰਦਾਸ ਜੀ ਦੇ 'ਅਭੀਚ ਪੂਰਬ' ਵਾਲੇ ਦਿਨ, 'ਜਗਤ ਉਧਰਨ ਅਰਥਾ' ਹਰਿਦਵਾਰ ਜਾਣ ਦੀ ਘਟਨਾ। ਅਭੀਚ ਪੂਰਬ ਦੇ ਨਕਸ਼ੱਤਰ ਕਦੇਂ-ਕਦੇਂ ਇਕੱਠੇ ਹੋਏ ਸਨ, ਦਾ ਵੇਰਵਾ ਹਰ ਤਾਰਾ-ਵਿਗਿਆਨੀ ਕੋਲ ਪ੍ਰਾਪਤ ਹੈ। ਇਉਂ ਇਹ ਤਾਰੀਖ-ਸਿੱਧੀ ਹੀ ਸੂਰਜੀ ਕੈਲੰਡਰ ਵਿਚ ਸਥਾਪਤ ਹੋ ਸਕੀ। ਸੂਰਜ ਗ੍ਰਹਿਣ ਦੀਆਂ ਤਾਰੀਖਾਂ ਵੀ ਸਿੱਖ ਇਤਿਹਾਸ ਦੀਆਂ ਕੁਝ ਕੁ ਘਟਨਾਵਾਂ ਦਾ ਨਿਰਣਾ ਕਰਨ ਦਾ ਸਬੱਬ ਬਣੀਆਂ।

ਪੂਰਾ ਕੈਲੰਡਰ ਏਸ ਵਿਧੀ ਨਾਲ ਤਿਆਰ ਕੀਤਾ ਗਿਆ। ਏਸ ਕੈਲੰਡਰ ਨੂੰ ਨਾਨਕਸ਼ਾਹੀ ਨਾਂਅ ਦੇਣ ਲਈ ਏਸ ਦਾ ਆਰੰਭ ਗੁਰੂ ਨਾਨਕ ਹਜ਼ੂਰ ਦੇ ਜਨਮ-ਮਾਹ ਤੋਂ ਕੀਤਾ ਗਿਆ। ਏਸ ਦੇ ਮਹੀਨਿਆਂ ਦੇ ਨਾਂਅ ਬਾਰਾਂਮਾਹਿਆਂ ਤੋਂ ਉਧਾਰੇ ਲਏ ਗਏ ਅਤੇ ਦਿਨਾਂ ਦੀ ਗਿਣਤੀ ਸਹੂਲਤ ਅਨੁਸਾਰ ਰੱਖ ਲਈ ਗਈ। ਗਿਣਤੀ-ਮਿਣਤੀ ਦਾ ਕੇਂਦਰ ਅੰਮ੍ਰਿਤਸਰ ਨੂੰ ਰੱਖਿਆ ਗਿਆ। ਹੋਰ ਵੇਰਵੇ ਵੀ ਹਨ ਪਰ ਬਰੀਕੀਆਂ ਦੀ ਏਸ ਲੇਖ ਦੇ ਵਿਸ਼ੇ ਨੂੰ ਲੋੜ ਨਹੀਂ। ਨਤੀਜੇ ਵਜੋਂ ਅਸੀਂ ਸਦੀਆਂ ਤੱਕ ਦਾ ਨਿਸ਼ਚਿਤ ਸਿੱਖ ਕੈਲੰਡਰ ਬਣਾ ਸਕਦੇ ਹਾਂ। ਅਸੀਂ ਆਉਣ ਵਾਲੀ ਸਦੀ ਦੇ ਗੁਰਪੁਰਬ ਵੀ ਨਿਰਧਾਰਤ ਕਰ ਸਕਦੇ ਹਾਂ। ਪ੍ਰਵਾਸੀ ਸਿੱਖਾਂ ਦੀ ਵੱਡੀ ਲੋੜ ਇਉਂ ਮਾਮੂਲੀ ਗਣਿਤ ਦੇ ਚੰਦ ਸੌਖੇ ਸਵਾਲਾਂ ਵਿਚ ਵੱਟ ਗਈ। ਸਾਰੇ ਸੰਸਾਰ ਦੇ ਸਿੱਖਾਂ ਵਾਸਤੇ ਇੱਕੋ ਦਿਨ ਗੁਰਪੁਰਬ ਮਨਾਉਣੇ ਸੰਭਵ ਹੋ ਗਏ।


ਡੇਰੇਦਾਰ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ ਨੂੰ ਅਣਭੋਲ ਲੋਕਾਂ ਕੋਲੋਂ ਖੂਬ ਪਦਾਰਥ ਛਕਦੇ ਹਨ। ਇਹ ਤਿੰਨੋਂ ਦਿਨ ਚੰਦਰਮਾ ਕੈਲੰਡਰ ਨਾਲ ਸਬੰਧਤ ਹੋਣ ਕਾਰਨ ਇਨ੍ਹਾਂ ਦੀ ਅਹਿਮੀਅਤ ਘਟ ਗਈ। ਇਹ ਐਨ ਗੁਰਬਾਣੀ ਅਨੁਸਾਰ ਸੀ ਜਿਸ ਵਿਚ ਨਾ ਥਿੱਤਾਂ-ਵਾਰਾਂ ਨੂੰ ਮਾਨਤਾ ਦਿੱਤੀ ਗਈ ਹੈ, ਨਾ ਹੀ ਸਾਧਾਂ-ਸੰਤਾਂ ਦੀ ਵਿਚੋਲਗੀ ਨੂੰ ਕਬੂਲਿਆ ਗਿਆ ਹੈ; "ਛੁਰੀ ਕਾਢਿ ਲੇਵੈ ਹਥਿ ਦਾਨਾ" ਨੂੰ ਨਿਹਾਇਤ ਬੁਰਾ ਸਮਝਿਆ ਗਿਆ ਹੈ। ਬਹਿਰਹਾਲ, ਗੁਰ-ਫ਼ੁਰਮਾਨਾਂ ਦੀ ਪਰਵਾਹ ਤਾਂ ਇਹ ਲਾਣਾ ਪਹਿਲਾਂ ਹੀ ਨਹੀਂ ਸੀ ਕਰਦਾ। ਨਵੇਂ ਕੈਲੰਡਰ ਨੇ ਅਸਿੱਧੇ ਤੌਰ ਉੱਤੇ ਪੁਜਾਰੀ ਜਮਾਤ ਦੀ ਵਿਚੋਲਗੀ ਨੂੰ ਅਤੇ ਲੋਕਾਂ ਦੀ ਇੱਕ ਮਹੀਨੇ ਵਿਚ ਤਿੰਨ ਵਾਰ ਹੁੰਦੀ ਲੁੱਟ ਨੂੰ ਨਕਾਰ ਦਿੱਤਾ। ਬਾਬਾ ਸਾਹਿਬਾਨ ਨੂੰ ਏਸ ਲਈ ਪੁਰੇਵਾਲ, ਨਾਨਕਸ਼ਾਹੀ ਕੈਲੰਡਰ ਅਤੇ ਉਸ ਦੇ ਸਮਰਥਕ ਫੁੱਟੀ ਅੱਖ ਨਹੀਂ ਭਾਉਂਦੇ।

"ਨਿਥਾਵਿਆਂ ਦੇ ਥਾਂ" ਸੱਚੇ ਸਾਹਿਬ ਦਾ ਫ਼ੁਰਮਾਨ ਸੀ ਕਿ 'ਜੋ ਸਿੱਖ ਉਦਾਸੀ ਹੋਵੇਗਾ ਤਿਸ ਦਾ ਬੁਰਾ ਹੋਵੇਗ'। ਸਿੱਖਾਂ ਦਾ ਬੁਰਾ ਲੋਚਣ ਵਾਲੀਆਂ ਹਕੂਮਤਾਂ ਅਤੇ ਇਹ ਆਪੂੰ ਬਣੇ ਵਿਚੋਲੇ ਏਸੇ ਲਈ ਉਦਾਸੀ, ਨਿਰਮਲੇ ਡੇਰਿਆਂ, ਪੰਚਾਇਤਾਂ ਦੇ ਸਾਧਾਂ ਨੂੰ ਪੰਥ ਦੀ ਪਿੱਠ ਉੱਤੇ ਲੱਦ ਕੇ ਪੰਥ ਨੂੰ ਮੋੜ ਕੇ ਬ੍ਰਾਹਮਣਾਂ, ਪੁਜਾਰੀਆਂ ਅਤੇ ਉਨ੍ਹਾਂ ਰਾਹੀਂ ਸਮੇਂ ਦੇ ਸਿਆਸੀ ਆਗੂਆਂ ਅਧੀਨ ਕਰਨ ਦਾ ਭਰਮ ਪਾਲ ਰਹੇ ਹਨ। ਇਨ੍ਹਾਂ ਨੇ ਕਦੇ ਇਹ ਪੜ੍ਹਿਆ ਹੀ ਨਹੀਂ ਕਿ "ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥" ਗੁਰੂ ਦਾ ਖ਼ਾਲਸਾ ਆਪੇ ਬ੍ਰਾਹਮਣ, ਆਪੇ ਖੱਤਰੀ, ਆਪੇ ਵੈਸ਼ ਤੇ ਸ਼ੂਦਰ ਹੈ। ਏਸ ਨੇ ਕਿਸੇ ਉੱਤੇ ਧੌਂਸ ਨਹੀਂ ਜਮਾਉਣੀ; ਕਿਸੇ ਦੀ ਕਿਰਤ ਨੂੰ ਲੁੱਟਣਾ ਨਹੀਂ; ਆਪਣੀ ਰੱਖਿਆ ਆਪ ਕਰਨੀ ਹੈ ਅਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਆਪ ਕਰਨੀ ਹੈ। ਸਾਧਾਂ-ਸੰਤਾਂ, ਬ੍ਰਹਮਗਿਆਨੀਆਂ ਅਤੇ ਇਨ੍ਹਾਂ ਦੇ ਸਮਰਥਕਾਂ ਨੂੰ ਬੜੀ ਅਧੀਨਗੀ ਨਾਲ ਬੇਨਤੀ ਹੈ ਕਿ 1699 ਦੀ ਵਿਸਾਖੀ ਨੂੰ ਸਰਬੱਸਦਾਨੀ ਸੰਗਤ ਨੂੰ ਖ਼ਾਲਸਾ ਕਰ ਕੇ ਆਪਣੇ ਵਿਚ ਅਭੇਦ ਕਰ ਚੁੱਕਾ ਹੈ। ਹੁਣ ਤਾਂ ਇਹ ਹੁਕਮ ਤਿੰਨ ਸਦੀਆਂ ਦੀ ਕੁਠਾਲੀ ਵਿਚ ਢਲ ਕੇ ਕੁੰਦਨ ਹੋ ਗਿਆ ਹੈ। ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੁਚੇਸ਼ਟਾ ਨੂੰ ਬਾਬੇ ਤਿਆਗ ਦੇਣ ਅਤੇ ਆਪਣੀ ਹਰਾਮ ਦੀ ਕਮਾਈ ਉੱਤੇ ਪਲੇ ਭਾਰੀ-ਭਰਕਮ ਸਰੀਰਾਂ ਨੂੰ, ਗੁਰੂ ਕੀ ਕਉਡੀ ਨਾਲ ਭ੍ਰਿਸ਼ਟੀਆਂ ਬੁੱਧੀਆਂ ਨੂੰ ਪੰਥ ਅਤੇ ਗੁਰੂ ਦੇ ਵਿਚਾਲੇ ਵੈਰੀ ਕਰਨ ਤੋਂ ਗੁਰੇਜ਼ ਕਰਨ।

# ਮੂੜੇ ਰਾਮੁ ਜਪਹੁ ਗੁਣ ਸਾਰਿ

ਮੂੜੇ ਰਾਮੁ ਜਪਹੁ ਗੁਣ ਸਾਰਿ ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥1॥ ਰਹਾਉ ॥ (ਪੰਨਾ 19, ਮ: 1)

"ਮੂੜਾ" ਮੂਰਖ, ਬੇ ਅਕਲ ਏ ਤੇ ਜੇ ਮੂੜਾ ਮੂੜੀ ਤੋਂ ਬਣਿਆ ਏ ਤਾਂ ਫੇਰ ਰਾਸ ਵਾਲ ਏ, ਸਰਮਾਏਦਾਰ। ਮੂੜੀ ਰਾਸ ਏ ਕੈਪੀਟਲ। ਸ਼ਬਦ ਗੱਲ ਕਰੇਂਦਾ ਏ ਮੂਰਖ ਨਾਲ ਯਾ ਰਾਸਵਾਲ ਨਾਲ। ਇੰਞ ਗੱਲ ਤਾਂ ਇੱਕੋ ਈ ਏ ਮੂਰਖ ਦਾ ਜੀਵਨ ਮੂੜੀ ਵਧਾਉਣ ਤੇ ਬਰਬਾਦ ਹੁੰਦਾ ਏ ਤੇ ਮੂੜੀ ਮਨੁੱਖ ਨੂੰ ਮੂਰਖ ਬਣਾਉਂਦੀ ਏ। ਬਾਬੇ



ਡਾ. ਆਸਮਾ ਕਾਦਰੀ

ਨਾਨਕ ਦਾ ਸ਼ਬਦ ਆਖਦਾ ਏ ਮੂਰਖ ਨੂੰ ਮੂਰਖਤਾ ਛੱਡ ਤੇ ਕੁਦਰਤ ਨੂੰ ਚਿਤਾਰ। ਕੁਦਰਤ ਦੇ ਗੁਣ ਵੇਖ ਤੇ ਉਹਦਾ ਤੱਤ ਜਾਣ, ਰਾਮ ਨੂੰ ਜਪ। ਜਪਣ ਯਾਦ ਕਰਨ ਏ, ਵਿਚਾਰਨ ਏ, ਅਮਲ ਕਰਨ ਏ। ਰਾਮ ਇਕਾਈ ਏ, ਇਕਾਈ ਨੂੰ ਚੇਤੇ ਰੱਖਣ ਦੀ ਪ੍ਰੇਰਨਾ ਹੈ ਪਰ ਨਿਰੀ ਜ਼ਬਾਨ ਨਾਲ ਜਪ ਕੇ ਨਹੀਂ ਸਗੋਂ ਕੁਦਰਤ ਦੀ ਇਕਾਈ ਦੇ ਗੁਣ ਉਹਦਾ ਤੱਤ ਚਿਤਾਰ ਕੇ। ਕੁਦਰਤ ਕੀ ਹੈ? ਹਰ ਰੂਪ ਵਿਚ ਹੋ ਕੇ ਵੀ ਬੇ ਰੂਪ ਹੈ। ਰੁੱਖ, ਪਸ਼ੂ, ਪੰਖੇ (ਪਰਿੰਦੇ), ਮਨੁੱਖ ਕੁੱਲ ਕਾਇਨਾਤ ਅੰਦਰ ਹਰ ਪਲ ਹਾਜ਼ਰ ਨਾਜ਼ਰ ਹੈ। ਕੁਦਰਤ ਦੀ ਸੱਤਿਆ ਐਸੇ ਇਕਾਈ ਅੰਦਰ ਹੈ। ਇਹ ਸੱਤਿਆ ਪਹਾੜਾਂ ਵਰਗੇ ਆਕਾਰ ਬਣਾ ਸਕਦੀ ਹੈ ਤੇ ਓਸੇ ਪਹਾੜ ਅੰਦਰੋਂ ਲਾਵਾ ਕੱਢ ਕੇ ਸਭ ਢਾਹ ਵੀ ਸਕਦੀ ਹੈ। ਪਹਾੜ ਵਰਗੀ ਸਖ਼ਤੀ ਨੂੰ ਵੀ ਰੇਜ਼ਾ ਰੇਜ਼ਾ ਕਰ ਸਕਦੀ ਏ। ਇਕਾਈ ਦੀ ਸੱਤਿਆ ਈ ਹੈ ਜੋ ਫੁੱਲਾਂ ਵਿਚ ਰੰਗ ਰਸ ਭਰੀਂਦੀ ਏ। ਗੁਣ ਉਹਦੇ ਅਣਗਿਣਤ ਹਨ ਜਿਤਨੇ ਗਿਣੋ ਉਤਨੀ ਉਹਦੀ ਸਾਰ ਥੀਂਦੀ ਏ। ਚਾਲੂ ਵਿਹਾਰ ਨੇ ਮਨੁੱਖ ਨੂੰ ਹਉਮੈ ਨਾਲ ਜੋੜ ਕੇ ਕੁਦਰਤ ਤੋਂ ਵੱਖ ਕੀਤਾ ਹੈ। ਕੁੱਲ ਇਕਾਈ ਦੀ ਸੁਝਾਣ ਤਾਂ ਥੀਵੇ ਜੇ ਮਨੁੱਖ ਆਪਣੀ ਮੈਂ ਵਿਚੋਂ ਬਾਹਰ ਨਿਕਲੇ। ਆਪਣੀ ਹੋਂਦ ਦੇ ਅੰਦਰ ਤੇ ਬਾਹਰ ਏਸ ਇਕਾਈ ਨੂੰ ਸਿਆਣੇ ਜੋ ਕੁੱਲ ਸੱਤਿਆ ਹੈ। ਅਸਥਾਈ ਦਾ ਅਗਲਾ ਅੱਧਾ ਇਹ ਦਸੀਂਦਾ ਹੈ ਜੋ ਰਾਮ ਨੂੰ ਜਪਣ ਤੇ ਉਹਦੇ ਗੁਣਾਂ ਰਾਹੀਂ ਉਸ ਨੂੰ ਸਿਆਨਣ ਦੀ ਲੋੜ ਕਿਉਂ ਹੈ। ਜਪਿਆ ਜਾਂਦਾ ਹੈ, ਚਿਤਾਰਿਆ ਜਾਂਦਾ ਹੈ ਕੁਦਰਤ ਨੂੰ ਯਾਦ ਰੱਖਣ ਕੀਤੇ। ਤਾਂ ਫੇਰ ਏਸ ਤੋਂ ਇਹ ਸਹੀ ਹੋਇਆ ਕਿ ਉਹ ਚੇਤੇ ਨਹੀਂ ਹੈ। ਯਾਦ ਤਾਂ ਉਸ ਨੂੰ ਈ ਕੀਤਾ ਜਾਂਦਾ ਹੈ ਜੋ ਚੇਤਿਓਂ ਵਿਸਰਿਆ ਹੋਏ। ਪੁੱਛ ਇੱਥੇ ਇਹ ਵੀ ਬਣਦੀ ਏ ਜੋ ਕੁੱਲ ਇਕਾਈ ਵਿਸਰ ਕਿਵੇਂ ਸਕਦੀ ਏ।

"ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ" ਇਹ ਕਾਰਨ ਹਨ ਕੁਦਰਤ ਕੰਨੋਂ ਵਿਜੋਗ ਦੇ। ਹਉਮੈ ਮੈਂ ਹੈ। ਵੱਖ ਹੋਵਣ ਦਾ ਅਹਿਸਾਸ, ਉੱਚੇ ਹੋਵਣ ਦਾ ਮਾਣ। ਮਮਤਾ ਪਿਆਰ ਹੈ, ਅਪਣੱਤ। ਮੋਹਣੀ, ਮੋਹ ਲੈਣ ਵਾਲੀ ਹੈ। ਅਜਿਹੀ ਸ਼ੈਅ ਦੀ ਖਿੱਚ ਜੋ ਅਸਲੋਂ ਹੈ ਈ ਨਹੀਂ। ਮੁੱਠੀ ਮੋਹੀ ਗਈ ਹੈ। ਅਹੰਕਾਰ, ਰਵੱਈਆ ਹੈ, ਸੁਭਾਅ ਵੀ। ਅਹੰਕਾਰ ਵਿਖਾਲਾ ਏ ਹਸਤੀ ਅੰਦਰ ਬਣੀ ਮੈਂ ਦਾ। ਮਮਤਾ ਦਾ ਸਾਂਗਾ ਹੈ ਮਾਂ ਨਾਲ, ਮਾਂ ਜੋ ਸਭ ਤੋਂ ਵੱਧ ਨੇੜ ਦਾ ਸੰਗ ਹੈ ਬਾਲ ਦਾ। ਬਾਲ ਜੋ ਮਾਂ ਦਾ ਆਪਣਾ ਈ ਅੰਗ ਹੈ ਵੱਖ ਹੋਇਆ। ਮਾਂ ਦਾ ਪਿਆਰ ਮਮਤਾ ਹੈ। ਮਾਂ ਹਰ ਪਲ ਬਾਲ ਦਾ ਸੁੱਖ ਲੋੜਦੀ ਹੈ। ਇਸ ਦੀ ਸੇਵਾ ਵਿਚ ਰੁੱਝੀ ਆਪਣਾ ਆਪ ਭੁੱਲ ਵੇਂਹਦੀ ਹੈ। ਇੱਥੇ ਮਮਤਾ ਦੀ ਵਰਤੋਂ ਹੈ ਤਾਂ ਪਿਆਰ ਕੀਤੇ ਪਰ ਜਾਪਦਾ ਏ ਇਹ ਮਮਤਾ ਮਾਂ ਵਾਲੀ ਨਹੀਂ। ਇੱਥੇ ਮਮਤਾ ਤੋਂ ਪਹਿਲੇ ਹਉਮੈ ਹੈ। ਹਉਮੈ ਦੀ ਮਮਤਾ ਨੇ ਮੋਹਿਆ ਹੈ ਸਾਰੇ ਜੱਗ ਨੂੰ। ਮੋਹੇ ਜਾਵਣ ਵਾਲੇ ਮਮਤਾ ਦੀ ਮੈਂ ਵਿਚ ਬੱਝ ਕੇ ਮਾਣ ਗੁਮਾਨ ਤੇ ਕਿਬਰ ਹੰਕਾਰ ਦੇ ਰਾਹੇ ਪੈਂਦੇ ਨੇਂ। ਜਿਸ ਰਾਮ ਨੂੰ ਜਪਣ ਦਾ ਆਖਦਾ ਹੈ ਸ਼ਬਦ ਉਹ ਹੈ ਮਮਤਾ ਦਾ ਅਸਲ ਸਰੂਪ। ਹਰ ਪਲ ਹਰ ਥਾਂ ਕੁੱਲ ਜੀਵ ਜੰਤਰ ਦੀ ਪਾਲ ਸੰਭਾਲ ਕਰੇਂਦੀ ਕੁਦਰਤ ਹੈ ਮਮਤਾ। ਕੁਦਰਤ ਦੇ ਅਪਣੱਤ ਪਿਆਰ ਦੀ ਸਾਰ ਥੀਵੇ ਤਾਂ ਹਰ ਜੀ, ਹਰ ਸਾਹ ਨਾਲ ਚਿਤਾਰੇ ਆਪਣੇ ਜੰਮਣ, ਪਾਲਣ, ਸਾਂਭਣਹਾਰ ਨੂੰ।

## ਸ਼ਹੀਦ ਭਗਤ ਸਿੰਘ ਹੁਰਾਂ ਦਾ ਪ੍ਰੇਰਨਾ ਸ੍ਰੋਤ – ਭਾਈ ਮੇਵਾ ਸਿੰਘ ਲੋਪੋਕੇ

*(ਪਿਛਲੇ ਸਫੇ ਦੀ ਬਾਕੀ)*

ਅਗਿਆਤ ਕ੍ਰਾਂਤੀਕਾਰੀ ਸਾਡੇ ਨਾਇਕ ਮੇਵਾ ਸਿੰਘ ਦਾ ਜਨਮ ਅੰਮ੍ਰਿਤਸਰ ਦੇ ਇੱਕ ਸਾਧਾਰਨ ਜਿਹੇ ਪਿੰਡ ਲੋਪੋਕੇ ਵਿਚ ਹੋਇਆ ਸੀ। ਬੱਸ ਖ਼ਾਨਦਾਨ ਤੇ ਬਾਲਪਣ ਬਾਰੇ ਇਹੀ ਕੁਝ ਜਾਣਕਾਰੀ ਹੈ। ਉਹ ਸਾਧਾਰਨ ਕਿਸਾਨ ਸਨ ਤੇ ਖੇਤੀ ਬਾੜੀ ਕਰਦੇ ਸੀ। ਅਨੇਕਾਂ ਲੋਕਾਂ ਨੂੰ ਰੋਜ਼ ਕਨੇਡਾ ਵੱਲ ਜਾਂਦੇ ਵੇਖ ਕੇ ਆਪ ਵੀ ਉਥੇ ਚਲੇ ਗਏ ਸਨ। ਪਰਮਾਤਮਾ ਦੀ ਭਗਤੀ ਵੱਲ ਆਪ ਦਾ ਖਾਸ ਝੁਕਾਉ ਸੀ।

ਕਨੇਡਾ ਵਿਚ ਭਾਰਤ ਵਾਸੀਆਂ 'ਤੇ ਹੁੰਦੇ ਜ਼ੁਲਮ, ਅਨਿਆਂ ਤੇ ਦੁਰ-ਵਿਹਾਰ ਨੇ ਆਪ ਦੇ ਦਿਲ 'ਤੇ ਕਰਾਰੀ ਸੱਟ ਮਾਰੀ। ਕਾਮਾਗਾਟਾ ਮਾਰੂ ਦੇ ਸੰਬੰਧ ਵਿਚ ਜਦ ਸ੍ਰੀ ਭਾਗ ਸਿੰਘ ਜੀ ਤੇ ਸ੍ਰੀ ਬਲਵੰਤ ਸਿੰਘ ਜੀ ਕੁਝ ਹੋਰ ਸਾਥੀਆਂ ਨਾਲ ਸਲਾਹ ਕਰਨ ਲਈ ਦੂਰ ਦੱਖਣ ਵੱਲ ਨਿਕਲ ਗਏ ਸਨ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਫੜ ਕੇ 'ਸੁਭਾਸ' ਜੇਲ੍ਹ ਵਿਚ ਬੰਦ ਕਰ ਦਿੱਤਾ ਸੀ ਤਾਂ ਉਦੋਂ ਆਪ ਵੀ ਉਨ੍ਹਾਂ ਦੇ ਨਾਲ ਸਨ। ਪਰ ਆਪ ਦੇ ਸਿਰਫ਼ ਇਹ ਕਹਿ ਦੇਣ 'ਤੇ ਹੀ ਆਪ ਨੂੰ ਛੱਡ ਦਿੱਤਾ ਗਿਆ ਸੀ ਕਿ ਅਸੀਂ ਤਾਂ ਐਵੇਂ ਹੀ ਇੱਧਰ ਘੁੰਮਣ ਆ ਗਏ ਸੀ। ਬਾਅਦ ਵਿਚ ਆਪ ਗੁਰੂ ਨਾਨਕ ਮਾਈਨਿੰਗ ਕੰਪਨੀ ਦੇ ਹਿੱਸੇਦਾਰ ਵੀ ਬਣ ਗਏ ਸੀ।

ਦੀਵਾਨ ਚੱਲ ਰਿਹਾ ਸੀ। ਸ੍ਰੀ ਭਾਗ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਰਹੇ ਸਨ ਤੇ ਸ੍ਰੀ ਵਤਨ ਸਿੰਘ ਜੀ ਉਨ੍ਹਾਂ ਦੇ ਕੋਲ ਹੀ ਬੈਠੇ ਸਨ। ਅਚਾਨਕ ਸਭਾ ਦੀ ਸ਼ਾਂਤੀ ਭੰਗ ਕਰਦੀ ਹੋਈ ਗੋਲੀ ਚੱਲਣ ਦੀ ਆਵਾਜ਼ ਆਈ ਤੇ ਸ੍ਰੀ ਭਾਗ ਸਿੰਘ ਤੇ ਸ੍ਰੀ ਵਤਨ ਸਿੰਘ ਜੀ ਸਦਾ ਦੀ ਨੀਂਦ ਸੌਂ ਗਏ। ਗ਼ੱਦਾਰ ਬੇਲਾ ਸਿੰਘ ਦੇ ਇਸ ਘਿਨੌਣੇ ਕੰਮ ਨੂੰ ਦੇਖ ਕੇ ਮਨ ਦੁੱਖ ਨਾਲ ਚੀਰਿਆ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠੇ ਨੂੰ ਗੋਲੀ ਨਾਲ ਮਾਰ ਦਿੱਤਾ ਜਾਣਾ ਉਨ੍ਹਾਂ ਤੋਂ ਸਹਿਣ ਨਹੀਂ ਹੋ ਰਿਹਾ ਸੀ। ਮੁਕੱਦਮਾਂ ਚੱਲਣ ਵੇਲੇ ਕਾਤਲ ਨੇ ਬਿਆਨ ਦਿੱਤਾ ਸੀ ਕਿ ਇੰਮੀਗ੍ਰੇਸ਼ਨ ਵਿਭਾਗ ਦੇ ਮੁਖੀਆਂ ਨੇ ਹੀ ਮੈਨੂੰ ਇੰਞ ਕਰਨ ਲਈ ਕਿਹਾ ਸੀ। ਗੁਲਾਮ ਭਾਰਤ ਵਾਸੀਆਂ ਦੀ ਦੁਰਦਸ਼ਾ ਦੀ ਲਹੂ ਲਿੱਬੜੀ ਤਸਵੀਰ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰ ਵਗ ਤੁਰੀ। ਕਿਉਂਕਿ ਉਹ ਗੁਲਾਮ ਸਨ, ਕੀ ਏਸੇ ਕਰ ਕੇ ਉਨ੍ਹਾਂ ਨੂੰ ਘ੍ਰਿਣਾ ਕੀਤੀ ਜਾਂਦੀ ਸੀ। ਕੀ ਉਨ੍ਹਾਂ ਦੇ ਗੁਲਾਮ ਹੋਣ ਕਰਕੇ ਹੀ ਉਨ੍ਹਾਂ 'ਤੇ ਹਰ ਕਿਸਮ ਦੇ ਜ਼ੁਲਮ ਢਾਹੇ ਜਾਂਦੇ ਸੀ ਤੇ ਉਨ੍ਹਾਂ ਦੇ ਆਗੂਆਂ ਨੂੰ ਇਸਤਰ੍ਹਾਂ ਮਾਰ ਦਿੱਤਾ ਜਾਂਦਾ ਸੀ। ਇਨ੍ਹਾਂ ਸਾਰੀਆਂ ਗੱਲਾਂ ਨੇ ਉਨ੍ਹਾਂ ਦੇ ਦਿਲ 'ਤੇ ਗਹਿਰੀ ਚੋਟ ਕੀਤੀ। ਉਨ੍ਹਾਂ ਨੇ ਆਪਣਾ ਅੰਦਰੂਨੀ ਦੁੱਖ ਛੁਪਾਉਣ ਵਾਸਤੇ ਪਰਮਾਤਮਾ ਦੀ ਭਜਨ ਬੰਦਗੀ ਵਿਚ ਖੁਦ ਨੂੰ ਵਧੇਰੇ ਡੁਬੋ ਲਿਆ। ਪਰ ਇਸਦੇ ਬਾਵਜੂਦ ਵੀ ਆਪ ਨੇ ਭਰੇ ਹੋਏ ਹਿਰਦੇ ਨਾਲ ਇੱਕ ਦੋ ਵਾਰ ਕਿਹਾ, "ਹਰ ਕਦਮ 'ਤੇ ਠੁਕਰਾਏ ਜਾਣ ਵਾਲਾ ਇਹ ਗੁਲਾਮੀ ਤੇ ਬੇਇਜ਼ਤੀ ਵਾਲਾ ਜੀਵਨ ਹੁਣ ਅਸਹਿ ਹੋ ਉਠਿਆ ਹੈ।" ਉਸ ਵੇਲੇ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ 'ਤੇ ਕਿਸੇ ਨੇ ਡੂੰਘਾ ਗੌਰ ਨਾ ਕੀਤਾ।

ਉਹ ਕ੍ਰਾਂਤੀ ਯੱਗ ਦੀ ਤੀਬਰ ਰਚਨਾ ਦੇ ਦਿਨ ਸਨ। ਲੋਕਾਂ ਨੇ ਰੀਵਾਲਵਰ ਤੇ ਰਫ਼ਲਾਂ ਚਲਾਉਣ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ ਸੀ। ਕਹਿੰਦੇ ਨੇ ਕਿ ਸਾਡੇ ਨਾਇਕ ਨੇ ਵੀ ਸੌ ਰੁਪਏ ਦੀਆਂ ਗੋਲੀਆਂ ਨਿਸ਼ਾਨਾਂ ਫੁੰਡਣ ਦੇ ਅਭਿਆਸ ਵਿਚ ਫੂਕ ਦਿੱਤੀਆਂ ਸਨ। ਉਨ੍ਹਾਂ ਦੇ ਇਸ ਕੰਮ ਬਾਰੇ ਵੀ ਕਿਸੇ ਨੇ ਗਹੁ ਨਾਲ ਨਾ ਵਿਚਾਰਿਆ। ਇੱਕ ਦਿਨ ਜਾ ਕੇ ਆਪਣੀ ਫੋਟੋ ਬਣਵਾ ਲਿਆਏ। ਆਪਣੇ ਘਰਵਾਲਿਆਂ ਵਾਸਤੇ ਉਨ੍ਹਾਂ ਦਾ ਇਹ ਅਮੁੱਲ ਉਪਹਾਰ ਸੀ। (ਭਗਤ ਸਿੰਘ ਨੇ ਵੀ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਪਹਿਲਾਂ ਆਪਣੀ ਫੋਟੋ ਖਿਚਵਾਈ ਸੀ।)

ਉਸ ਦਿਨ ਮੁਕੱਦਮੇ ਦੀ ਪੇਸ਼ੀ ਸੀ। ਇੰਮੀਗ੍ਰੇਸ਼ਨ ਵਿਭਾਗ ਦੇ ਮੁੱਖ ਅਧਿਕਾਰੀ ਮਿ. ਹਾਪਕਿਨਸਨ ਵੀ ਪੇਸ਼ ਹੋਣ ਲਈ ਆਏ ਸਨ। ਸਾਰਾ ਕੰਮ ਅਮਨ-ਅਮਾਨ ਨਾਲ ਹੋ ਰਿਹਾ ਸੀ ਕਿ ਅਚਾਨਕ ਇੱਕ ਗੋਲੀ ਚੱਲੀ ਅਤੇ ਇਸ ਤੋਂ ਪਹਿਲਾਂ ਕਿ ਕੋਈ ਫ਼ਾਇਰ ਕਰਨ ਵਾਲੇ ਵੱਲ ਧਿਆਨ ਕਰਦਾ ਹਾਪਕਿਨਸਨ ਸਦਾ ਦੀ ਨੀਂਦ ਸੌਂ ਗਏ। ਨਿਸ਼ਾਨਾ ਅਚੁਕ ਸੀ। ਉਨ੍ਹਾਂ ਦਾ ਸੌ ਰੁਪਇਆ ਲਾਇਆ ਸਫ਼ਲਾ ਹੋ ਗਿਆ ਸੀ। ਜੱਜ ਲੋਕ ਕੁਰਸੀਆਂ ਥੱਲੇ ਜਾ ਲੁਕੇ ਸਨ ਤੇ ਵਕੀਲ ਡਿੱਗਦੇ-ਢਹਿੰਦੇ ਬਾਹਰ ਨੂੰ ਭੱਜ ਚੱਲੇ ਸਨ। ਹਾਪਕਿਨਸਨ ਨੂੰ ਡਿੱਗਦਾ ਵੇਖ ਕੇ ਆਪ ਨੇ ਆਪਣਾ ਰੀਵਾਲਵਰ ਜੱਜ ਦੀ ਮੇਜ਼ 'ਤੇ ਰੱਖ ਦਿੱਤਾ ਤੇ ਉੱਚੀ ਆਵਾਜ਼ ਵਿੱਚ ਕਿਹਾ, "ਮੈਂ ਭੱਜਣਾ ਨਹੀਂ ਚਾਹੁੰਦਾ। ਆਪ ਲੋਗ ਸ਼ਾਂਤ ਰਹੋ। ਮੈਂ ਪਾਗਲ ਨਹੀਂ ਹਾਂ। ਹੋਰ ਕਿਸੇ 'ਤੇ ਗੋਲੀ ਨਹੀਂ ਚਲਾਵਾਂਗਾ। ਮੈਂ ਆਪਣਾ ਫ਼ਰਜ਼ ਪੂਰਾ ਕਰ ਲਿਆ ਹੈ।" ਇਸਤੋਂ ਮਗਰੋਂ ਪੁਲਿਸ ਨੂੰ ਬੁਲਾ ਕੇ ਆਤਮ-ਸਮਰਪਣ ਕਰ ਦਿੱਤਾ। ਅਫ਼ਰਾ-ਤਫ਼ਰੀ ਵਿਚ ਚਾਹੁੰਦੇ ਤਾਂ ਭੱਜ ਜਾਂਦੇ ਪਰ ਉਸ ਸੂਰਮੇ ਕ੍ਰਾਂਤੀਕਾਰੀ ਦੀ ਇੱਛਾ ਹੁਣ ਜੀਣ ਦੀ ਨਹੀਂ ਸੀ। ਪਤਿਤ, ਗੁਲਾਮ ਅਤੇ ਦੱਬੇ ਹੋਏ ਭਾਰਤ ਵਿਚ ਅਜੇ ਵੀ ਅਣਖ ਬਾਕੀ ਹੈ, ਕੁਰਬਾਨੀ ਦੇ ਕੇ ਉਹ ਇਹੀ ਸਿੱਧ ਕਰਨਾ ਚਾਹੁੰਦੇ ਸਨ, ਅੱਜ ਵੀ ਉਨ੍ਹਾਂ ਵਿਚ ਅਪਮਾਨ ਦਾ ਬਦਲਾ ਲੈਣ ਦੀ ਜਾਨ ਬਾਕੀ ਹੈ, ਅੱਜ ਵੀ ਉਹ ਰਾਸ਼ਟਰੀ ਅਪਮਾਨ ਦਾ ਬਦਲਾ ਲੈ ਸਕਦੇ ਹਨ, ਇਹ ਜਤਾਉਣ ਵਾਸਤੇ ਉਨ੍ਹਾਂ ਨੇ ਇਹ ਸਭ ਕੁਝ ਕੀਤਾ ਸੀ। (ਐਕਸ਼ਨ ਤੋਂ ਬਾਅਦ ਦਾ ਸਾਰਾ ਮਾਹੌਲ ਉਹੋ ਹੈ, ਜੋ ਭਗਤ ਸਿੰਘ ਹੁਰਾਂ ਦੇ ਬੰਬ ਸੁੱਟਣ ਬਾਅਦ ਅਸੈਂਬਲੀ ਹਾਲ ਦਾ ਸੀ)

ਗ੍ਰਿਫ਼ਤਾਰੀ ਤੋਂ ਬਾਅਦ ਬਿਆਨ ਲੈਣ ਸਮੇਂ ਜਦੋਂ ਆਪ ਨੂੰ ਹਾਪਕਿਨਸਨ ਨੂੰ ਮਾਰਨ ਦਾ ਕਾਰਨ ਪੁੱਛਿਆ ਗਿਆ ਤਾਂ ਆਪ ਨੇ ਸਵਾਲ ਕੀਤਾ, "ਕੀ ਹਾਪਕਿਨਸਨ ਸੱਚੀਂ-ਮੁਚੀਂ ਮਰ ਗਿਆ ਹੈ?" ਜਵਾਬ ਵਿੱਚ 'ਹਾਂ' ਸੁਣ ਕੇ ਆਪ ਬੜੀ ਉੱਚੀ ਸਾਰੀ ਹੱਸ ਪਏ। ਬੋਲੇ, "ਅੱਜ ਮੈਨੂੰ ਅਸਲੀ ਆਨੰਦ ਪ੍ਰਾਪਤ ਹੋਇਆ ਹੈ।" ਪੁੱਛਣ 'ਤੇ ਆਪ ਨੇ ਕਿਹਾ, "ਹਾਪਕਿਨਸਨ ਨੂੰ ਮੈਂ ਜਾਣ-ਬੁੱਝ ਕੇ ਕਤਲ ਕੀਤਾ ਹੈ। ਇਹ ਬਦਲਾ ਹੈ ਦੇਸ਼ ਅਤੇ ਧਰਮ ਦੇ ਅਪਮਾਨ ਦਾ। ਇਹ ਬਦਲਾ ਹੈ ਸਾਡੇ ਦੋ ਅਨਮੋਲ ਰਤਨਾਂ ਦੇ ਕਤਲ ਦਾ। ਮੈਂ ਤਾਂ ਮਿਸਟਰ ਰੀਡ (ਹਾਪਕਿਨਸਨ ਦਾ ਦੂਜਾ ਸਾਥੀ) ਨੂੰ ਵੀ ਮਾਰਨਾ ਸੀ ਪਰ ਉਥੇ ਨਾ ਹੋਣ ਕਾਰਨ ਉਹ ਬਚ ਗਿਆ ਹੈ।"

ਹਾਪਕਿਸਨਸਨ ਦੀ ਪਤਨੀ ਨੇ ਆਪਣੇ ਪਤੀ ਦੇ ਕਤਲ ਦੀ ਖ਼ਬਰ ਸੁਣ ਕੇ ਕਿਹਾ ਸੀ, "ਮੈਂ ਉਸ ਸੂਰਮੇ ਦੇ ਦਰਸ਼ਨ ਕਰਨਾ ਚਾਹੁੰਦੀ ਹਾਂ ਜਿਸ ਨੇ ਮੇਰੇ ਪਤੀ ਨੂੰ ਭਰੀ ਕਚਹਿਰੀ ਵਿਚ ਗੋਲੀ ਨਾਲ ਮਾਰਿਆ ਹੈ ਅਤੇ ਏਨੇ ਧੀਰਜ ਨਾਲ ਆਤਮ-ਸਮਰਪਣ ਕੀਤਾ ਹੈ।" ਇਸ ਘਟਨਾ ਤੋਂ ਬਾਅਦ ਕਿਸੇ ਨੇ ਪਿੱਠ ਪਿੱਛੇ ਵੀ ਭਾਰਤੀਆਂ ਲਈ ਘਿਨੌਣਾ ਸ਼ਬਦ ਨਹੀਂ ਵਰਤਿਆ।

ਮੁਕੱਦਮਾ ਚੱਲਣ 'ਤੇ ਆਪ ਨੇ ਬੜੀ ਸੂਰਮਤਾਈ ਨਾਲ ਆਪਣਾ ਗੁਨਾਹ ਕਬੂਲ ਕੀਤਾ। ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਤਾਂ ਆਪ 'ਤੇ ਇੱਕ ਸਰੂਰ ਜਿਹਾ ਛਾ ਗਿਆ। ਆਨੰਦ ਦਾ ਕੋਈ ਪਾਰਾਵਾਰ ਨਹੀਂ ਸੀ। ਫਾਂਸੀ ਦੇ ਦਿਨ ਤੱਕ ਆਪ ਜੀ ਦਾ ਵਜ਼ਨ ਤੇਰਾਂ ਪੌਂਡ ਵਧ ਚੁੱਕਾ ਸੀ।

ਫਾਂਸੀ ਦੇ ਦਿਨ ਜੇਲ੍ਹ ਦੇ ਬਾਹਰ ਤਪੱਸਵੀ ਦੇ ਦਰਸ਼ਨ ਕਰਨ ਲਈ ਕਨੇਡਾ ਵੱਸਦੇ ਪਰਵਾਸੀ ਭਾਰਤੀਆਂ ਦਾ ਹੜ੍ਹ ਜਿਹਾ ਆ ਗਿਆ। ਇਸ ਮਾਨਵ-ਸਾਗਰ ਵਿਚ ਗੋਰੇ ਲੋਕ ਵੀ ਘੱਟ ਨਹੀਂ ਸਨ। ਨਿਯਮ ਅਨੁਸਾਰ ਫਾਂਸੀ ਤੋਂ ਪਹਿਲਾਂ ਪਾਦਰੀ ਜਾਂ ਪਰੋਹਤ ਦਾ ਮਿਲਣਾ ਜ਼ਰੂਰੀ ਸੀ। ਇਸ ਲਈ ਭਾਈ ਮਿਤ ਸਿੰਘ ਜੀ ਅੰਦਰ ਆ ਗਏ। ਭਗਤੀ ਬੰਦਨਾ ਤੋਂ ਬਾਅਦ ਆਪ ਜੀ ਨੇ ਆਪਣਾ ਆਖਰੀ ਸੰਦੇਸ਼ ਦਿੱਤਾ। ਸ਼ਬਦ ਸਿੱਧੇ-ਸਾਦੇ ਸਨ ਪਰ ਭਾਵ ਉੱਚੇ ਤੇ ਦੇਸ਼ ਭਗਤੀ ਨਾਲ ਭਰਪੂਰ ਸਨ। ਆਪ ਨੇ ਕਿਹਾ:-

"ਬਾਹਰ ਜਾ ਕੇ ਸਾਰੇ ਭਾਰਤਵਾਸੀਆਂ ਨੂੰ ਅਤੇ ਖਾਸ ਕਰ ਕੇ ਰਾਸ਼ਟਰੀ ਕਾਰਜ-ਕਰਤਾਵਾਂ ਨੂੰ ਕਹਿ ਦੇਣਾ ਕਿ ਇਸ ਗੁਲਾਮੀ ਤੇ ਪ੍ਰਧੀਨਤਾ ਦੇ ਸਰਾਪ ਤੋਂ ਬਚ ਕੇ ਨਿਕਲਣ ਵਾਸਤੇ ਜ਼ੋਰਦਾਰ ਸੰਘਰਸ਼ ਕਰਨ। ਪਰ ਇਹ ਕੰਮ ਤਾਂ ਹੀ ਨੇਪਰੇ ਚੜ੍ਹੇਗਾ ਜਦੋਂ ਉਸ ਵਿਚ ਇਲਾਕੇਬੰਦੀ ਤੇ ਮਜ਼੍ਹਬੀ ਅਸਹਿਣਸ਼ੀਲਤਾ ਬਿਲਕੁਲ ਨਾ ਰਹੇ। ਨਾ ਮਾਝੇ, ਮਾਲਵੇ ਤੇ ਦੁਆਬੇ ਦਾ ਸੁਆਲ ਖੜਾ ਹੋਵੇ ਅਤੇ ਨਾ ਹਿੰਦੂ, ਸਿੱਖ ਅਤੇ ਮੁਸਲਮਾਨ ਧਰਮਾਂ ਦੇ ਸਵਾਲ ਖੜੇ ਹੋਣ ਅਤੇ ਜੋ ਮੈਨੂੰ ਪਿਆਰ ਕਰਨ ਵਾਲੇ ਸੰਬੰਧੀ ਅਤੇ ਮਿੱਤਰ ਹਨ ਉਨ੍ਹਾਂ ਨੂੰ ਇਹ ਮੇਰੀ ਖਾਸ ਬੇਨਤੀ ਹੈ।"

ਗੱਲਾਂ ਕਰਦੇ ਕਰਦੇ ਮਿੱਤ ਸਿੰਘ ਦੀਆਂ ਅੱਖਾਂ ਭਰ ਆਈਆਂ। ਇਸ ਗੱਲ 'ਤੇ ਆਪ ਬੜੇ ਨਾਰਾਜ਼ ਹੋਏ ਤੇ ਬੋਲੇ, "ਅੱਛਾ! ਆਏ ਤਾਂ ਮੇਰਾ ਹੌਸਲਾ ਵਧਾਉਣ ਸੀ ਪਰ ਖੁਦ ਹੀ ਰੋਣ ਲੱਗੇ। ਜ਼ਰਾ ਸੋਚੋ ਤਾਂ ਸਹੀ ਫਿਰ ਸਾਡੀ ਕੀ ਹਾਲਤ ਹੋਣੀ ਚਾਹੀਦੀ ਹੈ ਅਤੇ ਅਜਿਹੀ ਮੌਤ ਤਾਂ ਕਿਸੇ ਨਸੀਬ ਵਾਲੇ ਨੂੰ ਹੀ ਮਿਲਦੀ ਹੈ ਤੇ ਉਸ ਲਈ ਚਾਓ ਤੇ ਖ਼ੁਸ਼ੀ ਨਾ ਦਿਖਾ ਕੇ ਇਸਤਰ੍ਹਾਂ ਸੋਗ ਦਿਖਾਉਣਾ ਤਾਂ ਨਿਰ੍ਹਾ ਪਾਪ ਹੈ।" (ਅਜਿਹੇ ਹੀ ਸ਼ਬਦ ਭਗਤ ਸਿੰਘ ਨੇ ਮੁਲਾਕਾਤ ਸਮੇਂ ਰੋ ਪੈਣ ਵਾਲੇ ਆਪਣੇ ਛੋਟੇ ਭਰਾ ਨੂੰ ਖ਼ਤ ਵਿਚ ਲਿਖੇ ਸਨ)

ਆਖ਼ਰ ਉਹ ਘੜੀ ਵੀ ਆ ਗਈ। ਦੇਖੋ ਤਾਂ ਔਹ ਮਤਵਾਲਾ ਕਿਵੇਂ ਫ਼ਾਂਸੀ ਦੇ ਤਖ਼ਤੇ ਵੱਲ ਵਧ ਰਿਹਾ ਹੈ। ਡਰ ਅਤੇ ਚਿੰਤਾ ਉਸਦੇ ਕਿਤੇ ਨੇੜੇ-ਤੇੜੇ ਵੀ ਨਹੀਂ। ਆਖ਼ਰ ਇਹ ਸ਼ਬਦ ਉਚਾਰਦੇ ਹੋਏ , "ਹਰਿ ਜਸ ਰੇ ਮਨ ਜਪ ਲੈ ਜੋ ਸੰਗੀ ਹੈ ਤੇਰਾ।" ਫਾਂਸੀ ਦੇ ਤਖ਼ਤੇ 'ਤੇ ਜਾ ਖੜੇ ਹੋਏ। ਇਸਤੋਂ ਬਾਅਦ ਕੀ ਹੋਇਆ, ਉਹ ਪਾਠਕ ਖ਼ੁਦ ਸਮਝ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਤਲੀ 'ਤੇ ਸਿਰ ਰੱਖ ਕੇ ਪ੍ਰੇਮ ਦੀ ਗਲੀ ਵਿਚ ਖੇਡਣ ਆਇਆ ਸੀ ਤੇ ਸਿਰ ਦੇ ਗਿਆ।

ਦੇਹ ਦੇ ਸਵਾਗਤ ਲਈ ਲੋਕਾਂ ਦਾ ਸਾਗਰ ਪਹਿਲਾਂ ਹੀ ਠਾਠਾਂ ਮਾਰ ਰਿਹਾ ਸੀ। ਬੜੀ ਸ਼ਾਨ ਨਾਲ ਜਲੂਸ ਕੱਢਿਆ ਗਿਆ। ਅੱਜ ਇੰਦਰ ਦੇਵਤਾ ਵੀ ਖ਼ੁਦ 'ਤੇ ਕਾਬੂ ਨਹੀਂ ਰੱਖ ਸਕੇ ਅਤੇ ਖ਼ੂਬ ਜੰਮ ਕੇ ਬਾਰਸ਼ ਹੋਈ। ਪਰ ਜਲੂਸ ਘਟਣ ਦੀ ਥਾਂ ਸਗੋਂ ਹੋਰ ਵਧਦਾ ਗਿਆ। ਇੱਥੋਂ ਤੱਕ ਕਿ ਅੰਗਰੇਜ਼ ਔਰਤਾਂ ਵੀ ਉਸਦਾ ਸਾਥ ਨਾ ਛੱਡ ਸਕੀਆਂ। ਅੰਤਮ ਸੰਸਕਾਰ ਤੋਂ ਬਾਅਦ ਵੀ ਉਹ ਜਿਵੇਂ ਜੀਵੰਤ ਲੋਕਾਂ ਦੇ ਹਿਰਦੇ ਵਿਚ ਵਾਸ ਕਰ ਰਹੇ ਸਨ।

# ਮਹਾਂਬਲੀ ਪਹਿਲਵਾਨ ਕਿੱਕਰ ਸਿੰਘ ਦੇਵ-ਏ-ਹਿੰਦ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਪੰਛੀ ਵੇਖਣੇ ਦੀ ਜੇ ਕਰ ਲੋੜ ਹੋਵੇ,
ਪੈਲਾਂ ਪਾਉਂਦਾ ਬਾਗ਼ ਵਿਚ ਮੋਰ ਵੇਖੋ
ਕੁਸ਼ਤੀ ਵੇਖਣੇ ਦੀ ਜੇ ਕਰ ਲੋੜ ਹੋਵੇ,
ਕਿੱਕਰ ਸਿੰਘ-ਗੁਲਾਮ ਦਾ ਜੋੜ ਵੇਖੋ
ਐਸਾ ਕਿਹੜਾ ਜਹਾਨ 'ਤੇ ਜੰਮਿਆ ਹੈ,
ਕਿੱਕਰ ਸਿੰਘ ਜਿਹਾ ਮੱਲ ਹੋਰ ਵੇਖੋ...


ਮਹਾਂਬਲੀ ਕਿੱਕਰ ਸਿੰਘ ਹਿੰਦ ਮਹਾਂਦੀਪ ਦਾ ਲਾਸਾਨੀ ਪਹਿਲਵਾਨ ਸੀ। ਬੇਸ਼ਕ ਉਹ ਕਦੇ ਵਿਦੇਸ਼ ਨਹੀਂ ਸੀ ਗਿਆ ਪਰ ਉਹਦੀ ਕੁਸ਼ਤੀ ਦੀਆਂ ਧੁੰਮਾਂ ਕੁਲ ਦੁਨੀਆ 'ਚ ਪੈਂਦੀਆਂ ਰਹੀਆਂ। ਹਾਥੀ ਜਿੰਨਾ ਜ਼ੋਰ ਸੀ ਉਹਦੇ ਜੁੱਸੇ ਵਿੱਚ। ਉਹਦਾ ਰੰਗ ਕਿੱਕਰ ਵਰਗਾ ਸਾਂਵਲਾ, ਨੈਣ ਨਕਸ਼ ਮੋਟੇ ਠੁੱਲ੍ਹੇ, ਕੱਦ ਸੱਤ ਫੁੱਟ ਤੇ ਸਰੀਰਕ ਵਜ਼ਨ ਸੱਤ ਮਣ ਸੀ। ਵੇਖਣ ਨੂੰ ਦਿਓ ਲੱਗਦਾ ਸੀ। ਉਹਦੇ ਪੱਟ ਮੁਗਦਰਾਂ ਵਰਗੇ ਸਨ ਤੇ ਛਾਤੀ ਦਾ ਘੇਰਾ ਅੱਸੀ ਇੰਚ ਸੀ। ਐੱਸ ਮਾਜੂਮਦਾਰ ਨੇ ਉਹਦੇ ਬਾਰੇ ਲਿਖਿਆ: ਮੈਂ 1910 ਵਿਚ ਅਲਾਹਾਬਾਦ ਦੀ ਨੁਮਾਇਸ਼ ਵੇਖਣ ਗਿਆ। ਉਥੇ ਪਹਿਲਵਾਨ ਕਿੱਕਰ ਸਿੰਘ ਦੇ ਦਰਸ਼ਨ ਹੋਏ। ਬਰਤਾਨੀਆ ਸਰਕਾਰ ਨੇ ਉਸ ਨੂੰ ਦੇਵ-ਏ-ਹਿੰਦ ਦਾ ਖ਼ਿਤਾਬ ਦਿੱਤਾ ਹੋਇਆ ਸੀ। ਉਹ ਭਲਵਾਨਾਂ ਦੀ ਟੋਲੀ 'ਚ ਖੜ੍ਹਾ ਸਭਨਾਂ ਤੋਂ ਹੱਥ ਉੱਚਾ ਦਿਸਦਾ ਸੀ। ਸਿਰ 'ਤੇ ਸਫੈਦ ਪੱਗ, ਮਲਮਲ ਦਾ ਖੁੱਲ੍ਹਾ ਕੁੜਤਾ ਤੇ ਤੇੜ ਤੰਬਾ ਲਾਇਆ ਹੋਇਆ ਸੀ। ਦਸੰਬਰ ਵਿਚ ਵੀ ਉਹ ਖਜੂਰ ਦੇ ਪੱਤਿਆਂ ਦੀ ਪੱਖੀ ਝੱਲ ਰਿਹਾ ਸੀ। ਇਉਂ ਲੱਗਦਾ ਸੀ ਜਿਵੇਂ ਉਹ ਵੀ ਨੁਮਾਇਸ਼ ਦਾ ਇੱਕ ਅੰਗ ਹੋਵੇ। ਮੈਂ ਉਹਦੀ ਛਾਤੀ ਮਿਣਨੀ ਚਾਹੀ ਤਾਂ ਉਸ ਨੇ ਮਸੀਂ ਆਗਿਆ ਮਿਲੀ। ਅਸੀਂ ਉਹਦੀ ਛਾਤੀ ਦੁਆਲੇ ਫੀਤਾ ਵਲਿਆ। ਮਿਣਤੀ ਵੇਖੀ ਤਾਂ 80 ਇੰਚ ਨਿਕਲੀ! ਮੈਂ ਹੈਰਾਨ ਰਹਿ ਗਿਆ ਤੇ ਉਹਦੇ ਅੱਖੜ ਸੁਭਾਅ ਤੋਂ ਡਰਦਾ ਪੇਟ, ਡੌਲ਼ੇ ਤੇ ਪੱਟ ਨਾ ਮਿਣ ਸਕਿਆ।

ਅੱਖੜ ਸੁਭਾਅ ਦਾ ਹੋਣ ਕਰਕੇ ਹੀ ਉਹ ਪੰਡਤ ਮੋਤੀ ਲਾਲ ਨਹਿਰੂ ਨਾਲ 1900 ਵਿਚ ਪੈਰਿਸ ਦੀ ਨੁਮਾਇਸ਼ 'ਚ ਨਾ ਗਿਆ। ਉਹ ਲੱਖ ਰੁਪਈਏ ਅਗਾਊਂ ਲੈਣ 'ਤੇ ਅੜ ਗਿਆ। ਮੋਤੀ ਲਾਲ ਨੇ ਫਿਰ ਪਹਿਲਵਾਨ ਗ਼ੁਲਾਮ ਨੂੰ ਪੈਰਿਸ ਜਾਣ ਲਈ ਮਨਾ ਲਿਆ ਜਿਸ ਨੇ ਰੁਸਤਮੇ-ਜ਼ਮਾਂ ਦਾ ਖ਼ਿਤਾਬ ਜਿੱਤਿਆ ਜੋ ਕਿੱਕਰ ਸਿੰਘ ਨੇ ਸਹਿਜੇ ਹੀ ਜਿੱਤ ਜਾਣਾ ਸੀ। ਕੁਸ਼ਤੀਆਂ ਦੀਆਂ ਜਿੱਤਾਂ ਤੇ ਰਾਜੇ ਮਹਾਰਾਜਿਆਂ ਤੋਂ ਮਿਲੇ ਨਕਦ ਇਨਾਮ ਉਹ ਬੈਂਕ ਵਿਚ ਜਮ੍ਹਾਂ ਨਹੀਂ ਸੀ ਕਰਾਉਂਦਾ। ਮਿਲੇ ਪੈਸੇ ਟਰੰਕਾਂ 'ਚ ਰੱਖ ਕੇ ਜਿੰਦੇ ਲਾ ਦਿੰਦਾ। ਜਦ ਉਹ ਮਰਿਆ ਤਾਂ ਉਹਦੇ ਪੁੱਤਰਾਂ ਨੂੰ ਰੁਪਈਆਂ ਨਾਲ ਭਰੇ ਭਰਾਏ ਟਰੰਕ ਮਿਲੇ।

ਪਹਿਲਵਾਨ ਗ਼ੁਲਾਮ, ਕੱਲੂ ਦਾ ਵੱਡਾ ਭਰਾ ਸੀ ਜੋ ਏਨਾ ਨਿਮਰ ਸੀ ਕਿ ਹਰ ਆਏ ਗਏ ਨੂੰ ਕਹਿੰਦਾ: ਮੈਂ ਤੁਹਾਡਾ ਗ਼ੁਲਾਮ ਆਂ, ਸੇਵਾ ਦੱਸੋ। ਕਸ਼ਮੀਰੀ ਪਿਛੋਕੜ ਦਾ ਉਹ ਅੰਬਰਸਰੀਆ ਪਹਿਲਵਾਨ ਦੰਗਲ 'ਤੇ ਜਾਣ ਤੋਂ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕਦਾ ਸੀ ਤੇ ਮੁੜ ਕੇ ਸ਼ੁਕਰਾਨਾ ਕਰਨ ਲਈ ਫਿਰ ਦਰਬਾਰ ਸਾਹਿਬ ਆਉਂਦਾ ਸੀ। ਗ਼ੁਲਾਮ ਦੇ ਉਲਟ ਕੱਲੂ ਚੱਕਵੀਂ ਗੱਲ ਕਰਦਾ ਸੀ। ਉਸ ਨੇ ਪੇਲੜੇ ਪਹਿਲਵਾਨ ਦੇ ਪੁੱਤਰ ਕਰੀਮ ਬਖ਼ਸ਼ ਨੂੰ ਤਨਜ਼ ਮਾਰੀ ਸੀ, ਔਹ ਪੇਲੜੇ ਦੀ ਬੁਲ-ਬੁਲ ਚੱਲੀ ਏ! ਫਿਰ ਉਸੇ ਕਰੀਮ ਬਖ਼ਸ਼ ਨੇ ਏਨੀ ਮਿਹਨਤ ਕੀਤੀ ਕਿ ਇੰਗਲੈਂਡ ਦੇ ਟੌਮ ਕੈਨਨ ਨੂੰ ਢਾਹ ਕੇ ਰੁਸਤਮੇ-ਜ਼ਮਾਂ ਬਣਿਆ।

ਬਲਬੀਰ ਸਿੰਘ ਕੰਵਲ ਦੀ ਲਿਖਤ ਅਨੁਸਾਰ: ਕਿੱਕਰ ਸਿੰਘ ਸਾਬਤਾ ਬੱਕਰਾ ਖਾ ਜਾਂਦਾ ਸੀ ਪਰ ਖਾਂਦਾ ਉਹਲੇ ਨਾਲ ਸੀ। ਉਂਜ ਉਹਦੀ ਰੋਜ਼ਾਨਾ ਖ਼ੁਰਾਕ ਵਿਚ ਇਕ ਸੇਰ (ਕਿੱਲੋ) ਬਦਾਮਾਂ ਦੀ ਸਰਦਾਈ ਸਵੇਰ ਨੂੰ, ਪੰਜ ਸੇਰ ਮਾਸ ਦੀ ਯਖਣੀ ਦੁਪਹਿਰ ਨੂੰ, ਇਕ ਸੇਰ ਭੁੰਨਿਆ ਮੀਟ ਅਤੇ ਕੁਝ ਮੁਰੱਬੇ ਤੇ ਕੁਸ਼ਤੇ ਬਗ਼ੈਰਾ ਹੁੰਦੇ ਸਨ। ਇਸ ਤੋਂ ਬਿਨਾਂ ਉਹ ਦੁੱਧ-ਦਹੀਂ ਤੇ ਮੱਖਣ-ਘਿਓ ਦੀ ਖੁੱਲ੍ਹੀ ਵਰਤੋਂ ਕਰਦਾ ਸੀ। ਐਨੀ ਖੁਰਾਕ ਪਚਾਉਣ ਲਈ ਉਹ ਪਹਿਰ ਦੇ ਤੜਕੇ ਉੱਠ ਖੜ੍ਹਦਾ ਤੇ ਪਹੁਫੁਟਦੀ ਤੱਕ ਡੰਡ ਬੈਠਕਾਂ ਕੱਢਦਾ ਜ਼ੋਰ ਕਰਦਾ ਰਹਿੰਦਾ। ਪਹੁ-ਫੁਟਾਲੇ ਦਾ ਚਾਨਣ ਹੁੰਦਿਆਂ ਦੋ ਮਣ ਭਾਰਾ ਖਰਾਸ ਦਾ ਪੁੜ ਗਲ਼ 'ਚ ਪਾ ਕੇ ਘਣੀਏਕੇ ਤੋਂ ਕਰਬਾਠ ਪਿੰਡ ਵਿਚਕਾਰ ਛੇ ਮੀਲ ਦੌੜਦਾ। ਕਦੇ ਕਦੇ ਖਰਾਸ ਦੀ ਗਾਧੀ ਜੁੜ ਕੇ ਮਣ ਮਣ ਦਾਣੇ ਪੀਹ ਦਿੰਦਾ ਤੇ ਖੂਹ ਦੀ ਗਾਧੀ ਜੁੜ ਕੇ ਵਿਘਾ ਪੈਲੀ ਪਿਆ ਦਿੰਦਾ। ਖਰਾਸ ਦਾ ਪੁੜ ਗਲ਼ 'ਚ ਪਾਉਣ ਨਾਲ ਉਹਦੀ ਧੌਣ 'ਤੇ ਕੰਨ੍ਹਾ ਪੈ ਗਿਆ ਸੀ। ਕੰਨ੍ਹੇ 'ਤੇ ਮਾਸ ਦੀਆਂ ਤਿੰਨ ਤੈਹਾਂ ਬੱਝ ਗਈਆਂ ਸਨ। ਉਹਦੇ ਹੱਥਾਂ 'ਤੇ ਵੀ ਰੱਟਣ ਸਨ ਜੋ ਖੁਰਧਰੇ ਹੋ ਗਏ ਸਨ। ਜਦੋਂ ਉਹ ਵਿਰੋਧੀ ਦੇ ਧੌਲ ਮਾਰਦਾ ਤਾਂ ਅਗਲੇ ਦੀ ਚਮੜੀ ਉਧੇੜ ਦਿੰਦਾ।

ਦੰਦ ਕਥਾ ਹੈ ਕਿ ਇਕ ਵਾਰ ਉਸ ਨੇ ਭੂਤਰੇ ਹੋਏ ਮਾਰਨ ਖੰਡੇ ਸਾਨ੍ਹ ਦੇ ਸਿੰਗ ਫੜ ਲਏ। ਫੇਰ ਕੀ ਸੀ, ਕਦੇ ਸਾਨ੍ਹ ਉਸ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਕਦੇ ਕਿੱਕਰ ਸਿੰਘ। ਚਰਾਂਦ ਦੀ ਮਿੱਟੀ ਸਾਨ੍ਹ ਦੇ ਖੁਰਾਂ ਨਾਲ ਇਉਂ ਪੁੱਟੀ ਗਈ ਜਿਵੇਂ ਕਹੀ ਨਾਲ ਅਖਾੜਾ ਪੁੱਟਿਆ ਹੋਵੇ। ਪਿੰਡ ਦੇ ਲੋਕ ਲਾਂਭੇ ਖੜ੍ਹੋਤ ਮਾਸ਼ਾ ਵੇਖਦੇ ਰਹੇ। ਧੱਕੋ-ਧੱਕੀ ਹੁੰਦਿਆਂ ਕਿੱਕਰ ਸਿੰਘ ਨੇ ਹੰਕਾਰੇ ਸਾਨ੍ਹ ਦੀ ਮੋਕ ਵਗਾ ਦਿੱਤੀ। ਅਖ਼ੀਰ ਲੋਕਾਂ ਦੇ ਕਹਿਣ 'ਤੇ ਕਿੱਕਰ ਸਿੰਘ ਨੇ ਸਾਨ੍ਹ ਦੇ ਸਿੰਗ ਛੱਡੇ। ਸਿੰਗ ਛੁੱਟਦਿਆਂ ਹੀ ਸਾਨ੍ਹ ਐਸਾ ਦੌੜਿਆ, ਮੁੜ ਕੇ ਘਣੀਏਕੀ ਦੀ ਜੂਹ ਵਿਚ ਨਾ ਵੜਿਆ।



ਦਿਉ ਵਰਗੇ ਇਸ ਪਹਿਲਵਾਨ ਦਾ ਜਨਮ ਮਾਝੇ ਦੇ ਪਿੰਡ ਘਣੀਏਕੇ, ਜ਼ਿਲ੍ਹਾ ਲਾਹੌਰ ਵਿਚ ਹੋਇਆ ਸੀ। ਉਹ ਗਦਰ ਵਾਲੇ ਸਾਲ 1857 ਵਿਚ ਜਵਾਲਾ ਸਿੰਘ ਸੰਧੂ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਕੱਤੇ ਦੇ ਮਹੀਨੇ ਜੰਮਿਆ ਸੀ। ਕਿਸਾਨ ਪਰਿਵਾਰਾਂ ਵਿਚ ਕੱਤੇ 'ਚ ਜੰਮੇ ਬਾਲ ਬਦਸ਼ਗਨੇ ਸਮਝੇ ਜਾਂਦੇ ਹਨ। ਇਹ ਮਹੀਨਾ ਸਾਉਣੀ ਸਾਂਭਣ ਤੇ ਹਾੜ੍ਹੀ ਬੀਜਣ ਦਾ ਹੁੰਦੈ। ਕਿਸਾਨਾਂ ਕੋਲ ਸਿਰ ਖੁਰਕਣ ਦੀ ਵੀ ਵਿਹਲ ਨਹੀਂ ਹੁੰਦੀ। ਕਹਾਵਤ ਹੈ 'ਕੱਤੇ ਦੀ ਬਿਜਾਈ ਜੱਟ ਮਾਂ ਭੜੋਲੇ ਪਾਈ' ਬਈ ਬੀਜ ਬਿਜਾਈ ਕਰ ਕੇ ਹੀ ਬੁੜ੍ਹੀ ਦਾ ਸਸਕਾਰ ਕਰਾਂਗੇ!

ਪੱਛਮੀ ਪੰਜਾਬ ਦੇ ਖੋਜੀ ਲੇਖਕ ਇਲੀਆਸ ਘੁੰਮਣ ਨੇ ਲਿਖਿਆ: ਕਿੱਕਰ ਸਿੰਘ ਬਾਰੇ ਹੋਰ ਜਾਣਕਾਰੀ ਉਹਦੀ ਜਨਮ ਭੂੰਮੀ ਤੋਂ ਲੱਭੀ। ਇਸ ਸਿਲਸਿਲੇ ਵਿਚ ਅਸੀਂ ਲਾਹੌਰ ਤੋਂ ਕੋਈ 34 ਕਿਲੋਮੀਟਰ ਦੀ ਵਾਟ ਉੱਤੇ ਵਸੇ ਪਿੰਡ ਘਣੀਏਕੀ ਗਏ। ਕਿੱਕਰ ਸਿੰਘ ਦੇ ਉੱਜੜੇ ਹੋਏ ਜਨਮ ਸਥਾਨ ਤੇ ਉਹਦੀ ਤਬਾਹ ਹਾਲ ਸਮਾਧ ਦੇ ਦਰਸ਼ਨਾਂ ਦੌਰਾਨ ਸਾਡੀ ਮੁਲਾਕਾਤ ਮੁਹੰਮਦ ਤਫ਼ੈਲ ਭੁੱਟਾ ਨਾਂ ਦੇ ਵਡੇਰੀ ਉਮਰ ਦੇ ਬਜ਼ੁਰਗ ਨਾਲ ਹੋਈ। ਇਹ ਉਹੀ ਬੰਦਾ ਸੀ ਜਿਹੜਾ ਕੁਝ ਸਾਲ ਪਹਿਲਾਂ ਸਰਕਾਰੀ ਕਰਿੰਦਿਆਂ ਨੂੰ ਕਿੱਕਰ ਸਿੰਘ ਦੀ ਸਮਾਧ ਤੋਂ ਸੰਗਮਰਮਰ ਦੀ ਚੌਗਾਠ ਉਖਾੜਦੇ ਵੇਖ ਉਨ੍ਹਾਂ ਅੱਗੇ ਡਟ ਗਿਆ ਸੀ ਤੇ ਉਸ ਨੇ ਛਾਤੀ ਨੰਗੀ ਕਰ ਕੇ ਆਖਿਆ ਸੀ, 'ਮੈਨੂੰ ਗੋਲੀ ਮਾਰ ਦਿਓ ਪਰ ਸਾਡੇ ਮਹਾਂਬਲੀ ਭਲਵਾਨ ਦੀ ਯਾਦਗਾਰ ਨੂੰ ਨੁਕਸਾਨ ਨਾ ਪੁਚਾਓ।'

ਮੁਹੰਮਦ ਤੁਫ਼ੈਲ ਤੇ ਘਣੀਏਕੀ ਦੇ ਬਜ਼ੁਰਗਾਂ ਤੋਂ ਪਤਾ ਲੱਗਾ ਕਿ ਅਕਬਰ ਦੇ ਜ਼ਮਾਨੇ ਵਿਚ ਤਰਨ ਤਾਰਨ ਲਾਗਿਓਂ ਬਸਤੀ ਦੁਧੀਰ ਤੋਂ ਜੱਬੂ ਨਾਂ ਦਾ ਸੰਧੂ ਜੱਟ ਆਪਣੇ ਪੁੱਤਰਾਂ ਘਣੀਆ, ਡਾਗਾਂ ਤੇ ਗੌਣੀਆ ਨੂੰ ਲੈ ਕੇ ਸੁਰ ਸਿੰਘ ਤੋਂ ਅੱਗੇ ਭੜਾਣੇ ਜਾ ਵਸਿਆ। ਸਬੱਬ ਦੀ ਗੱਲ ਹੈ ਕਿ ਪੰਜਾਬੀ ਕਹਾਣੀ ਦੇ ਰੁਸਤਮ ਦਾ ਪਿਛੋਕੜ ਵੀ ਭੜਾਣੇ ਦਾ ਹੈ। ਉਥੇ ਜੱਬੂ ਨੇ ਖੁੱਲ੍ਹੀ ਪਈ ਕਾਫੀ ਸਾਰੀ ਜ਼ਮੀਨ ਵਲ਼ ਲਈ। ਜੱਬੂ ਦੇ ਮਰਨ ਪਿੱਛੋਂ ਘਣੀਏ ਨੇ ਜ਼ਮੀਨ ਦੇ ਆਪਣੇ ਹਿੱਸੇ ਵਿਚ ਘਣੀਏਕੇ ਪਿੰਡ ਵਸਾ ਲਿਆ। ਪੀੜ੍ਹੀ ਅੱਗੇ ਤੁਰੀ ਤਾਂ ਘਣੀਏ ਦੀ ਅੱਠਵੀਂ ਪੀੜ੍ਹੀ 'ਚ ਕਾਹਮਾ ਹੋਇਆ। ਕਾਹਮੇ ਦਾ ਪੁੱਤਰ ਸਿੰਘ ਸਜ ਗਿਆ ਜਿਸ ਦਾ ਨਾਮ ਧਰਮ ਸਿੰਘ ਰੱਖਿਆ ਗਿਆ। ਧਰਮ ਸਿੰਘ ਦੀ ਪੀੜ੍ਹੀ ਅੱਗੇ ਤੁਰਦੀ ਦੀਵਾਨ ਸਿੰਘ, ਵਜ਼ੀਰ ਸਿੰਘ, ਕਰਤਾਰ ਸਿੰਘ, ਅਲੋਪ ਸਿੰਘ ਤੇ ਜਵਾਲਾ ਸਿੰਘ ਤਕ ਅਪੜੀ। ਉਸ ਵੇਲੇ ਤਕ ਪੀੜ੍ਹੀਆਂ 'ਚ ਵੰਡੀਦੀ ਜ਼ਮੀਨ ਥੋੜ੍ਹੀ ਥੋੜ੍ਹੀ ਰਹਿ ਗਈ ਜਿਸ 'ਤੇ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ। ਜੁਆਲਾ ਸਿੰਘ ਨੇ ਊਠ ਪਾਲ ਲਏ ਤੇ ਊਠਾਂ ਉੱਤੇ ਲਾਹੌਰ ਤੇ ਅੰਮ੍ਰਿਤਸਰ ਵਿਚਕਾਰ ਭਾੜਾ ਢੋਣ ਲੱਗਾ। ਜਿਨ੍ਹਾਂ ਰੁੱਖਾਂ ਥੱਲੇ ਉਹ ਊਠਾਂ ਨੂੰ ਦਮ ਦੁਆਉਂਦਾ ਉਥੇ ਰਾਤ ਬਰਾਤੇ ਡਾਕੂ ਵੀ ਆ ਬਹਿੰਦੇ।

ਉਨ੍ਹੀਂ ਦਿਨੀਂ ਅੰਮ੍ਰਿਤਸਰ ਕਿਸੇ ਵਪਾਰੀ ਦੇ ਘਰ ਡਾਕਾ ਪੈ ਗਿਆ। ਪੁਲਿਸ ਨੇ ਡਾਕੂਆਂ ਨੂੰ ਫੜਨ ਦੀ ਥਾਂ ਜੁਆਲਾ ਸਿੰਘ ਨੂੰ ਫੜ ਲਿਆ। ਉਸ ਨੂੰ ਸੱਤ ਸਾਲ ਦੀ ਸਜ਼ਾ ਹੋ ਗਈ। ਲਾਹੌਰ ਦੀ ਜੇਲ੍ਹ ਵਿਚ ਸਜ਼ਾ ਕੱਟਦਿਆਂ ਉਹ ਇਕ ਗੋਰੇ ਸਾਹਿਬ ਦੇ ਬੰਗਲੇ 'ਚ ਵਾੜੀ ਦਾ ਕੰਮ ਕਰਨ ਚਲਾ ਜਾਂਦਾ। ਇਕ ਦਿਨ ਅਚਾਨਕ ਬੰਗਲੇ ਨੂੰ ਅੱਗ ਲੱਗ ਗਈ। ਮੇਮ ਤੇ ਬੱਚੇ ਅੱਗ 'ਚ ਘਿਰ ਗਏ। ਬੰਗਲੇ ਅੰਦਰਲੀਆਂ ਚੀਕਾਂ ਸੁਣ ਕੇ ਜੁਆਲਾ ਸਿੰਘ ਅੱਗ 'ਚ ਕੁੱਦ ਪਿਆ ਅਤੇ ਮੇਮ ਤੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆਇਆ। ਫਿਰ ਖੂਹ ਜੁੜ ਕੇ ਪਾਣੀ ਕੱਢਣ ਲੱਗਾ ਤੇ ਲੋਕ ਪਾਣੀ ਦੀਆਂ ਬਾਲਟੀਆਂ ਭਰ ਕੇ ਅੱਗ ਬੁਝਾਉਣ ਲੱਗੇ। ਸਾਹਿਬ ਦੌਰੇ ਤੋਂ ਵਾਪਸ ਆਇਆ ਤਾਂ ਦੁਰਘਟਨਾ ਬਾਰੇ ਜਾਣ ਕੇ ਉਸ ਨੇ ਜੁਆਲਾ ਸਿੰਘ ਨੂੰ ਬੁਲਾਇਆ। ਜਦੋਂ ਉਸ ਨੂੰ ਡਾਕੇ ਦੇ ਜੁਰਮ ਬਾਰੇ ਪੁੱਛਿਆ ਤਾਂ ਜੁਆਲਾ ਸਿੰਘ ਨੇ ਦੱਸਿਆ ਕਿ ਉਸ ਨੂੰ ਡਾਕੇ ਦਾ ਕੁਝ ਵੀ ਪਤਾ ਨਹੀਂ। ਉਹ ਤਾਂ ਊਠਾਂ ਤੇ ਭਾੜਾ ਢੋਣ ਵਾਲਾ ਸੀ। ਪੁਲਿਸ ਨੇ ਮੈਨੂੰ ਐਵੇਂ ਫੜ ਲਿਆ ਤੇ ਅਦਾਲਤ ਨੇ ਗਰੀਬ ਨੂੰ ਸਜ਼ਾ ਦੇ ਦਿੱਤੀ। ਮੇਰੀ ਘਰ ਵਾਲੀ ਤੇ ਬੱਚਾ ਰੁਲਦੇ ਫਿਰਦੇ ਨੇ। ਭਰਾ ਪੁਲਿਸ ਤੋਂ ਡਰਦੇ ਭੱਜੇ ਹੋਏ ਨੇ। ਗੋਰੇ ਅਫ਼ਸਰ ਨੇ ਦੁਬਾਰਾ ਤਫਤੀਸ਼ ਕਰਵਾਈ ਤਾਂ ਜੁਆਲਾ ਸਿੰਘ ਸੱਚਮੁੱਚ ਨਿਰਦੋਸ਼ ਨਿਕਲਿਆ। ਸਾਹਿਬ ਨੇ ਨਾ ਸਿਰਫ਼ ਉਸ ਨੂੰ ਬਰੀ ਕੀਤਾ ਬਲਕਿ ਚਾਰ ਸੌ ਰੁਪਏ ਦਾ ਇਨਾਮ ਦੇ ਕੇ ਘਰ ਤੋਰਿਆ।

ਇਨਾਮ ਲੈ ਕੇ ਜੁਆਲਾ ਸਿੰਘ ਘਣੀਏਕੀ ਪਹੁੰਚਾ ਤਾਂ ਕਿੱਕਰ ਸਿੰਘ ਦੀ ਦਾਦੀ ਮਾਈ ਦੈਆਂ ਬੜੀ ਖੁਸ਼ ਹੋਈ ਕਿ ਇਹ ਪੈਸੇ ਸਾਨੂੰ ਰੱਬ ਨੇ ਘੱਲੇ ਨੇ। ਇਨ੍ਹਾਂ 'ਚੋਂ ਮੈਂ ਆਪਣੇ ਪੋਤੇ ਲਈ ਚੰਗੇ ਦੁੱਧ ਵਾਲੀ ਮੱਝ ਲਿਆਵਾਂਗੀ ਜੀਹਦਾ ਦੁੱਧ ਪੀ ਕੇ ਉਹ ਤਕੜਾ ਭਲਵਾਨ ਬਣੂਗਾ। ਇਉਂ ਕਿੱਕਰ ਸਿੰਘ ਨੂੰ ਚੋਖੀ ਖੁਰਾਕ ਮਿਲਣ ਲੱਗੀ ਜਿਸ ਨਾਲ ਉਹ ਹੋਰ ਤਕੜਾ ਹੋ ਗਿਆ। ਕਿੱਕਰ ਸਿੰਘ ਦੀ ਮਾਤਾ ਦਾ ਨਾਂ ਸਾਹਿਬ ਕੌਰ ਸੀ। ਜਵਾਲਾ ਸਿੰਘ ਦੇ ਜੇਲ੍ਹ ਜਾਣ ਪਿੱਛੋਂ ਉਹ ਪੁੱਤਰ ਨੂੰ ਆਪਣੇ ਪੇਕੀਂ ਨੂਰਪੁਰ ਲੈ ਗਈ ਸੀ ਜਿਥੇ ਪੁੱਤਰ ਨੂੰ ਗ਼ੁਲਾਮੀ ਘੁਮਾਰ ਦਾ ਪੱਠਾ ਬਣਾ ਦਿੱਤਾ। ਬਰੀ ਹੋਣ ਪਿੱਛੋਂ ਜੁਆਲਾ ਸਿੰਘ ਪਤਨੀ ਤੇ ਪੁੱਤਰ ਨੂੰ ਘਣੀਏਕੀ ਲੈ ਆਇਆ ਤੇ ਉਹ ਪਿੰਡ ਦੇ ਪਹਿਲਵਾਨ ਵਸਾਵਾ ਸਿੰਘ ਨਾਲ ਜ਼ੋਰ ਕਰਨ ਲੱਗ ਪਿਆ। ਉਡਾਰ ਹੋਇਆ ਤਾਂ ਲਾਹੌਰ ਦੇ ਉਸਤਾਦ ਬੂਟੇ ਪਹਿਲਵਾਨ ਰੁਸਤਮੇ ਹਿੰਦ ਦਾ ਸ਼ਗਿਰਦ ਬਣਾ ਦਿਤਾ। ਉਹਦਾ ਕੱਦ-ਕਾਠ ਕੌੜੀ ਵੇਲ ਵਾਂਗ ਵਧਿਆ ਤੇ ਉਹ ਕਹਿੰਦੇ ਕਹਾਉਂਦੇ ਭਲਵਾਨਾਂ ਨੂੰ ਢਾਹੁਣ ਲੱਗਾ।

ਇਕ ਵਾਰ ਉਹ ਜੰਮੂ ਤੋਂ ਕੁਸ਼ਤੀ ਜਿੱਤ ਕੇ ਘਰ ਮੁੜਿਆ ਤਾਂ ਮਾਂ ਚੁੱਲ੍ਹੇ 'ਚ ਫੂਕਾਂ ਮਾਰ ਰਹੀ ਸੀ। ਉਸ ਨੇ ਮਾਂ ਨੂੰ ਕੁਸ਼ਤੀ ਜਿੱਤਣ ਦੀ ਖੁਸ਼ਖ਼ਬਰੀ ਸੁਣਾਈ ਤਾਂ ਅੱਕੀ ਖਿਝੀ ਮਾਂ ਦੇ ਮੂੰਹੋਂ ਨਿਕਲਿਆ, "ਘਰ 'ਚ ਤਾਂ ਬਾਲਣ ਵੀ ਨਹੀਂ, ਮੈਂ ਤੇਰੀ ਕੁਸ਼ਤੀ ਨੂੰ ਅੱਗ ਲਾਵਾਂ?" ਉਨ੍ਹੀਂ ਪੈਰੀਂ ਉਹ ਖੇਤਾਂ ਵੱਲ ਗਿਆ ਤੇ ਕਿੱਕਰ ਦੇ ਰੁੱਖ ਨੂੰ ਸਬੂਤਾ ਹੀ ਜੜ੍ਹਾਂ ਤੋਂ ਧੂਹ ਲਿਆਇਆ। ਉਹਦਾ ਜਮਾਂਦਰੂ ਨਾਂ ਪ੍ਰੇਮ ਸਿੰਘ ਸੀ। ਕਿੱਕਰ ਪੁੱਟਣ ਕਰਕੇ ਪਿੰਡ ਦੇ ਲੋਕ ਉਸ ਨੂੰ ਕਿੱਕਰ ਸਿੰਘ ਕਹਿਣ ਲੱਗ ਪਏ ਤੇ ਬਚਪਨ ਦਾ ਨਾਂਅ ਪ੍ਰੇਮ ਸਿੰਘ ਭੁੱਲ ਭੁਲਾ ਗਿਆ।

ਕਿੱਕਰ ਸਿੰਘ ਨੇ ਆਪਣੇ ਜੀਵਨ ਵਿਚ ਸੈਂਕੜੇ ਕੁਸ਼ਤੀਆਂ ਲੜੀਆਂ ਤੇ ਜਿੱਤੀਆਂ। ਭਾਰਤ ਦੀਆਂ ਜਿਹੜੀਆਂ ਰਿਆਸਤਾਂ ਵਿਚ ਉਹ ਜ਼ਿਆਦਾ ਜਾਂਦਾ ਤੇ ਰਹਿੰਦਾ ਰਿਹਾ ਉਨ੍ਹਾਂ ਵਿਚ ਇੰਦੌਰ, ਗਵਾਲੀਅਰ, ਜੋਧਪੁਰ, ਬੜੌਦਾ, ਦੱਤੀਆ, ਮਗਧ, ਮਹੂ ਤੇ ਟੌਂਕ ਸਨ। ਉਸ ਨਾਲ ਟੱਕਰ ਲੈਣ ਵਾਲੇ ਅਸਲ ਵਿਚ ਦੋਵੇਂ ਭਰਾ ਗੁਲਾਮ ਤੇ ਕੱਲੂ ਹੀ ਸਨ। ਗੁਲਾਮ ਨਾਲ ਕਿੱਕਰ ਸਿੰਘ ਦੀਆਂ ਚਾਰ ਯਾਦਗਾਰੀ ਕੁਸ਼ਤੀਆਂ ਹੋਈਆਂ। ਪਹਿਲੀ ਕੁਸ਼ਤੀ ਲਾਹੌਰ ਸ਼ਾਹਦਰੇ ਦੀ ਸਰਾਂ ਵਿਚ ਹੋਈ। ਗੁਲਾਮ ਨੇ ਕਿੱਕਰ ਸਿੰਘ ਦੇ ਨੱਕ 'ਤੇ ਮੁੱਕੀ ਮਾਰੀ ਤਾਂ ਕਿੱਕਰ ਸਿੰਘ ਨੇ ਗ਼ੁਲਾਮ ਦੇ ਏਨੇ ਜ਼ੋਰ ਦੀ ਠਿੱਬੀ ਲਾਈ ਕਿ ਉਹ ਮੂਧੇ ਮੂੰਹ ਜਾ ਡਿੱਗਾ। ਡਿੱਗਦੇ ਹੀ ਕਿੱਕਰ ਸਿੰਘ ਨੇ ਗੁਲਾਮ ਦੀ ਗਰਦਨ 'ਤੇ ਗੋਡਾ ਰੱਖਿਆ ਤਾਂ ਗ਼ੁਲਾਮ ਦੀਆਂ ਚੀਕਾਂ ਨਿਕਲ ਗਈਆਂ। 26 ਮਿੰਟ ਬੇਸ਼ਕ ਕਿੱਕਰ ਸਿੰਘ ਦਾ ਹੱਥ ਉਪਰ ਰਿਹਾ ਪਰ ਕੁਸ਼ਤੀ ਬਰਾਬਰ ਛੁਡਵਾ ਦਿੱਤੀ ਗਈ।

ਕਿੱਕਰ-ਗੁਲਾਮ ਦੀ ਦੂਜੀ ਕੁਸ਼ਤੀ ਜੰਮੂ ਵਿਚ ਹੋਈ। ਦੋ ਘੰਟੇ ਘੋਲ ਚਲਦਾ ਰਿਹਾ ਜੋ ਬਰਾਬਰੀ 'ਤੇ ਛਡਵਾਇਆ ਗਿਆ। ਤੀਜੀ ਕੁਸ਼ਤੀ ਫਿਰ ਲਾਹੌਰ ਵਿਚ ਕਰਾਈ ਗਈ ਜੋ ਫਿਰ ਬਰਾਬਰ ਛਡਵਾਈ ਗਈ। ਕਿੱਕਰ ਸਿੰਘ ਤੇ ਗੁਲਾਮ ਦੀ ਚੌਥੀ ਕੁਸ਼ਤੀ ਇੰਦੌਰ ਵਿਚ ਹੋਈ। ਉਥੇ ਅਖਾੜੇ 'ਚ ਉਤਰਦਿਆਂ ਹੀ ਕਿੱਕਰ ਸਿੰਘ ਨੇ ਗੁਲਾਮ ਦੇ ਦੋ ਧੌਲਾਂ ਅਜਿਹੀਆਂ ਜੜੀਆਂ ਕਿ ਗੁਲਾਮ ਬੇਹੋਸ਼ ਹੋ ਕੇ ਡਿੱਗ ਪਿਆ। ਗੁਲਾਮ ਦੇ ਸਮਰਥਕ ਭੱਜੇ ਆਏ ਤੇ ਗੁਲਾਮ ਨੂੰ ਕਿੱਕਰ ਸਿੰਘ ਦੇ ਹੇਠੋਂ ਕੱਢ ਕੇ ਲੈ ਗਏ। ਗੁਲਾਮ ਦੇ ਛੋਟੇ ਭਰਾ ਕੱਲੂ ਨਾਲ ਕਿੱਕਰ ਸਿੰਘ ਦੀਆਂ ਸੱਤ ਕੁਸ਼ਤੀਆਂ ਕਲਕੱਤੇ, ਅੰਮ੍ਰਿਤਸਰ, ਬੰਬਈ, ਮਦਰਾਸ, ਲਾਹੌਰ ਤੇ ਦਿੱਲੀ ਵਿਚ ਹੋਈਆਂ। ਇਨ੍ਹਾਂ ਵਿਚ ਹਰ ਥਾਂ ਕਿੱਕਰ ਸਿੰਘ ਦਾ ਹੱਥ ਉੱਚਾ ਰਿਹਾ। ਆਖ਼ਰੀ ਕੁਸ਼ਤੀ ਜੋ 13 ਦਸੰਬਰ 1911 ਨੂੰ ਦਿੱਲੀ ਦਰਬਾਰ ਵਿਖੇ ਹੋਈ ਉਸ ਵਿਚ ਕੱਲੂ ਨੂੰ ਰੌਲ਼ੇ ਗੌਲ਼ੇ ਵਿਚ ਜੇਤੂ ਕਰਾਰ ਦੇ ਦਿੱਤਾ ਗਿਆ। ਦਰਅਸਲ ਉਦੋਂ ਕਿੱਕਰ ਸਿੰਘ 54 ਸਾਲਾਂ ਦਾ ਹੋ ਚੁੱਕਾ ਸੀ ਤੇ ਕੱਲੂ 48 ਸਾਲਾਂ ਦਾ ਸੀ। ਉਂਜ ਵੀ ਕਵੀਸ਼ਰ ਸਰਦੂਲ ਸਿੰਘ ਹੋਰਾਂ ਦਾ ਕਹਿਣਾ ਹੈ ਕਿ ਉਹ ਕੁਸ਼ਤੀ ਸਾਫ ਨਹੀਂ ਸੀ ਹੋਈ। ਮਿਲਖੀ ਰਾਮ ਨੇ ਕਿੱਕਰ ਸਿੰਘ ਦੀਆਂ ਕੁਸ਼ਤੀਆਂ ਦਾ ਕਿੱਸਾ ਲਿਖਿਆ:

ਕਿੱਕਰ ਸਿੰਘ ਤੇ ਕੱਲੂ ਭਲਵਾਨ ਦਾ ਜੀ,
ਕਿੱਸਾ ਜੋੜਿਆ ਨਾਲ ਧਿਆਨ ਯਾਰੋ
ਰੁਸਤਮ ਹਿੰਦ ਹੋ ਏਸ ਜਹਾਨ ਵਿਚੋਂ,
ਮਰ ਗਇਆ ਗੁਲਾਮ ਭਲਵਾਨ ਯਾਰੋ
ਕੱਲੂ ਓਸ ਦਾ ਸਕਾ ਭਰਾ ਹੋਵੇ,
ਦਿਸੇ ਸ਼ੇਰ ਦੇ ਵਾਂਗ ਜੁਆਨ ਯਾਰੋ
ਕਿੱਕਰ ਸਿੰਘ ਦੇ ਨਾਲ ਹੁਣ ਲੜਾਂਗਾ ਮੈਂ,
ਕੱਲੂ ਆਖਦਾ ਨਾਲ ਜਬਾਨ ਯਾਰੋ...
ਪਿੜ ਹੱਲਿਆ ਤੇ ਵਾਜਾ ਬੰਦ ਹੋਇਆ,
ਖ਼ਲਕਤ ਗਈ ਸਰਾਂ ਦੇ ਬਾਹਰ ਵਾਹਵਾ
ਧੌਲ ਮਾਰ ਕੇ ਕੱਲੂ ਨੂੰ ਸਿੱਖ ਨੇ ਜੀ,
ਅੱਗੇ ਰੱਖਿਆ ਨਾਲ ਬਲਕਾਰ ਵਾਹਵਾ
ਅੱਛੀ ਤਰ੍ਹਾਂ ਅਖਾੜੇ 'ਚ ਨਿੱਸਲ ਕਰ ਕੇ,
ਉਤੇ ਆਪ ਹੋਇਆ ਅਸਵਾਰ ਵਾਹਵਾ
ਹੇਠੋਂ ਜ਼ਰਾ ਵੀ ਕੱਲੂ ਨਾ ਨਜ਼ਰ ਆਵੇ,
ਹੈ ਸੀ ਸਿੱਖ ਦਾ ਬੜਾ ਆਕਾਰ ਵਾਹਵਾ
ਕੱਲੂ ਦਿਲ ਦੇ ਵਿਚ ਇਹ ਆਖਦਾ ਸੀ,
ਇੱਜ਼ਤ ਰੱਖੀਂ ਤੂੰ ਪਰਵਦਗਾਰ ਵਾਹਵਾ
ਕਿੱਕਰ ਸਿੰਘ ਸੀ ਓਸ ਤੋਂ ਬਹੁਤ ਤਕੜਾ,
ਇਹ ਜਾਣਦਾ ਸਾਰਾ ਸੰਸਾਰ ਵਾਹਵਾ
ਵਿਚੇ ਕਹਿਣ ਲੋਕੀਂ ਦਿਲ ਛਡ ਗਿਆ,
ਇਹ ਤਕਦੀਰ ਦੀਆਂ ਗੱਲਾਂ ਯਾਰ ਵਾਹਵਾ
ਮਿਲਖੀ ਰਾਮ ਮੌਲਾ ਜਿਸ ਦੀ ਵੱਲ ਹੋਵੇ,
ਉਸ ਦਾ ਬੇੜਾ ਹੋ ਜਾਂਵਦਾ ਪਾਰ ਵਾਹਵਾ

ਕਿੱਕਰ ਸਿੰਘ ਸਖੀ ਜਿਊੜਾ ਸੀ। ਉਹ ਪਿੰਡ 'ਚ ਆਏ ਸਾਲ ਬੜਾ ਵੱਡਾ ਜੱਗ ਕਰਦਾ ਅਤੇ ਗਊਆਂ ਮਨਸਦਾ। ਗਰੀਬ ਗੁਰਬੇ ਦੀ ਰੱਜ ਕੇ ਮਦਦ ਕਰਦਾ। ਉਹਦੇ ਘਰ ਬਾਰਾਂ ਮਹੀਨੇ ਲੰਗਰ ਚਲਦਾ ਰਹਿੰਦਾ ਜਿਥੇ ਰਾਹੀ ਪਾਂਧੀ ਪਰਸ਼ਾਦੇ ਛਕਦੇ। ਉਸ ਨੇ ਨਾਨਕੇ ਪਿੰਡ ਨੂਰਪੁਰ 'ਚ ਪਹਿਲਵਾਨ ਗੁਲਾਮ ਘੁਮਿਆਰ ਦੀ ਲੜਕੀ ਦਾ ਵਿਆਹ ਕੀਤਾ ਤੇ ਘਣੀਏਕੀ ਵਿਚ ਕਿਲੇ ਵਰਗੀ ਵੱਡੀ ਹਵੇਲੀ ਬਣਵਾਈ। ਉਹ ਵਧੇਰੇ ਸਮਾਂ ਆਪਣੇ ਖੇਤ ਵਾਲੇ ਚੁਬਾਰੇ 'ਚ ਰਹਿੰਦਾ। ਉਹਦੇ ਤਿੰਨੇ ਮਾਲਸ਼ੀਏ ਭਗਤੂ, ਕਮਾਲੂ ਤੇ ਮੌਲਾ ਬਖ਼ਸ਼ ਸੇਵਾ 'ਚ ਹਰ ਸਮੇਂ ਤਿਆਰ ਰਹਿੰਦੇ। ਉਹ ਭਾਰੀ ਕਹੀ ਨਾਲ ਅਖਾੜਾ ਗੋਡਦਾ ਤੇ ਭਾਰੇ ਡੰਬਲ ਫੇਰਦਾ। ਪਾਕਿਸਤਾਨ ਬਣਨ ਮਗਰੋਂ ਉਹਦੀ ਉਲਾਦ ਘਣੀਏਕੇ ਤੋਂ ਉੱਜੜ ਕੇ ਪਿੰਡ ਘੱਗਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਆ ਗਈ ਸੀ ਜਿਥੋਂ ਫਿਰ ਸਮੇਂ ਦੇ ਗੇੜ ਨਾਲ ਦੇਸ ਵਿਦੇਸ਼ ਥਾਓਂ ਥਾਈਂ ਖਿਲਰਦੀ ਗਈ। ਉਨ੍ਹਾਂ 'ਚੋਂ ਇਕ ਪਟਿਆਲੇ ਵਿਖੇ ਡਾਕਟਰ ਸੀ ਤੇ ਇਕ ਪੜਪੋਤਾ ਲੁਧਿਆਣੇ ਇੰਜਨੀਅਰਿੰਗ ਕਾਲਜ ਵਿਚ ਪੜ੍ਹਿਆ ਜਿਸ ਨਾਲ ਮੇਰੀਆਂ ਗੱਲਾਂ ਹੁੰਦੀਆਂ ਰਹੀਆਂ। ਪਰਿਵਾਰ ਦੇ ਕੁਝ ਮੈਂਬਰ ਮੁਕਤਸਰ ਸਾਹਿਬ ਰਹਿੰਦੇ ਹਨ।

ਕਿੱਕਰ ਸਿੰਘ ਦੀ ਜੱਦੀ ਜ਼ਮੀਨ ਤਾਂ ਥੋੜ੍ਹੀ ਸੀ ਪਰ ਕੁਸ਼ਤੀ ਦੇ ਸਿਰੋਂ ਛੇ ਸੌ ਵਿਘੇ ਹੋਰ ਖਰੀਦੀ ਸੀ। ਉਸ ਨੇ ਇਕ ਬਾਗ ਵੀ ਲੁਆਇਆ ਸੀ ਜੋ ਬਾਅਦ ਵਿਚ ਉੱਜੜ ਗਿਆ। ਅੰਤਲੀ ਉਮਰੇ ਉਹ ਕੁਝ ਵਹਿਮੀ ਹੋ ਗਿਆ ਸੀ। ਜਿਸ ਨੂੰ ਵੀ ਮਿਲਦਾ ਹੱਥ ਜੋੜ ਕੇ ਮਾੜਾ ਬੋਲਣ ਦੀਆਂ ਮੁਆਫ਼ੀਆਂ ਮੰਗਦਾ। ਫਿਰ 18 ਫਰਵਰੀ 1914 ਦਾ ਦਿਨ ਆ ਗਿਆ। ਮਹਾਂਬਲੀ ਪਹਿਲਵਾਨ ਦਾ ਅੰਤਲਾ ਦਿਨ। ਉੱਦਣ ਦੇਵੇ-ਏ-ਹਿੰਦ ਨੇ ਆਪਣੇ ਮਹਿਰਮ ਮੀਆਂ ਸ਼ਾਹ ਨੂੰ ਦੱਸ ਦਿੱਤਾ ਕਿ ਅੱਜ ਆਪਣੇ ਆਖ਼ਰੀ ਮੇਲੇ ਹਨ। ਕਹਿ ਦਿੱਤਾ ਕਿ ਸਾਈਂ ਜੀ ਤੁਹਾਡੇ ਪਾਸੋਂ ਮੇਰੀ ਮੌਤ ਦਾ ਦੁੱਖ ਸਹਿਆ ਨਹੀਂ ਜਾਣਾ ਸੋ ਆਪਣੇ ਪਿੰਡ ਉਪਲ ਚਲੇ ਜਾਓ। ਪਰ ਸਾਈਂ ਦਾ ਦਿਲ ਜਾਨੀ ਯਾਰ ਕੋਲੋਂ ਜਾਣ ਨੂੰ ਨਹੀਂ ਸੀ ਮੰਨਦਾ। ਉਹ ਤੁਰ ਤਾਂ ਪਿਆ ਪਰ ਰਾਹ 'ਚ ਇਕ ਰੁੱਖ ਥੱਲੇ ਰੁਕ ਗਿਆ ਤੇ ਅਰਦਾਸ ਕਰਨ ਲੱਗਾ। ਪਿੱਛੋਂ ਕਿੱਕਰ ਸਿੰਘ ਦਾ ਸੁਨੇਹਾ ਆ ਗਿਆ, ਸਾਈਂ ਜੀ ਨੂੰ ਮੋੜ ਲਿਆਵੋ। ਸਾਈਂ ਮੁੜ ਆਇਆ ਤੇ ਥਾਪੜਾ ਦਿੱਤਾ ਕਿ ਪਹਿਲਵਾਨ ਜੀ ਤਕੜੇ ਹੋਵੋ ਮੈਂ ਆ ਗਿਆਂ। ਪਰ ਤਕੜੇ ਹੋਣ ਦੀ ਥਾਂ ਅਗਲੇ ਪਲ ਪਹਿਲਵਾਨ ਦੀ ਰੂਹ ਉਡਾਰੀ ਮਾਰ ਗਈ। ਅੰਤਮ ਦਰਸ਼ਨਾਂ ਲਈ ਪਿੰਡਾਂ ਦੇ ਲੋਕ ਆਉਣੇ ਸ਼ੁਰੂ ਹੋ ਗਏ। ਉਸ ਦਿਨ ਘਣੀਏਕੇ ਤਾਂ ਕੀ, ਬਾਰਾਂ ਕੋਹਾਂ ਦੇ ਚੁੱਲ੍ਹਿਆਂ ਵਿਚ ਅੱਗ ਨਾ ਬਲੀ। ਉਹਦੀ ਮ੍ਰਿਤੂ ਚੁਬਾਰੇ ਵਿਚ ਹੋਈ ਸੀ। ਉਸ ਦੀ ਦੇਹ ਨੂੰ ਅੱਠ ਪੱਠਿਆਂ ਨੇ ਰਲ ਕੇ ਮਸੀਂ ਭੁੰਜੇ ਲਾਹਿਆ ਤੇ ਜਲੂਸ ਸਜਾ ਕੇ ਸ਼ਮਸ਼ਾਨ ਘਾਟ ਪੁਚਾਇਆ। ਜਦ ਉਸ ਦੀ ਦੇਹ ਨੂੰ ਅਗਨ ਭੇਟ ਕੀਤਾ ਗਿਆ ਤਾਂ ਲਾਟਾਂ ਦੇ ਨਾਲ ਹੀ ਲੋਕਾਂ ਦੀਆਂ ਭੁੱਬਾਂ ਵੀ ਉੱਚੀਆਂ ਹੋ ਗਈਆਂ। ਅਥਰੂਆਂ ਨੇ ਬੰਨ੍ਹ ਤੋੜ ਦਿੱਤੇ। ਕਿੱਕਰ ਸਿੰਘ ਦੀ ਯਾਦ ਵਿਚ ਉਦੋਂ ਦਸ ਹਜ਼ਾਰ ਰੁਪਈਆਂ ਦੀ ਸਮਾਧ ਉਸਾਰੀ ਗਈ ਜੋ ਹੁਣ ਵੀ ਉੱਜੜੀ ਪੁੱਜੜੀ ਹਾਲਤ ਵਿਚ ਦੇਵ-ਏ-ਹਿੰਦ ਪਹਿਲਵਾਨ ਦੀ ਯਾਦ ਤਾਜ਼ਾ ਕਰਾ ਰਹੀ ਹੈ। ਕਿੱਸਾਕਾਰ ਸੁਰੈਣ ਸਿੰਘ ਘਣੀਏਕੇ ਨੇ ਲਿਖਿਆ ਹੈ:

ਕਿੱਕਰ ਸਿੰਘ ਦੇ ਪਿੰਡ ਦਾ ਰਹਿਣ ਵਾਲਾ,
ਕਰਾਂ ਉਸ ਦੀ ਮੈਂ ਕੀ ਤਾਰੀਫ਼ ਭਾਈ
ਮਾੜਾ ਵੇਖ ਕੇ ਗ਼ਰੀਬ ਦੀ ਮਦਦ ਕੀਤੀ,
ਦਿੱਤੀ ਕਿਸੇ ਨੂੰ ਨਹੀਂ ਤਕਲੀਫ਼ ਭਾਈ
ਪਹਿਲਵਾਨ ਸੀ ਪਿੰਡ ਵਿਚ ਇਉਂ ਬਹਿੰਦਾ,
ਜਿਵੇਂ ਬਾਦਸ਼ਾਹ ਵਿਚ ਵਜ਼ੀਰ ਭਾਈ
ਭਾਈਆਂ ਵਿਚ ਸੀ ਅਦਬ ਅਦਾਬ ਉਹਦਾ,
ਲੋਕ ਮੰਨਦੇ ਵਾਂਗਰਾਂ ਪੀਰ ਭਾਈ
ਭੈਣ ਰੋਂਦੜੀ ਦਾ ਬੁਰਾ ਹਾਲ ਹੋਇਆ,
ਮਰ ਗਿਆ ਜਿਹਦਾ ਇਕੋ ਵੀਰ ਭਾਈ
ਕਿਹੜਾ ਮੁਲਕ ਜੋ ਨਾਮ ਥੀਂ ਨਹੀਂ ਵਾਕਫ਼,
ਕਿਹੜੇ ਸ਼ਹਿਰ ਨਾ ਗਲ਼ੀ ਤਸਵੀਰ ਭਾਈ
ਐਸਾ ਕੌਣ ਜਹਾਨ 'ਤੇ ਜੰਮਿਆ ਹੈ,
ਕਿੱਕਰ ਸਿੰਘ ਜੇਹਾ ਮੱਲ ਵੀਰ ਭਾਈ...
ਘੋਲ-ਖੇਡ-ਗਵੰਤਰੀ ਦੌੜ ਮੇਲੇ,
ਬੱਝਣ 'ਕੱਠ ਉਏ ਹੱਸਣ ਹਸਾਉਣੇ ਨੂੰ
ਉਹ ਲੈਣ ਜਹਾਨ 'ਤੇ ਕੀ ਆਇਆ,
ਥਾਪੀ ਮਾਰੇ ਨਾ ਜ਼ੋਰ ਅਜ਼ਮਾਉਣੇ ਨੂੰ
ਜਿਉਂ ਲੈ ਕਰਮ ਸੁਨੇਹੜਾਭੇਜ ਕਾਈ,
ਵਿਹਲੇ ਹੋਏ ਹੁਣ ਰੰਗ ਰੰਗਾਉਣੇ ਨੂੰ
ਡੰਡ ਬੈਠਕਾਂ ਬਾਝ ਨਾ ਬਣੇ ਮੱਲੀ,
ਜਿਉਂ ਹਿਸਾਬ ਨਾ ਬਾਝ ਪਹਾੜਿਆਂ ਦੇ
ਮਿੱਤਰਾਂ ਬਾਝ ਨਾ ਮਹਿਫ਼ਲਾਂ ਸੋਂਹਦੀਆਂ ਨੇ,
ਜੰਨਾਂ ਸੋਂਹਦੀਆਂ ਨਾ ਬਾਝ ਲਾੜਿਆਂ ਦੇ
ਕਿੱਕਰ ਸਿੰਘ ਤੇ ਗਾਮਾ ਕਿਧਰੇ ਨਜ਼ਰ ਨਾ ਆਉਂਦੇ ਨੇ
ਮਿਹਰ ਦੀਨ ਜੇਹੇ ਮੱਲ ਹੁਣ ਲੱਭੇ ਨਾ ਥਿਆਉਂਦੇ ਨੇ
ਗੁਲਾਮ, ਕੱਲੂ ਤੇ ਗੁੰਗਾ ਦਿਲੋਂ ਭੁਲਾ ਲਏ ਦੁਨੀਆ ਨੇ
ਰੁਲ਼ਦੀ ਫਿਰੇ ਜਵਾਨੀ ਐਬ ਵਧਾ ਲਏ ਦੁਨੀਆ ਨੇ...।

# ਫਿਲਮ 'ਰੂਈ ਕਾ ਬੋਝ': ਜ਼ਿੰਦਗੀ ਦੀਆਂ ਤਰਕਾਲਾਂ

***'ਰੂਈ ਕਾ ਬੋਝ' ਅਜਿਹੀ ਫਿਲਮ ਹੈ ਜਿਸ ਦੇ ਜ਼ਿਕਰ ਤੋਂ ਬਗੈਰ ਸਾਹਿਤ ਆਧਾਰਿਤ ਬਣੀਆਂ ਸੋਹਣੀਆਂ ਫਿਲਮਾਂ ਦੇ ਇਤਿਹਾਸ ਦੀ ਗੱਲ ਪੂਰੀ ਨਹੀਂ ਹੁੰਦੀ। ਬੁਢਾਪੇ ਦੀਆਂ ਜ਼ਰੂਰਤਾਂ ਅਤੇ ਮੁਸ਼ਕਿਲਾਂ ਨੂੰ ਸਮਝਾਉਂਦੀ ਇਹ ਫਿਲਮ ਹਰ ਉਸ ਘਰ ਅੰਦਰ ਬੱਚਿਆਂ ਸਮੇਤ ਦੇਖਣੀ ਚਾਹੀਦੀ ਹੈ ਜਿੱਥੇ ਕੋਈ ਬਜ਼ੁਰਗ ਮੌਜੂਦ ਹੈ।***

ਸਾਧਾਰਨ ਮਨੋਰੰਜਨ ਦੀ ਬਜਾਇ ਸਾਹਿਤਕ ਰਚਨਾਵਾਂ ਆਧਾਰਿਤ ਫਿਲਮਾਂ ਦੀ ਚਰਚਾ ਕਰਦਿਆਂ ਮੈਂ ਕਈ ਵਾਰ ਹੈਰਾਨ ਹੋਇਆ ਹਾਂ। ਕਈ ਵਾਰ ਅਜਿਹੀਆਂ ਫਿਲਮਾਂ, ਅਜਿਹੀਆਂ ਸਾਹਿਤਕ ਕਹਾਣੀਆਂ ਮਿਲੀਆਂ ਜੋ ਮਹਾਨ ਹਨ ਪਰ ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਬਹੁਤਾ ਪਤਾ ਨਹੀਂ। ਕਈ ਮਹਾਨ ਲੋਕਾਂ ਨੇ ਚੋਣਵਾਂ ਕੰਮ ਕੀਤਾ, ਆਪਣੀ ਛਾਪ ਛੱਡੀ ਪਰ ਅੱਜ ਉਹ ਕਿਸੇ ਨੂੰ ਯਾਦ ਨਹੀਂ, ਜਿਵੇਂ ਫਿਲਮ 'ਰੂਈ ਕਾ ਬੋਝ' (1997) ਦੇ ਨਿਰਦੇਸ਼ਕ ਹਨ: ਸੁਭਾਸ਼ ਅਗਰਵਾਲ। ਕਿੰਨੇ ਕੁ ਲੋਕ ਜਾਣਦੇ ਹੋਣਗੇ ਇਸ ਨਾਮ ਨੂੰ ਜਿਸ ਨੇ ਭਾਰਤੀ ਸਿਨੇਮਾ ਨੂੰ ਅਜਿਹੀ ਫਿਲਮ ਦਿੱਤੀ ਜਿਸ ਤੋਂ ਬਿਨਾ ਭਾਰਤੀ ਫਿਲਮ ਇਤਿਹਾਸ ਪੂਰਾ ਨਹੀਂ ਹੁੰਦਾ। ਅਫਸੋਸ! 'ਰੂਈ ਕਾ ਬੋਝ' ਵਰਗੀ ਬਿਹਤਰੀਨ ਫਿਲਮ ਜ਼ਿਆਦਾ ਲੋਕਾਂ ਤੱਕ ਨਹੀਂ ਪਹੁੰਚੀ। ਇਸ ਫਿਲਮ ਦੀ ਸਮਾਜ ਨੂੰ ਸਖ਼ਤ ਜ਼ਰੂਰਤ ਸੀ, ਹੁਣ ਵੀ ਹੈ। ਉਲਝੇ ਸਮਾਜਿਕ ਤਾਣੇ-ਬਾਣੇ 'ਚ ਦਮ ਤੋੜ ਰਹੀ ਸੰਵੇਦਨਾ ਦੀ ਗਹਿਰੀ



**ਤਰਸੇਮ ਬਸ਼ਰ**

ਗੱਲ ਬੜੇ ਸਰਲ ਅਤੇ ਕਲਾਤਮਕ ਢੰਗ ਨਾਲ ਆਖੀ ਗਈ ਹੈ।

ਪਰਿਵਾਰ ਦੇ ਸੰਕਲਪ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦਾ ਯਤਨ ਕਰਦੀ, ਉਸ ਅੰਦਰ ਬੁਢਾਪੇ ਅਤੇ ਇਕਲਾਪੇ ਦੇ ਦੁਖਾਂਤ ਨੂੰ ਕਹਿੰਦੀ ਇਹ ਕਹਾਣੀ ਜਿਸ ਵਿਚ ਘਟਨਾਵਾਂ ਦੀ ਤਰਤੀਬ ਅਜਿਹੀ ਹੈ ਕਿ ਲਗਾਤਾਰਤਾ ਬਣੀ ਰਹਿੰਦੀ ਹੈ ਤੇ ਜਗਿਆਸਾ ਵੀ। ਫਿਲਮ ਦੀ ਕਹਾਣੀ ਚੰਦਰ ਪ੍ਰਕਾਸ਼ ਜੈਸਵਾਲ ਦੇ ਨਾਵਲ 'ਗਵਾਹ ਗੈਰ-ਹਾਜ਼ਿਰ' ਤੋਂ ਲਈ ਗਈ ਹੈ।

'ਰੂਈ ਕਾ ਬੋਝ' ਫਿਲਮ ਸਿੱਧਾ ਰੂਹ 'ਤੇ ਅਸਰ ਕਰਦੀ ਹੈ। ਕਿਰਦਾਰ ਇਸ ਕਦਰ ਸੁਭਾਵਿਕ ਹਨ ਕਿ ਪਹਿਲੇ ਦ੍ਰਿਸ਼ ਤੋਂ ਤੁਸੀਂ ਉਨ੍ਹਾਂ ਨਾਲ ਤੁਰ ਪੈਂਦੇ ਹੋ। ਉਹ ਓਪਰੇ ਨਹੀਂ ਲਗਦੇ। ਕਹਾਣੀ ਆਪਣੇ ਆਪ ਨੂੰ ਘਰ ਵਿਚ ਗੈਰ-ਪ੍ਰਸੰਗਿਕ ਹੋ ਚੁੱਕੇ ਦੀ ਹੀਣਭਾਵਨਾ ਨਾਲ ਜੀਅ ਰਹੇ ਕਿਸ਼ਨ ਸ਼ਾਹ (ਪੰਕਜ ਕਪੂਰ) ਦੇ ਆਲੇ-ਦੁਆਲੇ ਘੁੰਮਦੀ ਹੈ। ਇਹ ਪਾਤਰ ਸਾਡੇ ਸਮਾਜ ਦੇ ਹਰ ਘਰ ਵਿਚ ਹੈ ਅਤੇ ਹਰ ਘਰ ਵਿਚ ਉਨ੍ਹਾਂ ਦੇ ਗੈਰ-ਪ੍ਰਸੰਗਿਕ ਹੋਣ ਦੇ ਅਹਿਸਾਸ ਦੀ ਤਰਾਸਦੀ ਵੀ ਹੈ। ਅਦਿਸ ਪਰ ਮਨ ਦੀਆਂ ਅੱਖਾਂ ਨਾਲ ਦੇਖਣ 'ਤੇ ਨੁਮਾਇਆ ਹੋਣ ਵਾਲੀ ਇਹ ਤਰਾਸਦੀ ਬੜੀ ਪੀੜਾਦਾਇਕ ਹੈ। ਬੁਢਾਪੇ ਤੇ ਇਕਲਾਪੇ ਦਾ ਸੰਕਟ, ਨਾਲ ਦੇ ਸਾਥੀਆਂ ਦੇ ਤੁਰ ਜਾਣ ਦਾ ਦੁੱਖ ਅਤੇ ਘਰ, ਸਮਾਜ ਵਿਚ ਬੇਲੋੜੇ ਹੋਣ ਦਾ ਅਹਿਸਾਸ।


ਕਿਸ਼ਨ ਸ਼ਾਹ ਪਿੰਡ ਦਾ ਬਜ਼ੁਰਗ ਹੈ ਜਿਸ ਦੇ ਤਿੰਨ ਬੱਚੇ ਹਨ। ਉਸ ਦੇ ਹਾਣੀ ਬਜ਼ੁਰਗਾਂ ਨੇ ਆਪਣੀ ਜਾਇਦਾਦ ਬੱਚਿਆਂ ਵਿਚਕਾਰ ਵੰਡ ਕੇ ਆਪਣੇ ਆਪ ਨੂੰ ਆਖਰੀ ਦਿਨਾਂ ਅੱਗੇ ਸਮਰਪਿਤ ਕਰ ਦਿੱਤਾ ਹੈ ਤਾਂ ਕਿਸ਼ਨ ਸ਼ਾਹ ਵੀ ਇਹੀ ਫੈਸਲਾ ਕਰਦਾ ਹੈ। ਸਮਾਜਿਕ ਰੀਤ ਬਣੀ ਹੈ ਤਾਂ ਨਿਭਾਉਣੀ ਪਵੇਗੀ ਭਾਵੇਂ ਉਹ ਦੂਜੇ ਬਜ਼ੁਰਗਾਂ ਤੋਂ ਵੱਧ ਸਿਆਣਾ ਹੈ, ਦੂਰ ਤੱਕ ਸੋਚਦਾ ਹੈ। ਦੋਸਤਾਂ ਨਾਲ ਗੱਲਾਂ ਕਰਦਿਆਂ ਉਹ ਅਕਸਰ ਕਹਿੰਦਾ ਹੈ, "ਬਜ਼ੁਰਗ ਘਰ ਵਿਚ ਉਹ ਜਾਇਦਾਦ ਹੁੰਦੇ ਹਨ ਜਿਸ ਨੂੰ ਕੋਈ ਰੱਖਣਾ ਨਹੀਂ ਚਾਹੁੰਦਾ।" ਸਰਸਰੀ ਤੌਰ 'ਤੇ ਕੀਤੀਆਂ ਗੱਲਾਂ ਵਿਚ ਉਹ ਇਹ ਵੀ ਕਹਿੰਦਾ ਹੈ, "ਬਜ਼ੁਰਗ 'ਰੂੰ ਦੀ ਗੰਢੜੀ' ਵਾਂਗ ਹੁੰਦੇ ਹਨ, ਪਹਿਲਾਂ ਪਹਿਲਾਂ ਇਹ ਭਾਰੇ ਨਹੀਂ ਲੱਗਦੇ ਪਰ ਜਿਵੇਂ ਜਿਵੇਂ ਬੁਢਾਪੇ ਦਾ ਹਨੇਰਾ ਗਹਿਰਾਉਂਦਾ ਹੈ, ਇਹ ਗਿੱਲੀ ਰੂੰ ਵਾਂਗ ਭਾਰੇ ਜਾਪਣ ਲੱਗਦੇ ਹਨ... ਫਿਰ ਪਰਿਵਾਰ ਨੂੰ ਭਾਰੀ ਬੋਝ ਲੱਗਣ ਲੱਗਦੇ ਹਨ।"

ਕਿਸ਼ਨ ਸ਼ਾਹ ਵੀ ਇੱਕ ਸ਼ਾਮ ਆਪਣੇ ਤਿੰਨਾਂ ਪੁੱਤਰਾਂ ਨੂੰ ਬਿਠਾ ਕੇ ਜਾਇਦਾਦ ਵੰਡ ਦਿੰਦਾ ਹੈ। ਵੱਡੇ ਭਰਾ ਚਤੁਰਾਈ ਨਾਲ ਫੈਸਲਾ ਕਰਦੇ ਹਨ ਕਿ ਕਿਸ਼ਨ ਸ਼ਾਹ ਹੁਣ ਛੋਟੇ ਪੁੱਤਰ ਰਾਮ ਕ੍ਰਿਸ਼ਨ (ਰਘੁਵੀਰ ਯਾਦਵ) ਕੋਲ ਰਹੇਗਾ। ਰਾਮ ਕ੍ਰਿਸ਼ਨ ਕਾਰੋਬਾਰੀ ਹੈ ਪਰ ਹੈ ਭਲਾ ਬੰਦਾ। ਉਸ ਦੀ ਪਤਨੀ (ਰੀਮਾ ਲਾਗੂ) ਵੀ ਸਾਧਾਰਨ ਗ੍ਰਹਿਣੀ ਹੈ। ਉਹ ਇਹ ਫੈਸਲਾ ਮਨਜ਼ੂਰ ਕਰਦੇ ਹਨ। ਉਨ੍ਹਾਂ ਨੂੰ ਕੋਈ ਗਿਲਾ ਨਹੀਂ ਕਿ ਬਜ਼ੁਰਗ ਨੂੰ ਉਨ੍ਹਾਂ ਕੋਲ ਛੱਡ ਦਿੱਤਾ ਗਿਆ ਹੈ।

ਕਹਾਣੀ ਦੇ ਇਸ ਪੜਾਅ 'ਤੇ ਇਹ ਗੱਲ ਕਰਨੀ ਵਾਜਿਬ ਹੈ ਕਿ ਕਹਾਣੀ ਦੇ ਲੇਖਕ ਨੇ ਕਿਰਦਾਰਾਂ ਦੀ ਬਣਤਰ ਉਸ ਰਵਾਇਤੀ ਢੰਗ ਤੋਂ ਅਲਹਿਦਾ ਕੀਤੀ ਹੈ ਜਿਸ ਵਿਚ ਇੱਕ ਪਾਤਰ ਨੂੰ ਵਿਚਾਰਾ ਅਤੇ ਦੂਜਿਆਂ ਨੂੰ ਦੋਸ਼ੀ ਬਣਾ ਦਿੱਤਾ ਜਾਂਦਾ ਹੈ। ਲੇਖਕ ਨੇ ਕਿਰਦਾਰਾਂ ਦੀ ਮੌਲਿਕਤਾ ਅਤੇ ਸੁਭਾਵਿਕਤਾ ਬਰਕਰਾਰ ਰੱਖਦਿਆਂ ਸੰਤੁਲਿਤ ਰਹਿੰਦਿਆਂ ਕਹਾਣੀ ਅੱਗੇ ਤੋਰੀ ਹੈ।







*ਫਿਲਮ 'ਰੂਈ ਕਾ ਬੋਝ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*

ਕਿਸ਼ਨ ਸ਼ਾਹ ਦਾ ਮੰਜਾ ਦਲਾਨ ਵਿਚ ਡਾਹ ਦਿੱਤਾ ਗਿਆ ਹੈ ਪਰ ਹੁਣ ਕਿਸ਼ਨ ਸ਼ਾਹ ਦੀ ਉਹ ਪੁੱਛਗਿੱਛ ਨਹੀਂ ਰਹੀ ਜੋ ਉਸ ਸਮੇਂ ਸੀ ਜਦੋਂ ਉਹ ਸਾਰੀ ਜਾਇਦਾਦ ਦਾ ਮਾਲਕ ਖੁਦ ਸੀ। ਖ਼ੈਰ! ਹੁਣ ਵੀ ਉਹ ਘਰ ਵਿਚ ਬੱਚਿਆਂ ਨੂੰ ਕੰਮ ਕਹਿੰਦਾ ਹੈ ਤਾਂ ਬੱਚੇ ਉਸ ਦਾ ਕਿਹਾ ਮੰਨਦੇ ਹਨ। ਰਾਮ ਕ੍ਰਿਸ਼ਨ ਦੇ ਮਨ ਵਿਚ ਪਿਤਾ ਲਈ ਸਤਿਕਾਰ ਤਾਂ ਹੈ ਪਰ ਵਕਤ ਨਹੀਂ। ਨੂੰਹ ਵੀ ਬਜ਼ੁਰਗ ਦਾ ਸਤਿਕਾਰ ਕਰਦੀ ਹੈ; 'ਸਮਾਜ ਕੀ ਕਹੇਗਾ', ਇਸ ਗੱਲ ਦਾ ਵੀ ਖਿਆਲ ਹੈ, ਸਭ ਕੁਝ ਠੀਕ ਹੈ, ਫਿਰ ਵੀ ਹਾਲਾਤ ਵਿਗੜਦੇ ਵਿਗੜਦੇ ਵਿਗੜ ਜਾਂਦੇ ਹਨ।

ਲੇਖਕ ਅਤੇ ਫਿਲਮ ਦੇ ਨਿਰਦੇਸ਼ਕ ਆਪਣੇ ਇਸ ਇਸ ਸੁਨੇਹੇ ਦੇਣ ਦੇ ਪ੍ਰਯੋਜਨ ਵਿਚ ਸਫਲ ਹਨ ਕਿ ਕਸੂਰ ਵਿਅਕਤੀਆਂ ਦਾ ਨਹੀਂ, ਬਹੁਤ ਵਾਰੀ ਹਾਲਾਤ ਦਾ ਵੀ ਹੁੰਦਾ ਹੈ ਜੋ ਅਕਸਰ ਵਿਅਕਤੀਆਂ 'ਤੇ ਮੜ੍ਹ ਦਿੱਤਾ ਜਾਂਦਾ ਹੈ। ਬਜ਼ੁਰਗ ਅਵਸਥਾ ਵਿਚ ਅਕਸਰ ਇਨਸਾਨ ਦੀ ਮਾਨਸਿਕ ਅਵਸਥਾ ਖੰਡਿਤ ਹੋ ਜਾਂਦੀ ਹੈ, ਉਹ ਕਈ ਤਰ੍ਹਾਂ ਦੇ ਵਹਿਮਾਂ ਦਾ ਸ਼ਿਕਾਰ ਹੋ ਜਾਂਦਾ ਹੈ, ਉਸ ਅੰਦਰ ਕਈ ਡਰ ਘਰ ਕਰ ਜਾਂਦੇ ਹਨ ਅਤੇ ਘਰ ਦੇ ਲੋਕ ਇਸ ਅਵਸਥਾ ਨੂੰ ਸਮਝਣ ਵਿਚ ਅਸਮਰਥ ਹੁੰਦੇ ਹਨ ਤਾਂ... ਉਹੀ ਹੁੰਦਾ ਹੈ ਜੋ ਅਕਸਰ ਬਹੁਤ ਸਾਰੇ ਘਰਾਂ ਵਿਚ ਹੁੰਦਾ ਹੈ। ਉਹੀ ਕੁਝ ਰਾਮ ਕ੍ਰਿਸ਼ਨ ਦੇ ਘਰ ਵੀ ਵਾਪਰਦਾ ਹੈ।

ਨੂੰਹ ਸ਼ਰਮੋ-ਹਯਾ ਅਤੇ ਦਯਾ ਵਾਲੀ ਹੈ ਪਰ ਕਿਸ਼ਨ ਸ਼ਾਹ ਨੇ ਆਪਣੇ ਬਜ਼ੁਰਗ ਦੋਸਤਾਂ ਤੋਂ ਸੁਣਿਆ ਹੈ ਕਿ ਨੂੰਹਾਂ ਬਜ਼ੁਰਗਾਂ ਨਾਲ ਘੱਟ ਨਹੀਂ ਕਰਦੀਆਂ, ਉਹ ਜ਼ੁਲਮ ਕਰਦੀਆਂ ਹਨ। ਉਹ ਇਸ ਮਿਥ 'ਤੇ ਪੱਕਾ ਵੀ ਹੈ। ਹੁਣ ਉਸ ਨੂੰ ਇਹ ਵੀ ਲੱਗਦਾ ਹੈ ਕਿ ਘਰ ਵਿਚ ਉਸ ਤੋਂ ਕਿਸੇ ਤਰ੍ਹਾਂ ਦੀ ਕੋਈ ਰਾਏ ਨਹੀਂ ਲਈ ਜਾਂਦੀ। ਰਾਮ ਕ੍ਰਿਸ਼ਨ ਪੂਰੀ ਤਰ੍ਹਾਂ ਆਪਣੀ ਬੀਵੀ ਦੇ ਦਬਾਅ ਥੱਲੇ ਹੈ।

ਨੂੰਹ ਸਾਫ-ਸਫਾਈ ਦਾ ਖਿਆਲ ਰੱਖਦੀ ਹੈ। ਕਿਸ਼ਨ ਸ਼ਾਹ ਦਾ ਮੰਜਾ ਘਰ ਦੇ ਅੰਦਰ ਵੜਦਿਆਂ ਸਾਰ ਸਾਹਮਣੇ ਹੈ। ਉਹ ਅਕਸਰ ਥੁੱਕਦਾ ਰਹਿੰਦਾ ਹੈ। ਪਿਛਲੀ ਉਮਰ ਵਿਚ ਇਸ ਤਰ੍ਹਾਂ ਆਮ ਹੁੰਦਾ ਹੈ। ਇੱਕ ਦਿਨ ਉਹ ਫਰਸ਼ ਸਾਫ ਕਰਨ ਲੱਗਦੀ ਹੈ ਤਾਂ ਕਿਸ਼ਨ ਸ਼ਾਹ ਨੂੰ ਗੁੱਸਾ ਆ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਇਹ ਮੈਨੂੰ ਨਫਰਤ ਕਰਦੀ ਹੈ, ਮੈਨੂੰ ਚਿੜਾਉਣ ਲਈ ਸਫਾਈ ਕਰ ਰਹੀ ਹੈ ਤਾਂ ਉਹ ਉਸੇ ਥਾਂ 'ਤੇ ਕਈ ਵਾਰ ਥੁੱਕਦਾ ਹੈ ਅਤੇ ਨੂੰਹ ਨੂੰ ਬੁਰਾ ਭਲਾ ਕਹਿੰਦਾ ਹੈ।

ਇਸ ਝਗੜੇ ਦਾ ਪਤਾ ਰਾਮ ਕਿਸ਼ਨ ਨੂੰ ਲਗਦਾ ਹੈ। ਉਹ ਆਪਣੀ ਪਤਨੀ ਨੂੰ ਬੁਰਾ ਭਲਾ ਕਹਿੰਦਾ ਹੈ ਤਾਂ ਉਸ ਦੀ ਪਤਨੀ ਦੱਸਦੀ ਹੈ ਕਿ ਉਹ ਸਿਰਫ ਸਫਾਈ ਕਰ ਰਹੀ ਸੀ, ਇਹ ਹਰ ਸਮੇਂ ਚਿੜੇ ਰਹਿੰਦੇ ਹਨ, ਪਤਾ ਨਹੀਂ ਕਿਸ ਗੱਲ ਤੋਂ ਮੇਰੇ ਨਾਲ ਲੜ ਪਏ। ਦੋਵੇਂ ਜੀਅ ਬਜ਼ੁਰਗਾਂ ਦੀ ਮਾਨਸਿਕ ਅਵਸਥਾ ਸਮਝਣ ਵਿਚ ਅਸਫਲ ਹਨ। ਇਸ ਤੋਂ ਬਾਅਦ ਕਿਸ਼ਨ ਸ਼ਾਹ ਦਾ ਪੁੱਤਰ ਰਾਮ ਕ੍ਰਿਸ਼ਨ ਫੈਸਲਾ ਕਰਦਾ ਹੈ ਕਿ ਉਹ ਬਜ਼ੁਰਗਾਂ ਦਾ ਮੰਜਾ ਘਰ ਦੇ ਪਿਛਵਾੜੇ ਡਾਹ ਦੇਵੇਗਾ; ਇਹ ਚੰਗਾ ਨਹੀਂ ਲੱਗਦਾ ਕਿ ਬਾਹਰਲੇ ਬਰਾਂਡੇ ਵਿਚ ਅਵਾ-ਤਵਾ ਬੋਲ ਰਹੇ ਕਿਸ਼ਨ ਸ਼ਾਹ ਨੂੰ ਸਾਰੇ ਸੁਣਨ। ਕਿਸ਼ਨ ਸ਼ਾਹ ਜੋ ਪਹਿਲਾਂ ਹੀ ਇਕਲਾਪੇ ਤੋਂ ਡਰਿਆ ਹੋਇਆ ਹੈ, ਬੁਢਾਪੇ ਨੂੰ ਸਰਾਪ ਸਮਝਦਾ ਹੈ, ਉਹ ਪੁੱਤਰ ਦੇ ਇਸ ਫੈਸਲੇ ਨਾਲ ਅੰਦਰੋਂ ਹੋਰ ਟੁੱਟ ਜਾਂਦਾ ਹੈ। ਰਾਮ ਕ੍ਰਿਸ਼ਨ ਜਦੋਂ ਉਸ ਦਾ ਮੰਜਾ ਪਿਛਲੇ ਪਾਸੇ ਡਾਹੁਣ ਲੱਗਦਾ ਹੈ ਤਾਂ ਕਿਸ਼ਨ ਸ਼ਾਹ ਉਸ ਦਾ ਵਿਰੋਧ ਕਰਦਾ ਹੈ, ਉਸ ਉੱਤੇ ਥੁੱਕਦਾ ਵੀ ਹੈ। ਰੌਲਾ ਸੁਣ ਕੇ ਪਿੰਡ ਦੇ ਲੋਕ ਇਕੱਠੇ ਹੋ ਜਾਂਦੇ ਹਨ। ਰਾਮ ਕ੍ਰਿਸ਼ਨ ਨੂੰ ਲੱਗਦਾ ਹੈ ਕਿ ਪਿੰਡ ਵਿਚ ਉਸ ਦੀ ਬੇਇਜਤੀ ਹੋ ਗਈ ਹੈ। ਉਸ ਦੇ ਪਿਤਾ ਨੇ ਪਿੰਡ ਵਿਚ ਉਸ ਦੀ ਹੇਠੀ ਕਰਵਾ ਦਿੱਤੀ ਹੈ। ਪਿੰਡ ਵਾਲਿਆਂ ਸਾਹਮਣੇ ਦੋਹਾਂ ਪਿਉ ਪੁੱਤਾਂ ਦਾ ਝਗੜਾ ਹੁੰਦਾ ਹੈ। ਬਜ਼ੁਰਗਾਂ ਦੀ ਨਾਦਾਨੀ ਤੋਂ ਤਪਿਆ ਰਾਮ ਕ੍ਰਿਸ਼ਨ ਮੰਜਾ ਪਿਛਲੇ ਕਮਰੇ ਵਿਚ ਲਾ ਦਿੰਦਾ ਹੈ।

ਪਹਿਲਾਂ ਹੀ ਆਪਣੇ ਆਪ ਨੂੰ ਘਰ ਵਿਚ ਬੇਲੋੜੀ ਵਸਤੂ ਸਮਝ ਰਹੇ ਕਿਸ਼ਨ ਸ਼ਾਹ ਨੇ ਫੈਸਲਾ ਕਰ ਲਿਆ ਕਿ ਉਹ ਇਸ ਘਰ ਵਿਚ ਨਹੀਂ ਰਹੇਗਾ ਬਲਕਿ ਇਸ ਸਮਾਜ ਵਿਚ ਹੀ ਨਹੀਂ ਰਹੇਗਾ, ਉਹ ਜੰਗਲ ਜਾ ਕੇ ਆਪਣੇ ਗੁਰੂ ਦੀ ਪੂਜਾ ਕਰੇਗਾ, ਆਪਣੇ ਆਖਰੀ ਦਿਨ ਜੰਗਲ ਵਿਚ ਹੀ ਕੱਢੇਗਾ।

ਲੇਖਕ ਬਹੁਤ ਸੰਤੁਲਤ ਢੰਗ ਨਾਲ ਸਾਰੇ ਹਾਲਾਤ ਪਾਠਕਾਂ ਅੱਗੇ ਰੱਖ ਦਿੰਦਾ ਹੈ। ਵਾਧੂ ਦੀ ਚੀਜ਼ ਹੋਣ ਦੀ ਹੀਣ ਭਾਵਨਾ ਕਾਰਨ ਬਜ਼ੁਰਗਾਂ ਦੇ ਅੰਤਰ-ਦਵੰਦ ਨੂੰ ਸਮਝਣ ਵਿਚ ਅਸਮਰਥ ਪਰਿਵਾਰ ਸੋਚ ਹੀ ਨਹੀਂ ਸਕਦਾ ਕਿ ਹਾਲਾਤ ਵਿਗੜ ਕਿਉਂ ਰਹੇ ਹਨ! ਦਰਅਸਲ ਜ਼ਿਆਦਾਤਰ ਘਰਾਂ ਵਿਚ ਅਜਿਹੇ ਹੀ ਹਾਲਾਤ ਹਨ। ਇਹ ਲਿਖਤ ਇਨ੍ਹਾਂ ਹਾਲਾਤ ਨੂੰ ਆਸਾਨੀ ਨਾਲ ਸਮਝਣ ਦਾ ਮੌਕਾ ਦਿੰਦੀ ਹੈ।



*ਫਿਲਮ 'ਰੂਈ ਕਾ ਬੋਝ' ਦੇ ਨਿਰਦੇਸ਼ਕ ਸੁਭਾਸ਼ ਅਗਰਵਾਲ।*

ਫਿਰ ਅਗਲੀ ਸਵੇਰ ਕਿਸ਼ਨ ਸ਼ਾਹ ਆਪਣੇ ਵਫਾਦਾਰ ਗਾਡੀਵਾਨ ਨੂੰ ਬੁਲਾ ਲੈਂਦਾ ਹੈ ਜੋ ਉਸ ਨੂੰ ਜੰਗਲ ਵਿਚ ਸਥਿਤ ਉਸ ਧਾਮ 'ਤੇ ਛੱਡ ਆਵੇਗਾ ਜਿੱਥੇ ਉਸ ਨੇ ਜ਼ਿੰਦਗੀ ਦੇ ਆਖਰੀ ਦਿਨ ਗੁਜ਼ਾਰਨੇ ਹਨ। ਜਦੋਂ ਰਾਮ ਕ੍ਰਿਸ਼ਨ ਨੂੰ ਪਤਾ ਲੱਗਦਾ ਹੈ ਤਾਂ ਉਹ ਬਹੁਤ ਪਰੇਸ਼ਾਨ ਹੁੰਦਾ ਹੈ। ਉਸ ਦਾ ਮਨ ਕਰੁਣਾ ਨਾਲ ਭਰ ਆਉਂਦਾ ਹੈ। ਉਹ ਉਨ੍ਹਾਂ ਨੂੰ ਨਾ ਜਾਣ ਬਾਰੇ ਵੀ ਕਹਿੰਦਾ ਹੈ। ਰਾਮ ਕ੍ਰਿਸ਼ਨ ਦੀ ਪਤਨੀ ਨੂੰ ਪਤਾ ਲੱਗਦਾ ਹੈ ਤਾਂ ਉਸ ਨੂੰ ਬੜਾ ਪਛਤਾਵਾ ਹੁੰਦਾ ਹੈ; ਉਸ ਨੂੰ ਯਾਦ ਆਉਂਦਾ ਹੈ ਕਿ ਘਰ ਵਿਚ ਉਸ ਬਜ਼ੁਰਗ ਦੇ ਹੁੰਦਿਆਂ ਉਨ੍ਹਾਂ ਨੂੰ ਕੋਈ ਫਿਕਰ ਨਹੀਂ ਸੀ। ਉਹ ਪਛਤਾਉਂਦੀ ਹੈ ਕਿ ਸ਼ਾਇਦ ਉਹ ਬਜ਼ੁਰਗ ਨਾਲ ਉਹ ਵਿਹਾਰ ਨਹੀਂ ਕਰ ਸਕੀ ਜਿਸ ਦਾ ਉਹ ਹੱਕਦਾਰ ਸੀ। ਉਹ ਆਪਣੇ ਬੱਚੇ ਨੂੰ ਕਹਿੰਦੀ ਹੈ ਕਿ ਉਹੀ ਜਾ ਕੇ ਆਪਣੇ ਦਾਦੇ ਨੂੰ ਕਹੇ ਕਿ ਉਹ ਕਿਤੇ ਨਾ ਜਾਣ। ਬੱਚਾ ਦਾਦੇ ਕੋਲ ਜਾਂਦਾ ਹੈ ਪਰ ਕਿਸ਼ਨ ਸ਼ਾਹ ਕੋਈ ਜਵਾਬ ਨਹੀਂ ਦਿੰਦਾ। ਉਹ ਦੁੱਖ ਅਤੇ ਡਰ ਨਾਲ ਭਰਿਆ ਹੋਇਆ ਹੈ।

ਰਾਮ ਕ੍ਰਿਸ਼ਨ ਅਤੇ ਉਸ ਦੀ ਪਤਨੀ ਵੀ ਬਹੁਤ ਉਦਾਸ ਹਨ। ਉਹ ਦਿਲੋਂ ਨਹੀਂ ਚਾਹੁੰਦੇ ਕਿ ਬਜ਼ੁਰਗ ਕਿਸੇ ਅਜਿਹੀ ਅਵਸਥਾ ਵਿਚ ਜਾਣ ਜਿੱਥੋਂ ਵਾਪਸ ਹੀ ਨਾ ਆ ਸਕਣ। ਰਾਮ ਕ੍ਰਿਸ਼ਨ ਪਤਨੀ ਨੂੰ ਕਹਿੰਦਾ ਹੈ ਕਿ ਬਾਪੂ ਜੀ ਹੁਣ ਨਹੀਂ ਰੁਕਣਗੇ, ਆਪਾਂ ਇਨ੍ਹਾਂ ਨੂੰ ਜਾਣ ਦਿੰਦੇ ਹਾਂ ਪਰ ਇੱਕ ਦੋ ਦਿਨਾਂ ਬਾਅਦ ਵਾਪਸ ਮੋੜ ਲਿਆਵਾਂਗੇ।

'ਉਸ ਕੀ ਰੋਟੀ' ਤੋਂ ਬਾਅਦ ਮੈਂ 'ਰੂਈ ਕਾ ਬੋਝ' ਫਿਲਮ ਨੂੰ ਉਨ੍ਹਾਂ ਕੁਝ ਫਿਲਮਾਂ ਵਿਚੋਂ ਇੱਕ ਮੰਨਦਾ ਹਾਂ ਜੋ ਕਹਾਣੀ ਦੇ ਮੂਲ ਨੂੰ ਬਰਕਰਾਰ ਰੱਖਦਿਆਂ ਫਿਲਮਾਈ ਗਈ ਹੋਵੇ। ਉਸ ਸਵੇਰ ਦਾ ਦ੍ਰਿਸ਼ ਅਤੇ ਅਦਾਕਾਰਾਂ ਦੀ ਅਦਾਇਗੀ ਇਸ ਫਿਲਮ ਦੀ ਪ੍ਰਾਪਤੀ ਹੈ ਜਿਸ ਸਵੇਰ ਕਿਸ਼ਨ ਸ਼ਾਹ ਨੇ ਗੱਡੇ ਉੱਤੇ ਬੈਠ ਕੇ ਜੰਗਲ 'ਚ ਧਾਮ ਨੂੰ ਜਾਣਾ ਹੁੰਦਾ ਹੈ। ਰਾਮ ਕ੍ਰਿਸ਼ਨ, ਉਸ ਦੀ ਪਤਨੀ ਅਤੇ ਬੱਚੇ ਉਸ ਨੂੰ ਵਿਦਾ ਕਰਨ ਬਾਹਰ ਆਉਂਦੇ ਹਨ ਤਾਂ ਕਿਸ਼ਨ ਸ਼ਾਹ ਦੇ ਪੋਤਰੇ ਦੇ ਮੂੰਹੋਂ ਅਚਾਨਕ ਨਿਕਲਦਾ ਹੈ, "ਦਾਦਾ ਜੀ... ਤੁਸੀਂ ਜਲਦੀ ਵਾਪਸ ਆ ਜਾਇਓ।" ਬੱਚੇ ਦੀ ਇਹ ਸੁਭਾਵਿਕ ਪ੍ਰਤੀਕਿਰਿਆ ਸੀ!

ਬੱਚੇ ਦੇ ਇਨ੍ਹਾਂ ਸ਼ਬਦਾਂ ਦਾ ਕਿਸ਼ਨ ਸ਼ਾਹ 'ਤੇ ਵੱਡਾ ਅਸਰ ਹੁੰਦਾ ਹੈ ਭਾਵੇਂ ਗੱਡੇ ਵਿਚ ਬੈਠਾ ਉਹ ਇਹ ਜ਼ਾਹਿਰ ਨਹੀਂ ਕਰਦਾ। ਰਾਮ ਕ੍ਰਿਸ਼ਨ ਵੀ ਆਪਣੇ ਪਿਤਾ ਦੀ ਜੇਬ ਵਿਚ ਜ਼ਬਰਦਸਤੀ ਕੁਝ ਪੈਸੇ ਪਾ ਦਿੰਦਾ ਹੈ ਜੋ ਇੱਕ ਤਰ੍ਹਾਂ ਨਾਲ ਉਸ ਪ੍ਰਤੀ ਮੋਹ ਦਾ ਹੀ ਪ੍ਰਗਟਾਵਾ ਹੈ; ਉਹੀ ਮੋਹ ਜਿਸ ਬਾਰੇ ਕਿਸ਼ਨ ਸ਼ਾਹ ਨੇ ਕਦੇ ਸੋਚਿਆ ਵੀ ਨਹੀਂ ਸੀ। ਉਸ ਦੀ ਨੂੰਹ ਦਾ ਚਿਹਰਾ ਵੀ ਉਤਰਿਆ ਹੋਇਆ ਹੈ। ਕਿਸ਼ਨ ਸ਼ਾਹ ਉਸ ਨੂੰ ਵੀ ਤੱਕ ਲੈਂਦਾ ਹੈ। ਉਸ ਨੂੰ ਇਸ ਪਛਤਾਵੇ ਦੀ ਵੀ ਤਵੱਕੋ ਨਹੀਂ ਸੀ।

ਥੋੜ੍ਹੇ ਪਲਾਂ ਵਿਚ ਕਾਫੀ ਕੁਝ ਅਜਿਹਾ ਵਾਪਰਦਾ ਹੈ ਕਿ ਅੰਦਰੂਨੀ ਤੌਰ 'ਤੇ ਕਿਸ਼ਨ ਸ਼ਾਹ ਦੀਆਂ ਗਲਤਫਹਿਮੀਆਂ ਦੂਰ ਹੋ ਰਹੀਆਂ ਹਨ ਪਰ ਗੱਡਾ ਜੰਗਲ ਨੂੰ ਤੁਰ ਪੈਂਦਾ ਹੈ। ਘਰ ਅਤੇ ਪਿੰਡ ਤੋਂ ਦੂਰ ਹੁੰਦਿਆਂ ਹੀ ਕਿਸ਼ਨ ਸ਼ਾਹ ਦੇ ਖਿਆਲ ਵਿਚ ਬਹੁਤ ਸਾਰੀਆਂ ਚੀਜ਼ਾਂ ਦੁਬਾਰਾ ਯਾਦ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪੋਤਰੇ ਦੇ ਉਹ ਬੋਲ ਕਿ 'ਦਾਦਾ ਜੀ, ਜਲਦੀ ਵਾਪਸ ਆ ਜਾਇਓ'... ਨੂੰਹ ਦਾ ਉਤਰਿਆ ਹੋਇਆ ਚਿਹਰਾ, ਆਪਣੇ ਪੁੱਤ ਰਾਮ ਕ੍ਰਿਸ਼ਨ ਵੱਲੋਂ ਧੱਕੇ ਨਾਲ ਪੈਸੇ ਦਿੱਤੇ ਜਾਣੇ ਵੀ। ਗੱਡਾ ਘਰ ਤੋਂ ਦੂਰ ਹੋ ਰਿਹਾ ਹੈ ਤਾਂ ਬਜ਼ੁਰਗ ਕਿਸ਼ਨ ਸ਼ਾਹ ਦਾ ਮਨ ਘਰ ਦੇ ਨੇੜੇ ਹੁੰਦਾ ਜਾਂਦਾ ਹੈ।

ਹੁਣ ਕਿਸ਼ਨ ਸ਼ਾਹ ਦਾ ਮਨ ਪਿਘਲਣਾ ਸ਼ੁਰੂ ਹੋ ਚੁੱਕਿਆ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਐਵੇਂ ਹੀ ਆਪਣੇ ਆਪ ਨੂੰ ਗੈਰ-ਪ੍ਰਸੰਗਿਕ ਸਮਝਦਾ ਰਿਹਾ, ਫਾਲਤੂ ਸਮਝਦਾ ਰਿਹਾ... ਕੁਝ ਗਲਤੀਆਂ ਤਾਂ ਮੇਰੀਆਂ ਵੀ ਸਨ। ਨਿਰਦੇਸ਼ਕ ਨੇ ਕਿਸ਼ਨ ਸ਼ਾਹ ਅੰਦਰ ਚੱਲ ਰਹੇ ਇਸ ਪਛਤਾਵੇ ਨੂੰ ਪਰਦੇ 'ਤੇ ਇਸ ਖ਼ੂਬਸੂਰਤੀ ਨਾਲ ਨੁਮਾਇਆ ਕੀਤਾ ਹੈ ਕਿ ਤੁਸੀਂ ਉਸ ਦੇ ਅੰਦਰੂਨ ਵਿਚ ਚੱਲ ਰਹੇ ਘਟਨਾ ਕ੍ਰਮ ਨੂੰ ਮਹਿਸੂਸ ਕਰਦੇ ਹੋ।

ਗੱਡਾ ਜਦੋਂ ਪਿੰਡ ਦੀ ਜੂਹ ਵਿਚੋਂ ਲੰਘ ਰਿਹਾ ਹੈ ਤਾਂ ਅਚਾਨਕ ਕਾਲੀ ਬਿੱਲੀ ਉਨ੍ਹਾਂ ਦੇ ਅੱਗਿਓਂ ਨਿਕਲ ਜਾਂਦੀ ਹੈ। ਕਿਸ਼ਨ ਸ਼ਾਹ ਜਿਸ ਦਾ ਮਨ ਹੁਣ ਬਦਲ ਚੁੱਕਿਆ ਹੈ, ਗੱਡੇ ਵਾਲੇ ਨੂੰ ਬਹਾਨੇ ਨਾਲ ਕਹਿੰਦਾ ਹੈ ਕਿ ਅੱਜ ਕਾਲੀ ਬਿੱਲੀ ਰਸਤਾ ਕੱਟ ਗਈ ਹੈ, ਅੱਜ ਆਪਾਂ ਨਹੀਂ ਜਾਂਦੇ ਧਾਮ, ਫਿਰ ਕਦੇ ਚਲਾਂਗੇ ਪਰ ਬੁੱਢੇ ਦੀ ਕਮਜ਼ੋਰ ਆਵਾਜ਼ ਵਿਚ ਕਹੀ ਇਹ ਗੱਲ ਗੱਡੇ ਵਾਲੇ ਨੂੰ ਨਹੀਂ ਸੁਣਦੀ। ਉਹ ਚਲਦਾ ਰਹਿੰਦਾ ਹੈ। ਕਿਸ਼ਨ ਸ਼ਾਹ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦੇ ਬਜ਼ੁਰਗ ਦੋਸਤ ਉਸ ਨੂੰ ਤਾਹਨੇ ਮਿਹਣੇ ਮਾਰ ਰਹੇ ਹਨ ਕਿ ਉਹ ਭਰਿਆ ਪਰਿਵਾਰ ਛੱਡ ਕੇ ਜੰਗਲ ਵੱਲ ਜਾ ਕਿਉਂ ਜਾ ਰਿਹਾ ਹੈ। ਉਸ ਨੂੰ ਪੁੱਤਰ, ਨੂੰਹ ਤੇ ਪੋਤਰਿਆਂ ਦੇ ਚਿਹਰੇ ਵਾਰ ਵਾਰ ਨਜ਼ਰ ਆਉਂਦੇ ਹਨ। ਉਹ ਵਾਪਸ ਜਾਣਾ ਚਾਹੁੰਦਾ ਹੈ ਪਰ ਗੱਡੇ ਵਾਲਾ ਅੱਗੇ ਵਧਦਾ ਰਹਿੰਦਾ ਹੈ।

ਅੱਗੇ ਜਾ ਕੇ ਅਜਿਹਾ ਮੋੜ ਆਉਂਦਾ ਹੈ ਜਦੋਂ ਗੱਡੀ ਨੇ ਪਾਣੀ ਵਾਲੇ ਛੋਟੇ ਜਿਹੇ ਨਾਲੇ ਵਿਚੋਂ ਨਿਕਲਣਾ ਹੁੰਦਾ ਹੈ। ਗੱਡੀ ਵਾਲਾ ਕਿਸ਼ਨ ਸ਼ਾਹ ਨੂੰ ਭਰੋਸਾ ਦਿੰਦਾ ਹੈ ਕਿ ਉਹ ਆਰਾਮ ਨਾਲ ਉਹ ਨਾਲਾ ਟੱਪ ਲਵੇਗਾ, ਇਸ ਵਿਚ ਜ਼ਿਆਦਾ ਪਾਣੀ ਨਹੀਂ। ਗੱਡੇ ਵਾਲਾ ਅਣਜਾਣ ਹੈ ਕਿ ਹੁਣ ਕਿਸ਼ਨ ਸ਼ਾਹ ਨੂੰ ਫਿਕਰ ਇਹ ਨਹੀਂ ਕਿ ਗੱਡਾ ਪਾਣੀ ਟੱਪੇਗਾ ਜਾਂ ਨਹੀਂ ਬਲਕਿ ਇਹ ਫਿਕਰ ਹੈ ਕਿ ਕਿਤੇ ਗੱਡਾ ਪਾਣੀ ਵਾਲਾ ਨਾਲਾ ਟੱਪ ਹੀ ਨਾ ਜਾਵੇ। ਉਹ ਉਸ ਨੂੰ ਵਰਜਦਾ ਹੈ ਕਿ ਨਾਲਾ ਡੂੰਘਾ ਹੈ। ਅਸਲ ਵਿਚ ਉਹ ਹੁਣ ਜੰਗਲ ਨਹੀਂ ਜਾਣਾ ਚਾਹੁੰਦਾ। ਗੱਡੇ ਵਾਲਾ ਜਦ ਉਸ ਦੀ ਨਹੀਂ ਸੁਣਦਾ ਤਾਂ ਉਹ ਸਖਤੀ ਨਾਲ ਉਸ ਨੂੰ ਕਹਿੰਦਾ ਹੈ ਕਿ ਉਹ ਉਸ ਨੂੰ ਵਾਪਸ ਘਰ ਲੈ ਜਾਵੇ, ਉਹ ਘਰੇ ਬੈਠ ਕੇ ਹੀ ਗੁਰੂ ਦੀ ਪੂਜਾ ਕਰ ਲਵੇਗਾ। ਉਹ ਬੜੀ ਦ੍ਰਿੜਤਾ ਨਾਲ ਕਹਿੰਦਾ ਹੈ, "ਕੀ ਪਰਮਾਤਮਾ ਘਰ ਵਿਚ ਨਹੀਂ ਰਹਿੰਦਾ?"

ਉਸ ਦੇ ਸ਼ਬਦਾਂ ਵਿਚਲੀ ਦ੍ਰਿੜਤਾ ਦੇਖ ਕੇ ਗੱਡੇ ਵਾਲਾ ਸਮਝ ਜਾਂਦਾ ਹੈ ਕਿ ਉਹ ਵਾਪਸ ਜਾਣਾ ਚਾਹੁੰਦਾ ਹੈ। ਉਹ ਗੱਡਾ ਮੋੜ ਲਿਆਉਂਦਾ ਹੈ। ਇਸ ਪੜਾਅ 'ਤੇ ਆ ਕੇ ਫਿਲਮ ਖਤਮ ਹੋ ਜਾਂਦੀ ਹੈ ਪਰ ਇਹ ਤੁਹਾਡੇ ਜ਼ਿਹਨ ਵਿਚੋਂ ਖਤਮ ਨਹੀਂ ਹੁੰਦੀ। ਫਿਲਮ ਦੇਖਣ ਤੋਂ ਬਾਅਦ ਤੁਸੀਂ ਘਰਾਂ ਵਿਚ ਰਹਿੰਦੇ ਬਜ਼ੁਰਗਾਂ ਬਾਰੇ ਫਿਰ ਤੋਂ ਸੋਚਣਾ ਸ਼ੁਰੂ ਕਰ ਦਿੰਦੇ ਹੋ। ਇਹੀ ਇਸ ਫਿਲਮ ਦੀ ਪ੍ਰਾਪਤੀ ਹੈ, ਇਹੀ ਇਸ ਫਿਲਮ ਦੇ ਲੇਖਕ ਦਾ ਹਾਸਿਲ ਹੈ।

ਬਜ਼ੁਰਗਾਂ ਨਾਲ ਸਬੰਧਿਤ ਝਗੜੇ ਬਹੁਤ ਸਾਰੇ ਘਰਾਂ ਵਿਚ ਹਨ। ਇਨਸਾਨ ਬੁਰੇ ਨਹੀਂ ਹੁੰਦੇ, ਬਹੁਤੀ ਵਾਰੀ ਕਸੂਰ ਇੱਕ ਦੂਜੇ ਨੂੰ ਸਮਝਣ ਦੀ ਘਾਟ ਦਾ ਹੁੰਦਾ ਹੈ, ਹਾਲਾਤ ਦਾ ਹੁੰਦਾ ਹੈ। ਫਿਲਮ ਇਸੇ ਨੁਕਤੇ ਵੱਲ ਧਿਆਨ ਦਿਵਾਉਂਦੀ ਹੈ। ਰਾਸ਼ਟਰੀ ਫਿਲਮ ਵਿਕਾਸ ਨਿਗਮ ਦੀ ਇਸ ਫਿਲਮ ਵਿਚ ਪੰਕਜ ਕਪੂਰ, ਰਘਵੀਰ ਯਾਦਵ, ਰੀਮਾ ਲਾਗੂ ਨੇ ਆਪੋ-ਆਪਣੀਆਂ ਭੂਮਿਕਾਵਾਂ ਬੜੀ ਸ਼ਿੱਦਤ ਨਾਲ ਨਿਭਾਈਆਂ ਹਨ। ਸਕਰੀਨ ਪਲੇ ਖੁਦ ਸੁਭਾਸ਼ ਅਗਰਵਾਲ ਦਾ ਲਿਖਿਆ ਹੈ। ਫਿਲਮ ਵਿਚ ਗੀਤ ਸੰਗੀਤ ਦੀ ਕੋਈ ਜ਼ਿਆਦਾ ਜਗ੍ਹਾ ਨਹੀਂ ਸੀ। ਪਿੱਠਵਰਤੀ ਸੰਗੀਤ ਢੁਕਵਾਂ ਹੈ ਜੋ ਕੇ. ਨਰਾਇਣ ਨੇ ਦਿੱਤਾ ਹੈ। ਇਹ ਫਿਲਮ ਹਰ ਉਸ ਘਰ ਵਿਚ ਦੇਖੀ ਜਾਣੀ ਚਾਹੀਦੀ ਹੈ ਜਿੱਥੇ ਬਜ਼ੁਰਗ ਚੁੱਪ-ਚਾਪ ਕਿਸੇ ਕੋਨੇ ਵਿਚ ਬੈਠੇ ਰਹਿੰਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

# ਸਮੂਹ ਸਿੱਖ ਭਾਈਚਾਰੇ ਨੂੰ ਦਸਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ-ਲੱਖ ਵਧਾਈ ਹੋਵੇ

ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ, ਵਰਣ-ਵੰਡ ਤੇ ਸਮਾਜੀ ਵਿਤਕਰੇ ਵਰਗੀਆਂ ਸਥਾਪਤ ਰਹੁਰੀਤਾਂ ਦਾ ਖੰਡਨ ਕਰ ਕੇ ਖਾਲਸਾ ਪੰਥ ਸਿਰਜਿਆ। ਉਨ੍ਹਾਂ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ ਨੇ ਇੱਕ ਸਿੱਖ ਨੂੰ ਬ੍ਰਾਹਮਣ ਵਾਂਗ ਗਿਆਨ ਹਾਸਲ ਕਰਨ, ਖੱਤਰੀ ਬਣ ਜੰਗ ਵਿਚ ਜੂਝਣ, ਵੈਸ਼ ਵਾਂਗ ਕਿਰਤ ਕਰਨ ਅਤੇ ਸ਼ੂਦਰ ਦਾ ਸੇਵਾ ਕਾਰਜ ਸੰਭਾਲ, ਚਹੁੰ ਵਰਣਾਂ ਦਾ ਰਲੇਵਾਂ ਕਰ ਖਾਲਸ ਮਨੁੱਖ ਸਿਰਜਿਆ।



ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ